21-JAN-PAGE-1.qxd 1/20/2023 8:31 PM Page 1

ਸ਼ਨੀਵਾਰ, 21 ਜਨਵਰੀ, 2023
8 ਮਾਘ { ਨਾਨਕਸ਼ਾਹੀ 554 / ਬਿਕਰਮੀ 2079
ਜਿਲਦ/VOL. : 71
ਅੰਕ/NO. : 232

# ਨਵਾਂ ਜ਼ਮਾਨਾ

DAILY NAWAN ZAMANA • SATURDAY, 21 JANUARY, 2023 ਜਲੰਧਰ

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

# ਪਹਿਲਵਾਨਾਂ ਨੇ ਪ੍ਰਧਾਨ ਖਿਲਾਫ ਦਬਾਅ ਵਧਾਇਆ

**ਨਵੀਂ ਦਿੱਲੀ :** ਯੌਨ ਸ਼ੋਸ਼ਣ ਦੇ ਦੋਸ਼ਾਂ ਵਿਚ ਘਿਰਿਆ ਭਾਰਤੀ ਕੁਸ਼ਤੀ ਫੈਡਰੇਸ਼ਨ ਦਾ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਣ ਸਿੰਘ ਅਸਤੀਫਾ ਨਾ ਦੇਣ 'ਤੇ ਡਟਿਆ ਹੋਇਆ ਹੈ। ਖੇਡ ਮੰਤਰਾਲਾ ਉਸ ਵਿਰੁੱਧ ਸਿੱਧੀ ਕਾਰਵਾਈ ਨਹੀਂ ਕਰ ਸਕਦਾ ਪਰ ਭਾਰਤੀ ਉਲੰਪਿਕ ਐਸੋਸੀਏਸ਼ਨ ਕੁਸ਼ਤੀ ਫੈਡਰੇਸ਼ਨ ਨੂੰ ਭੰਗ ਕਰ ਸਕਦੀ ਹੈ। ਅਜਿਹੇ ਵਿਚ ਜੇ ਬ੍ਰਿਜ ਭੂਸ਼ਣ ਨਹੀਂ ਮੰਨਦਾ ਤਾਂ ਸਰਕਾਰ ਉਲੰਪਿਕ ਐਸੋਸੀਏਸ਼ਨ ਤੋਂ ਕਾਰਵਾਈ ਕਰਵਾ ਸਕਦੀ ਹੈ। ਪਹਿਲਵਾਨਾਂ ਦੇ ਧਰਨੇ ਦਾ ਸ਼ੁੱਕਰਵਾਰ ਤੀਜਾ ਦਿਨ ਸੀ।

ਪਹਿਲਵਾਨਾਂ ਨੇ ਭਾਰਤੀ ਓਲੰਪਿਕ ਐਸੋਸੀਏਸ਼ਨ ਨੂੰ ਪ੍ਰਧਾਨ ਵਿਰੁੱਧ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਦੀ ਜਾਂਚ ਲਈ ਕਮੇਟੀ ਕਾਇਮ ਕਰਨ ਦੀ ਅਪੀਲ ਕੀਤੀ ਹੈ। ਪਹਿਲਵਾਨਾਂ ਨੇ ਐਸੋਸੀਏਸ਼ਨ ਨੂੰ ਕਿਹਾ ਕਿ ਕੁਸ਼ਤੀ ਫੈਡਰੇਸ਼ਨ ਨੂੰ ਚਲਾਉਣ ਲਈ ਪਹਿਲਵਾਨਾਂ ਨਾਲ ਸਲਾਹ ਕਰਕੇ ਨਵੀਂ ਕਮੇਟੀ ਬਣਾਈ ਜਾਵੇ।

ਉਲੰਪਿਕ ਐਸੋਸੀਏਸ਼ਨ ਦੀ ਪ੍ਰਧਾਨ ਪੀ ਟੀ ਊਸ਼ਾ ਨੂੰ ਪੱਤਰ ਵਿਚ ਪਹਿਲਵਾਨਾਂ ਨੇ ਦੋਸ਼ ਲਾਇਆ ਹੈ ਕਿ ਜਦੋਂ ਟੋਕੀਓ ਉਲੰਪਿਕ ਵਿਚ ਵਿਨੇਸ਼ ਫੋਗਾਟ ਮੈਡਲ ਤੋਂ ਖੁੰਝ ਗਈ ਸੀ ਤਦ ਪ੍ਰਧਾਨ ਨੇ ਉਸਨੂੰ ਮਾਨਸਕ ਤੌਰ 'ਤੇ ਏਨਾ ਪ੍ਰੇਸ਼ਾਨ ਕੀਤਾ ਕਿ ਉਸਨੇ ਖੁਦਕੁਸ਼ੀ ਦਾ ਮਨ ਬਣਾ ਲਿਆ ਸੀ। ਪਹਿਲਵਾਨਾਂ ਨੇ ਊਸ਼ਾ ਨੂੰ ਪ੍ਰਧਾਨ ਵਿਰੁੱਧ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਦੀ ਜਾਂਚ ਲਈ ਕਮੇਟੀ ਕਾਇਮ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਐਸੋਸੀਏਸ਼ਨ ਨੂੰ ਕਿਹਾ ਹੈ ਕਿ ਕੁਸ਼ਤੀ ਫੈਡਰੇਸ਼ਨ ਨੂੰ ਚਲਾਉਣ ਲਈ ਪਹਿਲਵਾਨਾਂ ਨਾਲ ਸਲਾਹ ਕਰਕੇ ਨਵੀਂ ਕਮੇਟੀ ਬਣਾਈ ਜਾਵੇ।



## ਮੈਂ ਮੂੰਹ ਖੋਲ੍ਹਿਆ ਤਾਂ ਸੁਨਾਮੀ ਆ ਜਾਵੇਗੀ : ਬ੍ਰਿਜ ਭੂਸ਼ਣ



**ਨੰਦਿਨੀ ਨਗਰ (ਗੋਂਡਾ) :** ਨਾਮੀ ਪਹਿਲਵਾਨਾਂ ਦੇ ਧਰਨੇ ਨੂੰ ਸ਼ਾਹੀਨ ਬਾਗ ਦਾ ਧਰਨਾ ਦੱਸਦਿਆਂ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਣ ਸਿੰਘ ਨੇ ਸ਼ੁੱਕਰਵਾਰ ਸਵੇਰੇ ਅਹੁਦਾ ਛੱਡਣ ਤੋਂ ਇਨਕਾਰ ਕਰ ਦਿੱਤਾ। ਯੂ ਪੀ ਦੇ ਕੈਸਰਗੰਜ ਹਲਕੇ ਤੋਂ ਛੇ ਵਾਰੀ ਦੇ ਲੋਕ ਸਭਾ ਮੈਂਬਰ ਬ੍ਰਿਜ ਭੂਸ਼ਣ ਨੇ ਇੱਥੇ ਆਪਣੇ ਜੱਦੀ ਘਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ-ਮੇਰੇ ਖਿਲਾਫ ਪਹਿਲਵਾਨਾਂ ਦਾ ਵਿਰੋਧ ਸ਼ਾਹੀਨ ਬਾਗ ਪ੍ਰਦਰਸ਼ਨ ਹੈ। ਇਸ ਪ੍ਰਦਰਸ਼ਨ ਪਿੱਛੇ ਕਾਂਗਰਸ ਹੈ ਤੇ ਇਹ ਭਾਜਪਾ 'ਤੇ ਹਮਲਾ ਹੈ। ਇਸ ਤੋਂ ਪਹਿਲਾਂ ਟੀ ਵੀ ਚੈਨਲ ਨਾਲ ਗੱਲਬਾਤ ਕਰਦਿਆਂ ਉਸ ਨੇ ਕਿਹਾ ਸੀ ਕਿ ਪ੍ਰਦਰਸ਼ਨ ਕਰ ਰਹੇ ਪਹਿਲਵਾਨ ਕਾਂਗਰਸ ਅਤੇ ਦੀਪੇਂਦਰ ਹੁੱਡਾ ਦੇ ਹੱਥਾਂ 'ਚ ਖਿਡੌਣਾ ਹਨ। ਕਾਂਗਰਸ ਨੇ ਤਿੰਨ ਦਹਾਕੇ ਪਹਿਲਾਂ ਵੀ ਉਸ ਖਿਲਾਫ ਇਸ ਤਰ੍ਹਾਂ ਦੀ ਸਾਜ਼ਿਸ਼ ਰਚੀ ਸੀ। ਉਸ ਨੇ ਇਹ ਵੀ ਕਿਹਾ-ਮੈਂ ਮੂੰਹ ਖੋਲ੍ਹਿਆ ਤਾਂ ਸੁਨਾਮੀ ਆ ਜਾਵੇਗੀ। ਮੇਰੀ ਹਮਾਇਤ 'ਚ ਵੀ ਕਈ ਖਿਡਾਰੀ ਹਨ।

# ਮੁੱਖ ਮੰਤਰੀ ਵੱਲੋਂ ਪੀ ਆਰ ਟੀ ਸੀ ਵਰਕਰਜ਼ ਐਕਸ਼ਨ ਕਮੇਟੀ ਨੂੰ ਮਸਲੇ ਹੱਲ ਕਰਨ ਦਾ ਭਰੋਸਾ

**ਪਟਿਆਲਾ (ਨਵਾਂ ਜ਼ਮਾਨਾ ਸਰਵਿਸ)**

ਅੱਜ ਇੱਥੇ ਪਟਿਆਲਾ ਵਿਖੇ ਪੀ ਆਰ ਟੀ ਸੀ ਵਰਕਰਜ਼ ਐਕਸ਼ਨ ਕਮੇਟੀ ਵਿੱਚ ਸ਼ਾਮਲ 6 ਜਥੇਬੰਦੀਆਂ ਏਟਕ, ਇੰਟਕ, ਕਰਮਚਾਰੀ ਦਲ, ਐੱਸ ਸੀ/ਬੀ ਸੀ, ਸੀਟੂ ਅਤੇ ਰਿਟਾਇਰਡ ਭਾਈਚਾਰਾ ਯੂਨੀਅਨ ਦਾ ਵਫਦ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਐਕਸ਼ਨ ਕਮੇਟੀ ਦੇ ਕਨਵੀਨਰ ਨਿਰਮਲ ਸਿੰਘ ਧਾਲੀਵਾਲ ਦੀ ਅਗਵਾਈ ਵਿੱਚ ਐਕਸ਼ਨ ਕਮੇਟੀ ਦੇ ਮੈਂਬਰਾਨ ਬਲਦੇਵ ਰਾਜ ਬੱਤਾ, ਬਿਕਰਮਜੀਤ ਸ਼ਰਮਾ, ਨਸੀਬ ਚੰਦ, ਤਰਸੇਮ ਸਿੰਘ ਅਤੇ ਉਤਮ ਸਿੰਘ ਬਾਗੜੀ ਦੇ ਅਧਾਰਤ ਡੈਲੀਗੇਸ਼ਨ ਪੀ ਆਰ ਟੀ ਸੀ ਦੇ ਵਰਕਰਾਂ ਦੀਆਂ ਮੰਗਾਂ ਦੇ ਸੰਬੰਧ ਵਿੱਚ ਮਿਲਿਆ। ਮੁੱਖ ਮੰਤਰੀ ਪੰਜਾਬ ਨੇ ਵਿਸ਼ੇਸ਼ ਤੌਰ 'ਤੇ ਸਮਾਂ ਦੇ ਕੇ ਐਕਸ਼ਨ ਕਮੇਟੀ ਦੇ ਆਗੂਆਂ ਨਾਲ ਮੰਗ ਪੱਤਰ ਦੇ ਸੰਬੰਧ ਵਿੱਚ ਵਿਸਥਾਰ-ਪੂਰਵਕ ਚਰਚਾ ਕੀਤੀ। ਐਕਸ਼ਨ ਕਮੇਟੀ ਵੱਲੋਂ ਮੁੱਖ ਮੰਤਰੀ ਨੂੰ ਜੋ ਮੰਗ ਪੱਤਰ ਦਿੱਤਾ ਗਿਆ, ਉਸ ਰਾਹੀਂ ਮੰਗਾਂ ਰੱਖੀਆਂ ਸਨ ਕਿ ਕੰਟਰੈਕਟ ਅਤੇ ਆਊਟਸੋਰਸ ਵਰਕਰਾਂ ਨੂੰ ਉਨ੍ਹਾਂ ਦੀਆਂ ਜੋਖਮ ਭਰੀਆਂ ਔਖੀਆਂ ਡਿਊਟੀਆਂ ਦੇ ਮੱਦੇਨਜ਼ਰ ਵਿਸ਼ੇਸ਼ ਤੌਰ 'ਤੇ ਪਹਿਲ ਦੇ ਕੇ ਰੈਗੂਲਰ ਕੀਤਾ ਜਾਵੇ, ਤਨਖਾਹਾਂ ਅਤੇ ਪੈਨਸ਼ਨਾਂ ਦੇ ਹਰ ਵਾਰ ਲੇਟ ਮਿਲਣ ਦੇ ਮਸਲੇ ਨੂੰ ਵਿਸ਼ੇਸ਼ ਤੌਰ 'ਤੇ ਜ਼ੋਰ ਦੇ ਕੇ ਮੁੱਖ ਮੰਤਰੀ ਨੂੰ ਕਿਹਾ ਗਿਆ ਕਿ ਸਰਕਾਰ ਪੀ ਆਰ ਟੀ ਸੀ ਨੂੰ ਮੁਫਤ ਅਤੇ ਰਿਆਇਤੀ ਸਫਰ ਸਹੂਲਤਾਂ ਬਦਲੇ ਬਣਦੀ 350 ਕਰੋੜ ਰੁਪਏ ਦੀ ਰਾਸ਼ੀ ਤੁਰੰਤ ਜਾਰੀ ਕਰੇ ਤਾਂ ਕਿ ਵਰਕਰਾਂ ਦੀ ਤਨਖਾਹ, ਪੈਨਸ਼ਨ ਅਤੇ ਹੋਰ ਬਕਾਏ ਸਮੇਂ ਸਿਰ ਮਿਲਣੇ ਯਕੀਨੀ ਹੋ

● ਬਾਕੀ ਸਫ਼ਾ 10 'ਤੇ



## ਬੀ ਬੀ ਸੀ ਵੱਲੋਂ ਮੋਦੀ ਬਾਰੇ ਡਾਕੂਮੈਂਟਰੀ ਸਹੀ ਕਰਾਰ

**ਲੰਡਨ :** ਬੀ ਬੀ ਸੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬਾਰੇ ਆਪਣੀ ਡਾਕੂਮੈਂਟਰੀ ਨੂੰ ਡੂੰਘੀ ਖੋਜ ਕਰਾਰ ਦਿੰਦਿਆਂ ਸਹੀ ਕਰਾਰ ਦਿੱਤਾ ਹੈ। ਬੀਤੇ ਦਿਨ ਭਾਰਤੀ ਵਿਦੇਸ਼ ਮੰਤਰਾਲੇ ਨੇ ਇਸ ਡਾਕੂਮੈਂਟਰੀ ਦੀ ਖਾਸੀ ਆਲੋਚਨਾ ਕੀਤੀ ਸੀ। ਬੀ ਬੀ ਸੀ ਦੇ ਬੁਲਾਰੇ ਨੇ ਬਿਆਨ 'ਚ ਕਿਹਾ—ਡਾਕੂਮੈਂਟਰੀ ਲਈ ਉੱਚ ਸੰਪਾਦਕੀ ਮਾਪਦੰਡਾਂ ਅਨੁਸਾਰ ਡੂੰਘਾਈ ਨਾਲ ਖੋਜ ਕੀਤੀ ਗਈ ਸੀ।

## ਏਅਰ ਇੰਡੀਆ ਨੂੰ 30 ਲੱਖ ਜੁਰਮਾਨਾ

**ਨਵੀਂ ਦਿੱਲੀ :** ਨਿਊਯਾਰਕ-ਦਿੱਲੀ ਉਡਾਣ ਦੌਰਾਨ ਯਾਤਰੀ ਵੱਲੋਂ ਮਹਿਲਾ ਯਾਤਰੀ 'ਤੇ ਕਥਿਤ ਤੌਰ 'ਤੇ ਪਿਸ਼ਾਬ ਕਰਨ ਵਾਲੀ ਘਟਨਾ ਦੇ ਸੰਬੰਧ ਵਿਚ ਹਵਾਬਾਜ਼ੀ ਰੈਗੂਲੇਟਰ ਡੀ ਜੀ ਸੀ ਏ ਨੇ ਏਅਰ ਇੰਡੀਆ ਨੂੰ 30 ਲੱਖ ਰੁਪਏ ਦਾ ਜੁਰਮਾਨਾ ਕੀਤਾ ਹੈ। ਉਸ ਨੇ ਜਹਾਜ਼ ਦੇ ਪਾਇਲਟ-ਇਨ-ਕਮਾਂਡ ਦਾ ਲਾਇਸੈਂਸ ਵੀ ਮੁਅੱਤਲ ਕਰ ਦਿੱਤਾ ਹੈ। ਇਸ ਦੇ ਨਾਲ ਹੀ 26 ਨਵੰਬਰ 2022 ਦੀ ਘਟਨਾ ਦੌਰਾਨ ਆਪਣੀ ਡਿਊਟੀ ਨਿਭਾਉਣ 'ਚ ਅਸਫਲ ਰਹਿਣ 'ਤੇ ਏਅਰ ਇੰਡੀਆ ਦੀ ਫਲਾਈਟ ਸਰਵਿਸਿਜ਼ ਦੇ ਡਾਇਰੈਕਟਰ ਨੂੰ ਤਿੰਨ ਲੱਖ ਰੁਪਏ ਦਾ ਜੁਰਮਾਨਾ ਕੀਤਾ ਗਿਆ ਹੈ।

## ਯੂ ਕੇ ਦੇ ਪੀ ਐੱਮ ਨੇ ਸੀਟ ਬੈਲਟ ਨਾ ਲਾਉਣ 'ਤੇ ਮੁਆਫੀ ਮੰਗੀ



**ਲੰਡਨ :** ਬਰਤਾਨੀਆ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਉੱਤਰ-ਪੱਛਮੀ ਇੰਗਲੈਂਡ 'ਚ ਗੱਡੀ ਚਲਾਉਂਦੇ ਸਮੇਂ ਆਪਣੀ ਸੀਟ ਬੈਲਟ ਲਾਹ ਕੇ ਵੀਡੀਓ ਬਣਾਉਣ ਲਈ ਮੁਆਫੀ ਮੰਗੀ ਹੈ। ਸੁਨਕ ਦੇ ਡਾਊਨਿੰਗ ਸਟ੍ਰੀਟ ਦੇ ਬੁਲਾਰੇ ਨੇ ਕਿਹਾ ਕਿ ਉਨ੍ਹਾ ਨੇ ਕੁੱਝ ਸਮੇਂ ਲਈ ਆਪਣੀ ਸੀਟ ਬੈਲਟ ਨੂੰ ਖੋਲ੍ਹਿਆ ਸੀ ਅਤੇ ਉਨ੍ਹਾ ਗਲਤੀ ਮੰਨ ਲਈ ਹੈ। ਯੂ ਕੇ 'ਚ ਸੀਟ ਬੈਲਟ ਨਾ ਲਗਾਉਣ 'ਤੇ 100 ਪੌਂਡ ਦਾ ਤੁਰੰਤ ਜੁਰਮਾਨਾ ਹੈ, ਜੇ ਮਾਮਲਾ ਅਦਾਲਤ 'ਚ ਜਾਂਦਾ ਹੈ ਤਾਂ ਇਹ ਜੁਰਮਾਨਾ 500 ਪੌਂਡ ਤੱਕ ਵਧ ਜਾਂਦਾ ਹੈ।

## ਊਠ ਦੇ ਮੂੰਹ 'ਚ ਜ਼ੀਰਾ

**ਨਵੀਂ ਦਿੱਲੀ :** ਕਾਂਗਰਸ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸਰਕਾਰੀ ਵਿਭਾਗਾਂ ਅਤੇ ਸੰਸਥਾਵਾਂ 'ਚ 71,000 ਤੋਂ ਵੱਧ ਨੌਜਵਾਨਾਂ ਨੂੰ ਨਿਯੁਕਤੀ ਪੱਤਰ ਸੌਂਪਣ ਨੂੰ ਊਠ ਦੇ ਮੂੰਹ ਵਿੱਚ ਜੀਰਾ ਕਰਾਰ ਦਿੱਤਾ ਹੈ ਅਤੇ ਪੁੱਛਿਆ ਕਿ ਉਨ੍ਹਾਂ 16 ਕਰੋੜ ਨੌਕਰੀਆਂ ਦਾ ਕੀ ਬਣਿਆ, ਜੋ ਉਨ੍ਹਾ ਅੱਠ ਸਾਲਾਂ 'ਚ ਦੇਣ ਦਾ ਵਾਅਦਾ ਕੀਤਾ ਸੀ। ਪ੍ਰਧਾਨ ਮੰਤਰੀ ਨੂੰ ਹਰ ਸਾਲ ਦੋ ਕਰੋੜ ਨੌਕਰੀਆਂ ਦੇਣ ਦੇ ਭਾਜਪਾ ਦੇ ਚੋਣ ਵਾਅਦੇ ਦੀ ਯਾਦ ਦਿਵਾਉਂਦੇ ਹੋਏ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕਿਹਾ ਕਿ ਅਜੇ ਵੀ ਸਰਕਾਰੀ ਵਿਭਾਗਾਂ 'ਚ 30 ਲੱਖ ਆਸਾਮੀਆਂ ਖਾਲੀ ਹਨ।

## 26 ਜਨਵਰੀ ਨੂੰ ਸੰਵਿਧਾਨ ਦਿਵਸ ਤੇ 30 ਜਨਵਰੀ ਨੂੰ ਧਰਮ-ਨਿਰਪੱਖਤਾ ਦਿਵਸ ਵਜੋਂ ਮਨਾਓ : ਬੰਤ ਬਰਾੜ

**ਚੰਡੀਗੜ੍ਹ (ਨ ਜ਼ ਸ)-**ਭਾਰਤੀ ਕਮਿਊਨਿਸਟ ਪਾਰਟੀ ਨੇ ਆਪਣੀਆਂ ਸਾਰੀਆਂ ਇਕਾਈਆਂ ਨੂੰ ਸੱਦਾ ਦਿੱਤਾ ਹੈ ਕਿ 26 ਜਨਵਰੀ ਗਣਰਾਜ ਦਿਵਸ ਨੂੰ ਸੰਵਿਧਾਨ ਦੀ ਰਾਖੀ ਦਿਵਸ ਵਜੋਂ ਮਨਾਇਆ ਜਾਵੇ ਅਤੇ ਲੋਕਾਂ ਨੂੰ ਜਾਗਰਿਤ ਕੀਤਾ ਜਾਵੇ। ਸੀ ਪੀ ਆਈ ਦੀ ਪੰਜਾਬ ਇਕਾਈ ਦੇ ਸੂਬਾ ਸਕੱਤਰ ਸਾਥੀ ਬੰਤ ਸਿੰਘ ਬਰਾੜ ਨੇ ਪਾਰਟੀ ਦੀ ਕੌਮੀ ਕੌਂਸਲ ਦੇ ਪਿਛਲੇ ਮਹੀਨੇ ਲਏ ਫੈਸਲੇ ਦੀ ਰੋਸ਼ਨੀ ਵਿੱਚ ਪਾਰਟੀ ਇਕਾਈਆਂ ਨੂੰ ਸੱਦਾ ਦਿੱਤਾ ਹੈ ਕਿ ਭਾਜਪਾ-ਆਰ ਐੱਸ ਐੱਸ ਜਿੱਥੇ ਡਾਕਟਰ ਅੰਬੇਡਕਰ ਦੀ ਅਗਵਾਈ 'ਚ ਬਣੇ ਸੰਵਿਧਾਨ ਦੇ ਮੂਲ ਤੱਤਾਂ ਧਰਮ-ਨਿਰਪੱਖਤਾ, ਕਲਿਆਣਕਾਰੀ ਅਤੇ ਫੈਡਰਲ ਰਾਜ ਨੂੰ ਅਤੇ ਖੁਦ ਸੰਵਿਧਾਨ ਨੂੰ ਹੀ ਸਾਬੋਤਾਜ ਕਰਨ 'ਤੇ ਤੁਲੀ ਹੋਈ ਹੈ, ਲੋਕਾਂ ਵਿੱਚ ਵੰਡੀਆਂ ਪਾ ਰਹੀ ਹੈ, ਉਸ ਨੂੰ ਆਮ ਲੋਕਾਂ 'ਚ ਲਿਜਾ ਕੇ ਜਾਗਰਿਤ ਕੀਤਾ ਜਾਵੇ। 26 ਜਨਵਰੀ ਨੂੰ ਪਾਰਟੀ ਦਫਤਰਾਂ ਤੇ ਹੋਰ ਥਾਵਾਂ 'ਤੇ ਕੌਮੀ ਝੰਡਾ ਲਹਿਰਾਇਆ ਜਾਵੇ, ਅਜ਼ਾਦੀ ਦੇ ਘੋਲ ਵਿੱਚ ਸੀ ਪੀ ਆਈ ਦੇ ਰੋਲ ਬਾਰੇ ਜਾਣਕਾਰੀ ਦਿੱਤੀ ਜਾਵੇ ਅਤੇ ਲੋਕਾਂ ਨੂੰ ਲਾਮਬੰਦ ਤੇ ਜਾਗਰੂਕ ਕੀਤਾ ਜਾਵੇ। ਉਨ੍ਹਾ ਅੱਗੇ ਕਿਹਾ ਕਿ 30 ਜਨਵਰੀ ਨੂੰ ਇੱਕ ਹਿੰਦੂ ਜਨੂੰਨੀ ਨੇ ਮਹਾਤਮਾ ਗਾਂਧੀ ਦੀ ਹੱਤਿਆ ਕਰ ਦਿੱਤੀ ਸੀ। ਉਸ ਦਿਨ ਨੂੰ ਸੰਭਵ ਲਾਮਬੰਦੀ ਕਰਕੇ ਧਰਮ-ਨਿਰਪੱਖਤਾ ਦਿਵਸ ਵਜੋਂ ਮਨਾਇਆ ਜਾਵੇ। ਗਾਂਧੀ ਜੀ ਨੇ ਅਜ਼ਾਦੀ ਘੋਲ ਵਿੱਚ ਤਾਂ ਰੋਲ ਨਿਭਾਇਆ ਹੀ, ਉਹ ਨਾਲ ਹੀ ਹਿੰਦੂ-ਮੁਸਲਿਮ ਏਕਤਾ ਦੇ ਮੁਦੱਈ ਵੀ ਸਨ। ਅੱਜ ਉਨ੍ਹਾ ਦੇ ਸੰਦੇਸ਼ ਦੀ ਖਾਸ ਕਰਕੇ ਜ਼ਰੂਰਤ ਹੈ।

## ਨਿਕਾਹ ਹਲਾਲਾ 'ਤੇ ਸੁਣਵਾਈ ਲਈ ਨਵੀਂ ਬੈਂਚ ਬਣੇਗੀ

**ਨਵੀਂ ਦਿੱਲੀ :** ਸੁਪਰੀਮ ਕੋਰਟ ਨੇ ਸ਼ੁੱਕਰਵਾਰ ਕਿਹਾ ਕਿ ਉਹ ਮੁਸਲਮਾਨਾਂ ਵਿਚ ਬਹੁ-ਵਿਆਹ ਪ੍ਰਥਾ ਅਤੇ 'ਨਿਕਾਹ ਹਲਾਲਾ' ਦੀ ਸੰਵਿਧਾਨਕ ਵੈਧਤਾ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ ਦੀ ਸੁਣਵਾਈ ਲਈ ਪੰਜ ਜੱਜਾਂ ਦੀ ਨਵੀਂ ਸੰਵਿਧਾਨਕ ਬੈਂਚ ਬਣਾਏਗਾ। ਚੀਫ ਜਸਟਿਸ ਡੀ ਵਾਈ ਚੰਦਰਚੂੜ, ਜਸਟਿਸ ਹਿਮਾ ਕੋਹਲੀ ਅਤੇ ਜਸਟਿਸ ਜੇ ਬੀ ਪਾਰਦੀਵਾਲਾ ਦੀ ਬੈਂਚ ਨੇ ਇਸ ਮੁੱਦੇ 'ਤੇ ਜਨਹਿਤ ਪਟੀਸ਼ਨ ਦਾ ਨੋਟਿਸ ਲਿਆ।

ਇਸ 'ਚ ਬੈਂਚ ਨੂੰ ਬੇਨਤੀ ਕੀਤੀ ਗਈ ਹੈ ਕਿ ਮਾਮਲੇ 'ਚ ਨਵੇਂ ਸਿਰੇ ਤੋਂ ਸੰਵਿਧਾਨਕ ਬੈਂਚ ਕਾਇਮ ਕਰਨ ਦੀ ਲੋੜ ਹੈ, ਕਿਉਂਕਿ ਪਿਛਲੀ ਸੰਵਿਧਾਨਕ ਬੈਂਚ ਦੇ ਦੋ ਜੱਜ ਜਸਟਿਸ ਇੰਦਰਾ ਬੈਨਰਜੀ ਅਤੇ ਜਸਟਿਸ ਹੇਮੰਤ ਗੁਪਤਾ ਸੇਵਾਮੁਕਤ ਹੋ ਚੁੱਕੇ ਹਨ। ਚੀਫ ਜਸਟਿਸ ਨੇ ਕਿਹਾ-ਇਹ ਬਹੁਤ ਅਹਿਮ ਮਾਮਲਾ ਪੰਜ ਜੱਜਾਂ ਦੀ ਬੈਂਚ ਦੇ ਸਾਹਮਣੇ ਵਿਚਾਰ ਅਧੀਨ ਹੈ। ਅਸੀਂ ਬੈਂਚ ਨਵੀਂ ਕਾਇਮ ਕਰਾਂਗੇ।

## ਫੌਜਦਾਰੀ ਕੇਸ ਦੀ ਚਾਰਜਸ਼ੀਟ ਜਨਤਕ ਨਹੀਂ ਕੀਤੀ ਜਾ ਸਕਦੀ : ਸੁਪਰੀਮ ਕੋਰਟ

**ਨਵੀਂ ਦਿੱਲੀ :** ਸੁਪਰੀਮ ਕੋਰਟ ਨੇ ਸ਼ੁੱਕਰਵਾਰ ਫਤਵਾ ਦਿੱਤਾ ਕਿ ਫੌਜਦਾਰੀ ਮਾਮਲਿਆਂ 'ਚ ਪੜਤਾਲੀਆ ਏਜੰਸੀਆਂ ਵੱਲੋਂ ਦਾਖਲ ਚਾਰਜਸ਼ੀਟ ਨੂੰ ਜਨਤਕ ਨਹੀਂ ਕੀਤਾ ਜਾ ਸਕਦਾ। ਚਾਰਜਸ਼ੀਟ ਤੱਕ ਲੋਕਾਂ ਦੀ ਪਹੁੰਚ ਯਕੀਨੀ ਬਣਾਉਣ ਲਈ ਲੋਕ ਹਿੱਤ ਪਟੀਸ਼ਨ ਨੂੰ ਰੱਦ ਕਰਦਿਆਂ ਜਸਟਿਸ ਐੱਮ ਆਰ ਸ਼ਾਹ ਤੇ ਜਸਟਿਸ ਸੀ ਟੀ ਰਵੀ ਕੁਮਾਰ ਦੀ ਬੈਂਚ ਨੇ ਕਿਹਾ ਕਿ ਚਾਰਜਸ਼ੀਟ ਜਨਤਕ ਦਸਤਾਵੇਜ਼ ਨਹੀਂ ਅਤੇ ਇਸਨੂੰ ਆਨਲਾਈਨ ਪ੍ਰਕਾਸ਼ਤ ਕਰਨਾ ਜ਼ਾਬਤਾ ਫੌਜਦਾਰੀ ਦੀਆਂ ਵਿਵਸਥਾਵਾਂ ਦੇ ਉਲਟ ਹੋਵੇਗਾ। ਬੈਂਚ ਨੇ ਇਹ ਫੈਸਲਾ 9 ਜਨਵਰੀ ਨੂੰ ਰਿਜ਼ਰਵ ਰੱਖਿਆ ਸੀ। ਬੈਂਚ ਨੇ ਇਹ ਜ਼ੁਬਾਨੀ ਟਿੱਪਣੀ ਵੀ ਕੀਤੀ ਕਿ ਐੱਨ ਜੀ ਓ ਵਰਗੀਆਂ ਅਸੰਬੰਧਤ ਜਥੇਬੰਦੀਆਂ ਨੂੰ ਐੱਫ ਆਈ ਆਰ ਦੀ ਕਾਪੀ ਦੇਣ ਨਾਲ ਉਹ ਇਸ ਦੀ ਦੁਰਵਰਤੋਂ ਕਰ ਸਕਦੀਆਂ ਹਨ। ਪੱਤਰਕਾਰ ਸੌਰਵ ਦਾਸ ਵੱਲੋਂ ਪੇਸ਼ ਐਡਵੋਕੇਟ ਪ੍ਰਸ਼ਾਂਤ ਭੂਸ਼ਣ ਨੇ ਮੰਗ ਕੀਤੀ ਸੀ ਕਿ ਇਹ ਹਰੇਕ ਜਨਤਕ ਅਥਾਰਟੀ ਦੀ ਡਿਊਟੀ ਹੈ ਕਿ ਉਹ ਦੋਸ਼ਾਂ ਨੂੰ ਹੂ-ਬ-ਹੂ ਜਨਤਕ ਕਰੇ। ਲੋਕਾਂ ਨੂੰ ਹੱਕ ਹੈ ਕਿ ਉਹ ਜਾਣ ਸਕਣ ਕਿ ਦੋਸ਼ ਕਿਸ 'ਤੇ ਲਾਇਆ ਗਿਆ ਹੈ ਤੇ ਜੁਰਮ ਕਿਸ ਨੇ ਕੀਤਾ ਹੈ। ਪਟੀਸ਼ਨ ਵਿਚ ਜ਼ਾਬਤਾ ਫੌਜਦਾਰੀ ਦੇ ਸੈਕਸ਼ਨ 173 ਮੁਤਾਬਕ ਪੁਲਸ ਵੱਲੋਂ ਦਾਖਲ ਚਾਰਜਸ਼ੀਟ ਤੱਕ ਲੋਕਾਂ ਦੀ ਪਹੁੰਚ ਯਕੀਨੀ ਬਣਾਉਣ ਦੀ ਮੰਗ ਕੀਤੀ ਗਈ ਸੀ।

### ਜਾਤੀ ਸਰਵੇਖਣ ਖਿਲਾਫ ਸੁਣਵਾਈ ਤੋਂ ਨਾਂਹ

**ਨਵੀਂ ਦਿੱਲੀ :** ਸੁਪਰੀਮ ਕੋਰਟ ਨੇ ਬਿਹਾਰ ਸਰਕਾਰ ਦੇ ਸੂਬੇ ਵਿਚ ਜਾਤੀ ਸਰਵੇਖਣ ਕਰਵਾਉਣ ਦੇ ਫੈਸਲੇ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ 'ਤੇ ਸ਼ੁੱਕਰਵਾਰ ਸੁਣਵਾਈ ਕਰਨ ਤੋਂ ਇਨਕਾਰ ਕਰ ਦਿੱਤਾ। ਜਸਟਿਸ ਬੀ ਆਰ ਗਵਈ ਅਤੇ ਵਿਕਰਮ ਨਾਥ ਦੀ ਬੈਂਚ ਨੇ ਕਿਹਾ ਕਿ ਪਟੀਸ਼ਨਾਂ 'ਚ ਦਮ ਨਹੀਂ ਹੈ ਅਤੇ ਪਟੀਸ਼ਨਰਾਂ ਨੂੰ ਸੰਬੰਧਤ ਹਾਈ ਕੋਰਟ 'ਚ ਜਾਣ ਦੀ ਆਜ਼ਾਦੀ ਵੀ ਨਹੀਂ ਹੈ।

## ਹਿਮਾਚਲ 'ਚ ਵਿਆਪਕ ਬਰਫ਼ਬਾਰੀ




ਬਰਫ਼ਬਾਰੀ ਕਾਰਨ ਜੋਸ਼ੀਮੱਠ 'ਚ ਢਾਹ-ਢੁਹਾਈ ਰੋਕਣੀ ਪਈ।

**ਸ਼ਿਮਲਾ :** ਹਿਮਾਚਲ ਦੇ 9 ਜ਼ਿਲ੍ਹਿਆਂ 'ਚ ਹਲਕੀ ਤੋਂ ਭਾਰੀ ਬਰਫਬਾਰੀ ਹੋਈ ਅਤੇ ਕਈ ਥਾਵਾਂ 'ਤੇ ਮੀਂਹ ਪੈ ਰਿਹਾ ਸੀ। ਬਰਫਬਾਰੀ ਕਾਰਨ 275 ਸੜਕਾਂ ਅਤੇ 330 ਡਿਸਟ੍ਰੀਬਿਊਸ਼ਨ ਟਰਾਂਸਫਾਰਮਰ ਬੰਦ ਹੋ ਗਏ ਹਨ। ਸਭ ਤੋਂ ਵੱਧ ਸੜਕਾਂ ਜ਼ਿਲ੍ਹਾ ਲਾਹੌਲ ਅਤੇ ਸਪਿਤੀ (175) 'ਚ ਪ੍ਰਭਾਵਿਤ ਹੋਈਆਂ ਹਨ। ਇਸ ਤੋਂ ਬਾਅਦ ਜ਼ਿਲ੍ਹਾ ਸ਼ਿਮਲਾ 'ਚ 64 ਸੜਕਾਂ ਹਨ। ਸਭ ਤੋਂ ਵੱਧ ਟਰਾਂਸਫਾਰਮਰ ਮੰਡੀ ਜ਼ਿਲ੍ਹੇ (147) 'ਚ ਪ੍ਰਭਾਵਤ ਹੋਏ ਹਨ। ਮੌਸਮ ਵਿਭਾਗ ਨੇ 26 ਜਨਵਰੀ ਤੱਕ ਹਲਕੀ ਬਾਰਸ਼ ਅਤੇ 21 ਤੇ 22 ਜਨਵਰੀ ਨੂੰ ਵੀ ਬਰਫਬਾਰੀ ਦੀ ਭਵਿੱਖਬਾਣੀ ਕੀਤੀ ਹੈ।

## ਮੇਰੀਆਂ ਰਗਾਂ 'ਚ ਪੰਜਾਬੀ ਖ਼ੂਨ : ਚੱਢਾ



**ਚੰਡੀਗੜ੍ਹ :** ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਪੰਜਾਬ ਤੋਂ ਰਾਜ ਸਭਾ ਮੈਂਬਰ ਰਾਘਵ ਚੱਢਾ ਨੇ ਸ਼ੁੱਕਰਵਾਰ ਨੂੰ ਕਾਂਗਰਸ ਆਗੂ ਰਾਹੁਲ ਗਾਂਧੀ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਪੰਜਾਬ ਵਾਸੀ 1984 ਦੇ ਕਤਲੇਆਮ ਨੂੰ ਕਦੇ ਨਹੀਂ ਭੁੱਲ ਸਕਦੇ ਅਤੇ ਨਾ ਹੀ ਕਾਂਗਰਸ ਨੂੰ ਕਦੇ ਮੁਆਫ ਕਰਨਗੇ। ਰਾਹੁਲ ਗਾਂਧੀ ਦੇ ਤਾਜ਼ਾ ਬਿਆਨ 'ਤੇ ਤਿੱਖੀ ਪ੍ਰਤੀਕਿਰਿਆ ਜ਼ਾਹਰ ਕਰਦਿਆਂ ਚੱਢਾ ਨੇ ਕਿਹਾ ਕਿ ਤੁਹਾਡੀ ਪਾਰਟੀ ਜਦੋਂ ਤੋਂ ਮੇਰਾ ਜਨਮ ਹੋਇਆ ਹੈ, ਉਦੋਂ ਤੋਂ ਤੁਹਾਡੀ ਬ੍ਰਾਂਡਿੰਗ ਕਰਨ ਦੀ ਕੋਸ਼ਿਸ਼ ਕਰ ਰਹੀ ਹੈ, ਲੱਗਦਾ ਨਹੀਂ ਕਿ ਇਸ ਵਾਰ ਵੀ ਇਹ ਕੰਮ ਕਰੇਗਾ। ਸਿੱਖ ਵਿਰੋਧੀ ਦੰਗਿਆਂ ਅਤੇ ਸ੍ਰੀ ਦਰਬਾਰ ਸਾਹਿਬ 'ਤੇ ਹਮਲੇ ਲਈ ਗਾਂਧੀ ਪਰਵਾਰ ਦੀ ਨਿੰਦਾ ਕਰਦਿਆਂ ਸੰਸਦ ਮੈਂਬਰ ਨੇ ਕਿਹਾ ਕਿ ਰਾਹੁਲ ਨੂੰ ਆਪਣੇ ਪਰਵਾਰ ਵੱਲੋਂ ਕੀਤੇ ਗਏ ਇਨ੍ਹਾਂ ਘਿਨਾਉਣੇ ਕੰਮਾਂ ਲਈ ਕੋਈ ਪਛਤਾਵਾ ਨਹੀਂ ਹੈ। ਉਨ੍ਹਾਂ ਨੂੰ ਪੰਜਾਬ ਦੇ ਲੋਕਾਂ ਤੋਂ ਤੁਰੰਤ ਮੁਆਫੀ ਮੰਗਣੀ ਚਾਹੀਦੀ ਹੈ। ਚੱਢਾ ਨੇ ਕਿਹਾ ਕਿ ਉਨ੍ਹਾਂ ਦੀਆਂ ਰਗਾਂ ਵਿੱਚ ਪੰਜਾਬੀ ਖ਼ੂਨ ਹੈ ਅਤੇ 1984 ਦਾ ਕਤਲੇਆਮ ਨਾ ਮੁਆਫੀਯੋਗ ਹੈ। ਕਾਂਗਰਸ ਪਾਰਟੀ ਦੇ ਡੀ ਐੱਨ ਏ ਵਿੱਚ ਪੰਜਾਬੀਆਂ ਪ੍ਰਤੀ 'ਪੈਥੋਲੋਜੀਕਲ' ਨਾਪਸੰਦਗੀ ਹੈ। ਉਨ੍ਹਾਂ ਨੇ ਟਵਿੱਟਰ 'ਤੇ ਰਾਹੁਲ ਗਾਂਧੀ ਦੇ ਸਾਹਮਣੇ ਹੱਥ ਜੋੜ ਕੇ ਖੜ੍ਹੇ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਤਸਵੀਰ ਵੀ ਸਾਂਝੀ ਕੀਤੀ।

ਰਾਘਵ ਚੱਢਾ ਨੇ ਕਿਹਾ ਕਿ ਗਾਂਧੀ ਪਰਵਾਰ ਨੇ ਪੰਜਾਬ 'ਚ ਵੀ ਦਿੱਲੀ ਤੋਂ ਆਪਣੇ ਨੇਤਾਵਾਂ ਨੂੰ ਉਸੇ ਤਰ੍ਹਾਂ ਕੰਟਰੋਲ ਕੀਤਾ, ਜਿਵੇਂ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਕੰਟਰੋਲ ਕੀਤਾ ਸੀ। ਰਾਘਵ ਚੱਢਾ ਨੇ ਕਿਹਾ ਕਿ ਕਾਂਗਰਸ ਨੇ ਹਮੇਸ਼ਾ ਹੀ ਪੰਜਾਬ ਅਤੇ ਸਿੱਖਾਂ ਦੇ ਹਿੱਤਾਂ ਵਿਰੁੱਧ ਕੰਮ ਕੀਤਾ ਹੈ, ਪਰ ਹੁਣ 'ਆਪ' ਉਨ੍ਹਾਂ ਦੇ ਨਾਪਾਕ ਮਨਸੂਬਿਆਂ ਨੂੰ ਹੋਰ ਕਾਮਯਾਬ ਨਹੀਂ ਹੋਣ ਦੇਵੇਗੀ ਅਤੇ ਪੰਜਾਬੀਆਂ ਦੇ ਹੱਕਾਂ ਦੀ ਰਾਖੀ ਮਜ਼ਬੂਤੀ ਨਾਲ ਕਰੇਗੀ।

## ਸਕੂਲ ਆਫ ਐਮੀਨੈਂਸ ਦੀ ਸ਼ੁਰੂਆਤ ਅੱਜ ਤੋਂ

**ਐਸ.ਏ.ਐਸ.ਨਗਰ (ਗੁਰਜੀਤ ਬਿੱਲਾ)**

ਰਾਜ ਸਰਕਾਰ ਵੱਲੋਂ ਸੂਬੇ ਵਿੱਚ 117 ਸਕੂਲ ਆਫ ਐਮੀਨੈਂਸ, ਹਰੇਕ ਹਲਕੇ ਵਿੱਚ ਇੱਕ ਸਕੂਲ ਆਫ ਐਮੀਨੈਂਸ (ਐਸ.ਓ.ਈ.), ਬਣਾਉਣ ਲਈ ਪ੍ਰੋਗਰਾਮ ਦੀ ਸ਼ੁਰੂਆਤ ਮੁੱਖ ਮੰਤਰੀ ਭਗਵੰਤ ਸਿੰਘ ਮਾਨ 21 ਜਨਵਰੀ ਨੂੰ ਇੰਡੀਅਨ ਸਕੂਲ ਆਫ ਬਿਜਨਸ (ਆਈ.ਐੱਸ.ਬੀ.) ਮੋਹਾਲੀ ਵਿਖੇ ਕਰਵਾਏ ਜਾਣ ਵਾਲੇ ਸਮਾਗਮ ਦੌਰਾਨ ਕੀਤੀ ਜਾਵੇਗੀ। ਇਸ ਸਮਾਗਮ ਸਬੰਧੀ ਤਿਆਰੀਆਂ ਮੁਕੰਮਲ ਹੋ ਗਈਆਂ ਹਨ। ਇਹ ਜਾਣਕਾਰੀ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਕਮ ਵਿਸ਼ੇਸ਼ ਸਕੱਤਰ ਵਰਿੰਦਰ ਕੁਮਾਰ ਸ਼ਰਮਾ ਨੇ ਆਈ.ਐਸ.ਬੀ. ਵਿਖੇ ਸਮਾਗਮ ਦੇ ਪ੍ਰਬੰਧਾਂ ਦੀਆਂ ਤਿਆਰੀਆਂ ਦਾ ਜਾਇਜਾ ਲੈਣ ਉਪਰੰਤ ਸਾਂਝੀ ਕੀਤੀ। ਉਨ੍ਹਾਂ ਦੱਸਿਆ ਕਿ ਇਹਨਾਂ ਸਕੂਲਾਂ ਲਈ ਇੱਕ ਵਿਸ਼ੇਸ਼ ਚਿੰਨ੍ਹ ਵੀ ਲਾਂਚ ਕੀਤਾ ਜਾਵੇਗਾ। ਸਿੱਖਿਆ ਵਿਭਾਗ ਇਨ੍ਹਾਂ ਸਕੂਲਾਂ ਦੀਆਂ ਖਾਸ ਵਿਸ਼ੇਸ਼ਤਾਵਾਂ ਨੂੰ ਪਾਵਰਪੁਆਇੰਟ ਪ੍ਰੈਜਨਟੇਸ਼ਨ ਰਾਹੀਂ ਪੇਸ਼ ਕਰੇਗਾ, ਜਿਸ ਤੋਂ ਬਾਅਦ ਮੁਹਾਲੀ ਦੇ 3 ਬੀ 1 ਸਕੂਲ ਦੀ 3-ਡੀ ਵਾਕ ਦੀ ਪੇਸ਼ਕਾਰੀ ਹੋਵੇਗੀ। ਇਸ ਮੌਕੇ ਰਾਜ ਦੇ ਵੱਖ-ਵੱਖ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਸਕੂਲਾਂ ਵਿੱਚ ਅਧਿਆਪਨ ਦੇ ਨਵੀਨਤਮ ਤਰੀਕਿਆਂ ਨੂੰ ਦਰਸਾਉਂਦੀ ਪ੍ਰਦਰਸ਼ਨੀ ਵੀ ਲਗਾਈ ਜਾਵੇਗੀ। ਉਨਾਂ ਕਿਹਾ ਕਿ ਸਰਕਾਰੀ ਸਕੂਲ ਦੇ ਵਿਦਿਆਰਥੀਆਂ ਦੁਆਰਾ ਲਾਈਵ ਸਕੈਚ ਕਾਊਂਟਰ ਸੈਲਫੀ ਪੁਆਇੰਟ, ਪਹੇਲੀਆਂ, ਆਦਿ ਖਿੱਚ ਦਾ ਕੇਂਦਰ ਬਣਨਗੀਆਂ। ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਵਿਦਿਆਰਥੀ, ਅਧਿਆਪਕ ਅਤੇ ਹੋਰ ਪਤਵੰਤੇ ਸ਼ਿਰਕਤ ਕਰਨਗੇ। ਉਨ੍ਹਾਂ ਦੱਸਿਆ ਕਿ ਸਰਕਾਰ ਵਿਦਿਆਰਥੀਆਂ ਦੇ ਸਿੱਖਣ ਦੇ ਤਰੀਕੇ ਨੂੰ ਉੱਚਾ ਚੁੱਕਣ ਲਈ ਲਗਾਤਾਰ ਕੰਮ ਕਰ ਰਹੀ ਹੈ ਅਤੇ ਇਹ ਉਪਰਾਲਾ ਇਸ ਦਿਸ਼ਾ ਵਿੱਚ ਇੱਕ ਮੀਲ ਪੱਥਰ ਸਬਿਤ ਹੋਵੇਗਾ।

## ਕੇਜਰੀਵਾਲ ਤੇ ਸਕਸੈਨਾ ਵੱਲੋਂ ਇਕ-ਦੂਜੇ 'ਤੇ ਦੋਸ਼

**ਨਵੀਂ ਦਿੱਲੀ :** ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਸ਼ੁੱਕਰਵਾਰ ਦੋਸ਼ ਲਾਇਆ ਕਿ ਉਪ ਰਾਜਪਾਲ (ਐੱਲ ਜੀ) ਵੀ ਕੇ ਸਕਸੈਨਾ ਸ਼ਹਿਰ ਦੀ ਕਾਨੂੰਨ ਵਿਵਸਥਾ ਨੂੰ ਸੁਧਾਰਨ ਦੀ ਬਜਾਏ ਗੰਦੀ ਰਾਜਨੀਤੀ ਕਰ ਰਹੇ ਹਨ। ਉਨ੍ਹਾ ਦੀ ਇਹ ਟਿੱਪਣੀ ਦਿੱਲੀ ਮਹਿਲਾ ਕਮਿਸ਼ਨ ਦੀ ਮੁਖੀ ਸਵਾਤੀ ਮਾਲੀਵਾਲ ਦੇ ਦੋਸ਼ਾਂ ਤੋਂ ਇਕ ਦਿਨ ਬਾਅਦ ਆਈ ਹੈ, ਜਿਸ ਵਿਚ ਏਮਜ਼ ਦੇ ਬਾਹਰ ਸ਼ਰਾਬੀ ਕਾਰ ਸਵਾਰ ਨੇ ਸਵਾਤੀ ਨਾਲ ਛੇੜਛਾੜ ਕੀਤੀ ਅਤੇ ਫਿਰ ਉਸ ਨੂੰ ਆਪਣੀ ਗੱਡੀ ਨਾਲ 10-15 ਮੀਟਰ ਤੱਕ ਘੜੀਸਦਾ ਲੈ ਗਿਆ। ਉਪ ਰਾਜਪਾਲ ਨਾਲ ਵਧਦੇ ਵਿਵਾਦ ਕਾਰਨ ਕੇਜਰੀਵਾਲ ਨੇ ਦਾਅਵਾ ਕੀਤਾ ਕਿ ਸਕਸੈਨਾ ਨੇ ਸਰਕਾਰੀ ਅਧਿਕਾਰੀਆਂ ਨਾਲ ਕਈ ਮੀਟਿੰਗਾਂ ਕੀਤੀਆਂ, ਜਦੋਂ ਕਿ ਉਨ੍ਹਾ ਕੋਲ ਅਜਿਹਾ ਕਰਨ ਦਾ ਅਧਿਕਾਰ ਨਹੀਂ।

ਉਧਰ, ਸਕਸੈਨਾ ਨੇ ਕੇਜਰੀਵਾਲ ਨੂੰ ਪੱਤਰ ਲਿਖ ਕੇ ਦਿੱਲੀ ਦੇ ਦੋ ਸੰਵਿਧਾਨਕ ਅਹੁਦੇਦਾਰਾਂ ਨਾਲ ਸੰਬੰਧਤ ਵਿਵਾਦ 'ਚ ਗੁੰਮਰਾਹਕੁਨ ਤੇ ਅਪਮਾਨਜਨਕ ਟਿੱਪਣੀਆਂ ਕਰਨ ਅਤੇ ਨੀਵੇਂ ਪੱਧਰ ਦੇ ਬਿਆਨ ਦੇਣ ਦਾ ਦੋਸ਼ ਲਾਇਆ ਹੈ। ਉਨ੍ਹਾ ਕਿਹਾ ਹੈ ਕਿ ਕੇਜਰੀਵਾਲ ਸਿਆਸੀ ਪਾਖੰਡ ਕਰ ਰਹੇ ਹਨ।

## ਕਠੂਆ 'ਚ ਪਦ ਯਾਤਰਾ



**ਕਠੂਆ :** ਰਾਹੁਲ ਗਾਂਧੀ ਨੇ ਸ਼ੁੱਕਰਵਾਰ ਸਰਦੀ ਦੇ ਮੌਸਮ 'ਚ ਬਾਰਸ਼ ਦੌਰਾਨ ਜੰਮੂ-ਕਸ਼ਮੀਰ ਦੇ ਕਠੂਆ ਜ਼ਿਲ੍ਹੇ ਦੇ ਹਟਲੀ ਮੋੜ ਤੋਂ 'ਭਾਰਤ ਜੋੜੋ ਯਾਤਰਾ' ਮੁੜ ਸ਼ੁਰੂ ਕੀਤੀ, ਜਿਸ 'ਚ ਸ਼ਿਵ ਸੈਨਾ (ਊਧਵ ਠਾਕਰੇ) ਦੇ ਨੇਤਾ ਸੰਜੈ ਰਾਊਤ ਸਮੇਤ ਕਈ ਵੱਡੇ ਨੇਤਾ ਸ਼ਾਮਲ ਹੋਏ। ਇਸ ਦੌਰਾਨ ਰਾਹੁਲ ਨੇ ਸਫੈਦ ਟੀ-ਸ਼ਰਟ 'ਤੇ ਕਾਲੇ ਰੰਗ ਦਾ ਰੇਨਕੋਟ ਪਾਇਆ ਹੋਇਆ ਸੀ।

## ਸਿੱਖਿਆ ਬੋਰਡ ਕਰਮਚਾਰੀ ਯੂਨੀਅਨ ਦੀਆਂ ਚੋਣਾਂ ਦੇ ਫਸਵੇਂ ਮੁਕਾਬਲੇ 'ਚ ਰਲੀ-ਮਿਲੀ ਕਾਰਜਕਾਰਨੀ ਬਣੀ

### ਪਰਵਿੰਦਰ ਸਿੰਘ ਖੰਗੂੜਾ ਪ੍ਰਧਾਨ ਚੁਣੇ ਗਏ



**ਮੁਹਾਲੀ (ਗੁਰਜੀਤ ਬਿੱਲਾ)-**ਪੰਜਾਬ ਸਕੂਲ ਸਿੱਖਿਆ ਬੋਰਡ ਕਰਮਚਾਰੀ ਐਸੋਸੀਏਸ਼ਨ ਦੀਆਂ ਚੋਣਾਂ ਵਿੱਚ ਲੰਬੇ ਸਮੇਂ ਤੋਂ ਬਾਅਦ ਦੋਹਾਂ ਗਰੁੱਪਾਂ ਦੀ ਰਲੀ ਮਿਲੀ ਜਿੱਤ ਹੋਈ ਹੈ। ਖੰਗੂੜਾ ਗਰੁੱਪ ਦੇ ਪ੍ਰਧਾਨ ਪਰਵਿੰਦਰ ਸਿੰਘ ਖੰਗੂੜਾ ਪ੍ਰਧਾਨ ਲਈ 27 ਵੋਟਾਂ ਦੇ ਫਰਕ ਨਾਲ ਜੇਤੂ ਰਹੇ ਹਨ, ਉਥੇ ਹੀ ਖੰਗੂੜਾ ਗਰੁੱਪ ਦੇ ਜਨਰਲ ਸਕੱਤਰ ਦੇ ਉਮੀਦਵਾਰ ਪਰਮਜੀਤ ਬੈਨੀਪਾਲ ਅਤੇ ਜੂਨੀਅਰ ਮੀਤ ਪ੍ਰਧਾਨ ਲਈ ਗੁਰਪ੍ਰੀਤ ਸਿੰਘ ਝੂਰੜ ਫਸਵੀਂ ਟੱਕਰ ਵਿੱਚ ਕੇਵਲ ਇੱਕ ਵੋਟ ਦੇ ਫਰਕ ਨਾਲ ਜੇਤੂ ਰਹੇ।

ਸਰਬਸਾਂਝਾ-ਕਾਹਲੋਂ ਰਾਣੂੰ ਗਰੁੱਪ ਦੇ ਅਹੁਦੇਦਾਰਾਂ ਦੀ ਸੂਚੀ ਵਿੱਚ 7 ਅਹੁਦੇਦਾਰ ਚੁਣੇ ਗਏ ਜਦੋਂ ਕਿ ਖੰਗੂੜਾ ਗਰੁੱਪ ਦੇ 5 ਅਹੁਦੇਦਾਰ ਚੁਣੇ ਗਏ ਹਨ। ਕਾਰਜਕਾਰਨੀ ਮੈਂਬਰਾਂ ਵਿੱਚ ਸਰਬਸਾਂਝਾ- ਕਾਹਲੋਂ ਰਾਣੂੰ ਗਰੁੱਪ ਦੇ ਮੈਂਬਰ ਜੇਤੂ ਰਹੇ ਹਨ ਜਦੋਂ ਕਿ ਖੰਗੂੜਾ

● ਬਾਕੀ ਸਫ਼ਾ 10 'ਤੇ

### ਪੱਤਰਕਾਰਾਂ ਲਈ ਸੂਚਨਾ

'ਨਵਾਂ ਜ਼ਮਾਨਾ' ਦੇ ਜਿਨ੍ਹਾਂ ਪ੍ਰਤੀਨਿਧਾਂ ਦੇ ਸ਼ਨਾਖਤੀ ਕਾਰਡ ਦੀ ਮਿਆਦ ਲੰਘ ਚੁੱਕੀ ਹੈ, ਉਨ੍ਹਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਆਪੋ-ਆਪਣੇ ਕਾਰਡ ਜਲਦੀ ਤੋਂ ਜਲਦੀ 'ਨਵਾਂ ਜ਼ਮਾਨਾ' ਦਫਤਰ ਆ ਕੇ ਬਾਅਦ ਦੁਪਹਿਰ ਸ਼ੁੱਕਰਵਾਰ ਅਤੇ ਸੋਮਵਾਰ ਨੂੰ 2 ਵਜੇ ਤੋਂ ਸ਼ਾਮ 5 ਵਜੇ ਤੱਕ ਨਵਿਆਉਣ।

-ਮੈਨੇਜਰ

## ਅੱਜ-ਨਾਮਾ

ਸਤਲੁਜ-ਜਮਨਾ ਦਾ ਉੱਠਿਆ ਫੇਰ ਮੁੱਦਾ,
ਵੱਡੀ ਕੋਰਟ ਵਿੱਚ ਹੋਈ ਸੁਣਵਾਈ ਮੀਆਂ।
ਮਸਲਾ ਲੱਗਿਆ ਕਿਸੇ ਨਹੀਂ ਤਣ-ਪੱਤਣ,
ਅਗਲੀ ਕਹਿੰਦੇ ਤਰੀਕ ਆ ਪਾਈ ਮੀਆਂ।
ਪੈਂਤੜਾ ਪੱਕਾ ਫਿਰ ਲਾਲ ਮਨੋਹਰ ਦਾ ਈ,
ਲੱਤ ਨਾ ਮਾਨ ਨੇ ਪਿੱਛੇ ਖਿਸਕਾਈ ਮੀਆਂ।
ਤਰੀਕਾਂ ਬਦਲ ਕੇ ਉਹੀ ਹੈ ਖਬਰ ਛਪਦੀ,
ਉਹੀਓ ਲੱਗਦੀ ਹੈ ਫੇਰ ਦੁਹਰਾਈ ਮੀਆਂ।
ਹਰਿਆਣਾ ਪਾਣੀ ਪੰਜਾਬ ਤੋਂ ਪਿਆ ਮੰਗੇ,
ਪੰਜਾਬ ਵਿੱਚੋਂ ਉਹ ਸੁੱਕਦਾ ਜਾਏ ਮੀਆਂ।
ਜੀਹਦੇ ਟੱਬਰ ਦੇ ਜੀਅ ਤ੍ਰਿਹਾਏ ਫਿਰਦੇ,
ਦੂਸਰੇ ਪਿੰਡ ਛਬੀਲ ਕਿਉਂ ਲਾਏ ਮੀਆਂ।

-ਤੀਸ ਮਾਰ ਖਾਂ

## ਪੁਰਾਣੇ ਹੁਕਮਰਾਨ ਆਪਣੇ ਮਹਿਲ ਸ਼ਿੰਗਾਰਨ 'ਚ ਲੱਗੇ ਰਹੇ : ਮਾਨ

**ਪਟਿਆਲਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**

ਪੁਰਾਣੇ ਸ਼ਾਸਕਾਂ ਦੇ ਸਵਾਰਥਾਂ ਅਤੇ ਲਾਲਚ ਕਾਰਨ ਪਟਿਆਲਾ ਦੇ ਸੱਤਾ ਦਾ ਕੇਂਦਰ ਹੋਣ ਦੇ ਬਾਵਜੂਦ ਵਿਕਾਸ ਪੱਖੋਂ ਪਛੜਨ ਦਾ ਦਾਅਵਾ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਇਨ੍ਹਾਂ ਸ਼ਾਸਕਾਂ ਨੇ ਸ਼ਹਿਰ ਦੀ ਮਾੜੀ ਹਾਲਤ ਨੂੰ ਸੁਧਾਰਨ ਦੀ ਥਾਂ ਆਪਣੇ ਨਿੱਜੀ ਮਹਿਲਾਂ ਨੂੰ ਸ਼ਿੰਗਾਰਨ ਉਤੇ ਵੱਧ ਧਿਆਨ ਦਿੱਤਾ। ਸ਼ਹਿਰ ਦੇ ਵਿਕਾਸ ਲਈ 167 ਕਰੋੜ ਰੁਪਏ ਦੇ ਵਿਕਾਸ ਪ੍ਰਾਜੈਕਟਾਂ ਦੇ ਕੰਮ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਕਿੰਨੀ ਹਾਸੋਹੀਣੀ ਗੱਲ ਹੈ ਕਿ ਸੱਤਾ ਦੇ 'ਮਹਾਰਾਜਿਆਂ' ਨੇ ਸ਼ਹਿਰ ਨਾਲੋਂ ਆਪਣੇ ਵਿਕਾਸ ਵੱਲ ਵੱਧ ਧਿਆਨ ਦਿੱਤਾ। ਉਨ੍ਹਾ ਕਿਹਾ ਕਿ ਭਾਵੇਂ ਪਟਿਆਲਾ ਨੂੰ 'ਬਾਗਾਂ ਦੇ ਸ਼ਹਿਰ' ਵਜੋਂ ਜਾਣਿਆ ਜਾਂਦਾ ਹੈ, ਪਰ ਸੱਤਾਧਾਰੀਆਂ ਦੇ ਉਦਾਸੀਨ ਰਵੱਈਏ ਕਾਰਨ ਪਿਛਲੇ ਕੁੱਝ ਸਾਲਾਂ ਵਿੱਚ ਸ਼ਹਿਰ ਨੇ ਆਪਣੀ ਦਿੱਖ ਗਵਾ ਦਿੱਤੀ ਹੈ।




ਮੁੱਖ ਮੰਤਰੀ ਨੇ ਕਿਹਾ ਕਿ ਸ਼ਹਿਰ ਵਿੱਚ ਨਵੇਂ ਬੱਸ ਅੱਡੇ ਤੇ ਸੜਕਾਂ ਦਾ ਨਿਰਮਾਣ, ਮਾਡਲ ਟਾਊਨ ਡਰੇਨ ਦੇ ਚੈਨਲਾਈਜੇਸ਼ਨ ਤੇ ਸੁੰਦਰੀਕਰਨ ਦੇ ਪ੍ਰਾਜੈਕਟ, ਮੁਸਾਫਿਰ ਮੈਮੋਰੀਅਲ ਸੈਂਟਰਲ ਸਟੇਟ ਲਾਇਬ੍ਰੇਰੀ ਵਿਖੇ ਡਿਜੀਟਲ ਲਾਇਬ੍ਰੇਰੀ ਦੇ ਨਿਰਮਾਣ ਤੇ ਹੋਰ ਪ੍ਰਾਜੈਕਟ ਕਾਫ਼ੀ ਲੰਮੇ ਸਮੇਂ ਤੋਂ ਲਟਕ ਰਹੇ ਸਨ। ਅਤਿ-ਆਧੁਨਿਕ ਬੱਸ ਅੱਡੇ ਦਾ ਕੰਮ ਪਹਿਲੀ ਅਪਰੈਲ ਤੱਕ ਮੁਕੰਮਲ ਕੀਤਾ ਜਾਵੇਗਾ। ਮੌਜੂਦਾ ਬੱਸ ਅੱਡੇ ਨੂੰ ਸ਼ਹਿਰ ਦੀ ਸ਼ਟਲ ਬੱਸ ਸੇਵਾ ਲਈ ਵਰਤਿਆ ਜਾਵੇਗਾ, ਜਿਸ ਤੋਂ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਨੂੰ ਬੱਸ ਸੇਵਾ ਚਲਾਈ ਜਾਵੇਗੀ।

ਉਨ੍ਹਾਂ ਮਾਡਲ ਟਾਊਨ ਡਰੇਨ ਦੇ ਚੈਨਲਾਈਜੇਸ਼ਨ ਤੇ ਸੁੰਦਰੀਕਰਨ ਦਾ ਪ੍ਰਾਜੈਕਟ 31 ਮਾਰਚ ਤੱਕ ਮੁਕੰਮਲ ਕਰਨ ਲਈ ਕਿਹਾ। ਉਨ੍ਹਾ ਕਿਹਾ ਕਿ ਰਾਜਿੰਦਰਾ ਝੀਲ ਨੂੰ ਵਿਸ਼ਵ ਭਰ ਦੇ ਲੋਕਾਂ ਲਈ ਸੈਰਸਪਾਟੇ ਦੇ ਕੇਂਦਰ ਵਜੋਂ ਵਿਕਸਤ ਕੀਤਾ ਜਾਵੇਗਾ। ਮਾਨ ਨੇ ਕਿਹਾ ਕਿ ਮੁਸਾਫਿਰ ਮੈਮੋਰੀਅਲ ਸੈਂਟਰਲ ਸਟੇਟ ਲਾਇਬ੍ਰੇਰੀ ਦੇ ਡਿਜੀਟਲਾਈਜੇਸ਼ਨ ਉਤੇ 8.26 ਕਰੋੜ ਰੁਪਏ ਖ਼ਰਚੇ ਜਾ ਰਹੇ ਹਨ। ਮਾਨ ਨੇ ਕਿਹਾ ਕਿ ਜੇ ਨਿਰਧਾਰਤ ਸਮੇਂ ਵਿੱਚ ਕੰਮ ਮੁਕੰਮਲ ਨਾ ਹੋਏ ਤਾਂ ਅਧਿਕਾਰੀਆਂ ਦੀ ਜ਼ਿੰਮੇਵਾਰੀ ਤੈਅ ਕੀਤੀ ਜਾਵੇਗੀ।

ਇਸ ਮੌਕੇ ਮੁੱਖ ਮੰਤਰੀ ਦੇ ਨਾਲ ਬੱਸ ਸਟੈਂਡ ਦਾ ਜਾਇਜ਼ਾ ਲੈਣ ਮੌਕੇ

● ਬਾਕੀ ਸਫ਼ਾ 10 'ਤੇ

### ਸ਼੍ਰੋਮਣੀ ਪੁਰਸਕਾਰ ਛੇਤੀ ਦੇਵਾਂਗੇ

**ਪਟਿਆਲਾ :** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਹੈ ਕਿ ਭਾਸ਼ਾ ਵਿਭਾਗ ਪੰਜਾਬ ਵੱਲੋਂ ਦਿੱਤੇ ਜਾਂਦੇ ਸ਼੍ਰੋਮਣੀ ਪੁਰਸਕਾਰ ਬਹੁਤ ਜਲਦੀ ਦੇਣੇ ਸ਼ੁਰੂ ਕਰ ਦੇਵਾਂਗੇ। ਇਸ ਵਿਚ ਜੋ ਵੀ ਕਾਨੂੰਨੀ ਅੜਿੱਕੇ ਹਨ, ਉਨ੍ਹਾਂ ਨੂੰ ਦੂਰ ਕਰਨ ਲਈ ਸਰਕਾਰ ਕੰਮ ਕਰ ਰਹੀ ਹੈ।

## ਗਦਰੀ ਭਾਈ ਸੰਤੋਖ ਸਿੰਘ ਧਰਦਿਓ ਪੁਰਸਕਾਰ ਦੁਸਾਂਝ ਜੋੜੀ ਨੂੰ



**ਜਲੰਧਰ :** ਆਸਟਰੇਲੀਆ ਦੀ ਸਿਰਮੌਰ ਸਾਹਿਤਕ ਸੰਸਥਾ ਇੰਡੋਜ਼ ਪੰਜਾਬੀ ਸੋਸ਼ਲ ਅਕੈਡਮੀ ਆਫ ਆਸਟਰੇਲੀਆ (ਇਪਸਾ) ਵੱਲੋਂ ਸਾਹਿਤ ਕਲਾ ਕੇਂਦਰ ਜਲੰਧਰ ਦੇ ਸਹਿਯੋਗ ਨਾਲ ਹਰ ਸਾਲ ਦਿੱਤਾ ਜਾਣ ਵਾਲਾ ਗਦਰੀ ਭਾਈ ਸੰਤੋਖ ਸਿੰਘ ਧਰਦਿਓ ਪੁਰਸਕਾਰ ਇਸ ਵਰ੍ਹੇ ਪ੍ਰਤੀਬੱਧ ਪੱਤਰਕਾਰੀ, ਸੰਜੀਦਾ ਟੈਲੀ ਵਾਰਤਾਕਾਰੀ, ਲੋਕ ਸਾਹਿਤਕਾਰੀ ਅਤੇ ਸਮਾਜਕ ਸਰੋਕਾਰਾਂ ਨਾਲ ਜੁੜੇ ਲੀਕ ਤੋਂ ਵੱਖਰੇ ਮੈਗਜ਼ੀਨ (ਹੁਣ) ਦੀ ਸੰਪਾਦਕੀ ਲਈ ਅਦਬੀ ਹਲਕਿਆਂ ਵਿਚ ਜਾਣੀ, ਪਹਿਚਾਣੀ ਅਤੇ ਗੁਣਵੰਤੀ ਦੁਸਾਂਝ ਜੋੜੀ ਨੂੰ ਦਿੱਤਾ ਜਾਏਗਾ। ਸੁਸ਼ੀਲ ਦੁਸਾਂਝ ਅਤੇ ਕਮਲ ਦੁਸਾਂਝ ਨੇ ਗ੍ਰਹਿਸਤ ਜੀਵਨ ਦੀਆਂ ਜਹਿਮਤਾਂ, ਜੁੰਮੇਵਾਰੀਆਂ ਨਾਲ ਸਿੱਝਦਿਆਂ ਅਤੇ ਸੱਤਾ ਸਥਾਪਤੀ ਦੇ ਖਿਲਾਫ ਲੋਕ ਰੋਹ ਦੀ ਵੰਗਾਰ ਬਣਦਿਆਂ ਸਦਾ ਹੀ ਸਮੇਂ ਦੇ ਸੱਚ ਨੂੰ ਪੇਸ਼ ਕੀਤਾ ਹੈ। ਉਨ੍ਹਾਂ ਨੇ ਸਮਾਜਕ ਪ੍ਰਸਥਿਤੀਆਂ ਦਾ ਵਿਗਿਆਨਕ ਨਜ਼ਰੀਏ ਨਾਲ ਅਧਿਐਨ ਕਰਦਿਆਂ ਕਲਮ ਅਤੇ ਕਾਲਮ ਨੂੰ ਲੋਕ ਹਿੱਤਾਂ ਦੇ ਘੇਰੇ ਤੋਂ ਕਦੀ ਵੀ ਬਾਹਰਾ ਨਹੀਂ ਹੋਣ ਦਿੱਤਾ। ਜਿੱਥੇ ਸੁਸ਼ੀਲ ਦੁਸਾਂਝ ਨੇ ਸ਼ਾਇਰੀ ਸੰਪਾਦਕੀ ਅਤੇ ਪੱਤਰਕਾਰੀ ਦੇ ਖੇਤਰ ਆਪਣੇ ਦਾਇਤਵ ਨੂੰ ਨਿਭਾਉਂਦਿਆਂ ਸਦਾ ਹੀ ਨਜ਼ਰ-ਅੰਦਾਜ਼ ਹੋ ਰਹੀਆਂ ਧਿਰਾਂ ਅਤੇ ਜਾਗਦੇ ਸਿਰਾਂ ਦੀ ਪ੍ਰਤੀਨਿਧਤਾ ਕੀਤੀ ਹੈ, ਉੱਥੇ ਕਮਲ ਦੁਸਾਂਝ ਨੇ ਵੀ ਇਸੇ ਹੀ ਪੈੜ ਵਿੱਚ ਪੈਰ ਧਰਦਿਆਂ ਲੋਕ

● ਬਾਕੀ ਸਫ਼ਾ 10 'ਤੇ

# ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਦੀ ਕੁਰਬਾਨੀ ਸਾਡੇ ਲਈ ਪ੍ਰੇਰਨਾਸਰੋਤ : ਭਗਵੰਤ ਮਾਨ

**ਮਹਿਲ ਕਲਾਂ (ਬਲਵਿੰਦਰ ਵਜੀਦਕੇ)**
ਪਰਜਾ ਮੰਡਲ ਲਹਿਰ ਦੇ ਮੋਢੀ ਤੇ ਅਮਰ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਦੀ ਸਾਲਾਨਾ 89ਵੀਂ ਬਰਸੀ ਗ੍ਰਾਮ ਪੰਚਾਇਤ ਤੇ ਸਮੂਹ ਨਗਰ ਵਾਸੀਆਂ ਦੇ ਸਹਿਯੋਗ ਨਾਲ ਮਨਾਏ ਜਾਣ ਤੇ ਸਮਾਗਮ ਦੇ ਦੂਜੇ ਦਿਨ ਪਿੰਡ ਠੀਕਰੀਵਾਲ ਵਿਖੇ ਪੰਜਾਬ ਦੇ ਮੁੱਖ ਮੰਤਰੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕਰਕੇ ਪਰਜਾ ਮੰਡਲ ਲਹਿਰ ਦੇ ਮੋਢੀ ਅਮਰ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਅਜਿਹੇ ਸਮੇਂ 'ਚ ਸ਼ਹੀਦ ਸੇਵਾ ਸਿੰਘ ਦੇ ਪਦ ਚਿੰਨ੍ਹਾਂ 'ਤੇ ਚੱਲਣ ਦੀ ਬੇਹੱਦ ਲੋੜ ਹੈ, ਕਿਉਂਕਿ ਸ਼ਹੀਦ ਸੇਵਾ ਸਿੰਘ ਨੇ ਆਪਣਾ ਸਮੁੱਚਾ ਜੀਵਨ ਸਮਾਜ ਲੇਖੇ ਲਾਇਆ ਤੇ ਰਜਵਾੜਾਸ਼ਾਹੀ ਖਿਲਾਫ ਜੰਗ ਵਿੱਢੀ ਤੇ ਸ਼ਹੀਦੀ ਪ੍ਰਾਪਤ ਕੀਤੀ। ਉਨ੍ਹਾਂ ਕਿਹਾ ਕਿ ਸ਼ਹੀਦ ਕੌਮ ਦਾ ਸਰਮਾਇਆ ਹੁੰਦੇ ਹਨ, ਜਿਨ੍ਹਾਂ ਦੇ ਦਿਨ ਮਨਾਉਣ ਮੌਕੇ ਸਾਨੂੰ ਸਮਾਜ ਲਈ ਕੁੱਝ ਕਰ ਗੁਜ਼ਰਨ ਦੀ ਪ੍ਰੇਰਨਾ ਲੈਣੀ ਚਾਹੀਦੀ ਹੈ। ਉਨ੍ਹਾ ਕਿਹਾ ਕਿ ਅਮਰ ਸ਼ਹੀਦ ਸੇਵਾ ਸਿੰਘ ਠੀਕਰੀਵਾਲ ਦੀ ਕੁਰਬਾਨੀ ਸਾਡੇ ਸਾਰਿਆਂ ਲਈ ਇੱਕ ਪ੍ਰੇਰਨਾ ਦਾ ਸਰੋਤ ਹਨ, ਉਨ੍ਹਾ ਕਿਹਾ ਕਿ ਸਕੂਨ ਦੀ ਖ਼ਬਰ ਹੈ ਕੇ ਲੋਕ ਧੀਆਂ ਦੀ ਲੋਹੜੀ ਮਨਾਉਣ ਲੱਗੇ ਹਨ। ਇਸ ਲਈ ਧੀਆਂ ਨੂੰ ਪੜ੍ਹਨ ਦਾ ਮੌਕਾ ਦਿਓ, ਡਿਗਰੀਆਂ ਲੈਣ ਦਿਓ, ਫਿਰ ਵੀ ਆਪਣੇ ਮਾਂ-ਪਿਓ ਤੇ ਦੇਸ਼ ਦਾ ਨਾਮ ਰੌਸ਼ਨ ਕਰ ਸਕਦੀਆਂ ਹਨ। ਉਨ੍ਹਾ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਉਸ ਨੂੰ ਜ਼ਿੰਮੇਵਾਰੀ ਵਾਲਾ ਘੜਾ ਸੌਂਪਿਆ ਹੈ, ਜਿਸ ਨੂੰ ਚੁੱਕ ਕੇ ਸਮਝ ਸੋਚ ਨਾਲ ਚੱਲਣਾ ਉਨ੍ਹਾਂ ਦਾ ਫ਼ਰਜ਼ ਹੈ। ਉਨ੍ਹਾ ਪਿੰਡ ਵਾਸੀਆਂ ਵੱਲੋਂ ਰੱਖੀਆਂ ਮੰਗਾਂ ਦੇ ਸਬੰਧ 'ਚ ਕਿਹਾ ਕਿ ਜਲਦ ਹੀ ਉਹ ਪੰਜਾਬ ਅੰਦਰ 117 ਸਕੂਲ ਆਫ ਅਮੇਨੇਸ਼ਨ ਖੋਲ੍ਹਣ ਲੱਗੇ ਹਨ, ਜਿਨ੍ਹਾਂ 'ਚ ਬੱਚੇ ਦੇ ਲੈਵਲ ਨੂੰ ਪਰਖ਼ ਕੇ ਉਸ ਦੇ ਪਸੰਦੀਦਾ ਖੇਤਰ ਨੂੰ ਅੱਗੇ ਵਧਣ ਲਈ ਮੌਕੇ ਦਿੱਤੇ ਜਾਣਗੇ।

ਇਸ ਮੌਕੇ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਤੇ ਮੀਤ ਹੇਅਰ, ਅਮਰਜੀਤ ਸਿੰਘ ਜੰਜੀਆ, ਜ਼ਿਲ੍ਹਾ ਪਲੈਨਿੰਗ ਬੋਰਡ ਬਰਨਾਲਾ ਦੇ ਚੇਅਰਮੈਨ ਗੁਰਦੀਪ ਸਿੰਘ ਬਾਠ, ਜ਼ਿਲ੍ਹਾ ਪਲੈਨਿੰਗ ਬੋਰਡ ਸੰਗਰੂਰ ਦੇ ਚੇਅਰਮੈਨ ਗੁਰਮੇਲ ਸਿੰਘ, ਨਗਰ ਸੁਧਾਰ ਟਰੱਸਟ ਦੇ ਨਵ-ਨਿਯੁਕਤ ਚੇਅਰਮੈਨ ਰਾਮ ਤੀਰਥ ਮੰਨਾ ਆਦਿ ਤੋਂ ਇਲਾਵਾ ਪਿੰਡ ਠੀਕਰੀਵਾਲਾ ਦੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਜਗਸੀਰ ਸਿੰਘ ਔਲਖ, ਮੀਤ ਪ੍ਰਧਾਨ ਰਾਮ ਸਿੰਘ, ਸਕੱਤਰ ਹਰਪਾਲ ਸਿੰਘ ਬੈਂਸ ਤੇ ਹੋਰ ਮੈਂਬਰ ਹਾਜ਼ਰ ਸਨ।

■ ਠੀਕਰੀਵਾਲ ਵਿਖੇ ਲੜਕੀਆਂ ਲਈ ਨਰਸਿੰਗ ਕਾਲਜ ਖੋਲ੍ਹਣ ਦਾ ਐਲਾਨ



ਵਿਧਾਇਕ ਲਾਭ ਸਿੰਘ ਉਗੋਕੇ ਵੱਲੋਂ ਵੀ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਡਾ. ਦਰਸ਼ਨ ਸਿੰਘ ਠੀਕਰੀਵਾਲਾ ਨੇ ਪਿੰਡ ਦੀਆਂ ਵੱਖ-ਵੱਖ ਮੰਗਾਂ ਸਬੰਧੀ ਮੰਗ ਪੱਤਰ ਮੁੱਖ ਮੰਤਰੀ ਭਗਵੰਤ ਮਾਨ ਨੂੰ ਭੇਟ ਕੀਤਾ। ਮੁੱਖ ਮੰਤਰੀ ਨੇ ਪਿੰਡ ਠੀਕਰੀਵਾਲ ਵਿਖੇ ਲੜਕੀਆਂ ਦਾ ਨਰਸਿੰਗ ਕਾਲਜ 5 ਏਕੜ ਜਗ੍ਹਾ ਵਿੱਚ ਬਣਾਉਣ ਦਾ ਐਲਾਨ ਕੀਤਾ ਤੇ ਹੋਰ ਵੱਖ-ਵੱਖ ਮੰਗਾਂ ਨੂੰ ਛੇਤੀ ਪੂਰਾ ਕਰਨ ਦਾ ਭਰੋਸਾ ਦਿਵਾਇਆ।

# ਗਊ ਸੇਵਕ ਸੜਕ ਕਿਨਾਰੇ ਹਰਾ ਚਾਰਾ ਪਾ ਕੇ ਦੇ ਰਹੇ ਹਾਦਸਿਆਂ ਨੂੰ ਸੱਦਾ



**ਤਪਾ ਮੰਡੀ (ਅਰੁਣ ਗੋਇਲ, ਮੁਨੀਸ਼ ਬਾਂਸਲ)**
ਮੰਡੀ 'ਚ ਦਿਨੋ-ਦਿਨ ਆਵਾਰਾ ਪਸ਼ੂਆਂ ਦੀ ਤਾਦਾਦ ਵਧਦੀ ਹੀ ਜਾ ਰਹੀ ਹੈ ਤੇ ਗਊ ਸੇਵਕ ਵੀ ਸੜਕ ਕਿਨਾਰਿਆਂ 'ਤੇ ਹਰਾ ਚਾਰਾ ਪਾ ਕੇ ਖੁਦ ਹੀ ਹਾਦਸਿਆਂ ਨੂੰ ਸੱਦੇ ਰਹੇ ਹਨ। ਜਦ ਸਾਡੇ ਪ੍ਰਤੀਨਿਧ ਨੇ ਸ਼ਹਿਰ ਦਾ ਦੌਰਾ ਕਰਕੇ ਦੇਖਿਆ ਤਾਂ ਮੰਡੀ ਦੀਆਂ ਸਾਰੀਆਂ ਗਲੀਆਂ, ਮੁਹੱਲਿਆਂ, ਬਜ਼ਾਰਾਂ, ਮੁੱਖ ਮਾਰਗਾਂ ਤੇ ਆਵਾਰਾ ਪਸ਼ੂ ਤੁਰ-ਫਿਰ ਕੇ ਗੰਦ ਫੈਲਾਉਂਦੇ ਹਨ, ਜਿਸ ਕਾਰਨ ਗਲੀ ਮੁਹੱਲਿਆਂ ਵਾਲਿਆਂ ਨੂੰ ਅਪਣੇ ਬੱਚਿਆਂ ਨੂੰ ਘਰਾਂ 'ਚ ਹੀ ਤਾੜ ਕੇ ਰੱਖਣੇ ਪੈਂਦੇ ਹਨ।

ਪਰ ਕੁਝ ਸਾਡੇ ਗਊ ਸੇਵਕ ਇਨ੍ਹਾਂ ਪਸ਼ੂਆਂ ਨੂੰ ਸੜਕ ਕਿਨਾਰਿਆਂ ਤੇ ਹਰਾ ਚਾਰਾ ਪਾ ਦਿੰਦੇ ਹਨ, ਜਿਸ ਕਾਰਨ ਆਉਣ-ਜਾਣ ਵਾਲਿਆਂ ਨੂੰ ਤਾਂ ਮੁਸ਼ਕਲ ਆਉਂਦੀ ਹੀ ਹੈ ਤੇ ਹਾਦਸੇ ਹੋਣ ਦਾ ਵੀ ਡਰ ਬਣਿਆਂ ਰਹਿੰਦਾ ਹੈ। ਕੁਝ ਲੋਕਾਂ ਨੇ ਅਪਣਾ ਨਾਂਅ ਨਾ ਛਾਪਣ ਦੀ ਸ਼ਰਤ 'ਤੇ ਦੱਸਿਆ ਕਿ ਜਿਹੜੇ ਗਊ ਸੇਵਕ ਸੜਕ ਕਿਨਾਰੇ ਹਰਾ ਚਾਰਾ ਪਾਉਂਦੇ ਹਨ, ਉਹ ਆਪਣੇ ਘਰ ਇੱਕ ਗਊ ਰੱਖ ਕੇ ਉਸ ਦੀ ਪੂਜਾ ਕਰਨ ਤੇ ਹਰਾ ਚਾਰਾ ਪਾਉਣ ਪਰ ਲੋਕਾਂ ਦੀ ਜ਼ਿੰਦਗੀ ਨਾਲ ਖਿਲਵਾੜ ਨਾ ਕਰਨ। ਉਨ੍ਹਾਂ ਹਰਾ ਚਾਰਾ ਵੇਚਣ ਵਾਲਿਆਂ ਨੂੰ ਵੀ ਅਪੀਲ ਕੀਤੀ ਕਿ ਜੋ ਵੀ ਗਊ ਸੇਵਕ ਹਰਾ ਚਾਰਾ ਲੈ ਕੇ ਜਾਂਦਾ ਹੈ, ਉਸ ਨੂੰ ਰਾਇ ਦਿੱਤੀ ਜਾਵੇ ਕਿ ਉਹ ਸੜਕ ਕਿਨਾਰੇ ਨਾ ਪਾਵੇ, ਗਊਸ਼ਾਲਾ 'ਚ ਹੀ ਪਾਵੇ, ਕਿਉਂਕਿ ਸੜਕ ਕਿਨਾਰੇ ਪਾਉਣ ਨਾਲ ਚਾਰਾ ਖਿਲਰ ਕੇ ਸੜਕ ਵਿਚਕਾਰ ਆ ਜਾਂਦਾ ਹੈ ਅਤੇ ਆਉਣ-ਜਾਣ ਵਾਲੇ ਰਾਹਗੀਰਾਂ ਅਤੇ ਦੋ ਪਹੀਆ ਵਾਹਨ ਚਾਲਕਾਂ ਨੂੰ ਲੰਘਣ ਲਈ ਮੁਸ਼ਕਲਾਂ ਪੇਸ਼ ਆਉਂਦੀਆਂ ਹਨ ਅਤੇ ਹਾਦਸਿਆਂ ਨੂੰ ਸੱਦਾ ਦਿੰਦੀਆਂ ਹਨ।

ਲੋਕਾਂ ਨੇ ਪ੍ਰਸ਼ਾਸਨ ਤੋਂ ਵੀ ਮੰਗ ਕੀਤੀ ਹੈ ਕਿ ਜਿਹੜੇ ਲੋਕ ਸੜਕ ਕਿਨਾਰਿਆਂ ਤੇ ਹਰਾ ਚਾਰਾ ਪਾ ਕੇ ਹਾਦਸਿਆਂ ਨੂੰ ਸੱਦਾ ਦਿੰਦੇ ਹਨ ਜਾਂ ਗੰਦ ਫੈਲਾਉਂਦੇ ਹਨ, ਉਨ੍ਹਾਂ ਖਿਲਾਫ਼ ਕਾਰਵਾਈ ਅਮਲ 'ਚ ਲਿਆਂਦੀ ਜਾਵੇ, ਕਿਉਂਕਿ ਹਰ ਰੋਜ਼ ਹਾਈਵੇਅ ਸੜਕਾਂ ਤੇ ਹਾਦਸਿਆਂ ਕਾਰਨ ਲੋਕ ਅਪਣੀਆਂ ਕੀਮਤੀ ਜਾਨਾਂ ਗੁਆ ਚੁੱਕੇ ਹਨ, ਜਿਸ ਵੱਲ ਪ੍ਰਸ਼ਾਸਨ ਧਿਆਨ ਦੇਵੇ।

# ਆਕਲੀਆ ਕਲਾਂ 'ਚ ਫਾਰਮ ਸਕੂਲ ਲਗਾਇਆ



**ਬਠਿੰਡਾ (ਬਖ਼ਤੌਰ ਢਿੱਲੋਂ)**-ਝੋਨੇ ਦੀ ਪਰਾਲੀ ਨੂੰ ਜ਼ਮੀਨ ਵਿੱਚ ਦਬਾ ਕੇ ਕਣਕ ਦੀ ਬਿਜਾਈ ਸੁਪਰ ਸੀਡਰ ਨਾਲ ਕਰਨ ਦੇ ਰੁਝਾਨ ਨੂੰ ਪ੍ਰਫੁੱਲਤ ਕਰਨ ਲਈ ਪਿੰਡ ਆਕਲੀਆ ਕਲਾਂ ਵਿਖੇ ਡਾ: ਦਿਲਬਾਗ ਸਿੰਘ ਮੁੱਖ ਖੇਤੀਬਾੜੀ ਅਫ਼ਸਰ ਬਠਿੰਡਾ ਦੇ ਨਿਰਦੇਸ਼ਾਂ ਤਹਿਤ ਡਾ: ਬਲਜਿੰਦਰ ਸਿੰਘ ਬਲਾਕ ਖੇਤੀਬਾੜੀ ਅਫ਼ਸਰ ਦੀ ਅਗਵਾਈ ਵਿੱਚ ਆਤਮਾ ਸਕੀਮ ਅਧੀਨ ਫਾਰਮ ਸਕੂਲ ਲਗਾਇਆ ਗਿਆ। ਫਾਰਮ ਸਕੂਲ ਵਿੱਚ ਸ਼ਾਮਲ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਸ੍ਰੀ ਗੁਰਮਿਲਾਪ ਸਿੰਘ ਬੀ ਟੀ ਐੱਮ ਨੇ ਦੱਸਿਆ ਕਿ ਸੁਪਰ ਸੀਡਰ ਨਾਲ ਕਣਕ ਦੀ ਬਿਜਾਈ ਕਰਨ ਸਦਕਾ ਜਿੱਥੇ ਸਮੇਂ ਦੀ ਬੱਚਤ ਹੁੰਦੀ ਹੈ, ਉੱਥੇ ਜ਼ਮੀਨ ਦੀ ਉਪਜਾਊ ਸ਼ਕਤੀ ਵਧਦੀ ਹੈ ਤੇ ਜ਼ਮੀਨ ਦੀ ਸਿਹਤ ਵਿੱਚ ਸੁਧਾਰ ਆਉਂਦਾ ਹੈ। ਇਸ ਤਰ੍ਹਾਂ ਬਿਜਾਈ ਕਰਨ ਨਾਲ ਝਾੜ ਵੀ ਵਧਦਾ ਹੈ। ਡਾ: ਸਰਬਜੀਤ ਸਿੰਘ ਏ ਡੀ ਓ ਨੇ ਕਣਕ ਦੀ ਫ਼ਸਲ ਵਿੱਚ ਖਾਦਾਂ ਦੀ ਸੁਚੱਜੀ ਵਰਤੋਂ ਤੇ ਸਿੰਜਾਈ ਬਾਰੇ ਚਰਚਾ ਕਰਦਿਆਂ ਭਰਪੂਰ ਜਾਣਕਾਰੀ ਦਿੱਤੀ ਅਤੇ ਬੇਲੋੜੀ ਵਰਤੋਂ ਤੋਂ ਸੰਕੋਚ ਕਰਨ ਦੀ ਸਲਾਹ ਦਿੱਤੀ।

ਡਾ: ਜਸਵਿੰਦਰ ਕੁਮਾਰ ਏ ਡੀ ਓ ਨੇ ਕਣਕ ਦੀ ਫ਼ਸਲ 'ਚ ਕੀੜੇ ਮਕੌੜੇ ਤੇ ਬਿਮਾਰੀਆਂ ਦੀ ਰੋਕਥਾਮ ਲਈ ਜਾਣਕਾਰੀ ਮੁਹੱਈਆ ਕਰਦਿਆਂ ਖੇਤੀਬਾੜੀ ਵਿਭਾਗ ਨਾਲ ਸੰਪਰਕ ਰੱਖਣ ਦਾ ਸੁਝਾਅ ਦਿੱਤਾ। ਡਾ: ਹੀਰਾ ਲਾਲ ਏ ਈ ਓ ਨੇ ਕਿਸਾਨਾਂ ਨੂੰ ਸਲਾਹ ਦਿੱਤੀ ਕਿ ਮਨੁੱਖਤਾ ਨੂੰ ਬਿਮਾਰੀਆਂ ਤੋਂ ਬਚਾਉਣ ਲਈ ਬੇਲੋੜੀਆਂ ਖਾਦਾਂ ਤੇ ਕੀੜੇਮਾਰ ਦਵਾਈਆਂ ਦੀ ਵਰਤੋਂ ਤੋਂ ਗੁਰੇਜ਼ ਕੀਤਾ ਜਾਵੇ। ਅਖ਼ੀਰ 'ਚ ਜਗਮੀਰ ਸਿੰਘ ਏ ਟੀ ਐੱਮ ਨੇ ਆਏ ਮਾਹਰਾਂ, ਮਹਿਮਾਨਾਂ ਤੇ ਕਿਸਾਨਾਂ ਦਾ ਧੰਨਵਾਦ ਕੀਤਾ।

## ਕਾਤਰਾਂ

### ਪਤੰਗਬਾਜ਼ੀ ਲਈ ਪਲਾਸਟਿਕ ਡੋਰ ਦੀ ਵਰਤੋਂ 'ਤੇ ਪੂਰਨ ਪਾਬੰਦੀ ਦੀ ਲੋੜ : ਤਰਕਸ਼ੀਲ ਆਗੂ



**ਲੌਂਗੋਵਾਲ (ਪ੍ਰਦੀਪ ਸੱਪਲ, ਕੁਲਦੀਪ ਅੱਤਰੀ)**-ਪੰਜਾਬ ਸਰਕਾਰ ਪਤੰਗਬਾਜ਼ੀ ਲਈ ਵਰਤੀ ਜਾਂਦੀ ਪਲਾਸਟਿਕ ਡੋਰ ਦੀ ਵਿਕਰੀ 'ਤੇ ਪਾਬੰਦੀ ਲਾਉਣ ਲਈ ਯਤਨਸ਼ੀਲ ਹੈ, ਪਰ ਇਸ ਦੀ ਵਰਤੋਂ ਅਜੇ ਵੀ ਕਾਫੀ ਮਾਤਰਾ ਵਿੱਚ ਹੋ ਰਹੀ ਹੈ। ਬੱਚਿਆਂ ਨੂੰ ਇਸ ਜਾਨਲੇਵਾ ਡੋਰ ਦੀ ਵਰਤੋਂ ਕਰਦਿਆਂ ਆਮ ਦੇਖਿਆ ਜਾ ਸਕਦਾ ਹੈ, ਜਿਸ ਨਾਲ ਬਹੁਤ ਸਾਰੇ ਪੰਛੀ ਤੇ ਵਿਅਕਤੀ ਅਜੇ ਵੀ ਜ਼ਖ਼ਮੀ ਹੋ ਰਹੇ ਹਨ। ਤਰਕਸ਼ੀਲ ਆਗੂਆਂ ਮਾਸਟਰ ਪਰਮਵੇਦ, ਸੁਰਿੰਦਰਪਾਲ, ਕ੍ਰਿਸ਼ਨ ਸਿੰਘ ਤੇ ਚਰਨ ਕਮਲ ਸਿੰਘ ਨੇ ਪੰਜਾਬ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਇਸ ਦੀ ਵਰਤੋਂ ਕਰਨ ਵਾਲਿਆਂ 'ਤੇ ਸਖਤ ਕਾਰਵਾਈ ਕੀਤੀ ਜਾਵੇ। ਇਸ ਦੀ ਵਰਤੋਂ 'ਤੇ ਮੁਕੰਮਲ ਪਾਬੰਦੀ ਲਈ ਅਨਾਊਂਸਮੈਂਟ ਕੀਤੀ ਜਾਵੇ ਤੇ ਪਤੰਗਬਾਜ਼ੀ ਕਰਦਿਆਂ 'ਤੇ ਛਾਪੇ ਮਾਰੇ ਜਾਣ ਤੇ ਇਸਦੀ ਸੂਚਨਾ ਲਈ ਮੋਬਾਈਲ ਨੰਬਰ ਜਾਰੀ ਕੀਤਾ ਜਾਵੇ ਤਾਂ ਜੁ ਪਲਾਸਟਿਕ ਡੋਰ ਦੀ ਵਰਤੋਂ ਹੁੰਦੀ ਦੇਖਦਿਆਂ ਫੌਰੀ ਜ਼ਿਲ੍ਹਾ ਪ੍ਰਸ਼ਾਸਨ ਦੇ ਧਿਆਨ ਵਿੱਚ ਲਿਆਂਦਾ ਜਾ ਸਕੇ। ਉਨ੍ਹਾਂ ਕਿਹਾ ਕਿ ਤਰਕਸ਼ੀਲ ਸੁਸਾਇਟੀ ਕਈ ਸਾਲਾਂ ਤੋਂ ਇਸ ਡੋਰ 'ਤੇ ਪਾਬੰਦੀ ਲਾਉਣ ਦੀ ਮੰਗ ਕਰਦੀ ਆ ਰਹੀ ਹੈ, ਜਿਸ ਨੂੰ ਐਤਕੀਂ ਬੂਰ ਪੈਂਦਾ ਨਜ਼ਰ ਆ ਰਿਹਾ ਹੈ।

### 10 ਕਿੱਲੋ ਚੂਰਾ ਪੋਸਤ ਸਣੇ 1 ਕਾਬੂ

**ਜਲਾਲਾਬਾਦ (ਜੀਤ ਕੁਮਾਰ, ਦਹੂਜਾ)**-ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਵੱਲੋਂ ਇਕ ਵਿਅਕਤੀ ਪਾਸੋਂ 10 ਕਿੱਲੋਗ੍ਰਾਮ ਚੂਰਾ ਪੋਸਤ ਬਰਮਾਦ ਹੋਣ 'ਤੇ ਪਰਚਾ ਦਰਜ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਪਾਰਟੀ ਗਸ਼ਤ ਦੌਰਾਨ ਬਾਹਮਣੀਵਾਲਾ ਰੋਡ ਟੀ-ਪੁਆਇਟ ਤੋਂ ਡੀ.ਏ.ਵੀ. ਕਾਲਜ ਜਲਾਲਾਬਾਦ ਕੋਲ ਪੁੱਜੀ ਤਾਂ ਸਾਹਮਣੇ ਤੋਂ ਇੱਕ ਵਿਅਕਤੀ ਆਉਂਦਾ ਦਿਖਾਈ ਦਿੱਤਾ, ਜਿਸ ਨੇ ਮੋਢੇ ਤੇ ਗੱਟਾ ਰੱਖਿਆ ਹੋਇਆ ਸੀ, ਇਸ ਵਿਅਕਤੀ ਨੂੰ ਪੁਲਸ ਨੇ ਕਾਬੂ ਕਰਕੇ ਨਾਮ ਪਤਾ ਪੁੱਛਿਆ ਤਾਂ ਉਸ ਨੇ ਆਪਣਾ ਨਾਮ ਸੰਦੀਪ ਸਿੰਘ ਪੁੱਤਰ ਸਮਰ ਸਿੰਘ ਵਾਸੀ ਕੰਨਲਾ ਵਾਲਾ ਝੁੱਗੇ ਜਲਾਲਾਬਾਦ ਦੱਸਿਆ। ਪੁਲਸ ਨੇ ਗੱਟੇ ਦੀ ਚੈਕਿੰਗ ਕੀਤੀ ਗਈ ਤਾਂ ਉਸ ਵਿੱਚੋਂ 10 ਕਿੱਲੋ ਭੁੱਕੀ ਬਰਾਮਦ ਹੋਈ। ਪੁਲਸ ਨੇ ਸੰਦੀਪ ਸਿੰਘ ਨੂੰ ਚੂਰਾ ਪੋਸਤ ਸਮੇਤ ਕਾਬੂ ਕਰਕੇ ਪਰਚਾ ਦਰਜ ਕੀਤਾ ਹੈ।

### ਹੈਰੋਇਨ ਤੇ ਨਜਾਇਜ਼ ਸ਼ਰਾਬ ਸਮੇਤ 3 ਕਾਬੂ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ ਪੁਲਸ ਵੱਲੋਂ 2 ਵੱਖ-ਵੱਖ ਮਾਮਲਿਆਂ 'ਚ 35 ਗ੍ਰਾਮ ਹੈਰੋਇਨ ਤੇ 10 ਪੇਟੀਆਂ ਨਜਾਇਜ਼ ਸ਼ਰਾਬ ਸਮੇਤ 3 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਥਾਣਾ ਮੁਖੀ ਇੰਸਪੈਕਟਰ ਦਵਿੰਦਰਪਾਲ ਸਿੰਘ ਨੇ ਦੱਸਿਆ ਕਿ ਸਹਾਇਕ ਥਾਣੇਦਾਰ ਕੁਲਦੀਪ ਸਿੰਘ ਗੜ੍ਹੀ ਤਰਖਾਣਾ ਨਹਿਰ ਪੁਲ 'ਤੇ ਗਸ਼ਤ ਕਰ ਰਿਹਾ ਸੀ ਕਿ ਸਮਰਾਲਾ ਵੱਲੋਂ ਇੱਕ ਸਕੂਟਰੀ 'ਤੇ 2 ਨੌਜਵਾਨ ਆਉਂਦੇ ਦਿਖਾਈ ਦਿੱਤੇ। ਪੁਲਸ ਵੱਲੋਂ ਜਾਂਚ ਲਈ ਰੋਕਣ ਦਾ ਇਸ਼ਾਰਾ ਕੀਤਾ ਤਾਂ ਇਹ ਸਕੂਟਰੀ ਸਵਾਰ ਇੱਕਦਮ ਪਿੱਛੇ ਭੱਜਣ ਲੱਗੇ, ਜਿਸ 'ਤੇ ਪੁਲਸ ਕਰਮਚਾਰੀਆਂ ਨੇ ਤੁਰੰਤ ਇਨ੍ਹਾਂ ਨੂੰ ਕਾਬੂ ਕਰ ਲਿਆ। ਸਕੂਟਰੀ ਸਵਾਰ ਇਨ੍ਹਾਂ ਨੌਜਵਾਨਾਂ ਦੀ ਪਹਿਚਾਣ ਸੁਖਪ੍ਰੀਤ ਸਿੰਘ ਤੇ ਗੁਰਪ੍ਰੀਤ ਸਿੰਘ ਵਜੋਂ ਹੋਈ ਤੇ ਤਲਾਸ਼ੀ ਦੌਰਾਨ ਇਨ੍ਹਾਂ ਦੋਵਾਂ ਕੋਲੋਂ 35 ਗ੍ਰਾਮ ਹੈਰੋਇਨ ਬਰਾਮਦ ਹੋਈ। ਇਸ ਤੋਂ ਇਲਾਵਾ ਇੱਕ ਹੋਰ ਮਾਮਲੇ 'ਚ ਸਹਾਇਕ ਥਾਣੇਦਾਰ ਪ੍ਰਮੋਦ ਕੁਮਾਰ ਵੱਲੋਂ ਬਹਿਲੋਲਪੁਰ ਸੂਆ ਪੁਲੀ ਨੇੜੇ ਪੁਲਸ ਪਾਰਟੀ ਸਮੇਤ ਗਸ਼ਤ ਕੀਤੀ ਜਾ ਰਹੀ ਸੀ ਤਾਂ ਕਿਸੇ ਮੁਖ਼ਬਰ ਨੇ ਸੂਚਨਾ ਦਿੱਤੀ ਕਿ ਜਸਵੰਤ ਸਿੰਘ ਵਾਸੀ ਬਹਿਲੋਲਪੁਰ ਚੰਡੀਗੜ੍ਹ ਤੋਂ ਸਸਤੇ ਭਾਅ ਸ਼ਰਾਬ ਲਿਆ ਕੇ ਇੱਥੇ ਮਹਿੰਗੇ ਭਾਅ 'ਤੇ ਵੇਚਦਾ ਹੈ, ਜਿਸ 'ਤੇ ਪੁਲਸ ਵੱਲੋਂ ਤੁਰੰਤ ਕਾਰਵਾਈ ਕਰਦਿਆਂ ਛਾਪੇਮਾਰੀ ਕੀਤੀ ਗਈ ਤੇ ਜਸਵੰਤ ਸਿੰਘ ਨੂੰ 10 ਪੇਟੀਆਂ ਨਜਾਇਜ਼ ਸ਼ਰਾਬ ਸਮੇਤ ਕਾਬੂ ਕਰ ਉਸ ਖਿਲਾਫ਼ ਮਾਮਲਾ ਦਰਜ ਕਰ ਲਿਆ ਹੈ।

### ਰੇਤ ਦੀ ਭਰੀ ਟਰਾਲੀ ਤੇ ਟਰੈਕਟਰ ਕਾਬੂ

**ਜਲਾਲਾਬਾਦ (ਜੀਤ ਕੁਮਾਰ, ਦਹੂਜਾ)**-ਥਾਣਾ ਸਿਟੀ ਪੁਲਸ ਨੇ ਨਜਾਇਜ਼ ਮਾਈਨਿੰਗ ਕਰਨ ਦੇ ਦੋਸ਼ ਵਿੱਚ ਰੇਤ ਨਾਲ ਭਰੀ ਟ੍ਰਾਲੀ-ਟ੍ਰੈਕਟਰ ਨੂੰ ਕਾਬੂ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸਹਾਇਕ ਥਾਣੇਦਾਰ ਮਹਿੰਦਰ ਸਿੰਘ ਪੁਲਸ ਪਾਰਟੀ ਸਮੇਤ ਗਸ਼ਤ ਦੌਰਾਨ ਪਿੰਡ ਹਿਸਾਨਵਾਲਾ ਵਿਖੇ ਪੁੱਜੇ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਜਰਨੈਲ ਸਿੰਘ ਪੁੱਤਰ ਖੁਸ਼ਹਾਲ ਸਿੰਘ ਵਾਸੀ ਗੋਬਿੰਦ ਨਗਰੀ ਨੇੜੇ ਸ਼ਿਵ ਮੰਦਰ ਜਲਾਲਾਬਾਦ, ਜੋਕਿ ਚੋਰੀ ਰੇਤਾ ਭਰ ਕੇ ਆਪਣੇ ਟ੍ਰੈਕਟਰ-ਟ੍ਰਾਲੀ ਉੱਪਰ ਲੈ ਕੇ ਜਲਾਲਾਬਾਦ ਨੂੰ ਆ ਰਿਹਾ ਹੈ ਤੇ ਜੇਕਰ ਹੁਣੇ ਹੀ ਢੁੱਕਵੀਂ ਜਗ੍ਹਾ 'ਤੇ ਨਾਕਾਬੰਦੀ ਕੀਤੀ ਜਾਵੇ ਤਾਂ ਟ੍ਰੈਕਟਰ ਤੇ ਟ੍ਰਾਲੀ ਨਜਾਇਜ਼ ਰੇਤ ਨਾਲ ਭਰੀ ਹੋਈ, ਸਮੇਤ ਕਾਬੂ ਆ ਸਕਦਾ ਹੈ, ਜਿਸ 'ਤੇ ਪੁਲਸ ਵੱਲੋਂ ਨਾਕਾਬੰਦੀ ਕਰਕੇ ਰੇਤ ਨਾਲ ਭਰੀ ਹੋਈ ਟ੍ਰਾਲੀ ਤੇ ਟ੍ਰੈਕਟਰ ਕਾਬੂ ਕੀਤਾ ਹੈ, ਜਿਸ ਦੇ ਖਿਲਾਫ ਪੁਲਸ ਨੇ ਮੁਕੱਦਮਾ ਦਰਜ ਕੀਤਾ ਹੈ।

# ਗੈਰ ਪੰਜੀਕ੍ਰਿਤ ਮੈਡੀਕਲ ਪ੍ਰੈਕਟੀਸ਼ਨਰਜ਼ 'ਤੇ ਪਰਚੇ ਕੱਟਣ ਦੀ ਮਜ਼ਦੂਰ ਸੰਘ ਨੇ ਕੀਤੀ ਨਿੰਦਾ



**ਮੋਗਾ (ਅਮਰਜੀਤ ਬੱਬਰੀ)**
ਰਜਿਸਟ੍ਰੇਸ਼ਨ ਨਾ ਹੋਣ ਕਾਰਨ 17 ਗ਼ੈਰ ਪੰਜੀਕ੍ਰਿਤ ਮੈਡੀਕਲ ਪ੍ਰੈਕਟੀਸ਼ਨਰਾਂ ਤੇ ਐਸ ਐਮ ਫ਼ਾਜ਼ਿਲਕਾ ਦੀ ਸ਼ਿਕਾਇਤ 'ਤੇ ਫੌਜਦਾਰੀ ਮੁਕੱਦਮੇ ਦਰਜ ਕੀਤੇ ਗਏ ਹਨ। ਜ਼ਿਲ੍ਹਾ ਭਾਰਤੀਯ ਮਜ਼ਦੂਰ ਸੰਘ ਨੇ ਇਨ੍ਹਾਂ ਗੈਰ ਪੰਜੀਕ੍ਰਿਤ ਮੈਡੀਕਲ ਪ੍ਰੈਕਟੀਸ਼ਨਰਾਂ ਖਿਲਾਫ਼ ਦਰਜ ਕੀਤੇ ਗਏ ਫੌਜਦਾਰੀ ਪਰਚਿਆਂ ਦੀ ਨਿੰਦਾ ਕੀਤੀ ਹੈ ਤੇ ਪੰਜਾਬ ਸਰਕਾਰ ਤੋਂ ਇਨ੍ਹਾਂ ਪਰਚਿਆਂ ਨੂੰ ਵਾਪਸ ਲੈਣ ਦੀ ਮੰਗ ਕੀਤੀ ਹੈ। ਇਸ ਮੌਕੇ ਭਾਰਤੀਯ ਮਜ਼ਦੂਰ ਸੰਘ ਦੇ ਜ਼ਿਲ੍ਹਾ ਪ੍ਰਧਾਨ ਵਿਜੇ ਧੀਰ ਐਡਵੋਕੇਟ ਨੇ ਕਿਹਾ ਕਿ ਪੰਜਾਬ ਵਿੱਚ ਕਰੀਬ 50 ਸਾਲ ਤੋਂ ਮੈਡੀਕਲ ਪ੍ਰੈਕਟੀਸ਼ਨਰਜ਼ ਦੀ ਰਜਿਸਟ੍ਰੇਸ਼ਨ ਬੰਦ ਪਈ ਹੈ ਤੇ 30 ਸਾਲ ਤੋਂ ਪੰਜਾਬ ਭਰ ਦੇ ਗੈਰ ਪੰਜੀਕ੍ਰਿਤ ਮੈਡੀਕਲ ਪ੍ਰੈਕਟੀਸ਼ਨਰਜ਼ ਉਨ੍ਹਾਂ ਦੀ ਰਜਿਸਟ੍ਰੇਸ਼ਨ ਕਰਨੀ ਮੁੜ ਸ਼ੁਰੂ ਕਰਨ ਦੀ ਮੰਗ ਨੂੰ ਲੈ ਕੇ ਲਗਾਤਾਰ ਸੰਘਰਸ਼ ਕਰਦੇ ਆ ਰਹੇ ਹਨ।

ਧੀਰ ਨੇ ਕਿਹਾ ਕਿ ਪੰਜਾਬ ਭਰ ਵਿੱਚ ਕਰੀਬ ਇੱਕ ਲੱਖ ਗੈਰ ਪੰਜੀਕ੍ਰਿਤ ਮੈਡੀਕਲ ਪ੍ਰੈਕਟੀਸ਼ਨਰਜ਼ ਪਿੰਡਾਂ, ਕਸਬਿਆਂ ਤੇ ਸ਼ਹਿਰੀ ਬਸਤੀਆਂ ਵਿੱਚ ਸਸਤੀਆਂ ਮੈਡੀਕਲ ਸੇਵਾਵਾਂ ਲੋਕਾਂ ਨੂੰ ਮੁਹੱਈਆ ਕਰਾ ਰਹੇ ਹਨ। ਧੀਰ ਨੇ ਕਿਹਾ ਕਿ ਰਜਿਸਟ੍ਰੇਸ਼ਨ ਦੀ ਆੜ ਵਿੱਚ ਜੇਕਰ ਇਸ ਤਰ੍ਹਾਂ ਨਾਲ ਇਨ੍ਹਾਂ ਗੈਰ ਪੰਜੀਕ੍ਰਿਤ ਮੈਡੀਕਲ ਪ੍ਰੈਕਟੀਸ਼ਨਰਜ਼ ਤੇ ਫੌਜਦਾਰੀ ਪਰਚੇ ਕੱਟਣੇ ਸ਼ੁਰੂ ਹੋ ਗਏ ਤਾਂ ਗੈਰ ਪੰਜੀਕ੍ਰਿਤ ਮੈਡੀਕਲ ਪ੍ਰੈਕਟੀਸ਼ਨਰਜ਼ ਹੀ ਨਹੀਂ ਬੇਰੁਜ਼ਗਾਰ ਹੋਣਗੇ, ਸਗੋਂ ਇੱਕ ਲੱਖ ਪਰਵਾਰ ਭੁੱਖਮਰੀ ਦਾ ਸ਼ਿਕਾਰ ਹੋਣਗੇ। ਧੀਰ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਜੇਕਰ ਉਹ ਇਨ੍ਹਾਂ ਗੈਰ ਪੰਜੀਕ੍ਰਿਤ ਮੈਡੀਕਲ ਪ੍ਰੈਕਟੀਸ਼ਨਰਜ਼ ਦਾ ਕੁਝ ਸਵਾਰ ਨਹੀਂ ਸਕਦੀ ਤਾਂ ਇਨ੍ਹਾਂ ਨੂੰ ਘੱਟੋ-ਘੱਟ ਤੰਗ ਪ੍ਰੇਸ਼ਾਨ ਨਾ ਕਰੇ। ਇਸ ਮੌਕੇ ਭਾਰਤੀਯ ਮਜ਼ਦੂਰ ਸੰਘ ਦੇ ਜ਼ਿਲ੍ਹਾ ਪ੍ਰਧਾਨ ਵਿਜੇ ਧੀਰ ਐਡਵੋਕੇਟ ਨੇ ਗੈਰ ਪੰਜੀਕ੍ਰਿਤ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਧੰਨਾ ਮਲ ਗੋਇਲ ਤੇ ਜ਼ਿਲ੍ਹਾ ਪ੍ਰਧਾਨ ਜਸਵੀਰ ਸਿੰਘ ਸਹਿਗਲ ਨੂੰ ਭਰੋਸਾ ਦਿੱਤਾ ਕਿ ਭਾਰਤੀਯ ਮਜ਼ਦੂਰ ਸੰਘ ਗੈਰ ਪੰਜੀਕ੍ਰਿਤ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦੇ ਹਰ ਸੰਘਰਸ਼ ਵਿੱਚ ਚੱਟਾਨ ਵਾਂਗ ਖੜੀ ਹੈ।

ਇਸ ਮੌਕੇ ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਪ੍ਰਵੀਨ ਕੁਮਾਰ ਸ਼ਰਮਾ ਅਤੇ ਖ਼ਜ਼ਾਨਚੀ ਸਤਨਾਮ ਸਿੰਘ ਤੋਂ ਇਲਾਵਾ ਲਖਵੀਰ ਸਿੰਘ ਲੱਖਾ, ਗੁਰਤੇਜ ਸਿੰਘ, ਨੋਨੀ ਵਾਈਸ ਪ੍ਰਧਾਨ, ਜਸਵੀਰ ਸਿੰਘ, ਸੋਨੂ ਮਸੀਹ, ਰਾਜ ਕੁਮਾਰ ਰਾਜੂ, ਬਲਵਿੰਦਰ ਸਿੰਘ, ਬਿੱਲਾ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਪਾਤੜਾਂ 'ਚ ਨਵੀਂ ਅਨਾਜ ਮੰਡੀ ਬਣਾਉਣ ਦਾ ਅਮਲ ਸ਼ੁਰੂ

## ਜਾਇਜ਼ਾ ਲੈਣ ਲਈ ਉੱਚ ਅਧਿਕਾਰੀਆਂ ਸਮੇਤ ਵਿਧਾਇਕ ਵੱਲੋਂ ਵਪਾਰੀਆਂ ਨਾਲ ਮੀਟਿੰਗ

**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**
ਲੰਬੇ ਸਮੇਂ ਤੋਂ ਅਨਾਜ ਮੰਡੀ ਦੀ ਘਾਟ ਨਾਲ ਜੂਝ ਰਹੇ ਪਾਤੜਾਂ ਸ਼ਹਿਰ 'ਚ ਬਣਾਈ ਜਾਣ ਵਾਲੀ ਨਵੀਂ ਅਨਾਜ ਮੰਡੀ ਲਈ ਸੂਬਾ ਸਰਕਾਰ ਵੱਲੋਂ ਕਾਰਵਾਈ ਆਰੰਭ ਕਰ ਦਿੱਤੀ ਗਈ ਹੈ। ਨਵੀਂ ਮੰਡੀ ਲਈ ਜ਼ਮੀਨ ਦਾ ਨਿਰੀਖਣ ਕਰਨ ਲਈ ਪੰਜਾਬ ਸਰਕਾਰ ਦੇ ਉੱਚ ਅਧਿਕਾਰੀਆਂ ਦੀ ਟੀਮ ਨੇ ਪਾਤੜਾਂ ਦਾ ਦੌਰਾ ਕਰਕੇ ਵਿਧਾਨ ਸਭਾ ਹਲਕਾ ਸ਼ੁਤਰਾਣਾ ਵਿਧਾਇਕ ਕੁਲਵੰਤ ਸਿੰਘ ਬਾਜੀਗਰ ਨਾਲ ਸ਼ਹਿਰ ਦੇ ਵਪਾਰੀਆਂ ਨਾਲ ਮੀਟਿੰਗ ਕਰਕੇ ਮੰਡੀ ਬਣਾਉਣ ਲਈ ਵਿਚਾਰ ਵਟਾਂਦਰਾ ਕੀਤਾ। ਅਬਾਦਕਾਰੀ ਐਡਮਨਿਸਟਰੇਟਰ ਨਿਊ ਟਾਊਨਸ਼ਿਪ ਵਿਭਾਗ ਦੇ ਡਾਇਰੈਕਟਰ ਰਣਬੀਰ ਸਿੰਘ ਗਿੱਲ ਵਪਾਰੀ ਵਰਗ ਨੂੰ ਭਰੋਸਾ ਦਿੱਤਾ ਕਿ ਅਨਾਜ ਮੰਡੀ ਬਣਾਉਣ ਲਈ ਪ੍ਰਾਪਤ ਕੀਤੀ ਜਾਣ ਵਾਲੀ ਜ਼ਮੀਨ ਦੇ ਕੇਸ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਜਲਦੀ ਸਰਕਾਰ ਵੱਲੋਂ ਸ਼ਹਿਰ ਵਿੱਚ ਨਵੀਂ ਅਨਾਜ ਮੰਡੀ ਬਣਾਈ ਜਾਵੇਗੀ। ਹਲਕਾ ਵਿਧਾਇਕ ਕੁਲਵੰਤ ਬਾਜੀਗਰ ਨੇ ਕਿਹਾ ਕਿ ਸਮੁੱਚੇ ਇਲਾਕੇ ਦੇ ਕਿਸਾਨਾਂ ਤੇ ਆੜ੍ਹਤੀਆਂ ਦੀ ਸਭ ਤੋਂ ਵੱਡੀ ਮੰਗ ਉੱਤੇ ਗੰਭੀਰਤਾ ਨਾਲ ਵਿਚਾਰ ਚਰਚਾ ਕਰਨ ਤੋਂ ਬਾਅਦ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸਬ ਡਵੀਜ਼ਨ ਪਾਤੜਾਂ 'ਚ ਨਵੀਂ ਅਨਾਜ ਮੰਡੀ ਬਣਾਉਣ ਨੂੰ ਹਰੀ ਝੰਡੀ ਦੇ ਦਿੱਤੀ ਗਈ ਹੈ। ਉਨ੍ਹਾ ਕਿਹਾ ਕਿ ਨਵੀਂ ਅਨਾਜ ਮੰਡੀ ਲਈ ਪਾਤੜਾਂ ਸ਼ਹਿਰ ਦੇ ਨਜ਼ਦੀਕ ਜਲਦ ਹੀ ਜ਼ਮੀਨ ਐਕੁਆਇਰ ਕੀਤੀ ਜਾਵੇਗੀ, ਜਿਸ ਲਈ ਪੰਜਾਬ ਸਰਕਾਰ ਵੱਲੋਂ ਭੇਜੇ ਗਏ ਅਧਿਕਾਰੀਆਂ ਵੱਲੋਂ ਖਾਕਾ ਤਿਆਰ ਕੀਤਾ ਜਾ ਰਿਹਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਪਰਡੈਂਟ ਜੋਗਿੰਦਰ ਸਿੰਘ, ਜੁਗਰਾਜ ਸਿੰਘ ਨਿੱਜੀ ਸਹਾਇਕ, ਸੋਨੀ ਜਲੂਰ ਸੀਨੀਅਰ ਵਾਈਸ ਪ੍ਰਧਾਨ ਨਗਰ ਕੌਂਸਲ ਪਾਤੜਾਂ, ਰਣਜੀਤ ਸਿੰਘ ਵਿਰਕ ਪ੍ਰਧਾਨ ਟਰੱਕ ਯੂਨੀਅਨ ਪਾਤੜਾਂ ਤੇ ਹੋਰ ਹਾਜ਼ਰ ਸਨ।



ਵਪਾਰੀਆਂ ਨਾਲ ਮੀਟਿੰਗ ਕਰਦੇ ਹੋਏ ਉੱਚ ਅਧਿਕਾਰੀ ਤੇ ਹਲਕਾ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ।

# 108 ਐਂਬੂਲੈਂਸ ਮੁਲਾਜ਼ਮਾਂ ਦੇ ਸੰਘਰਸ਼ ਦੀ ਹਮਾਇਤ

**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-108 ਐਂਬੂਲੈਂਸ ਇੰਪਲਾਈਜ ਐਸੋਸੀਏਸ਼ਨ ਵੱਲੋਂ ਰਾਸ਼ਟਰੀ ਭਗਵਾ ਸੈਨਾ ਤੇ ਵਾਲਮੀਕਿ ਧਰਮ ਸਮਾਜ ਦੇ ਸਹਿਯੋਗ ਨਾਲ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਕੀਤੇ ਜਾ ਰਹੇ ਸੰਘਰਸ਼ ਦੀ ਹਮਾਇਤ ਕਰਦਿਆਂ ਭਗਵਾਨ ਵਾਲਮੀਕਿ ਦਲਿਤ ਚੇਤਨਾ ਮੰਚ ਦੇ ਪ੍ਰਧਾਨ ਵਿੱਕੀ ਪਰੋਚਾ ਨੇ ਕਿਹਾ ਕਿ ਠੇਕੇਦਾਰੀ ਸਿਸਟਮ ਕਾਰਨ ਇਨ੍ਹਾਂ ਮੁਲਾਜ਼ਮਾਂ ਨੂੰ ਨਿਗੂਣੀਆਂ ਤਨਖਾਹਾਂ 'ਤੇ ਕੰਮ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਕੋਰੋਨਾ ਦੇ ਕਹਿਰ ਸਮੇਂ ਇਨ੍ਹਾਂ ਮੁਲਾਜ਼ਮਾਂ ਨੇ ਆਪਣੀ ਜ਼ਿੰਮੇਵਾਰੀ ਤਨਦੇਹੀ ਨਾਲ ਨਿਭਾਉਂਦਿਆਂ ਜਿੱਥੇ ਬਿਹਤਰ ਸਿਹਤ ਸੇਵਾਵਾਂ ਪ੍ਰਦਾਨ ਕੀਤੀਆਂ, ਉਥੇ ਹੀ ਕੋਈ ਵੀ ਦੁਰਘਟਨਾ ਵਾਪਰਨ 'ਤੇ ਸਭ ਤੋਂ ਪਹਿਲਾਂ 108 ਐਂਬੂਲੈਂਸ ਦੇ ਮੁਲਾਜ਼ਮ ਹੀ ਪਹੁੰਚ ਕੇ ਮਰੀਜ਼ਾਂ ਨੂੰ ਹਸਪਤਾਲ ਤੱਕ ਪੁਚਾਉਂਦੇ ਹਨ। ਉਨ੍ਹਾਂ ਮੰਗ ਕੀਤੀ ਕਿ ਲੋਕਾਂ ਦੇ ਦੁੱਖ ਸਮੇਂ ਸਭ ਤੋਂ ਪਹਿਲਾਂ ਖੜਨ ਵਾਲੇ 108 ਐਂਬੂਲੈਂਸ ਮੁਲਾਜ਼ਮਾਂ ਨੂੰ ਠੇਕੇਦਾਰੀ ਸਿਸਟਮ ਖਤਮ ਕਰਕੇ ਪੰਜਾਬ ਸਰਕਾਰ ਅਧੀਨ ਰੈਗੂਲਰ ਕਰਕੇ ਉਨ੍ਹਾਂ ਦੀਆਂ ਹੱਕੀ ਮੰਗਾਂ ਨੂੰ ਪੂਰਾ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਵਾਲਮੀਕਿ ਧਰਮ ਸਮਾਜ ਦੇ ਬਾਬਾ ਨਛੱਤਰ ਨਾਥ ਵੱਲੋਂ ਇਸ ਸੰਘਰਸ਼ ਦੀ ਅਗਵਾਈ ਕੀਤੀ ਜਾ ਰਹੀ ਹੈ ਤੇ ਜੇਕਰ ਮੁਲਾਜ਼ਮਾਂ ਦੀਆਂ ਮੰਗਾਂ ਪੂਰੀਆਂ ਨਾ ਹੋਈਆਂ ਤਾਂ ਬਾਬਾ ਨਛੱਤਰ ਨਾਥ ਨਾਲ ਸੰਪਰਕ ਕਰਕੇ ਸੰਘਰਸ਼ ਨੂੰ ਹੋਰ ਤੇਜ਼ ਕਰਨਗੇ। ਉਨ੍ਹਾਂ ਕਿਹਾ ਕਿ ਭਗਵਾਨ ਵਾਲਮੀਕਿ ਦਲਿਤ ਚੇਤਨਾ ਮੰਚ ਦੀ ਸਮੁੱਚੀ ਟੀਮ ਤੇ ਹੋਰ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਇਸ ਸੰਘਰਸ਼ ਨੂੰ ਪੰਜਾਬ ਪੱਧਰ ਤੱਕ ਪੁਚਾਇਆ ਜਾਵੇਗਾ।

# ਸ਼੍ਰੋਮਣੀ ਅਕਾਲੀ ਦਲ ਵੱਲੋਂ ਪ੍ਰਧਾਨ ਧਾਮੀ 'ਤੇ ਹਮਲੇ ਦੀ ਨਿੰਦਾ

■ ਹਮਲੇ ਦੀ ਜਾਂਚ ਨਿਰਪੱਖ ਏਜੰਸੀਆਂ ਤੋਂ ਕਰਵਾਈ ਜਾਵੇ : ਪ੍ਰਧਾਨ ਜੱਜ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਿੱਖ ਜਥੇਬੰਦੀਆਂ ਵੱਲੋਂ ਚੰਡੀਗੜ੍ਹ-ਮੋਹਾਲੀ ਬਾਰਡਰ 'ਤੇ ਬੰਦੀ ਸਿੰਘਾਂ ਦੀ ਰਿਹਾਈ ਲਈ ਲਗਾਏ ਗਏ ਪੱਕੇ ਮੋਰਚੇ ਵਿੱਚ ਸ਼ਮੂਲੀਅਤ ਕਰਨ ਲਈ ਪਹੁੰਚੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ 'ਤੇ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਕੀਤੇ ਗਏ ਹਮਲੇ ਅਤੇ ਉਨ੍ਹਾਂ ਦੀਆਂ ਗੱਡੀਆਂ ਦੀ ਕੀਤੀ ਗਈ ਭੰਨ-ਤੋੜ ਇੱਕ ਅੱਤ ਨਿੰਦਣਯੋਗ ਕਾਰਾ ਹੈ, ਜਿਸ ਦੀ ਜਿੰਨੀ ਵੀ ਨਿਖੇਧੀ ਕੀਤੀ ਜਾਵੀ, ਓਨੀ ਥੋੜੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਇੱਥੇ ਸ਼੍ਰੋਮਣੀ ਅਕਾਲੀ ਦਲ ਦੇ ਸ਼ਹਿਰੀ ਪ੍ਰਧਾਨ ਜਸਪਾਲ ਸਿੰਘ ਜੱਜ ਨੇ ਆਪਣੇ ਸਾਥੀਆਂ ਸਮੇਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।

ਉਨ੍ਹਾ ਕਿਹਾ ਕਿ ਕੁਝ ਸਿੱਖ ਵਿਰੋਧੀ ਤਾਕਤਾਂ ਨੂੰ ਸਿੱਖਾਂ ਦੀ ਏਕਤਾ ਚੰਗੀ ਨਹੀਂ ਲੱਗ ਰਹੀ, ਜਿਹੜੀਆਂ ਕਿ ਆਪਣੀਆਂ ਕਾਲੀਆਂ ਕਰਤੂਤਾਂ ਰਾਹੀਂ ਅਜਿਹੇ ਨਿੰਦਣਯੋਗ ਕਾਰਿਆਂ ਨੂੰ ਜਨਮ ਦੇ ਰਹੀਆਂ ਹਨ। ਪ੍ਰਧਾਨ ਜੱਜ ਨੇ ਕਿਹਾ ਕਿ ਸਿੱਖਾਂ ਦੀ ਮਿੰਨੀ ਪਾਰਲੀਮੈਂਟ ਵਜੋਂ ਜਾਣੀ ਜਾਂਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਇੱਕ ਪੜ੍ਹੇ-ਲਿਖੇ ਬੇਦਾਗ਼ ਸ਼ਖ਼ਸੀਅਤ ਹਨ, ਜਿਨ੍ਹਾਂ ਨੂੰ ਵਿਰੋਧੀ ਧਿਰਾਂ ਵੀ ਸਤਿਕਾਰ ਦਿੰਦੀਆਂ ਹਨ। ਅਜਿਹੇ ਸ਼ਖ਼ਸ 'ਤੇ ਹਮਲਾ ਹੋ ਜਾਣਾ, ਜਦੋਂ ਉਹ ਸਿੱਖ ਜਥੇਬੰਦੀਆਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਸਮਰਥਨ ਦੇਣ ਗਏ ਸਨ, ਬਹੁਤ ਹੀ ਮੰਦਭਾਗਾ ਹੈ। ਉਨ੍ਹਾ ਕਿਹਾ ਕਿ ਪੱਕੇ ਮੋਰਚੇ ਦੀ ਪਲ-ਪਲ ਦੀ ਖ਼ਬਰ ਖੁਫ਼ੀਆ ਸਰਕਾਰੀ ਏਜੰਸੀਆਂ ਸਰਕਾਰ ਨੂੰ ਦੇ ਰਹੀਆਂ ਹਨ ਤਾਂ ਉਨ੍ਹਾਂ ਤੋਂ ਅਜਿਹੀ ਘਟਨਾ ਓਹਲੇ ਵਿਚ ਰਹਿ ਜਾਣਾ ਵੀ ਪੰਜਾਬ ਸਰਕਾਰ ਦੀ ਨਾਕਾਮੀ ਦਾ ਚਿਹਰਾ ਨੰਗਾ ਕਰਦੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੇ ਕਿਹਾ ਕਿ ਪ੍ਰਧਾਨ ਧਾਮੀ 'ਤੇ ਹੋਏ ਹਮਲੇ ਦੀ ਨਿਰਪੱਖ ਜਾਂਚ ਏਜੰਸੀਆਂ ਤੋਂ ਕਰਵਾਈ ਜਾਵੇ ਤੇ ਇਸ ਘਟਨਾ ਦੇ ਜ਼ਿੰਮੇਵਾਰ ਸ਼ਰਾਰਤੀ ਅਨਸਰਾਂ 'ਤੇ ਸਖ਼ਤ ਕਾਰਵਾਈ ਕੀਤੀ ਜਾਵੇ। ਇਸ ਮੌਕੇ ਉਨ੍ਹਾਂ ਨਾਲ ਰਾਜਵੰਤ ਸਿੰਘ ਗਿੱਲ, ਜਗਦੀਪ ਸਿੰਘ ਝੱਜ, ਮੇਜਰ ਸਿੰਘ, ਲਾਲ ਚੰਦ ਪਾਮੇ, ਸੰਜੂ ਪਾਮੇ ਆਦਿ ਮੌਜੂਦ ਸਨ।

# ਸੰਤ ਬਲਵੀਰ ਸਿੰਘ ਆਈਲਟਸ ਸੰਸਥਾ ਨੇ ਕੈਨੇਡਾ ਦਾ ਸਟੱਡੀ ਵੀਜ਼ਾ ਲਗਵਾਇਆ



**ਭਗਤਾ ਭਾਈ ਕਾ (ਰਾਜੀਵ ਗੋਇਲ)**-ਬਹੁਤ ਹੀ ਥੋੜ੍ਹੇ ਸਮੇਂ ਵਿੱਚ ਇਲਾਕੇ ਅੰਦਰ ਚੰਗਾ ਨਾਮਣਾ ਖੱਟਣ ਵਾਲੀ ਸੰਤ ਬਾਬਾ ਬਲਵੀਰ ਸਿੰਘ ਆਇਲਟਸ ਸੰਸਥਾ ਨੇ ਵਿਦਿਆਰਥਣ ਖੁਸ਼ਵੀਰ ਕੌਰ ਪੁੱਤਰੀ ਕੁਲਵਿੰਦਰ ਸਿੰਘ ਵਾਸੀ ਡੋਡ ਦਾ ਕੈਨੇਡਾ ਸਟੱਡੀ ਵੀਜ਼ਾ ਲਗਵਾਇਆ ਹੈ। ਇਸ ਮੌਕੇ ਆਪਣੀ ਖੁਸ਼ੀ ਨਾ ਸੰਭਾਲਦੇ ਹੋਏ ਵਿਦਿਆਰਥਣ ਨੇ ਕਿਹਾ ਕਿ ਇਹ ਸੰਸਥਾ ਬੱਚਿਆਂ ਨੂੰ ਜਿੱਥੇ ਚੰਗੀ ਪੜ੍ਹਾਈ ਕਰਵਾਉਣ ਲਈ ਵਚਨਬੱਧ ਹੈ, ਉੱਥੇ ਹੀ ਇਸ ਸੰਸਥਾ ਅੰਦਰ ਅਨੁਸ਼ਾਸਨ ਦਾ ਵੀ ਖਾਸ ਧਿਆਨ ਰੱਖਿਆ ਜਾਂਦਾ ਹੈ। ਇਸ ਮੌਕੇ ਸੰਸਥਾ ਮੁਖੀ ਜਸਅਮਨਦੀਪ ਸਿੰਘ ਵੱਲੋਂ ਬੱਚੀ ਨੂੰ ਕੈਨੇਡਾ ਵੀਜ਼ਾ ਲੱਗਿਆ ਪਾਸਪੋਰਟ ਸੌਂਪਿਆ ਗਿਆ।

# ਪੰਜਾਬ ਦੇ ਲੋਕ ਭਾਰਤੀ ਜਨਤਾ ਪਾਰਟੀ ਦੀਆਂ ਨੀਤੀਆਂ ਤੋਂ ਸੰਤੁਸ਼ਟ ਹਨ : ਲੱਧਰ



**ਨਾਭਾ (ਵਰਿੰਦਰ ਵਰਮਾ)**-ਭਾਰਤੀ ਜਨਤਾ ਪਾਰਟੀ ਦੀ ਸਰਕਾਰ ਵੱਲੋਂ ਗ਼ਰੀਬ ਪਰਵਾਰਾਂ ਲਈ ਵੱਖ-ਵੱਖ ਸਕੀਮਾਂ ਤਹਿਤ ਸੰਪੂਰਨ ਤੌਰ 'ਤੇ ਲਾਭ ਪੁਚਾਇਆ ਜਾ ਰਿਹਾ, ਜਿਸ ਨਾਲ ਸੂਬੇ ਦੇ ਆਮ ਲੋਕਾਂ ਲਈ ਬਹੁਪੱਖੀ ਵਿਕਾਸ ਹੋ ਰਿਹਾ ਤੇ ਪੰਜਾਬ ਦੇ ਲੋਕ ਭਾਰਤੀ ਜਨਤਾ ਪਾਰਟੀ ਦੀਆਂ ਨੀਤੀਆਂ ਤੋਂ ਸੰਤੁਸ਼ਟ ਹਨ। ਇਹ ਵਿਚਾਰ ਸੁੱਚਾ ਰਾਮ ਲੱਧਰ ਸਾਬਕਾ ਆਈ.ਏ.ਐੱਸ ਅਫ਼ਸਰ ਤੇ ਪ੍ਰਧਾਨ ਐੱਸ.ਈ ਮੋਰਚਾ ਪੰਜਾਬ ਨੇ ਬੌੜਾਂ ਗੇਟ ਸਥਿਤ ਭਗਤ ਰਵਿਦਾਸ ਮੰਦਰ ਵਿਖੇ ਵਿਸ਼ੇਸ਼ ਸਨਮਾਨ ਸਮਾਗਮ ਦੌਰਾਨ ਸ਼ਿਰਕਤ ਕਰਦਿਆਂ ਪ੍ਰਗਟ ਕੀਤੇ।

ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਹਮੇਸ਼ਾਂ ਪੰਜਾਬ ਦੀ ਭਲਾਈ ਤੇ ਵਿਕਾਸ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਤੇ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਭਾਰੀ ਬਹੁਮਤ ਨਾਲ ਜਿੱਤ ਹਾਸਲ ਕੀਤੀ ਜਾਵੇਗੀ। ਇਸ ਮੌਕੇ ਸਾਬਕਾ ਜ਼ਿਲ੍ਹਾ ਪ੍ਰਧਾਨ ਐੱਸ.ਈ ਐੱਸ.ਟੀ ਮੋਰਚਾ ਪਟਿਆਲਾ ਲਾਲ ਸਿੰਘ ਰਣਜੀਤਗੜ੍ਹ ਵੱਲੋਂ ਸਵਾਗਤ ਕੀਤਾ ਗਿਆ ਤੇ ਬਰਿੰਦਰ ਬਿੱਟੂ ਜ਼ਿਲ੍ਹਾ ਪ੍ਰਧਾਨ ਐੱਸ.ਈ ਮੋਰਚਾ ਪਟਿਆਲਾ, ਪਲਵਿੰਦਰ ਸਿੰਘ ਛੀਂਟਾਂਵਾਲਾ ਜ਼ਿਲ੍ਹਾ ਪ੍ਰਧਾਨ ਬੀਜੇਪੀ ਪਟਿਆਲਾ, ਹਰਚਰਨ ਸਿੰਘ ਅਗੇਤੀ ਮੰਡਲ ਪ੍ਰਧਾਨ ਨਾਭਾ, ਅਮਿਤ ਜਿੰਦਲ ਮੰਡਲ ਪ੍ਰਧਾਨ ਭਾਦਸੋਂ, ਪ੍ਰੇਮ ਸਾਗਰ ਬਾਂਸਲ ਮੀਤ ਪ੍ਰਧਾਨ ਪਟਿਆਲਾ, ਗੌਰਵ ਜਲੋਟਾ ਜਰਨਲ ਸਕੱਤਰ ਆਦਿ ਆਗੂਆਂ ਵੱਲੋਂ ਸੁੱਚਾ ਰਾਮ ਲੱਧੜ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਪ੍ਰਧਾਨ ਲੱਧਰ ਨੇ ਭਗਵਾਨ ਵਾਲਮੀਕਿ ਜੀ ਦੇ ਮੰਦਰ ਵਿਖੇ ਜਾ ਕੇ ਮੱਥਾ ਟੇਕਿਆ। ਇਸ ਮੌਕੇ ਭਾਰੀ ਇਕੱਤਰਤਾ ਦੌਰਾਨ ਵੱਖ-ਵੱਖ ਆਗੂਆਂ ਵੱਲੋਂ ਆਪਣੇ ਵਿਚਾਰ ਸਾਂਝੇ ਕੀਤੇ ਗਏ ਤੇ ਪਾਰਟੀ ਨੂੰ ਹੋਰ ਮਜਬੂਤ ਕਰਨ ਲਈ ਵਿਚਾਰਾਂ ਕੀਤੀਆਂ ਗਈਆਂ। ਇਸ ਮੌਕੇ ਗੌਰਵ ਜਲੋਟਾ ਜਰਨਲ ਸਕੱਤਰ, ਅਮਰ ਚੰਦ ਕਥੂਰੀਆ ਜਰਨਲ ਸਕੱਤਰ, ਸੀਨੀ. ਆਗੂ ਮਹੰਤ ਜਸਵਿੰਦਰ ਸਿੰਘ ਜੇਜੀ ਖਨੌੜਾ, ਦਲੀਪ ਸਿੰਘ ਬੁਚੜੇ ਸੀਨੀ. ਆਗੂ, ਰਿਸ਼ੂ ਵਰਮਾ, ਜਤਿੰਦਰ ਸ਼ਰਮਾ, ਜਸਵੰਤ ਸਿੰਘ ਪੂਨੀਆਂਵਾਲ, ਦੀਪ ਚੰਦ ਪ੍ਰਧਾਨ, ਵਿਸ਼ਾਲ ਆਦਿ ਤੋਂ ਇਲਾਵਾ ਵੱਡੀ ਗਿਣਤੀ 'ਚ ਭਾਜਪਾ ਆਗੂ ਤੇ ਵਰਕਰ ਹਾਜ਼ਰ ਸਨ।

# ਕੋਰੋਨਾ ਕਾਰਨ ਕਰਜ਼ੇ ਦੀਆਂ ਕਿਸ਼ਤਾਂ ਭਰਨ ਤੋਂ ਲੋਕ ਅਸਮਰੱਥ

## ਕਰਜ਼ਾਧਾਰਕ ਦੇ ਮਕਾਨ ਦਾ ਕਬਜ਼ਾ ਲੈਣ ਆਏ ਬੈਂਕ ਅਧਿਕਾਰੀਆਂ ਦਾ ਭਾਕਿਯੂ ਸਿੱਧੂਪੁਰ ਵੱਲੋਂ ਘਿਰਾਓ



**ਮਾਨਸਾ (ਆਤਮਾ ਸਿੰਘ ਪਮਾਰ)**
ਮਾਨਸਾ ਦੇ ਵਾਰਡ ਨੰਬਰ 6 ਵਿੱਚ ਮਕਾਨ ਦਾ ਕਬਜ਼ਾ ਲੈਣ ਆਏ ਬੈਂਕ ਅਧਿਕਾਰੀਆਂ ਨੂੰ ਉਸ ਸਮੇਂ ਬੇਰੰਗ ਪਰਤਣਾ ਪਿਆ, ਜਦੋਂ ਬੇਸਹਾਰਾ ਪਰਿਵਾਰ (ਕਰਜ਼ਧਾਰਕ) ਦੀ ਹਮਾਇਤ 'ਚ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਵੱਲੋਂ ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਅਕਲੀਆ ਦੀ ਅਗਵਾਈ ਵਿੱਚ ਬੈਂਕ ਅਧਿਕਾਰੀਆਂ ਦਾ ਜ਼ਬਰਦਸਤ ਘਿਰਾਓ ਕੀਤਾ ਗਿਆ। ਘਿਰਾਓ ਸਮੇਂ ਕਿਸਾਨ ਆਗੂਆਂ ਵੱਲੋਂ ਦਿੱਤੀਆਂ ਦਲੀਲਾਂ ਸਾਹਮਣੇ ਬੈਂਕ ਅਧਿਕਾਰੀ ਲਾਜਵਾਬ ਹੋ ਗਏ। ਇਸ ਮੌਕੇ ਬੋਲਦਿਆਂ ਮੱਖਣ ਸਿੰਘ ਭੈਣੀਬਾਘਾ ਜ਼ਿਲ੍ਹਾ ਜਨਰਲ ਸਕੱਤਰ ਨੇ ਕਿਹਾ ਕਿ ਜਿੱਥੇ ਦੇਸ਼ ਦੁਨੀਆ ਵਿੱਚ ਕੋਰੋਨਾ ਕਾਲ ਦੌਰਾਨ ਠੱਪ ਹੋਏ ਕਾਰੋਬਾਰ ਦੀ ਵਜ੍ਹਾ ਕਰਕੇ ਲੱਖਾਂ ਲੋਕਾਂ ਨੂੰ ਬੇਘਰ ਤੇ ਕਰਜ਼ਈ ਹੋਣਾ ਪਿਆ, ਉੱਥੇ ਇਸ ਪਰਿਵਾਰ ਵੱਲੋਂ ਵੀ ਕੇਨਰਾ ਬੈਂਕ ਜਵਾਹਰ ਕੇ ਪਾਸੋਂ, ਜੋ 12 ਲੱਖ ਦੇ ਕਰੀਬ ਕੈਟਲ ਫੀਡ ਫੈਕਟਰੀ ਵਾਸਤੇ ਕਰਜ਼ਾ ਲਿਆ ਗਿਆ ਸੀ, ਜਿਸ ਦੀਆਂ ਕਿਸ਼ਤਾਂ ਕੋਰੋਨਾ ਤੋਂ ਪਹਿਲਾਂ ਨਿਯਮਿਤ ਸਮੇਂ 'ਤੇ ਪੰਜ ਸਾਲ ਤੱਕ ਲਗਾਤਾਰ ਭਰੀਆਂ, ਪਰ ਕੋਰੋਨਾ ਕਾਲ ਸਮੇਂ ਸਰਕਾਰ ਵੱਲੋਂ ਸਖਤੀ ਨਾਲ ਲਾਕਡਾਊਨ ਕੀਤੇ ਜਾਣ ਕਰਕੇ ਆਮਦਨ ਦਾ ਜ਼ਰੀਆ ਖਤਮ ਗਿਆ, ਜਿਸ ਕਰਕੇ ਕਿਸ਼ਤਾਂ ਟੁੱਟ ਗਈਆਂ। ਹੁਣ ਮੈਜਿਸਟਰੇਟ-ਕਮ-ਤਹਿਸੀਲਦਾਰ ਵੱਲੋਂ ਬੈਂਕ ਸਕਿਉਰਟੀ ਵਜੋਂ ਰੱਖੀ ਜਾਇਦਾਦ ਦਾ ਕਬਜ਼ਾ ਦਿਵਾਉਣਾ ਸੀ, ਜਿਸ ਦੇ ਵਿਰੁੱਧ ਕਿਸਾਨ ਯੂਨੀਅਨ (ਏਕਤਾ) ਸਿੱਧੂਪੁਰ ਵੱਲੋਂ ਸਖਤ ਵਿਰੋਧ ਕੀਤਾ ਗਿਆ।

ਪੀੜਤ ਪਰਿਵਾਰ ਦੀ ਮੁਖੀ ਗੁਰਪ੍ਰੀਤ ਕੌਰ ਨੇ ਬੈਂਕ ਅਧਿਕਾਰੀਆਂ ਨੂੰ ਦੱਸਿਆ ਕਿ ਉਸ ਦੇ ਪਾਸ ਇਸ ਵਕਤ ਪਰਿਵਾਰ ਦਾ ਗੁਜ਼ਾਰਾ ਤੇ ਬੱਚਿਆਂ ਦੀਆਂ ਫੀਸਾਂ ਭਰਨ ਤੱਕ ਦੀ ਸਮਰੱਥਾ ਨਹੀਂ ਹੈ। ਇਸ ਮੌਕੇ ਯੂਨੀਅਨ ਆਗੂਆਂ ਨੇ ਐਲਾਨ ਕੀਤਾ ਕਿ ਭਵਿੱਖ ਵਿੱਚ ਵੀ ਪਰਿਵਾਰ ਨਾਲ ਹਮਾਇਤ ਜਾਰੀ ਰਹੇਗੀ।

ਇਸ ਮੌਕੇ ਖੇਤੀਬਾੜੀ ਤੇ ਕਿਸਾਨ ਵਿਕਾਸ ਫਰੰਟ ਪੰਜਾਬ ਮਨਜੀਤ ਸਿੰਘ ਮਾਨ, ਜੁਗਰਾਜ ਸਿੰਘ ਰੱਲਾ, ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਜਗਦੇਵ ਸਿੰਘ ਭੈਣੀਬਾਘਾ, ਜਗਦੇਵ ਸਿੰਘ ਕੋਟਲੀ ਕਲਾਂ ਬਲਾਕ ਕਮੇਟੀ ਦੇ ਬਲਜੀਤ ਸਿੰਘ, ਦੀਦਾਰ ਸਿੰਘ ਖਾਰਾ, ਰੂਪ ਸਰਮਾ, ਮੇਜਰ ਸਿੰਘ ਔਤਾਂਵਾਲੀ, ਅਮਰਜੀਤ ਸਿੰਘ ਖਾਰਾ, ਕਾਕਾ ਸਿੰਘ ਭੈਣੀ ਬਾਘਾ, ਸੁਖਦੇਵ ਸਿੰਘ ਮੂਸਾ, ਬਲਦੇਵ ਸਿੰਘ ਉੱਭਾ, ਤੋਤਾ ਸਿੰਘ ਕੋਟਲੀ ਕਲਾਂ, ਸਿਕੰਦਰ ਸਿੰਘ ਭੈਣੀਬਾਘਾ, ਅਮਰੀਕ ਸਿੰਘ ਬੁਰਜ ਹਰੀ, ਦੇਵ ਸਿੰਘ ਮਲਕਪੁਰ, ਰਾਜ ਸਿੰਘ ਖਿੱਲਣ, ਲਾਭ ਸਿੰਘ ਬੁਰਜ ਹਰੀ ਆਦਿ ਹਾਜ਼ਰ ਸਨ।

# ਐੱਸ ਡੀ ਕਾਲਜ ਫਾਰ ਵਿਮੈਨ ਵਿਖੇ ਸੱਤ ਰੋਜ਼ਾ ਐੱਨ ਐੱਸ ਐੱਸ ਕੈਂਪ ਲਾਇਆ



**ਮੋਗਾ (ਅਮਰਜੀਤ ਬੱਬਰੀ)**-ਐੱਸ.ਡੀ ਕਾਲਜ ਫਾਰ ਵੋਮੈਨ ਵਿਖੇ ਸੱਤ ਰੋਜ਼ਾ ਐਨ ਐੱਸ ਐੱਸ ਦਾ ਕੈਂਪ ਸਵੱਛ ਭਾਰਤ ਤੇ ਫਿੱਟ ਇੰਡੀਆ ਥੀਮ ਤਹਿਤ 12 ਜਨਵਰੀ ਤੋਂ ਲਾਇਆ ਗਿਆ। ਕਾਲਜ ਪ੍ਰਿੰਸੀਪਲ ਡਾ. ਨੀਨਾ ਅਨੇਜਾ ਨੇ ਐਨ. ਐੱਸ. ਐੱਸ. ਵਲੰਟੀਅਰਜ ਦੀ ਜ਼ਿੰਮੇਵਾਰੀ ਤੇ ਸੇਵਾ ਭਾਵਨਾ ਦੇ ਅਹਿਸਾਸ ਦੀ ਸ਼ਲਾਘਾ ਕੀਤੀ।

ਐਨ.ਐੱਸ.ਐੱਸ. ਕੈਂਪ ਦੇ ਸਮਾਪਤੀ ਸਮਾਗਮ ਵਿੱਚ ਸਿਵਲ ਹਸਪਤਾਲ ਦੇ ਐੱਸ.ਐੱਮ.ਓ. ਸ੍ਰੀ ਸੁਖਪ੍ਰੀਤ ਸਿੰਘ ਬਰਾੜ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਕੈਂਪ ਦੇ ਪ੍ਰੋਗਰਾਮ ਅਫ਼ਸਰ ਡਾਕਟਰ ਬਲਜੀਤ ਕੌਰ ਤੇ ਮਿਸਿਜ ਊਸ਼ਾ ਨੇ ਸਾਰਿਆਂ ਨੂੰ ਰਸਮੀ ਤੌਰ 'ਤੇ ਜੀ ਆਇਆਂ ਆਖਿਆ। ਸੱਤ ਰੋਜ਼ਾ ਕੈਂਪ ਦੀ ਰਿਪੋਰਟ ਵਲੰਟੀਅਰ ਸਮਰਿਧੀ ਨੇ ਪੜ੍ਹ ਕੇ ਸੁਣਾਈ। ਸੱਤ ਰੋਜਾ ਕੈਂਪ ਦੌਰਾਨ ਯੋਗਾ, ਸਮਾਜ ਦੇ ਭਖਦੇ ਮਸਲਿਆਂ 'ਤੇ ਨਾਮਵਰ ਸ਼ਖ਼ਸੀਅਤਾਂ ਦੇ ਲੈਕਚਰ, ਅੱਖਾਂ ਦਾ ਜਾਂਚ ਕੈਂਪ, ਦਿਲ ਦਾ ਦੌਰਾ ਪੈਣ ਸੰਬੰਧੀ ਮੁੱਢਲੀ ਜਾਣਕਾਰੀ, ਬੌਧਿਕ ਸੈਸ਼ਨ, ਸੜਕ ਸੁਰੱਖਿਆ ਤੇ ਸਾਈਬਰ ਕ੍ਰਾਈਮ ਤੇ ਲੈਕਚਰ, ਬਰਸਾਤੀ ਪਾਣੀ ਦੇ ਰੀਚਾਰਜ ਸੰਬੰਧੀ ਜਾਣਕਾਰੀ, ਲਲਿਤ ਕਲਾ ਅਤੇ ਫ਼ੈਸ਼ਨ ਡਿਜਾਇਨਿੰਗ ਵਿਭਾਗ ਵੱਲੋਂ ਵਰਕਸ਼ਾਪ ਦਾ ਆਯੋਜਨ, ਲੋਕ ਭਲਾਈ ਦੇ ਕੰਮਾਂ ਲਈ ਵਲੰਟੀਅਰਜ ਦੁਆਰਾ ਨੇਕੀ ਦੀ ਦੀਵਾਰ ਬਣਾਉਣਾ, ਸ਼ਿਵ ਕਿਰਪਾ ਬਿਰਧ ਆਸ਼ਰਮ ਮੋਗਾ ਦਾ ਦੌਰਾ, ਲੋਹੜੀ ਦਾ ਤਿਉਹਾਰ ਵੀ ਮਨਾਇਆ, ਸੁਖਮਨੀ ਸਾਹਿਬ ਦਾ ਪਾਠ ਕਰਕੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਤੇ ਗਾਇਤ੍ਰੀ ਮੰਤਰ ਦਾ ਜਾਪ ਕੀਤਾ ਗਿਆ। ਐਨ.ਐੱਸ.ਐੱਸ. ਯੂਨਿਟ ਵੱਲੋਂ ਗੋਦ ਲਏ ਪਿੰਡ ਨਿਧਾਂ ਵਾਲਾ ਦੇ ਜਨਤਕ ਥਾਵਾਂ ਦੀ ਸਫ਼ਾਈ ਕੀਤੀ ਗਈ ਪਿੰਡ ਦੇ ਲੋਕਾਂ ਨੂੰ ਵਾਤਾਵਰਨ ਦੀ ਸਾਂਭ ਸੰਭਾਲ ਅਤੇ ਸਾਫ਼ ਸਫ਼ਾਈ ਲਈ ਜਾਗਰੂਕ ਕੀਤਾ, ਰੈਲੀ ਕੱਢੀ ਅਤੇ ਨਸ਼ਿਆਂ ਖਿਲਾਫ਼ ਨੁੱਕੜ ਨਾਟਕ ਵੀ ਖੇਡਿਆ। ਮੁੱਖ ਮਹਿਮਾਨ ਨੇ ਵਲੰਟੀਅਰਜ ਨੂੰ ਸਮਾਜ ਦੇ ਲੋਕ ਭਲਾਈ ਦੇ ਕੰਮਾਂ ਵਿੱਚ ਵਧੇਰੇ ਸਹਿਯੋਗ ਦੇਣ ਦੀ ਅਪੀਲ ਕੀਤੀ। ਕਾਲਜ ਪ੍ਰਬੰਧਕੀ ਕਮੇਟੀ ਦੇ ਚੇਅਰਮੈਨ ਡਾ. ਆਰ ਸੀ. ਮਿੱਤਲ ਨੇ ਵਲੰਟੀਅਰਜ ਨੂੰ ਸਮਾਜਿਕ ਬੁਰਾਈਆਂ ਖਿਲਾਫ਼ ਲੜਨ ਲਈ ਪ੍ਰੇਰਿਆ ਤੇ ਕੈਂਪ ਦੌਰਾਨ ਕੀਤੀਆਂ ਗਤੀਵਿਧੀਆਂ ਦੀ ਵਿਸ਼ੇਸ਼ ਤੌਰ 'ਤੇ ਸ਼ਲਾਘਾ ਕੀਤੀ। ਇਸ ਮੌਕੇ ਵਲੰਟੀਅਰਜ ਦੁਆਰਾ ਭਾਸ਼ਣ, ਕਵਿਤਾਵਾਂ, ਸਕਿੱਟਾਂ ਤੇ ਰੰਗਾਰੰਗ ਪ੍ਰੋਗਰਾਮ ਦੀ ਪੇਸ਼ਕਾਰੀ ਬਾਖ਼ੂਬੀ ਨਿਭਾਈ।

ਕਾਲਜ ਪ੍ਰਿੰਸੀਪਲ, ਸਮੂਹ ਸਟਾਫ਼, ਸਮੂਹ ਪ੍ਰਬੰਧਕੀ ਕਮੇਟੀ ਅਤੇ ਵਲੰਟੀਅਰਜ ਦੁਆਰਾ ਮੁੱਖ ਮਹਿਮਾਨ ਨੂੰ ਸਨਮਾਨ ਚਿੰਨ੍ਹ ਭੇਟ ਕੀਤਾ ਗਿਆ। ਅੰਤ ਪ੍ਰਿੰਸੀਪਲ ਨੇ ਸਾਰਿਆਂ ਦਾ ਧੰਨਵਾਦ ਕੀਤਾ ਤੇ ਵਲੰਟੀਅਰਜ ਨੂੰ ਐਨ. ਐੱਸ. ਐੱਸ ਦੀ ਅਹਿਮੀਅਤ ਦੱਸਦਿਆਂ ਵਲੰਟੀਅਰਜ ਨੂੰ ਹੱਥੀਂ ਕੰਮ ਕਰਨ ਲਈ ਪ੍ਰੇਰਤ ਕੀਤਾ।

# 45 ਬੋਤਲਾਂ ਨਜਾਇਜ਼ ਸ਼ਰਾਬ ਸਣੇ ਦੋ ਕਾਬੂ

**ਜਲਾਲਾਬਾਦ (ਜੀਤ ਕੁਮਾਰ, ਦਹੂਜਾ)**-ਥਾਣਾ ਸਿਟੀ ਦੀ ਪੁਲਸ ਵੱਲੋਂ ਵੱਖ ਵੱਖ ਥਾਵਾਂ ਤੋਂ 45 ਬੋਤਲਾਂ ਨਜਾਇਜ਼ ਸ਼ਰਾਬ ਸਣੇ ਦੋ ਵਿਅਕਤੀਆਂ ਨੂੰ ਕਾਬੂ ਕੀਤਾ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਜਰਨੈਲ ਚੰਦ ਨੇ ਦੱਸਿਆ ਕਿ ਮੁਖਬਰ ਖਾਸ ਨੇ ਇਤਲਾਹ ਦਿੱਤੀ ਸੀ ਕਿ ਸਵਰਨ ਸਿੰਘ ਪੁੱਤਰ ਜਗਤਾਰ ਸਿੰਘ ਵਾਸੀ ਟਿਵਾਣਾ ਕਲਾਂ, ਜੋਕਿ ਨਜਾਇਜ਼ ਸ਼ਰਾਬ ਵੇਚਣ ਦਾ ਆਦੀ ਹੈ ਤੇ ਜੇਕਰ ਛੋਟਾ ਟਿਵਾਣਾ ਰੋਡ 'ਤੇ ਨਾਕਾਬੰਦੀ ਕੀਤੀ ਜਾਵੇ ਤਾਂ ਕਾਬੂ ਆ ਸਕਦਾ ਹੈ, ਜਿਸ 'ਤੇ ਪੁਲਸ ਨੇ ਟਿਵਾਣਾ ਰੋਡ ਦੇ ਨਜ਼ਦੀਕ ਨਾਕਾਬੰਦੀ ਕਰਕੇ ਸਵਰਨ ਸਿੰਘ ਨੂੰ 25 ਬੋਤਲਾਂ ਨਜਾਇਜ਼ ਸ਼ਰਾਬ ਦੇਸੀ ਸਣੇ ਕਾਬੂ ਕੀਤਾ ਹੈ।

ਉਧਰ, ਸਹਾਇਕ ਥਾਣੇਦਾਰ ਸਤਨਾਮ ਦਾਸ ਨੇ ਦੱਸਿਆ ਕਿ ਪੁਲਸ ਪਾਰਟੀ ਵੱਲੋਂ ਸਥਾਨਕ ਕਮੇਟੀ ਘਰ ਦੇ ਨਜ਼ਦੀਕ ਨਾਕਾਬੰਦੀ ਕੀਤੀ ਹੋਈ ਸੀ ਤਾਂ ਇੱਕ ਵਿਅਕਤੀ ਮੋਢੇ 'ਤੇ ਗੱਟੇ ਵਿੱਚ ਕੈਨੀ ਪਲਾਸਟਿਕ 'ਚ ਨਜਾਇਜ਼ ਸ਼ਰਾਬ ਲੈ ਕੇ ਆ ਰਿਹਾ ਸੀ, ਜਿਸ ਨੂੰ ਚੈੱਕ ਕੀਤਾ ਗਿਆ ਤਾਂ 20 ਬੋਤਲਾਂ ਨਜਾਇਜ਼ ਸ਼ਰਾਬ ਦੇਸੀ ਬਰਾਮਦ ਹੋਈ। ਪੁਲਸ ਨੇ ਹਰਨੇਕ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਜੰਮੂ ਬਸਤੀ ਜਲਾਲਾਬਾਦ ਨੂੰ ਨਜਾਇਜ਼ ਸ਼ਰਾਬ ਸਣੇ ਹਿਰਾਸਤ ਵਿੱਚ ਲੈ ਲਿਆ ਹੈ। ਪੁਲਸ ਵੱਲੋਂ ਉਕਤ ਦੋਵਾਂ ਵਿਅਕਤੀਆਂ ਦੇ ਖਿਲਾਫ ਵੱਖ ਵੱਖ ਮੁਕੱਦਮਿਆਂ ਵਿੱਚ ਧਾਰਾ ਤਹਿਤ ਮੁਕੱਦਮਾ ਦਰਜ ਕੀਤਾ ਹੈ।

# ਭਾਰਤੀਯ ਅੰਬੇਡਕਰ ਮਿਸ਼ਨ ਦੀ ਪੰਜਵੀਂ ਸੂਚੀ ਜਾਰੀ



**ਸੰਗਰੂਰ (ਪ੍ਰਵੀਨ ਸਿੰਘ)**
ਭਾਰਤੀਯ ਅੰਬੇਡਕਰ ਮਿਸ਼ਨ ਦੇ ਮੁੱਖ ਸਰਪ੍ਰਸਤ ਸ੍ਰੀਮਤੀ ਪੂਨਮ ਕਾਂਗੜਾ ਦੀ ਇਜਾਜ਼ਤ ਨਾਲ ਮਿਸ਼ਨ ਦੇ ਕੌਮੀ ਪ੍ਰਧਾਨ ਸ੍ਰੀ ਦਰਸ਼ਨ ਸਿੰਘ ਕਾਂਗੜਾ ਵੱਲੋਂ ਸਾਲ 2023 ਲਈ ਭਾਰਤੀਯ ਅੰਬੇਡਕਰ ਮਿਸ਼ਨ ਦੀ ਤੀਜੀ ਸੂਚੀ ਜਾਰੀ ਕਰਦਿਆਂ ਯੂਥ ਵਿੰਗ ਦੇ ਸੂਬਾ ਪ੍ਰਧਾਨ ਸ੍ਰੀ ਮੁਕੇਸ਼ ਰਤਨਾਕਰ ਤੋਂ ਬਾਅਦ ਪੰਜਵੀਂ ਸੂਚੀ 'ਚ ਯੂਥ ਵਿੰਗ ਦੇ 10 ਸੂਬਾ ਜਨਰਲ ਸਕੱਤਰ, 16 ਸੂਬਾ ਸਕੱਤਰ ਤੇ 23 ਜ਼ਿਲ੍ਹਾ ਪ੍ਰਧਾਨਾਂ ਦਾ ਐਲਾਨ ਕੀਤਾ ਗਿਆ। ਸੂਬਾ ਜਨਰਲ ਸਕੱਤਰਾਂ 'ਚ ਆਦੇਸ਼ ਪੁਸ਼ਵਿੰਦਰ ਸਿੰਘ ਬਠਿੰਡਾ, ਬਲਵੀਰ ਸਿੰਘ ਸੰਗਰੂਰ, ਸੁਨੀਲ ਕੁਮਾਰ ਰਾਂਝਾ ਸੰਗਰੂਰ, ਸੁਸ਼ੀਲ ਕੁਮਾਰ ਮੈਂਬਰ ਜ਼ਿਲ੍ਹਾ ਪ੍ਰੀਸ਼ਦ ਪਠਾਨਕੋਟ, ਅਮਨ ਸਿੱਖਨ ਸੁਨਾਮ, ਗਗਨਦੀਪ ਸਿੰਘ ਲੁਧਿਆਣਾ, ਗੁਰਪ੍ਰੀਤ ਸਿੰਘ ਵਾਇਸ ਚੇਅਰਮੈਨ ਬਲਾਕ ਸੰਮਤੀ ਦਿੜ੍ਹਬਾ, ਸ਼ਿਵਜੀ ਸਿੰਘ ਮੈਂਬਰ ਬਲਾਕ ਸੰਮਤੀ ਲਹਿਰਾਗਾਗਾ, ਧਰਮਜੀਤ ਸਿੰਘ ਸਮਰਾਲਾ, ਵਿਕਰਮਜੀਤ ਸਿੰਘ ਸ੍ਰੀ ਮੁਕਤਸਰ ਸਾਹਿਬ ਤੇ ਸਕੱਤਰਾਂ 'ਚ ਅਮਿਤ ਚੌਧਰੀ ਪਠਾਨਕੋਟ, ਮਹੇਸ਼ ਕੁਮਾਰ ਲੁਧਿਆਣਾ, ਮੈਡਮ ਕੌਮੀ ਧੂਰੀ, ਅਰਵਿੰਦ ਸਿੰਘ ਸਿੱਧੂ, ਮਲਕੀਤ ਸਿੰਘ ਬਰਨਾਲਾ, ਦਿਨੇਸ਼ ਕੁਮਾਰ ਧਨੌਲਾ, ਦਰਸ਼ਨ ਸਿੰਘ ਰਾਹੋਂ ਲੁਧਿਆਣਾ, ਸੁਖਬੀਰ ਸਿੰਘ ਕਲੋਦੀ, ਜਸਬੀਰ ਸਿੰਘ ਘਰਾਚੋਂ, ਅਵਤਾਰ ਸਿੰਘ ਤਾਰੀ ਸੇਰੋਂ, ਗਗਨਦੀਪ ਸਿੰਘ ਬੁਢਲਾਡਾ, ਵਿਵੇਕ ਕੁਮਾਰ ਹੁਸ਼ਿਆਰਪੁਰ, ਗੁਰਸੇਵ ਕੌਰ ਮੋਹਾਲੀ, ਮੰਗਤ ਸਿੰਘ ਮਾਨਸਾ, ਕ੍ਰਿਸ਼ਨ ਕੁਮਾਰ ਸੰਗਰੂਰ ਤੇ ਹਰਸਿਮਰਨ ਸਿੰਘ ਕਪੂਰਥਲਾ ਤੋਂ ਇਲਾਵਾ ਜ਼ਿਲ੍ਹਾ ਪ੍ਰਧਾਨਾਂ ਵਿੱਚ ਕੁਲਵੀਰ ਸਿੰਘ ਟੋਨੀ ਅਕੋਈ (ਸੰਗਰੂਰ), ਰਾਜ ਸਿੰਘ ਸਰਵਰਪੁਰ (ਮਾਲੇਰਕੋਟਲਾ), ਹਰਪ੍ਰੀਤ ਸਿੰਘ ਹੈਪੀ (ਬਰਨਾਲਾ), ਜਸਵੰਤ ਸਿੰਘ (ਬਠਿੰਡਾ ਸਹਿਰੀ), ਦਰਸ਼ਨ ਸਿੰਘ ਫੂਲੇਵਾਲ (ਬਠਿੰਡਾ ਦਿਹਾਤੀ), ਵਿਕਰਮ ਸਿੰਘ (ਫ਼ਿਰੋਜ਼ਪੁਰ), ਰਾਜ ਕੁਮਾਰ (ਫ਼ਾਜ਼ਿਲਕਾ), ਵਿਨੋਦ ਕੁਮਾਰ ਬੁਢਲਾਡਾ (ਮਾਨਸਾ), ਭਜਨ ਸਿੰਘ (ਰੋਪੜ), ਵਰਿੰਦਰ ਸਿੰਘ (ਨਵਾਂਸ਼ਹਿਰ), ਨਿਰਮਲ ਸਿੰਘ ਮੈਂਬਰ ਜ਼ਿਲ੍ਹਾ ਪ੍ਰੀਸ਼ਦ (ਸ੍ਰੀ ਮੁਕਤਸਰ ਸਾਹਿਬ), ਅਮਨਦੀਪ ਸਿੰਘ ਸਰਪੰਚ (ਗੁਰਦਾਸਪੁਰ), ਰਿਤਿਕ ਗਿੱਲ (ਕਪੂਰਥਲਾ), ਗੁਰਮੇਲ ਸਿੰਘ ਕੁਹਲੀ (ਖੰਨਾ), ਕ੍ਰਿਸ਼ਨ ਸਿੰਘ ਪਾਤੜਾਂ (ਪਟਿਆਲਾ ਦਿਹਾਤੀ), ਸੰਜੇ ਕਲਿਆਣ (ਪਟਿਆਲਾ ਸ਼ਹਿਰੀ), ਹਰੀਸ਼ ਕੁਮਾਰ (ਪਠਾਨਕੋਟ), ਕੁਲਦੀਪ ਸਿੰਘ (ਸ੍ਰੀ ਫ਼ਤਹਿਗੜ੍ਹ ਸਾਹਿਬ), ਦੀਪਕ ਕੁਮਾਰ (ਸ੍ਰੀ ਅੰਮ੍ਰਿਤਸਰ ਸਾਹਿਬ ਸ਼ਹਿਰੀ), ਜੋਬਨਜੀਤ ਸਿੰਘ (ਸ੍ਰੀ ਅੰਮ੍ਰਿਤਸਰ ਦਿਹਾਤੀ), ਹਰਜਿੰਦਰ ਸਿੰਘ ਬਲੋਚਾਂ (ਫ਼ਰੀਦਕੋਟ), ਅਮਿਤ ਕੁਮਾਰ ਮੱਟੂ (ਜਲੰਧਰ ਸ਼ਹਿਰੀ) ਤੇ ਲਲਿਤ ਕੁਮਾਰ ਜ਼ਿਲ੍ਹਾ ਪ੍ਰਧਾਨ (ਲੁਧਿਆਣਾ ਸ਼ਹਿਰੀ) ਨਿਯੁਕਤ ਕੀਤਾ ਗਿਆ।

21-JAN-PAGE-3.qxd 1/20/2023 10:11 PM Page 1



# 26 ਨੂੰ ਕਿਸਾਨ ਜਥੇਬੰਦੀ ਵੱਲੋਂ ਟਰੈਕਟਰ ਮਾਰਚ ਕੀਤਾ ਜਾਵੇਗਾ




**ਧੂਰੀ (ਸੁਖਦੇਵ ਧੂਰੀ)** ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਦੀ ਮੀਟਿੰਗ ਨਾਜਮ ਸਿੰਘ ਪੂੰਨਾਂਵਾਲ ਦੀ ਪ੍ਰਧਾਨਗੀ ਹੇਠ ਪਿੰਡ ਹਸਨਪੁਰ ਵਿਖੇ ਹੋਈ, ਜਿਸ ਵਿੱਚ ਵੱਡੀ ਗਿਣਤੀ ਵਿੱਚ ਵਰਕਰ ਅਤੇ ਅਹੁਦੇਦਾਰ ਨੇ ਹਾਜ਼ਰੀ ਭਰੀ। ਪੂੰਨਾਂਵਾਲ ਨੇ ਦੱਸਿਆ ਕਿ 26 ਜਨਵਰੀ ਨੂੰ ਕੇਂਦਰ ਤੇ ਪੰਜਾਬ ਸਰਕਾਰ ਦੀ ਵਾਅਦਾਖ਼ਿਲਾਫ਼ੀ ਖ਼ਿਲਾਫ਼ ਟਰੈਕਟਰ ਮਾਰਚ ਕੱਢਿਆ ਜਾਵੇਗਾ। ਕਿਸਾਨ ਆਗੂਆਂ ਨੇ ਮਸਤੂਆਣਾ ਸਾਹਿਬ ਵਿਖੇ ਬਣਨ ਵਾਲੇ ਮੈਡੀਕਲ ਕਾਲਜ ਬਾਰੇ ਹੋ ਰਹੀਆਂ ਅੜਚਣਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ।

ਇਸ ਤੋਂ ਇਲਾਵਾ ਪਿੰਡ ਕੁੰਭੜਵਾਲ ਵਿੱਚ ਬਣੇ ਪ੍ਰਾਇਮਰੀ ਸਕੂਲ ਵਿੱਚ ਅਧਿਆਪਕਾਂ ਦੀ ਘਾਟ ਦਾ ਮੁੱਦਾ ਵੀ ਵਿਚਾਰਿਆ ਗਿਆ ਤੇ ਸਰਕਾਰ ਤੋਂ ਮੰਗ ਕੀਤੀ ਗਈ ਕਿ ਸਕੂਲ ਵਿੱਚ ਜਲਦੀ ਅਧਿਆਪਕ ਭੇਜੇ ਜਾਣ।

ਪਿੰਡ ਹਸਨਪੁਰ ਦੀ ਡਿਸਪੈਂਸਰੀ ਵਿੱਚ ਮੁਲਾਜ਼ਮਾਂ ਦੀ ਘਾਟ ਦਾ ਨੋਟਿਸ ਲੈਂਦਿਆਂ ਕਿਸਾਨ ਆਗੂਆਂ ਨੇ ਪੰਜਾਬ ਸਰਕਾਰ ਦੀ ਖਿਚਾਈ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਹਰੇਕ ਫਰੰਟ 'ਤੇ ਫੇਲ੍ਹ ਹੋਈ ਪਈ ਹੈ। ਜਲਦੀ ਹੀ ਪਿੰਡਾਂ ਦੇ ਲੋਕਾਂ ਦੀ ਮੰਗ 'ਤੇ ਵਿਚਾਰ ਕਰਕੇ ਸੰਘਰਸ਼ ਵਿੱਢਿਆ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਲੱਖਾ, ਬਲਜੀਤ ਸਿੰਘ ਜਨਰਲ ਸਕੱਤਰ, ਖ਼ਜ਼ਾਨਚੀ ਬਲਵਿੰਦਰ ਸਿੰਘ, ਜਰਨੈਲ ਸਿੰਘ, ਛੱਜੂ ਰਾਮ ਕੁੰਭੜਵਾਲ, ਰਾਜਪਾਲ ਸਿੰਘ ਹਸਨਪੁਰ ਆਦਿ ਮੌਜੂਦ ਸਨ।

## ਸਿੱਖਾਂ ਦੇ ਮੱਤਭੇਦਾਂ ਕਾਰਨ ਬੰਦੀ ਸਿੰਘਾਂ ਦੀ ਰਿਹਾਈ ਲਈ ਹੋ ਰਿਹੈ ਸੰਘਰਸ਼ ਕਮਜ਼ੋਰ : ਫੈਡਰੇਸ਼ਨ ਮਹਿਤਾ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਸਿੱਖ ਜਥੇਬੰਦੀਆਂ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਤੇ ਹੋਰ ਮੁੱਦਿਆਂ ਨੂੰ ਲੈ ਕੇ ਕੀਤਾ ਜਾ ਰਿਹਾ ਸੰਘਰਸ਼ ਸਿੱਖਾਂ ਵਿੱਚ ਮੱਤਭੇਦਾਂ ਕਾਰਨ ਕਮਜ਼ੋਰ ਹੁੰਦਾ ਜਾ ਰਿਹਾ ਹੈ। ਇਹ ਵਿਚਾਰ ਸਿੱਖ ਸਟੂਡੈਂਟਸ ਫੈਡਰੇਸ਼ਨ ਮਹਿਤਾ ਦੇ ਸੀਨੀਅਰ ਮੀਤ ਪ੍ਰਧਾਨ ਭਾਈ ਜਸਪਾਲ ਸਿੰਘ ਨੇ ਆਪਣੇ ਸਾਥੀਆਂ ਸਮੇਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਗਟ ਕੀਤੇ। ਉਨ੍ਹਾ ਕਿਹਾ ਕਿ ਸਿੱਖ ਵਿਰੋਧੀ ਤਾਕਤਾਂ ਪਹਿਲਾਂ ਹੀ ਭਾਈਚਾਰਕ ਸਾਂਝ ਨੂੰ ਤੋੜਨ ਦੀਆਂ ਕੋਸ਼ਿਸ਼ਾਂ ਕਰ ਰਹੀਆਂ ਹਨ ਤੇ ਸਿਖਰ 'ਤੇ ਸਿੱਖਾਂ ਵਿੱਚ ਪੈਦਾ ਹੋਏ ਮੱਤਭੇਦ ਉਨ੍ਹਾਂ ਦੇ ਸੰਘਰਸ਼ਾਂ ਨੂੰ ਕਮਜ਼ੋਰ ਕਰ ਰਹੇ ਹਨ, ਜੋ ਕਿ ਚਿੰਤਾ ਦਾ ਵਿਸ਼ਾ ਹੈ।ਉਨ੍ਹਾ ਸਮੂਹ ਗੁਰੂ ਦੇ ਸਿੱਖਾਂ ਨੂੰ ਆਪਸੀ ਮੱਤਭੇਦ ਭੁਲਾ ਕੇ ਸਿੱਖ ਕੌਮ ਦੀ ਚੜ੍ਹਦੀ ਕਲਾ ਲਈ ਇੱਕਮੁੱਠ ਹੋ ਕੇ ਬੰਦੀ ਸਿੰਘਾਂ ਦੀ ਰਿਹਾਈ ਲਈ ਆਵਾਜ਼ ਬੁਲੰਦ ਕਰਕੇ ਸੰਘਰਸ਼ ਨੂੰ ਤੇਜ਼ ਕਰਨ ਦੀ ਅਪੀਲ ਕੀਤੀ। ਉਨ੍ਹਾ ਕਿਹਾ ਕਿ ਸਾਰਿਆਂ ਨੂੰ ਇਕਜੁੱਟ ਹੋ ਕੇ ਸਿੱਖਾਂ ਦੇ ਹੱਕਾਂ ਲਈ ਸੰਘਰਸ਼ ਕਰਨਾ ਚਾਹੀਦਾ ਹੈ, ਤਾਂ ਜੋ ਸਰਕਾਰਾਂ ਨੂੰ ਮੰਗਾਂ ਪੂਰੀਆਂ ਕਰਨ ਲਈ ਮਜ਼ਬੂਰ ਕੀਤਾ ਜਾ ਸਕੇ। ਇਸ ਮੌਕੇ ਸੁਖਦੇਵ ਸਿੰਘ ਲਾਡਾ, ਜਰਨੈਲ ਸਿੰਘ, ਉਡੀਕ ਸਿੰਘ ਕੁੰਡੇ, ਗਗਨਦੀਪ ਸਿੰਘ, ਡਾ. ਗੁਰਮੀਤ ਸਿੰਘ, ਕੁਲਦੀਪ ਸਿੰਘ ਨੱਢਾ, ਮੇਹਰ ਸਿੰਘ, ਅਮਰ ਸਿੰਘ, ਜਗਦੇਵ ਸਿੰਘ, ਮਹਿੰਦਰ ਸਿੰਘ, ਸੁਖਵਿੰਦਰ ਸਿੰਘ, ਸੁਰਜੀਤ ਸਿੰਘ ਆਦਿ ਹਾਜ਼ਰ ਸਨ।

## ਬਾਇਓ ਮੈਡੀਕਲ ਰਹਿੰਦ-ਖੂੰਹਦ ਨੂੰ ਵੱਖ ਕਰਨ ਬਾਰੇ ਵਰਕਸ਼ਾਪ ਕਰਵਾਈ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਦੇਵ ਸਮਾਜ ਕਾਲਜ ਫਾਰ ਵੂਮੈਨ ਫਿਰੋਜ਼ਪੁਰ ਦੇ ਚੇਅਰਮੈਨ ਨਿਰਮਲ ਸਿੰਘ ਢਿੱਲੋਂ ਦੀ ਰਹਿਨੁਮਾਈ ਤੇ ਡਾ. ਸੰਗੀਤਾ, ਪ੍ਰਿੰਸੀਪਲ ਦੇ ਸਹੀ ਮਾਰਗ ਦਰਸ਼ਨ ਹੇਠ ਦਿਨ-ਰਾਤ ਤਰੱਕੀ ਦੇ ਰਾਹ 'ਤੇ ਚੱਲ ਰਿਹਾ ਹੈ। ਕਾਲਜ ਦੇ ਹਸਪਤਾਲ ਐਡਮਿਨਿਸਟਰੇਸ਼ਨ ਐਂਡ ਮੈਨੇਜਮੈਂਟ ਵਿਭਾਗ ਤੇ ਮਿਊਂਸਪਲ ਕੌਂਸਲ ਫਿਰੋਜ਼ਪੁਰ ਵੱਲੋਂ ਸਿਵਲ ਹਸਪਤਾਲ ਫਿਰੋਜ਼ਪੁਰ ਵਿਖੇ ਸਵੱਛਤਾ ਅਭਿਆਨ ਦੇ ਬੈਨਰ ਹੇਠ ਬਾਇਓਮੈਡੀਕਲ ਵੇਸਟ ਨੂੰ ਵੱਖ ਕਰਨ ਬਾਰੇ ਇੱਕ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ 17 ਦੇ ਕਰੀਬ ਵਿਦਿਆਰਥਣਾਂ ਨੇ ਭਾਗ ਲਿਆ। ਕਾਲਜ ਦੇ ਹਸਪਤਾਲ ਐਡਮਿਨਿਸਟਰੇਸ਼ਨ ਐਂਡ ਮੈਨੇਜਮੈਂਟ ਵਿਭਾਗ ਦੇ ਮੁਖੀ ਡਾ. ਸਾਨੀਆ, ਨਗਰ ਕੌਂਸਲ ਫਿਰੋਜ਼ਪੁਰ ਤੇ ਸਿਵਲ ਹਸਪਤਾਲ ਫਿਰੋਜ਼ਪੁਰ ਦੇ ਸਟਾਫ ਨਾਲ ਮਿਲ ਕੇ ਹਸਪਤਾਲ ਦੇ ਪ੍ਰਸ਼ਾਸਕ ਡਾ. ਨਵਨੀਤ ਨੇ ਵਿਦਿਆਰਥੀਆਂ ਨੂੰ ਬੀ ਐੱਮ ਡਬਲਿਊ ਦੇ ਕਲੈਕਸ਼ਨ, ਸੇਗਰਗੇਸ਼ਨ, ਟਰਾਂਸਪੋਰਟ, ਇਲਾਜ ਤੇ ਸੁਰੱਖਿਅਤ ਨਿਪਟਾਰੇ ਬਾਰੇ ਜਾਣਕਾਰੀ ਦਿੱਤੀ। ਵਿਦਿਆਰਥੀਆਂ ਨੂੰ ਹਸਪਤਾਲ ਦੇ ਵੱਖ-ਵੱਖ ਵਾਰਡਾਂ ਵਿੱਚੋਂ ਬਾਇਓਮੈਡੀਕਲ ਵੇਸਟ ਨੂੰ ਇਕੱਠਾ ਕਰਨ ਲਈ ਵੱਖ-ਵੱਖ ਬੈਗ ਦਿਖਾਏ ਗਏ। ਇਸ ਮੌਕੇ ਵਿਦਿਆਰਥੀਆਂ ਨੂੰ ਨਗਰ ਕੌਂਸਲ ਵੱਲੋਂ ਸ਼ਹਿਰ ਵਿੱਚ ਲਗਾਏ ਗਏ ਠੋਸ ਕੂੜੇ ਦੇ ਨਿਪਟਾਰੇ ਬਾਰੇ ਵੀ ਜਾਗਰੂਕ ਕੀਤਾ ਗਿਆ। ਡਾ. ਸੁਖਪਾਲ ਸਿੰਘ ਸੈਨੇਟਰੀ ਇੰਸਪੈਕਟਰ, ਗੁਰਵਿੰਦਰ ਸਿੰਘ, ਚੀਫ ਸੈਨੇਟਰੀ ਇੰਸਪੈਕਟਰ, ਨਗਰ ਕੌਂਸਲ ਫਿਰੋਜ਼ਪੁਰ ਨੇ ਦੱਸਿਆ ਕਿ ਰੋਜ਼ਾਨਾ ਜੀਵਨ ਵਿੱਚ ਪੈਦਾ ਹੋਣ ਵਾਲੇ ਕੂੜੇ ਨੂੰ ਵੱਖ-ਵੱਖ ਕੰਮਾਂ ਲਈ ਕਿਵੇਂ ਵਰਤਿਆ ਜਾ ਸਕਦਾ ਹੈ।

## ਡੀ ਏ ਵੀ ਕਾਲਜ 'ਚ ਟ੍ਰੈਫਿਕਾਂ ਨਿਯਮਾਂ ਸਬੰਧੀ ਜਾਗਰੂਕਤਾ ਕੀਤਾ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਡੀ ਏ ਵੀ ਕਾਲਜ ਫ਼ਿਰੋਜ਼ਪੁਰ ਕੈਂਟ ਵਿੱਚ ਰਾਸ਼ਟਰੀ ਸੜਕ ਸੁਰੱਖਿਆ ਸਪਤਾਹ ਸਬੰਧੀ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ।ਇਸ ਸਬੰਧੀ ਕਾਲਜ ਦੇ ਵਿਦਿਆਰਥੀਆਂ ਵੱਲੋਂ ਸੜਕ ਸੁਰੱਖਿਆ ਤੇ ਆਵਾਜਾਈ ਦੇ ਨਿਯਮਾਂ ਨਾਲ ਸਬੰਧਤ ਜਾਗਰੂਕਤਾ ਰੈਲੀ ਕੀਤੀ ਗਈ।ਜਾਗਰੂਕਤਾ ਰੈਲੀ ਦੀ ਸ਼ੁਰੂਆਤ ਸੰਸਥਾ ਦੇ ਪ੍ਰਿੰਸੀਪਲ ਡਾ. ਸੀਮਾ ਅਰੋੜਾ ਨੇ ਝੰਡੀ ਦਿਖਾ ਕੇ ਕੀਤੀ।ਉਨ੍ਹਾ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਆਵਾਜਾਈ ਦੇ ਸਾਧਨ ਮਨੁੱਖੀ ਵਿਕਾਸ ਦੀ ਪ੍ਰਕਿਰਿਆ ਦਾ ਮੀਲ ਪੱਥਰ ਹਨ, ਪਰ ਜੇਕਰ ਇਨ੍ਹਾਂ ਨਿਯਮਾਂ ਦੀ ਪਾਲਣਾ ਨਾ ਕੀਤੀ ਜਾਵੇ ਤਾਂ ਇਹੀ ਆਵਾਜਾਈ ਦੇ ਸਾਧਨ ਜਾਨ ਮਾਲ ਦੀ ਪ੍ਰੇਸ਼ਾਨੀ ਦਾ ਕਾਰਨ ਬਣ ਸਕਦੇ ਹਨ, ਇਸ ਲਈ ਹਰ ਨਾਗਰਿਕ ਨੂੰ ਸਰਕਾਰ ਦੀ ਇਸ ਪਹਿਲ ਕਦਮੀ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ ਤੇ ਸੁਰੱਖਿਅਤ ਸੜਕਾਂ ਅਤੇ ਸਮਾਜ ਦੀ ਸਥਾਪਨਾ ਕਰਨੀ ਚਾਹੀਦੀ ਹੈ ਤੇ ਇਸ ਸਬੰਧੀ ਕਾਲਜ ਵੱਲੋਂ ਸੜਕ ਸੁਰੱਖਿਆ ਨਾਲ ਸਬੰਧਤ ਵਿਸ਼ਿਆਂ 'ਤੇ ਪੇਂਟਿੰਗ ਤੇ ਭਾਸ਼ਣ ਮੁਕਾਬਲੇ ਵੀ ਕਰਵਾਏ ਗਏ।

# ਸਿਮਰਨਜੀਤ ਸਿੰਘ ਮਾਨ ਨੇ ਸੁਣੀਆਂ ਲੋਕਾਂ ਦੀਆਂ ਮੁਸ਼ਕਲਾਂ



**ਸੰਗਰੂਰ, (ਪ੍ਰਵੀਨ ਸਿੰਘ)** ਮੈਂਬਰ ਪਾਰਲੀਮੈਂਟ ਹੋਣ ਦੇ ਨਾਤੇ ਹਲਕੇ ਦੇ ਲੋਕਾਂ ਦੀ ਹਰ ਦੁੱਖ-ਤਕਲੀਫ਼ ਤੇ ਮਸਲੇ ਨੂੰ ਹੱਲ ਕਰਨਾ ਮੇਰੀ ਜ਼ਿੰਮੇਵਾਰੀ ਹੈ ਤੇ ਇਸ ਜ਼ਿੰਮੇਵਾਰੀ ਨੂੰ ਨਿਭਾਉਣ ਲਈ ਮੈਂ ਹਮੇਸ਼ਾ ਵਚਨਬੱਧ ਹਾਂ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸਿਮਰਨਜੀਤ ਸਿੰਘ ਮਾਨ ਨੇ ਆਪਣੀ ਬੱਗੂਆਣਾ (ਸੰਗਰੂਰ) ਵਿਖੇ ਸਥਿਤ ਰਿਹਾਇਸ਼ 'ਤੇ ਲੋਕਾਂ ਦੀ ਮੁਸ਼ਕਲਾਂ ਸੁਣਨ ਮੌਕੇ ਕੀਤਾ।

ਮਾਨ ਨੇ ਹਾਜ਼ਰੀਨ ਨੂੰ ਕਿਹਾ ਕਿ ਹਲਕੇ ਦੇ ਲੋਕਾਂ ਦੀ ਭਲਾਈ ਸਬੰਧੀ ਕਿਸੇ ਵੀ ਕੰਮ ਲਈ ਉਨ੍ਹਾਂ ਦੇ ਘਰ ਦੇ ਦਰਵਾਜ਼ੇ ਹਮੇਸ਼ਾ ਖੁੱਲ੍ਹੇ ਹਨ, ਜੋ ਵੀ ਹਲਕੇ ਨਾਲ ਸਬੰਧਤ ਮਸਲੇ ਧਿਆਨ ਵਿੱਚ ਆ ਰਹੇ ਹਨ, ਉਨ੍ਹਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਇਸ ਮੌਕੇ ਮਾਨ ਦੇ ਨਿਵਾਸ ਸਥਾਨ 'ਤੇ ਪਹੁੰਚੇ ਅਨੇਕਾਂ ਲੋਕਾਂ ਨੇ ਆਪਣੇ ਮਸਲੇ ਮਾਨ ਅੱਗੇ ਰੱਖੇ, ਜਿਨ੍ਹਾਂ ਨੂੰ ਪੂਰਾ ਧਿਆਨ ਨਾਲ ਸੁਣਨ ਤੋਂ ਬਾਅਦ ਮਾਨ ਨੇ ਜਲਦੀ ਹੀ ਹੱਲ ਕਰਾਉਣ ਦਾ ਭਰੋਸਾ ਦਿੱਤਾ। ਇਸ ਤੋਂ ਇਲਾਵਾ ਕਈ ਲੋਕਾਂ ਦੀਆਂ ਸੱਮਸਿਆਵਾਂ ਦਾ ਮੌਕੇ 'ਤੇ ਹੀ ਨਿਪਟਾਰਾ ਵੀ ਕੀਤਾ ਗਿਆ।

ਉਨ੍ਹਾਂ ਕਿਹਾ ਕਿ ਪੰਜਾਬ ਹਿੱਤ ਦੀ ਸੋਚ ਰੱਖਣ ਵਾਲੇ ਲੋਕ ਲਗਾਤਾਰ ਸ਼੍ਰੋਮਣੀ ਅਕਾਲੀ ਦਲ (ਅ) ਨਾਲ ਜੁੜ ਰਹੇ ਹਨ ਅਤੇ ਪੰਜਾਬ ਨੂੰ ਖੁਸ਼ਹਾਲੀ ਤੇ ਤਰੱਕੀ ਦੇ ਰਾਹ 'ਤੇ ਲਿਜਾਉਣ ਲਈ ਕਮਰ ਕਸ ਚੁੱਕੇ ਹਨ। ਇਸ ਉਪਰੰਤ ਮਾਨ ਸੇਵਾ ਸਿੰਘ ਠੀਕਰੀਵਾਲਾ ਦੇ ਬਰਸੀ ਸਮਾਗਮ ਵਿੱਚ ਭਾਗ ਲੈਣ ਲਈ ਪਾਰਟੀ ਵਰਕਰ ਸਮੇਤ ਰਵਾਨਾ ਹੋਏ।

ਇਸ ਮੌਕੇ ਪਾਰਟੀ ਦੇ ਜਥੇਬੰਦਕ ਸਕੱਤਰ ਜਥੇਦਾਰ ਗੁਰਨੈਬ ਸਿੰਘ ਰਾਮਪੁਰਾ, ਸ. ਬਹਾਦਰ ਸਿੰਘ ਭਸੌੜ, ਨਿੱਜੀ ਸਕੱਤਰ ਗੁਰਜੰਟ ਸਿੰਘ ਕੱਟੂ, ਹਰਿੰਦਰ ਸਿੰਘ ਔਲਖ, ਰਣਦੀਪ ਸਿੰਘ ਸੰਧੂ, ਭੁਪਿੰਦਰ ਸਿੰਘ ਗਰੇਵਾਲ, ਗੁਰਦੀਪ ਸਿੰਘ ਕਾਲਾਝਾੜ, ਸੁਖਵਿੰਦਰ ਸਿੰਘ ਬਲਿਆਲ, ਪ੍ਰਧਾਨ ਸੁਖਵਿੰਦਰ ਸਿੰਘ, ਬੀਬੀ ਹਰਪਾਲ ਕੌਰ, ਦਫਤਰ ਸਕੱਤਰ ਕੁਲਵੰਤ ਸਿੰਘ ਲੱਡੀ ਸਮੇਤ ਵੱਡੀ ਗਿਣਤੀ ਪਾਰਟੀ ਆਗੂ ਤੇ ਇਲਾਕੇ ਦੀ ਸੰਗਤ ਹਾਜ਼ਰ ਸੀ।

# ਸ਼ਹੀਦੀ ਯਾਦਗਾਰ ਦੀ ਸਾਂਭ-ਸੰਭਾਲ ਕਰਨ ਦੀ ਮੰਗ



**ਵਲਟੋਹਾ (ਰਣਜੀਤ ਸਿੰਘ ਵਲਟੋਹਾ)**-ਕਿਸਾਨ ਜਥੇਬੰਦੀਆਂ ਰਾਜੇਵਾਲ, ਕੁੱਲ ਹਿੰਦ ਕਿਸਾਨ ਸਭਾ, ਅਤੇ ਸਮਾਜਸੇਵੀ ਲੋਕਾਂ ਨੇ ਰਲ ਕੇ ਮੀਟਿੰਗ ਕੀਤੀ। ਮੀਟਿੰਗ ਵਿੱਚ ਵਿਚਾਰਾਂ ਹੋਈਆਂ ਕਿ 1965 ਦੇ ਸ਼ਹੀਦਾਂ ਦੀ ਯਾਦਗਾਰ ਦੀ ਹਾਲਤ ਪਿਛਲੇ ਕਾਫੀ ਸਮੇਂ ਤੋਂ ਤਰਸਯੋਗ ਬਣੀ ਹੋਈ ਹੈ ਜਿਸ ਦੀ ਹਾਲੇ ਤਕ ਕਿਸੇ ਨੇ ਸਾਰ ਨਹੀਂ ਲਈ। ਇਸ ਗੱਲ ਦਾ ਸਖਤ ਨੋਟਿਸ ਲੈਂਦਿਆਂ ਸਰਕਾਰ ਪਾਸੋਂ ਮੰਗ ਕੀਤੀ ਕਿ ਸਰਕਾਰ ਇਸ ਸ਼ਹੀਦਾਂ ਦੀ ਯਾਦਗਾਰ ਨੂੰ ਸੰਭਾਲੇ ਅਤੇ ਇਸ ਦੀ ਬੇਅਦਬੀ ਨੂੰ ਰੋਕੇ। ਇਸ ਦੀ ਚਾਰਦੀਵਾਰੀ ਕਰਵਾ ਕੇ ਇਸ ਦੀ ਸਾਂਭ-ਸੰਭਾਲ ਕਰਵਾਏ। ਇਸ ਮੌਕੇ ਤਹਿਸੀਲਦਾਰ ਸਰਬਜੀਤ ਨੇ ਮੌਕੇ 'ਤੇ ਪਹੁੰਚ ਕੇ ਕਿਸਾਨਾਂ ਨੂੰ ਵਿਸ਼ਵਾਸ ਦਿਵਾਇਆ ਕਿ ਮੈਂ ਤੁਹਾਡੀਆਂ ਮੰਗਾਂ ਸਰਕਾਰ ਤਕ ਪਹੁੰਚਾ ਦਿਆਂਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਜ਼ਿਲਾ ਪ੍ਰਧਾਨ ਪਰਗਟ ਸਿੰਘ, ਮੇਹਰ ਸਿੰਘ ਚੱਠੂ, ਕੁੱਲ ਹਿੰਦ ਕਿਸਾਨ ਸਭਾ ਬਲਾਕ ਵਲਟੋਹਾ ਦੇ ਪ੍ਰਧਾਨ ਅਨੂਪ ਸਿੰਘ ਭੋਲਾ, ਖੇਮਕਰਨ ਬਲਾਕ ਸਕੱਤਰ ਰਣਜੀਤ ਸਿੰਘ, ਅੱਛਰ ਸਿੰਘ, ਥਾਣੇਦਾਰ ਗੁਰਦੇਵ ਸਿੰਘ ਮਹਿੰਦੀਪੁਰ, ਹਰਪਾਲ ਸਿੰਘ ਕਲਸ, ਬਲਵੀਰ ਸਿੰਘ ਖੇਮਕਰਨ, ਪਿਸ਼ੌਰ ਸਿੰਘ ਮਹਿੰਦੀਪੁਰ, ਗੁਰਸਾਹਿਬ ਸਿੰਘ ਮੀਏਂਵਾਲਾ ਅਤੇ ਗੁਲਾਬ ਸਿੰਘ ਸੇਖੋਂ ਮਹਿੰਦੀਪੁਰ ਆਦਿ ਹਾਜ਼ਰ ਸਨ।

## ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਨੇ ਦਿਵਾਇਆ ਇਨਸਾਫ

**ਗੁਰਦਾਸਪੁਰ (ਜਨਕ ਮਹਾਜਨ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਭੁੱਲੇਚੱਕ ਵਿਖੇ ਧਰਨਾ ਲਗਾ ਕੇ ਕਿਸਾਨਾਂ ਨੂੰ ਵਣ ਵਿਭਾਗ ਗੁਰਦਾਸਪੁਰ ਤੋਂ ਇਨਸਾਫ ਦਿਵਾਇਆ ਗਿਆ। ਕਮੇਟੀ ਦੇ ਆਗੂ ਸੁਖਜਿੰਦਰ ਸਿੰਘ ਫੌਜੀ ਪ੍ਰਧਾਨ ਜ਼ੋਨ ਬੀਬੀ ਸੁੰਦਰੀ, ਸੀਨੀਅਰ ਕਿਸਾਨ ਆਗੂ ਰਣਜੀਤ ਸਿੰਘ ਚੰਦਰਭਾਨ ਨੇ ਕਿਹਾ ਕਿ ਸਾਨੂੰ ਕਿਸਾਨ ਲਖਵਿੰਦਰ ਸਿੰਘ ਪੁੱਤਰ ਸ਼ਿੰਗਾਰਾ ਨੇ ਦੱਸਿਆ ਕਿ ਅਸੀਂ ਭੁੱਲੇਚੱਕ ਵਿਖੇ ਸੜਕ ਦੇ ਕੰਢੇ ਠੇਕੇ 'ਤੇ ਜ਼ਮੀਨ ਲਈ ਹੋਈ ਹੈ ਅਤੇ ਵਣ ਵਿਭਾਗ ਨੇ ਸਾਨੂੰ ਦੱਸੇ ਬਗੈਰ ਹੀ ਉੱਚ ਅਧਿਕਾਰੀਆਂ ਦੇ ਨਿਰਦੇਸ਼ਾਂ 'ਤੇ ਸਾਡੀ ਜ਼ਮੀਨ ਉਤੇ ਬੁਰਜੀਆਂ ਲਗਾ ਕੇ ਸਾਡੀ ਫਸਲ ਨੂੰ ਖਰਾਬ ਕਰ ਦਿੱਤਾ ਸੀ ਜਿਸ ਨੂੰ ਲੈ ਕੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਨੇ ਆਪਣੇ ਸਾਥੀਆਂ ਸਮੇਤ ਬੱਬੇਹਾਲੀ ਸੜਕ ਤੇ ਵਣ ਵਿਭਾਗ ਦੇ ਅਧਿਕਾਰੀਆਂ ਖਿਲਾਫ ਧਰਨਾ ਲਗਾ ਕੇ ਨਾਅਰੇਬਾਜ਼ੀ ਕੀਤੀ। ਧਰਨੇ ਦੌਰਾਨ ਹੀ ਐੱਸਐੱਚਓ ਅਮਨਦੀਪ ਕੌਰ ਤਿੱਬੜ ਵਣ ਵਿਭਾਗ ਦੇ ਗਾਰਡ ਅਰਮਿੰਦਰ ਸਿੰਘ ਤੇ ਪਿੰਡ ਦੇ ਸਰਪੰਚ ਲਖਵਿੰਦਰ ਸਿੰਘ ਨੇ ਪਹੁੰਚ ਕੇ ਇਹ ਮਾਮਲਾ ਸ਼ਾਂਤ ਕਰਵਾਇਆ ਅਤੇ ਵਣ ਵਿਭਾਗ ਦੇ ਅਧਿਕਾਰੀਆਂ ਨਾਲ ਗਲਬਾਤ ਕਰਕੇ ਇਹ ਮਾਮਲਾ ਅਪ੍ਰੈਲ ਤਕ ਅੱਗੇ ਪਾ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਜਦੋਂ ਤਕ ਕਣਕ ਪੱਕ ਕੇ ਕੱਟੀ ਨਹੀਂ ਜਾਂਦੀ ਉਸ ਤੋਂ ਬਾਅਦ ਹੀ ਵਣ ਵਿਭਾਗ ਮਾਲ ਮਹਿਕਮੇ ਦੇ ਅਧਿਕਾਰੀਆਂ ਨੂੰ ਨਾਲ ਲੈ ਕੇ ਜ਼ਮੀਨ ਦੀ ਨਿਸ਼ਾਨਦੇਹੀ ਕਰਵਾਈ ਜਾਵੇਗੀ ਅਤੇ ਫਿਰ ਹੀ ਬਾਅਦ ਵਿਚ ਬੁਰਜੀਆਂ ਲਗਾਈਆਂ ਜਾਣਗੀਆਂ ਅਤੇ ਇਨ੍ਹਾਂ ਦੀ ਆਪਸੀ ਸਹਿਮਤੀ ਹੋਣ ਤੋਂ ਬਾਅਦ ਧਰਨਾ ਚੁੱਕਿਆ ਗਿਆ। ਇਸ ਮੌਕੇ ਉਨ੍ਹਾਂ ਨਾਲ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਹੋਰ ਵੀ ਆਗੂ ਹਾਜ਼ਰ ਸਨ।

## 21 ਫਰਵਰੀ ਤੋਂ ਪਹਿਲਾਂ-ਪਹਿਲਾਂ ਸੰਕੇਤਕ ਪੱਟੀਆਂ ਪੰਜਾਬੀ ਭਾਸ਼ਾ 'ਚ ਲਿਖੀਆਂ ਜਾਣ: ਡੀ ਸੀ

**ਗੁਰਦਾਸਪੁਰ (ਜਨਕ ਮਹਾਜਨ)**-ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਸਮੂਹ ਵਿਭਾਗਾਂ ਦੇ ਮੁਖੀਆਂ ਨੂੰ ਪੰਜਾਬ ਸਰਕਾਰ ਵੱਲੋਂ ਜਾਰੀ ਹਦਾਇਤਾਂ ਅਨੁਸਾਰ 21 ਫਰਵਰੀ, 2023 ਤੱਕ ਪੰਜਾਬ ਰਾਜ ਦੇ ਸਮੂਹ ਸਰਕਾਰੀ ਦਫਤਰਾਂ, ਵਿਭਾਗਾਂ, ਅਦਾਰਿਆਂ, ਸੰਸਥਾਂਵਾਂ, ਵਿੱਦਿਅਕ ਅਦਾਰਿਆਂ, ਬੋਰਡਾਂ, ਨਿਗਮਾਂ ਅਤੇ ਗ਼ੈਰ ਸਰਕਾਰੀ ਸੰਸਥਾਵਾਂ, ਪਬਲਿਕ ਤੇ ਪ੍ਰਾਈਵੇਟ ਦੁਕਾਨਾਂ ਅਤੇ ਵਪਾਰਕ ਅਦਾਰਿਆਂ ਆਦਿ ਦੇ ਨਾਮ ਅਤੇ ਸੜਕਾਂ ਦੇ ਨਾਮ, ਪੱਟੀਆਂ ਮੀਲ ਪੱਥਰ, ਸਾਈਨ ਬੋਰਡ ਪੰਜਾਬੀ ਭਾਸ਼ਾ (ਗੁਰਮੁਖੀ ਲਿਪੀ) ਵਿੱਚ ਲਿਖੇ ਜਾਣ ਦੀ ਹਦਾਇਤ ਕੀਤੀ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਹੋਰ ਭਾਸ਼ਾ ਵਿੱਚ ਨਾਮ ਲਿਖਣਾ ਹੋਵੇ ਤਾਂ ਪੰਜਾਬੀ ਭਾਸ਼ਾ (ਗੁਰਮੁਖੀ ਲਿਪੀ) ਤੋਂ ਹੇਠਾਂ ਲਿਖਿਆ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਇਸ ਮਾਮਲੇ ਪ੍ਰਤੀ ਬੇਹੱਦ ਸੰਜੀਦਾ ਹੈ ਅਤੇ ਇਸ ਵਿੱਚ ਕਿਸੇ ਪ੍ਰਕਾਰ ਦੀ ਅਣਗਹਿਲੀ ਨਾ ਵਰਤੀ ਜਾਵੇ ਕਿਉਂਕਿ ਇਨ੍ਹਾਂ ਪੰਜਾਬੀ ਪ੍ਰਚਾਲਨ ਦੀਆਂ ਹਦਾਇਤਾਂ ਦੀ ਉਲੰਘਣਾ ਕਰਨ ਵਾਲੇ ਅਧਿਕਾਰੀ/ਕਰਮਚਾਰੀ ਨੂੰ ਪੰਜਾਬ ਰਾਜ ਭਾਸ਼ਾ (ਸੋਧ) ਐਕਟ-2021 ਤਹਿਤ ਜੁਰਮਾਨਾ ਲਗਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਸਾਡਾ ਸਾਰਿਆਂ ਦਾ ਨੈਤਿਕ ਤੇ ਕਾਨੂੰਨੀ ਤੌਰ 'ਤੇ ਫ਼ਰਜ਼ ਬਣਦਾ ਹੈ ਕਿ ਅਸੀਂ ਮਾਤ ਭਾਸ਼ਾ ਨੂੰ ਉਸ ਦਾ ਬਣਦਾ ਮਾਣ-ਸਤਿਕਾਰ ਦੇਈਏ। ਉਨ੍ਹਾਂ ਸਮੂਹ ਅਦਾਰਿਆਂ ਦੇ ਮੁਖੀਆਂ ਨੂੰ ਅਪੀਲ ਕੀਤੀ ਕਿ ਉਹ ਆਪੋ-ਆਪਣੇ ਅਧਿਕਾਰ ਖੇਤਰ ਵਿੱਚ ਆਉਂਦੇ ਸਥਾਨਾਂ ਦੀ ਪੜਤਾਲ ਕਰਨ ਅਤੇ ਪੰਜਾਬੀ ਭਾਸ਼ਾ ਦੇ ਸ਼ਬਦ-ਜੋੜ ਠੀਕ ਹੋਣ ਇਸ ਉੱਪਰ ਵੀ ਧਿਆਨ ਦਿੱਤਾ ਜਾਵੇ। ਜੇਕਰ ਇਸ ਤਰ੍ਹਾਂ ਦੀ ਕੋਈ ਕਮੀ ਪਾਈ ਜਾਂਦੀ ਹੈ ਤਾਂ ਸਬੰਧਿਤ ਅਧਿਕਾਰੀਆਂ ਵੱਲੋਂ ਉਸਨੂੰ ਤੁਰੰਤ ਠੀਕ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਦੇ ਸਮੂਹ ਦਫ਼ਤਰਾਂ ਵਿੱਚ ਰਾਜ ਭਾਸ਼ਾ ਐਕਟ 1967, ਰਾਜ ਭਾਸ਼ਾ ਐਕਟ (ਤਰਮੀਮ) 2008 ਅਤੇ ਰਾਜ ਭਾਸ਼ਾ (ਸੋਧ) ਐਕਟ, 2021 ਦੀ ਪਾਲਣਾ ਨੂੰ ਇੰਨ-ਬਿੰਨ ਯਕੀਨੀ ਬਣਾਇਆ ਜਾਵੇ।

## ਸਬ-ਇੰਸਪੈਕਟਰ ਬਾਜਵਾ ਨੇ ਚਾਰਜ ਸੰਭਾਲਿਆ

**ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)**-ਸਬ-ਇੰਸਪੈਕਟਰ ਬਲਜਿੰਦਰ ਸਿੰਘ ਬਾਜਵਾ ਨੇ ਥਾਣਾ ਝਬਾਲ ਦਾ ਚਾਰਜ ਸੰਭਾਲ ਲਿਆ ਅਤੇ ਕੰਮਕਾਜ ਸ਼ੁਰੂ ਕਰ ਦਿੱਤਾ। ਇਸ ਮੌਕੇ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਇਲਾਕੇ ਵਿੱਚ ਅਮਨ-ਸ਼ਾਂਤੀ ਨੂੰ ਹਰ ਹਾਲਤ ਵਿੱਚ ਕਾਇਮ ਰੱਖਿਆ ਜਾਵੇਗਾ ਅਤੇ ਥਾਣੇ ਵਿੱਚ ਪੁਰਾਣੇ ਕੇਸਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ ਅਤੇ ਥਾਣੇ ਵਿੱਚ ਆਉਣ ਵਾਲੇ ਹਰ ਇੱਕ ਆਮ ਤੇ ਖਾਸ ਨੂੰ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ, ਕਿਸੇ ਨਾਲ ਵੀ ਬੇਇਨਸਾਫੀ ਨਹੀਂ ਕੀਤੀ ਜਾਵੇਗੀ। ਉਨ੍ਹਾਂ ਇਲਾਕੇ ਵਿੱਚ ਨਸ਼ੇ ਦਾ ਧੰਦਾ ਕਰਨ ਵਾਲਿਆਂ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਉਹ ਇਹ ਧੰਦਾ ਛੱਡ ਕੇ ਮਿਹਨਤ ਤੇ ਹੱਕ ਦੀ ਕਮਾਈ ਕਰਨ ਨਹੀਂ ਤਾਂ ਕਿਸੇ ਨੂੰ ਵੀ ਨਹੀਂ ਬਖਸ਼ਿਆ ਜਾਵੇਗਾ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਨਸ਼ੇ ਵਾਲਿਆਂ ਦੀ ਸਹੀ ਸੂਚਨਾ ਦੇਣ ਤੇ ਸੂਚਨਾ ਦੇਣ ਵਾਲੇ ਦਾ ਨਾਮ ਪਤਾ ਗੁਪਤ ਰੱਖਿਆ ਜਾਵੇਗਾ। ਇਸ ਮੌਕੇ ਉਨ੍ਹਾਂ ਨਾਲ ਐੱਸਆਈ ਬਲਰਾਜ ਸਿੰਘ, ਏਐੱਸ ਆਈ ਗੁਰਵਿੰਦਰ ਸਿੰਘ, ਏਐੱਸਆਈ ਸੱਤਪਾਲ, ਏਐੱਸਆਈ ਇਕਬਾਲ ਸਿੰਘ, ਮੁੱਖ ਮੁਨਸ਼ੀ ਮਨਦੀਪ ਸਿੰਘ, ਹੈੱਡ ਕਾਂਸਟੇਬਲ ਰਾਜਬੀਰ ਸਿੰਘ, ਹੌਲਦਾਰ ਅਮਰੀਕ ਸਿੰਘ, ਸਤਨਾਮ ਸਿੰਘ ਝਾਮਕਾ ਅਤੇ ਸੁਖਦੇਵ ਸਿੰਘ ਆਦਿ ਹਾਜ਼ਰ ਸਨ।

# ਧੰਨ-ਧੰਨ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਦੀਆਂ ਤਿਆਰੀਆਂ ਮੁਕੰਮਲ



**ਤਰਸਿੱਕਾ/ ਅੰਮ੍ਰਿਤਸਰ (ਤਰਸੇਮ ਸਿੰਘ ਸਾਧਪੁਰ, ਜਸਬੀਰ ਸਿੰਘ ਪੱਟੀ)**-ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ( 341 ਵਾਂ) ਜਨਮ ਦਿਹਾੜਾ ਚਾਟੀਵਿੰਡ ਅੰਮ੍ਰਿਤਸਰ ਸਥਿਤ ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਦੇ ਪਾਵਨ ਅਸਥਾਨ ਤੇ 25 ਤੋਂ 27 ਜਨਵਰੀ ਤੱਕ ਸਿੱਖ ਪੰਥ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਮੈਨੇਜਰ ਸ੍ਰੀ ਦਰਬਾਰ ਸਾਹਿਬ ਅਤੇ ਸ਼ਹਿਰ ਦੀਆਂ ਸਮੂਹ ਧਾਰਮਿਕ ਸਭਾ ਸੁਸਾਇਟੀਆਂ ਅਤੇ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ । ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਦੇ ਮੈਨੇਜਰ ਹਰਪ੍ਰੀਤ ਸਿੰਘ ਤੋ ਪ੍ਰਾਪਤ ਜਾਣਕਾਰੀ ਅਨੁਸਾਰ ਅੱਜ 19 ਤੋਂ 25 ਜਨਵਰੀ ਤੱਕ ਰੋਜ਼ਾਨਾ ਸ਼ਾਮ 6 ਵਜੇ ਤੋਂ ਰਾਤ 9 ਵਜੇ ਤੱਕ ਵੱਖ-ਵੱਖ ਗੁਰਦੁਆਰਾ ਅਸਥਾਨ 'ਤੇ ਲੜੀਵਾਰ ਗੁਰਮਿਤ ਸਮਾਗਮ ਸਜਾਏ ਜਾਣਗੇ । 25 ਜਨਵਰੀ ਸਵੇਰੇ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਜਾਣਗੇ, ਜਿਸ ਦੇ ਭੋਗ 27 ਜਨਵਰੀ ਸਵੇਰੇ ਪੈਣਗੇ ਉਪਰੰਤ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਤੋ ਆਏ ਮੁੱਖ ਵਾਕ ਦੀ ਕਥਾ ਅਤੇ ਬਾਬਾ ਜੀ ਦੇ ਅਦੁੱਤੀ ਜੀਵਨ ਬਾਰੇ ਦਰਬਾਰ ਸਾਹਿਬ ਦੇ ਸਿੰਘ ਸਾਹਿਬ ਭਰਪੂਰ ਜਾਣਕਾਰੀ ਸਾਝੀ ਕਰਵਾਉਣਗੇ। ਧਰਮ ਪ੍ਰਚਾਰ ਕਮੇਟੀ ਵਲੋਂ 27 ਜਨਵਰੀ ਸਵੇਰੇ 9 ਵਜੇ ਅੰਮ੍ਰਿਤ ਸੰਚਾਰ ਕਰਵਾਇਆ ਜਾ ਰਿਹਾ ਹੈ। ਅੰਮ੍ਰਿਤ ਅਭਿਲਾਸ਼ੀਆਂ ਨੂੰ ਫ੍ਰੀ ਕਕਾਰ ਦਿਤੇ ਜਾਣਗੇ । 26 ਜਨਵਰੀ ਸਵੇਰੇ 12 ਵਜੇ ਸ੍ਰੀ ਅਕਾਲ ਤਖਤ ਸਾਹਿਬ ਤੋ ਅਲੌਕਿਕ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ, ਪੰਜ ਪਿਆਰਿਆ ਦੀ ਅਗਵਾਈ ਹੇਠ ਕੱਢਿਆ ਜਾਏਗਾ ਜੋ ਚੌਂਕ ਘੰਟਾ ਘਰ ਪਲਾਜ਼ਾ ਤੇ ਚਲ ਕੇ ਜਲ੍ਹਿਆਂਵਾਲਾ ਬਾਗ, ਲੱਕੜ ਮੰਡੀ, ਸੁਲਤਾਨ ਵਿੰਡ ਰੋਡ, ਤੇਜ ਨਗਰ, ਸ਼ਹੀਦ ਉਧਮ ਸਿੰਘ ਨਗਰ ਤਰਨ ਤਾਰਨ ਰੋਡ ਰਸਤਿਉਂ ਹੁੰਦਾ ਹੋਇਆ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਵਿਖੇ ਸੰਪੰਨ ਹੋਵੇਗਾ ।26 ਅਤੇ 27 ਜਨਵਰੀ ਵਿਸ਼ਾਲ ਕੀਰਤਨ ਦਰਬਾਰ ਸਜਾਇਆ ਜਾਏਗਾ ਜਿਸ ਵਿਚ ਪੰਥ ਪ੍ਰਸਿੱਧ ਵਿਦਵਾਨ ਮਹਾਨ ਕਥਾਵਾਚਕ, ਰਾਗੀ ਢਾਡੀ, ਪ੍ਰਚਾਰਕ ਅਤੇ ਕੀਰਤਨੀ ਜਥੇ ਬੀਰ ਰਸ ਵਾਰਾਂ ਅਤੇ ਗੁਰਬਾਣੀ ਦੇ ਰਸ-ਭਿੰਨੇ ਕੀਰਤਨ ਦੀ ਛਹਿਬਰ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਹਰਪ੍ਰੀਤ ਸਿੰਘ ਨੇ ਦੱਸਿਆ ਕਿ ਇਸ ਖੁਸ਼ੀ ਮੌਕੇ ਕੀਰਤਨ ਅਤੇ ਦੀਪਮਾਲਾ ਕੀਤੀ ਜਾਏਗੀ ਅਤੇ ਆਤਿਸ਼ਬਾਜ਼ੀ ਵੀ ਚਲਾਈ ਜਾਏਗੀ। ਗੁਰੂ ਕਾ ਲੰਗਰ ਅਤੁੱਟ ਲਗਾਇਆ ਜਾਏਗਾ ।

# ਸੰਤ ਬਾਬਾ ਦਯਾ ਸਿੰਘ ਜੀ ਦੀ 9ਵੀਂ ਬਰਸੀ ਮਨਾਈ



**ਝਬਾਲ( ਹਰਜਿੰਦਰ ਸਿੰਘ ਸੋਨੀ/ ਰੌਬਿਨ ਸਿੰਘ)**-ਮੀਰੀ ਪੀਰੀ ਦੇ ਮਾਲਕ ਧੰਨ-ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਦੇ ਦਰੋਂ-ਘਰੋਂ ਵਰੋਸਾਇ ਬਿਧੀ ਚੰਦ ਛੀਨਾ ਗੁਰੂ ਕਾ ਸੀਨਾ ਬਾਬਾ ਬਿਧੀ ਚੰਦ ਸਾਹਿਬ ਜੀ ਦੇ 11ਵੇਂ ਜਾਨਸ਼ੀਨ, ਪੰਥ ਦੀ ਸਤਿਕਾਰ ਸ਼ਖਸੀਅਤ, ਬ੍ਰਹਮਗਿਆਨੀ ਸੱਚਖੰਡ ਵਾਸੀ ਸੰਤ ਬਾਬਾ ਦਯਾ ਸਿੰਘ ਜੀ ਦੀ 9ਵੀਂ ਬਰਸੀ 19 ਜਨਵਰੀ ਦਿਨ ਵੀਰਵਾਰ ਨੂੰ ਨਗਰ ਸੁਰ ਸਿੰਘ ਵਿਖੇ ਸ਼ਰਧਾ ਸਤਿਕਾਰ ਸਹਿਤ ਮਨਾਈ ਗਈ। ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਦੀਵਾਨ ਹਾਲ ਵਿਚ ਦੀਵਾਨ ਸਜਾਏ ਗਏ ਜਿਸ ਵਿੱਚ ਪੰਥਕ ਪ੍ਰਸਿੱਧ ਕੀਰਤਨੀ ਜਥੇ ਅਤੇ ਗੁਣੀ ਗਿਆਨੀ, ਕਵੀਸ਼ਰਾਂ, ਢਾਡੀਆਂ ਨੇ ਗੁਰੂ ਜੱਸ ਸਰਵਣ ਕਰਵਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਬਰਸੀ ਸਮਾਗਮਾਂ ਵਿੱਚ ਉਚੇਚੇ ਤੌਰ 'ਤੇ ਧਾਰਮਿਕ ਹਸਤੀਆਂ, ਤਖਤਾਂ ਦੇ ਜਥੇਦਾਰ, ਨਿਰਮਲੀਏ, ਸੰਤਾਂ ਮਹੰਤਾਂ ਨੇ ਪਹੁੰਚ ਕੇ ਹਾਜ਼ਰੀ ਭਰੀ।

ਜਥੇਦਾਰ ਸੰਤ ਬਾਬਾ ਅਵਤਾਰ ਸਿੰਘ ਨੇ ਸਾਰੇ ਹੀ ਸਿੱਖ ਜਗਤ ਦੀਆਂ ਹਸਤੀਆਂ ਨੂੰ ਪਹੁੰਚਣ 'ਤੇ ਜੀ ਆਇਆਂ ਆਖਿਆ ਤੇ ਸਾਰੇ ਸੰਤਾਂ ਮਹੰਤਾਂ ਨੂੰ ਸਨਮਾਨਿਤ ਵੀ ਕੀਤਾ। ਖੰਡੇ ਬਾਟੇ ਦਾ ਅੰਮ੍ਰਿਤ ਸੰਚਾਰ ਵੀ ਕੀਤਾ ਗਿਆ। ਗੁਰੂ ਕੇ ਲੰਗਰ ਅਤੁੱਟ ਵਰਤਦੇ ਰਹੇ। ਇਸ ਮੌਕੇ ਸੰਪਰਦਾਇ ਦਲ ਬਾਬਾ ਬਿਧੀ ਚੰਦ ਜੀ ਦੇ 12ਵੇ ਮੁਖੀ ਜਥੇਦਾਰ ਸੰਤ ਬਾਬਾ ਅਵਤਾਰ ਸਿੰਘ ਅਤੇ ਸਮੂਹ ਨਗਰ ਨਿਵਾਸੀ ਸੰਗਤਾਂ ਹਾਜ਼ਰ ਸਨ।

# ਫਾਇਰ ਬ੍ਰਿਗੇਡ ਗੱਡੀ ਦਾ ਟੋਲ ਫ੍ਰੀ ਨੰਬਰ ਜਾਰੀ




**ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)**-ਪੇਂਡੂ ਵਿਕਾਸ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਦੀ ਨੂੰਹ ਅਮਨਦੀਪ ਕੌਰ ਧਾਲੀਵਾਲ ਵੱਲੋਂ ਫਾਇਰ ਬ੍ਰਿਗੇਡ ਗੱਡੀ ਲਈ ਹੈਲਪ-ਲਾਈਨ ਨੰਬਰ ਜਾਰੀ ਕੀਤਾ ਗਿਆ। ਇਸ ਮੌਕੇ ਗੱਲਬਾਤ ਕਰਦਿਆਂ ਅਮਨਦੀਪ ਕੌਰ ਧਾਲੀਵਾਲ ਨੇ ਦੱਸਿਆ ਕਿ ਅੱਗ ਲੱਗਣ ਦੀਆਂ ਘਟਨਾਵਾਂ ਦੇ ਮੱਦੇਨਜ਼ਰ ਲੋਕਾਂ ਦੀ ਸਹੂਲਤ ਲਈ ਫਾਇਰ ਬ੍ਰਿਗੇਡ ਦਾ ਟੋਲ ਫ੍ਰੀ ਨੰਬਰ 01858299500 ਜਾਰੀ ਕੀਤਾ ਗਿਆ ਹੈ ਜੋ ਕਿ 24 ਘੰਟੇ ਚਾਲੂ ਰਹੇਗਾ ਅਤੇ ਕੋਈ ਵੀ ਵਿਅਕਤੀ ਕਿਸੇ ਸਮੇਂ ਵੀ ਫੋਨ ਕਰਕੇ ਫਾਇਰ ਬ੍ਰਿਗੇਡ ਦੀ ਸਹੂਲਤ ਲੈ ਸਕਦਾ ਹੈ। ਉਨ੍ਹਾਂ ਦੱਸਿਆ ਕਿ ਨਗਰ ਪੰਚਾਇਤ ਅਜਨਾਲਾ ਦੇ ਦਫਤਰ ਵਿੱਚ ਹੀ ਫਾਇਰ ਬ੍ਰਿਗੇਡ ਨਾਲ ਸਬੰਧਿਤ ਦਫਤਰ ਬਣਾਇਆ ਗਿਆ ਹੈ ਜਿਸ ਵਿੱਚ ਗੱਡੀ ਨਾਲ ਸਬੰਧਿਤ 8 ਮੈਂਬਰੀ ਸਟਾਫ ਹਰ ਸਮੇਂ ਮੌਜੂਦ ਰਹੇਗਾ। ਇਸ ਮੌਕੇ ਪ੍ਰਧਾਨ ਜਸਪਾਲ ਸਿੰਘ ਢਿੱਲੋਂ, ਸ਼ਿਵਦੀਪ ਸਿੰਘ ਚਾਹਲ ਸਮੇਤ ਵਰਕਰ ਅਤੇ ਅਧਿਕਾਰੀ ਹਾਜ਼ਰ ਹੋਏ।

## 2 ਪੇਟੀਆਂ ਸ਼ਰਾਬ ਸਮੇਤ ਦੋ ਗ੍ਰਿਫਤਾਰ

**ਗੁਰਦਾਸਪੁਰ (ਜਨਕ ਮਹਾਜਨ)**-ਸ਼ਾਲਾ ਪੁਲਸ ਨੇ ਦੋ ਪੇਟੀਆਂ ਸ਼ਰਾਬ ਸਮੇਤ ਦੋ ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ ਮਾਮਲਾ ਦਰਜ ਕੀਤੇ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਮਿਲੀ ਜਾਣਕਾਰੀ ਅਨੁਸਾਰ ਏਐੱਸਆਈ ਨਰਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਗੁਪਤ ਸੂਚਨਾ ਮਿਲੀ ਕਿ ਕੁਝ ਵਿਅਕਤੀ ਅੰਗਰੇਜ਼ੀ ਸ਼ਰਾਬ ਦਾ ਨਜਾਇਜ਼ ਧੰਦਾ ਕਰਦੇ ਹਨ ਅਤੇ ਇਸ ਨੂੰ ਠੱਲ੍ਹ ਪਾਉਣ ਲਈ ਏਐੱਸਆਈ ਅਜੇ ਕੁਮਾਰ ਆਬਕਾਰੀ ਨਿਰੀਖਕ ਦੀਨਾਨਗਰ ਨੇ ਪੁਲਸ ਪਾਰਟੀ ਸਮੇਤ ਪਿੰਡ ਕਲੀਜਪੁਰ ਨੇੜੇ ਨਾਕਾ ਲਗਾ ਕੇ ਲਖਵੀਰ ਸਿੰਘ ਪੁੱਤਰ ਆਸਾ ਸਿੰਘ ਵਾਸੀ ਕਲੀਜਪੁਰ ਅਤੇ ਬਲਜਿੰਦਰ ਕੁਮਾਰ ਪੁੱਤਰ ਕਿਸ਼ੋਰ ਲਾਲ ਵਾਸੀ ਪੰਡੋਰੀ ਬੈਂਸਾਂ ਥਾਣਾ ਪੁਰਾਣਾ ਸ਼ਾਲਾ ਨੂੰ ਮੋਟਰਸਾਈਕਲ ਨੰਬਰ ਪੀ ਬੀ 06-ਐਲ 0597 ਸਮੇਤ ਕਾਬੂ ਕੀਤਾ ਤਾਂ ਇਨ੍ਹਾਂ ਦੋਵਾਂ ਪਾਸੋਂ 2 ਪੇਟੀਆਂ (24 ਬੋਤਲਾਂ) ਸ਼ਰਾਬ ਠੇਕਾ ਮਾਰਕਾ ਹੱਬ ਵ੍ਹਿਸਕੀ ਸੇਲ ਪੰਜਾਬ ਬਰਾਮਦ ਹੋਈ। ਪੁਲਸ ਨੇ ਦੋਵਾਂ ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ ਜ਼ੇਰੇ ਧਾਰਾ 61-1-1 ਤਹਿਤ ਆਬਕਾਰੀ ਐਕਟ ਅਧੀਨ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਸ਼ਹਿਰੀ ਨੌਜਵਾਨਾਂ ਲਈ ਮੁਫਤ ਕਿੱਤਾ-ਮੁਖੀ ਹੁਨਰ ਸਿਖਲਾਈ ਕੋਰਸ ਹੋਣਗੇ ਸ਼ੁਰੂ : ਡੀ ਸੀ

**ਪਠਾਨਕੋਟ: (ਦਵਿੰਦਰ ਸਿੰਘ)**-ਜ਼ਿਲ੍ਹਾ ਪਠਾਨਕੋਟ ਵਿਖੇ ਪੰਜਾਬ ਹੁਨਰ ਵਿਕਾਸ ਮਿਸ਼ਨ ਵੱਲੋਂ ਰਾਸ਼ਟਰੀ ਸ਼ਹਿਰੀ ਅਜੀਵਿਕਾ ਮਿਸ਼ਨ ਸਕੀਮ ਤਹਿਤ ਜ਼ਿਲੇ ਦੇ ਸ਼ਹਿਰੀ ਨੌਜਵਾਨਾਂ ਲਈ ਮੁਫਤ ਰੁਜ਼ਗਾਰ ਕਿੱਤਾ ਮੁਖੀ ਹੁਨਰ ਸਿਖਲਾਈ ਕੋਰਸ ਸ਼ੁਰੂ ਕੀਤਾ ਜਾ ਰਿਹਾ ਹੈ।

ਇਹ ਪ੍ਰਗਟਾਵਾ ਹਰਬੀਰ ਸਿੰਘ ਡਿਪਟੀ ਕਮਿਸ਼ਨਰ ਪਠਾਨਕੋਟ ਵੱਲੋਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਰਕਾਰ ਦਾ ਇਹ ਉਪਰਾਲਾ ਹੈ ਕਿ ਜੋ ਨੌਜਵਾਨ ਬੇਰੁਜ਼ਗਾਰ ਹਨ ਉਨ੍ਹਾਂ ਨੂੰ ਅਪਣਾ ਰੁਜ਼ਗਾਰ ਖੋਲ੍ਹਣ ਲਈ ਹੁਨਰ ਸਿਖਾਇਆ ਜਾਵੇ ਅਤੇ ਨੌਜਵਾਨ ਅਜਿਹੇ ਕੋਰਸਾਂ ਨੂੰ ਕਰਕੇ ਅਪਣਾ ਸਵੈ-ਰੋਜ਼ਗਾਰ ਸਥਾਪਿਤ ਕਰ ਸਕਦੇ ਹਨ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਇਸ ਕਰਵਾਏ ਜਾ ਰਹੇ ਫ੍ਰੀ ਕੋਰਸ ਤੋਂ ਲਾਭ ਪ੍ਰਾਪਤ ਕਰਨ। ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਇਹ ਕੋਰਸ ਸ਼ਹਿਰੀ ਨੌਜਵਾਨਾਂ ਲਈ ਇਕ ਬਹੁਤ ਹੀ ਵਧੀਆ ਰੋਜ਼ਗਾਰ ਸਿੱਧ ਹੋਵੇਗਾ। ਇਸ ਸਕੀਮ ਤਹਿਤ ਵੱਖ-ਵੱਖ ਤਰ੍ਹਾਂ ਦੇ ਕੋਰਸ ਜਿਵੇਂ ਕਿ ਹੈਲਥਕੇਅਰ ਕੁਆਲਿਟੀ ਇੰਸ਼ੋਰੈਂਸ ਮੈਨੇਜਰ, ਯੋਗਾ ਤੰਦਰੁਸਤੀ ਟ੍ਰੇਨਰ, ਮਰੀਜ਼ ਸਬੰਧ ਐਸੋਸੀਏਟਸ, ਟੰਗਸਟਨ ਇਨਰਟ ਗੈਸ ਵੈਲਡਰ, ਸਕੂਲ ਵਿੱਚ ਆਈਟੀ ਕੋਆਰਡੀਨੇਟਰ, ਵੈੱਬ ਡਿਵੈਲਪਰ, ਮੋਬਾਈਲ ਮੁਰੰਮਤ, ਆਈ. ਟੀ. ਹੈਲਪਡੈਸਕ ਅਟੈਂਡੈਂਟ, ਬਿਊਟੀ ਥੈਰੇਪਿਸਟ, ਸੀਸੀਟੀਵੀ-ਇੰਸਟਾਲੇਸ਼ਨ ਟੈਕਨੀਸ਼ੀਅਨ, ਗਾਹਕ ਦੇਖਭਾਲ ਕਾਰਜਕਾਰੀ, ਮੇਕਅੱਪ, ਸੋਲਰ ਪੈਨਲ ਇੰਸਟਾਲੇਸ਼ਨ ਟੈਕਨੀਸ਼ੀਅਨ, ਸਹਾਇਕ ਇਲੈਕਟ੍ਰੀਸ਼ੀਅਨ ਆਦਿ ਸ਼ਾਮਲ ਹਨ ਅਤੇ ਇਨ੍ਹਾਂ ਕੋਰਸਾਂ ਅਧੀਨ 4 ਮਹੀਨਿਆਂ ਦੀ ਮੁਫਤ ਸਿਖਲਾਈ ਦਿੱਤੀ ਜਾਣੀ ਹੈ। ਸਿਖਲਾਈ ਦੇ ਨਾਲ ਹੀ ਬੇਸਿਕ ਕੰਪਿਊਟਰ, ਸਾਫਟ ਸਕਿੱਲ ਆਦਿ ਵੀ ਸਿਖਾਇਆ ਜਾਣਾ ਹੈ। ਉਨ੍ਹਾਂ ਦੱਸਿਆ ਕਿ ਟਰੇਨਿੰਗ ਵਿਚ ਭਾਗ ਲੈਣ ਵਾਲੇ ਪ੍ਰਾਰਥੀਆਂ ਨੂੰ ਵਰਦੀਆਂ, ਕਿਤਾਬਾਂ ਮੁਫਤ ਦਿੱਤੀਆਂ ਜਾਣਗੀਆਂ। ਟਰੇਨਿੰਗ ਤੋਂ ਬਾਅਦ ਪ੍ਰਾਰਥੀਆਂ ਨੂੰ ਸਰਕਾਰ ਵੱਲੋ ਸਰਟੀਫਿਕੇਟ ਅਤੇ ਰੋਜ਼ਗਾਰ ਅਤੇ ਸਵੈ-ਰੋਜ਼ਗਾਰ ਦੇ ਅਵਸਰ ਵੀ ਮੁਹੱਈਆ ਕਰਵਾਏ ਜਾਣਗੇ। ਕੋਈ ਵੀ ਚਾਹਵਾਨ ਪ੍ਰਾਰਥੀ ਜ਼ਿਲਾ ਰੋਜ਼ਗਾਰ ਦਫਤਰ ਕਮਰਾ ਨੰ;352, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਮਲਿਕਪੁਰ ਵਿੱਚ ਆ ਕੇ ਸੰਪਰਕ ਕਰ ਸਕਦਾ ਹੈ।

# ਟਾਈਪਿਸਟ ਤੇ ਵਸੀਕਾ ਨਵੀਸ ਸਰਕਾਰੀ ਰੇਟਾਂ ਦੀ ਸੂਚੀ ਆਪਣੀ ਦੁਕਾਨ ਜਾਂ ਅੱਡੇ ਮੂਹਰੇ ਜ਼ਰੂਰ ਲਗਵਾਉਣ-ਡੀ ਸੀ

**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ ਚਾਵਲਾ)**-ਵਿਨੀਤ ਕੁਮਾਰ ਡਿਪਟੀ ਕਮਿਸ਼ਨਰ ਸ੍ਰੀ ਮੁਕਤਸਰ ਸਾਹਿਬ ਨੇ ਦਫਤਰ ਦੇ ਬਾਹਰ ਬੈਠੇ ਟਾਈਪਿਸਟਾਂ ਤੇ ਵਸੀਕਾਂ ਨਵੀਸਾਂ ਵੱਲੋਂ ਸਰਕਾਰੀ ਨਿਰਧਾਰਤ ਰੇਟਾਂ ਤੋਂ ਵੱਧ ਲਿਖਾਈ ਫੀਸ ਵਸੂਲਣ ਦਾ ਗੰਭੀਰ ਨੋਟਿਸ ਲੈਂਦਿਆਂ ਹਦਾਇਤ ਕੀਤੀ ਹੈ ਕਿ ਜੇਕਰ ਕੋਈ ਟਾਈਪਿਸਟ ਜਾਂ ਵਸੀਕਾ ਨਵੀਸ ਲੋਕਾਂ ਪਾਸੋਂ ਸਰਕਾਰੀ ਨਿਰਧਾਰਤ ਰੇਟ ਤੋਂ ਵੱਧ ਲਿਖਾਈ ਵਸੂਲ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਖਿਲਾਫ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਖਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਜ਼ਿਲ੍ਹੇ ਦੇ ਟਾਈਪਿਸਟਾਂ ਤੇ ਵਸੀਕਾ ਨਵੀਸਾਂ ਨੂੰ ਹਦਾਇਤ ਕੀਤੀ ਕਿ ਆਪਣੀ ਦੁਕਾਨ ਜਾਂ ਅੱਡੇ ਮੂਹਰੇ ਨਿਰਧਾਰਤ ਰੇਟਾਂ ਦੀ ਲਿਸਟ ਫਿਕਸ ਬੋਰਡ ਜਾਂ ਪੇਂਟਰ ਤੋਂ ਕੰਧ 'ਤੇ ਰੇਟ ਲਿਖਵਾਉਣ ਤਾਂ ਜੋ ਲੋਕਾਂ ਦੀ ਨਜਾਇਜ਼ ਲੁੱਟ ਖਸੁੱਟ ਨੂੰ ਰੋਕਣ ਲਈ ਪਾਰਦਰਸ਼ਤਾ ਲਿਆਂਦੀ ਜਾ ਸਕੇ ਅਤੇ ਆਮ ਲੋਕਾਂ ਨੂੰ ਨਿਰਧਾਰਤ ਰੇਟਾਂ ਦੀ ਜਾਣਕਾਰੀ ਮਿਲ ਸਕੇ। ਉਨ੍ਹਾ ਇਹ ਵੀ ਕਿਹਾ ਕਿ ਜੇਕਰ ਕੋਈ ਵੀ ਵਸੀਕਾ ਨਵੀਸ ਜਾਂ ਇਸ ਕੰਮ ਨਾਲ ਸਬੰਧਤ ਐਡਵੋਕੇਟ ਨਿਰਧਾਰਤ ਫੀਸ ਤੋਂ ਜ਼ਿਆਦਾ ਫੀਸ ਲੈਂਦਾ ਪਾਇਆ ਗਿਆ ਤਾਂ ਉਸ ਦਾ ਲਾਇਸੰਸ ਕੈਂਸਲ ਕਰਨ ਸਬੰਧੀ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

## ਕਾਨੂੰਗੋ ਸੁਖਦੇਵ ਸਿੰਘ ਨੇ ਚਾਰਜ ਸੰਭਾਲਿਆ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪਟਵਾਰੀ ਤੋਂ ਪਦਉੱਨਤ ਹੋ ਕੇ ਬਣੇ ਕਾਨੂੰਗੋ ਸੁਖਦੇਵ ਸਿੰਘ ਢੀਂਡਸਾ ਨੇ ਅੱਜ ਸਬ ਤਹਿਸੀਲ ਮਮਦੋਟ ਦੇ ਸਰਕਲ ਕਾਨੂੰਗੋ ਦਾ ਅਹੁਦਾ ਸੰਭਾਲ ਲਿਆ ਹੈ।ਇਸ ਮੌਕੇ ਨਾਇਬ ਤਹਿਸੀਲਦਾਰ ਵਿਜੈ ਬਹਿਲ ਨੇ ਉਨ੍ਹਾਂ ਦਾ ਮੂੰਹ ਮਿੱਠਾ ਕਰਵਾ ਕੇ ਵਧਾਈ ਦਿੱਤੀ।ਕਾਨੂੰਗੋ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਤੇ ਮਾਲ ਮਹਿਕਮੇ ਦੀਆਂ ਹਦਾਇਤਾਂ ਅਨੁਸਾਰ ਕੰਮ ਕਰਵਾਉਣ ਆਏ ਵਿਅਕਤੀਆਂ ਦਾ ਬਿਨਾਂ ਕਿਸੇ ਦੇਰੀ ਦੇ ਪਹਿਲ ਦੇ ਅਧਾਰ 'ਤੇ ਕੰਮ ਕੀਤਾ ਜਾਵੇਗਾ ਤੇ ਉਨ੍ਹਾਂ ਦੀਆਂ ਮੁਸ਼ਕਲਾਂ ਸੁਣ ਕੇ ਹੱਲ ਕਰਾਇਆ ਜਾਵੇਗਾ।

ਇਸ ਮੌਕੇ ਗੁਰਤਾਰ ਸਿੰਘ ਸਦਰ ਕਾਨੂੰਗੋ, ਅਭੈ ਧਵਨ ਪਟਵਾਰੀ, ਵਰੁਣ ਬਾਂਸਲ ਪਟਵਾਰੀ, ਰਵਿੰਦਰ ਕੋਛੜ ਪਟਵਾਰੀ, ਸੋਨੂੰ ਰਜਿਸਟਰੀ ਕਲਰਕ, ਮੋਨੂੰ ਮਹਿਤਾ ਕੰਪਿਊਟਰ, ਹੰਸਾ ਸਿੰਘ ਜ਼ਿਲ੍ਹਾ ਪ੍ਰਧਾਨ ਸਰਪੰਚ ਯੂਨੀਅਨ, ਸੁਖਚੈਨ ਸਿੰਘ ਨੰਬਰਦਾਰ, ਮਹਿੰਦਰ ਸਿੰਘ ਆਦਿ ਨੇ ਕਾਨੂੰਗੋ ਨੂੰ ਵਧਾਈ ਦਿੱਤੀ।

# ਵਿਧਾਨ ਸਭਾ ਸਪੀਕਰ ਦੀ ਮੌਜੂਦਗੀ 'ਚ ਢਿੱਲਵਾਂ ਨੇ ਸੰਭਾਲਿਆ ਚਾਰਜ



**ਫ਼ਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)** ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਇੰਜਨੀਅਰ ਸੁਖਜੀਤ ਸਿੰਘ ਢਿੱਲਵਾਂ ਨੇ ਸਪੀਕਰ ਪੰਜਾਬ ਵਿਧਾਨ ਸਭਾ ਕੁਲਤਾਰ ਸਿੰਘ ਸੰਧਵਾਂ ਦੀ ਮੌਜੂਦਗੀ ਵਿੱਚ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਜ਼ਿਲ੍ਹਾ ਯੋਜਨਾ ਬੋਰਡ ਦੇ ਦਫ਼ਤਰ ਵਿਖੇ ਆਪਣਾ ਚਾਰਜ ਸੰਭਾਲਿਆ।

ਇਸ ਮੌਕੇ ਉਨ੍ਹਾਂ ਦੇ ਨਾਲ ਡਿਪਟੀ ਸਪੀਕਰ ਸ੍ਰੀ ਜੈ ਕ੍ਰਿਸ਼ਨ ਰੋੜੀ, ਸਾਬਕਾ ਮੈਂਬਰ ਪਾਰਲੀਮੈਂਟ ਪ੍ਰੋ. ਸਾਧੂ ਸਿੰਘ, ਵਿਧਾਇਕ ਫ਼ਰੀਦਕੋਟ ਗੁਰਦਿੱਤ ਸਿੰਘ ਸੇਖੋਂ, ਵਿਧਾਇਕ ਜੈਤੋ ਅਮੋਲਕ ਸਿੰਘ, ਵਿਧਾਇਕ ਕੁਲਵੰਤ ਸਿੰਘ ਪੰਡੋਰੀ ਮਹਿਲ ਕਲਾਂ, ਵਿਧਾਇਕ ਮਾਸਟਰ ਜਗਸੀਰ ਸਿੰਘ ਭੁੱਚੋ, ਵਿਧਾਇਕ ਅਮ੍ਰਿਤਪਾਲ ਸਿੰਘ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ ਇਸ ਮੌਕੇ ਸਪੀਕਰ ਪੰਜਾਬ ਵਿਧਾਨ ਸ. ਕੁਲਤਾਰ ਸਿੰਘ ਸੰਧਵਾਂ ਨੇ ਨਵ ਨਿਯੁਕਤ ਚੇਅਰਮੈਨ ਸ. ਸੁਖਜੀਤ ਸਿੰਘ ਢਿੱਲਵਾਂ ਨੂੰ ਵਧਾਈ ਦਿੱਤੀ ਅਤੇ ਇਸ ਖੁਸ਼ੀ ਦੇ ਮੌਕੇ ਤੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦਾ ਵੀ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਨਵ ਨਿਯੁਕਤ ਚੇਅਰਮੈਨ ਬਹੁਤ ਹੀ ਕਾਬਲ ਤੇ ਯੋਗ ਸ਼ਖਸੀਅਤ ਹਨ। ਉਨ੍ਹਾਂ ਉਮੀਦ ਜਤਾਈ ਕਿ ਨਵ ਨਿਯੁਕਤ ਚੇਅਰਮੈਨ ਦੀ ਅਗਵਾਈ ਵਿੱਚ ਨਵੀਆਂ ਯੋਜਨਾਵਾਂ ਬਣਾ ਕੇ ਫਰੀਦਕੋਟ ਹੋਰ ਵੀ ਵਿਕਾਸ ਕਾਰਜਾਂ ਵਿੱਚ ਅੱਗੇ ਵਧੇਗਾ। ਨਵ ਨਿਯੁਕਤ ਚੇਅਰਮੈਨ ਇੰਜੀਨੀਅਰ ਸੁਖਜੀਤ ਸਿੰਘ ਢਿੱਲਵਾਂ ਨੇ ਵੀ ਇਸ ਮੌਕੇ ਤੇ ਜਿੱਥੇ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦਾ ਧੰਨਵਾਦ ਕੀਤਾ, ਉੱਥੇ ਮਾਨਯੋਗ ਸਪੀਕਰ ਸਾਹਿਬ ਦਾ ਵੀ ਦਫਤਰ ਵਿਖੇ ਪਹੁੰਚਣ ਤੇ ਆਪਣਾ ਅਹੁਦਾ ਸੰਭਾਲਦਿਆਂ ਉਨ੍ਹਾਂ ਦਾ ਧੰਨਵਾਦ ਕੀਤਾ। ਉਨ੍ਹਾਂ ਵਿਸ਼ਵਾਸ਼ ਦਵਾਇਆ ਕਿ ਉਨ੍ਹਾਂ ਨੂੰ ਜੋ ਵੀ ਜ਼ਿੰਮੇਵਾਰੀ ਨਿਭਾਈ ਸੌਂਪੀ ਗਈ ਹੈ, ਉਹ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣਗੇ।

# ਸਪਰਿੰਗ ਫੀਲਡ ਸਕੂਲ 'ਚ ਚਾਈਨਾ ਡੋਰ ਦੀ ਵਰਤੋਂ ਨਾ ਕਰਨ ਬਾਰੇ ਦਿੱਤੀ ਜਾਣਕਾਰੀ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸਪਰਿੰਗ ਫੀਲਡ ਕਾਨਵੈਂਟ ਸਕੂਲ ਵਿਖੇ ਬੱਚਿਆਂ ਦਾ ਇੱਕ ਸੈਮੀਨਾਰ ਕਰਾਇਆ ਗਿਆ, ਜਿਸ ਵਿੱਚ ਬੱਚਿਆਂ ਨੂੰ ਪਤੰਗ ਉਡਾਉਣ ਲਈ ਵਰਤੀ ਜਾ ਰਹੀ ਚਾਈਨਾ ਡੋਰ ਬਾਰੇ ਤੇ ਇਸ ਦੀ ਵਰਤੋਂ ਨਾਲ ਮਨੁੱਖਾਂ, ਬੱਚਿਆਂ ਤੇ ਪੰਛੀਆਂ ਵਿੱਚ ਹੋ ਰਹੇ ਹਾਦਸਿਆਂ ਬਾਰੇ ਜਾਣੂ ਕਰਾਇਆ ਗਿਆ। ਪ੍ਰਿੰਸੀਪਲ ਬਾਇਜੂ ਵਿਜੇ ਨੇ ਬੱਚਿਆਂ ਨੂੰ ਦੱਸਿਆ ਕਿ ਇਹ ਡੋਰ ਬਹੁਤ ਹੀ ਘਾਤਕ ਹੈ, ਜੋ ਇਸ ਤਰ੍ਹਾਂ ਦੇ ਕੈਮੀਕਲ ਲਾ ਕੇ ਬਣੀ ਹੁੰਦੀ ਹੈ, ਜੋ ਟੁੱਟ ਨਹੀਂ ਸਕਦੀ ਹੈ ਅਤੇ ਰਸਤੇ ਵਿੱਚ ਜਾਂਦੇ ਹੋਏ ਆਦਮੀਆਂ, ਬੱਚਿਆਂ ਨੂੰ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੰਦੀ ਹੈ, ਹਰ ਰੋਜ਼ ਇਸ ਨਾਲ ਅਨੇਕਾਂ ਜ਼ਖ਼ਮੀ ਲੋਕਾਂ ਤੇ ਬੱਚਿਆਂ ਦਾ ਇਲਾਜ ਕੀਤਾ ਜਾ ਰਿਹਾ ਹੈ ਅਤੇ ਟਾਂਕੇ ਲਾਏ ਜਾ ਰਹੇ ਹਨ। ਬਹੁਤ ਵਾਰ ਤਾਂ ਜਾਨ ਵੀ ਚਲੀ ਜਾਂਦੀ ਹੈ। ਇਸ ਦੇ ਬੇਜ਼ੁਬਾਨ ਪੰਛੀ ਵੀ ਸ਼ਿਕਾਰ ਹੋ ਜਾਂਦੇ ਹਨ। ਇਸ ਕਰਕੇ ਬੱਚਿਆਂ ਨੂੰ ਇਹ ਡੋਰ ਦਾ ਮੁਕੰਮਲ ਬਾਈਕਾਟ ਕਰਕੇ ਵਰਤੋਂ ਬੰਦ ਕਰਨੀ ਚਾਹੀਦੀ ਹੈ ਤੇ ਜੇਕਰ ਕੋਈ ਇਸ ਡੋਰ ਨੂੰ ਵੇਚ ਰਿਹਾ ਹੈ ਤਾਂ ਤੁਰੰਤ ਪੁਲਸ ਨੂੰ ਸੂਚਿਤ ਕਰਨਾ ਚਾਹੀਦਾ ਹੈ ਤਾਂ ਜੁ ਕੀਮਤੀ ਜਾਨਾਂ ਨੂੰ ਬਚਾਇਆ ਜਾ ਸਕੇ।ਇਸ ਸਮੇਂ ਸਾਰੇ ਬੱਚਿਆਂ ਨੂੰ ਚਾਈਨਾ ਡੋਰ ਨਾਂ ਵਰਤਣ ਪ੍ਰਤੀ ਸਹੁੰ ਚੁਕਾਈ ਗਈ ਅਤੇ ਬੱਚਿਆਂ ਨੇ ਪ੍ਰਣ ਕੀਤਾ ਕਿ ਉਹ ਇਸ ਡੋਰ ਦੀ ਵਰਤੋਂ ਬਿਲਕੁਲ ਨਹੀਂ ਕਰਨਗੇ। ਚੇਅਰਮੈਨ ਨਰ ਸਿੰਘ ਬਰਾੜ ਨੇ ਵੀ ਬੱਚਿਆਂ ਨੂੰ ਕਿਹਾ ਕਿ ਆਪਣੇ ਮਨੋਰੰਜਨ ਲਈ ਪਤੰਗ ਜ਼ਰੂਰ ਚੜ੍ਹਾਉਣ, ਪਰ ਚਾਈਨਾ ਡੋਰ ਬਿਲਕੁਲ ਨਾ ਵਰਤਣ ਤਾਂ ਜੁ ਅਸੀਂ ਹਾਦਸਿਆਂ ਤੋਂ ਬਚੇ ਰਹੀਏ।

CMYK

21-January-PAGE-4-2.qxd 1/20/2023 9:16 PM Page 1

ਨਵਾਂ ਜ਼ਮਾਨਾ
ਸ਼ਨੀਵਾਰ, 21 ਜਨਵਰੀ 2023

# ਪਹਿਲਵਾਨਾਂ ਦਾ ਧੋਬੀ ਪਟੜਾ

ਇਹ ਕੋਈ ਅਣਹੋਣੀ ਨਹੀਂ ਕਿ ਪਿਛਲੇ ਅੱਠ ਸਾਲਾਂ ਦੌਰਾਨ ਇੱਕ ਤੋਂ ਬਾਅਦ ਇੱਕ ਦਰਜਨਾਂ ਭਾਜਪਾ ਆਗੂਆਂ ਉੱਤੇ ਔਰਤਾਂ ਨਾਲ ਜ਼ਬਰਦਸਤੀ ਦੇ ਕੇਸ ਬਣੇ ਤੇ ਉਨ੍ਹਾਂ ਵਿੱਚੋਂ ਕਈ ਜੇਲ੍ਹਾਂ ਅੰਦਰ ਬੰਦ ਹਨ। ਅਸਲ ਵਿੱਚ ਇਸ ਪਿੱਛੇ ਉਹ ਮਨੂੰਵਾਦੀ ਵਿਚਾਰਧਾਰਾ ਹੈ, ਜਿਸ ਅੰਦਰ ਔਰਤ ਨੂੰ ਸਿਰਫ਼ ਭੋਗਣ ਦੀ ਵਸਤੂ ਸਮਝਿਆ ਜਾਂਦਾ ਹੈ। ਇਹੋ ਹੀ ਨਹੀਂ, ਸੰਘ ਦੇ ਸੰਤ ਸਮਾਜ ਨਾਲ ਜੁੜੇ ਕਈ ਸਾਧ ਵੀ ਇਸ ਸਮੇਂ ਬਲਾਤਕਾਰਾਂ ਦੇ ਕੇਸਾਂ ਹੇਠ ਜੇਲ੍ਹੀਂ ਤੜੇ ਹੋਏ ਹਨ।

ਤਾਜ਼ਾ ਮਾਮਲਾ ਕੁਸ਼ਤੀ ਸੰਘ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਣ ਸਿੰਘ, ਜਿਹੜਾ ਭਾਜਪਾ ਦਾ ਸਾਂਸਦ ਵੀ ਹੈ, ਨਾਲ ਜੁੜਿਆ ਹੋਇਆ ਹੈ। ਉਸ ਵਿਰੁੱਧ ਪਹਿਲਵਾਨ ਕੁੜੀਆਂ-ਮੁੰਡੇ ਦਿੱਲੀ ਦੇ ਜੰਤਰ-ਮੰਤਰ ਉੱਤੇ ਧਰਨਾ ਮਾਰੀ ਬੈਠੇ ਹਨ। ਇਨ੍ਹਾਂ ਵਿੱਚ ਵਿਨੇਸ਼ ਫੋਗਾਟ, ਸਾਕਸ਼ੀ ਮਲਿਕ ਤੇ ਬਜਰੰਗ ਪੂਨੀਆ ਵਰਗੇ ਨਾਮਣੇ ਵਾਲੇ ਪਹਿਲਵਾਨ ਹਨ, ਜਿਨ੍ਹਾਂ ਨੇ ਰਾਸ਼ਟਰ ਮੰਡਲ ਖੇਡਾਂ ਤੇ ਉਲੰਪਿਕ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਸੀ। ਰਾਸ਼ਟਰ ਮੰਡਲ ਖੇਡਾਂ ਵਿੱਚ ਭਾਰਤ ਨੇ 22 ਗੋਲਡ ਮੈਡਲ ਜਿੱਤੇ ਸਨ, ਜਿਨ੍ਹਾਂ ਵਿੱਚੋਂ 12 ਮੈਡਲ ਪਹਿਲਵਾਨਾਂ ਦੇ ਸਨ। ਉਲੰਪਿਕ ਵਿੱਚ ਵੀ ਪਹਿਲਵਾਨਾਂ ਨੇ 7 ਮੈਡਲ ਭਾਰਤ ਨੂੰ ਦਿਵਾਏ ਸਨ।

ਪਹਿਲਵਾਨ ਵਿਨੇਸ਼ ਫੋਗਾਟ ਨੇ ਕੁਸ਼ਤੀ ਸੰਘ ਦੇ ਪ੍ਰਧਾਨ ਬ੍ਰਿਜ ਭੂਸ਼ਣ ਤੇ ਕੁਝ ਕੋਚਾਂ ਉੱਤੇ ਯੌਨ ਸ਼ੋਸ਼ਣ ਦੇ ਦੋਸ਼ ਲਾਏ ਹਨ। ਵਿਨੇਸ਼ ਫੋਗਾਟ ਨੇ ਮੀਡੀਆ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਸ ਨੇ ਕੁਸ਼ਤੀ ਸੰਘ ਵਿੱਚ ਲੜਕੀਆਂ ਦੇ ਯੌਨ ਸ਼ੋਸ਼ਣ ਬਾਰੇ ਅਕਤੂਬਰ 2021 'ਚ ਮੋਦੀ ਨੂੰ ਮਿਲ ਕੇ ਉੱਥੇ ਹੋ ਰਹੇ ਕੁਕਰਮਾਂ ਤੋਂ ਜਾਣੂੰ ਕਰਵਾਇਆ ਸੀ, ਪਰ ਉਨ੍ਹਾ ਕੁਝ ਵੀ ਨਹੀਂ ਕੀਤਾ।


ਫੋਗਾਟ ਨੇ ਅੱਖਾਂ ਭਰ ਕੇ ਕਿਹਾ ਕਿ-ਜਦੋਂ ਸ਼ੋਸ਼ਣ ਹੁੰਦਾ ਹੈ ਤਾਂ ਬੰਦ ਕਮਰੇ ਵਿੱਚ ਹੁੰਦਾ ਹੈ, ਜਿਥੇ ਕੈਮਰੇ ਨਹੀਂ ਹੁੰਦੇ। ਯੌਨ ਸ਼ੋਸ਼ਣ ਦਾ ਸ਼ਿਕਾਰ ਹੋਈਆਂ ਕੁੜੀਆਂ ਇੱਥੇ ਹੀ ਬੈਠੀਆਂ ਹੋਈਆਂ ਹਨ। ਮੈਂ ਘੱਟੋ-ਘੱਟ 20 ਕੁੜੀਆਂ ਨੂੰ ਜਾਣਦੀ ਹਾਂ, ਜਿਨ੍ਹਾਂ ਨੂੰ ਕੌਮੀ ਕੈਂਪਾਂ ਵਿੱਚ ਯੌਨ ਸ਼ੋਸ਼ਣ ਦਾ ਸਾਹਮਣਾ ਕਰਨਾ ਪਿਆ ਹੈ। ਉਸ ਨੇ ਕਿਹਾ ਕਿ ਕੌਮੀ ਕੈਂਪਾਂ ਦੇ ਕੋਚਾਂ ਵਿੱਚੋਂ ਕੁਝ ਕੋਚ ਸਾਲਾਂ ਤੋਂ ਔਰਤ ਪਹਿਲਵਾਨਾਂ ਦਾ ਯੌਨ ਸ਼ੋਸ਼ਣ ਕਰਦੇ ਆ ਰਹੇ ਹਨ। ਕੌਮੀ ਕੈਂਪ ਇਸ ਕਰਕੇ ਲਖਨਊ ਵਿੱਚ ਲਾਇਆ ਜਾਂਦਾ ਹੈ ਕਿਉਂਕਿ ਉੱਥੇ ਪ੍ਰਧਾਨ ਦਾ ਘਰ ਹੈ ਤੇ ਉਸ ਲਈ ਕੁੜੀਆਂ ਦਾ ਸ਼ੋਸ਼ਣ ਕਰਨਾ ਸੌਖਾ ਰਹਿੰਦਾ ਹੈ। ਵਿਨੇਸ਼ ਫੋਗਾਟ ਉਸ ਮਹਾਂਵੀਰ ਫੋਗਾਟ ਦੀ ਬੇਟੀ ਹੈ, ਜਿਸ ਦੇ ਜੀਵਨ ਉੱਤੇ ਦੰਗਲ ਫਿਲਮ ਬਣੀ ਸੀ।

ਵਿਨੇਸ਼ ਫੋਗਾਟ ਨੇ ਪ੍ਰਧਾਨ ਮੰਤਰੀ ਨੂੰ ਅਪੀਲ ਕਰਦਿਆਂ ਕਿਹਾ ਕਿ-ਜੇਕਰ ਸਾਨੂੰ ਮਜਬੂਰ ਕੀਤਾ ਗਿਆ ਤਾਂ ਉਹ ਦਿਨ ਕੁਸ਼ਤੀ ਲਈ ਕਾਲਾ ਦਿਨ ਹੋਵੇਗਾ, ਜਦੋਂ ਬੇਟੀਆਂ ਨਾਂ ਲੈ ਕੇ ਮੀਡੀਆ ਸਾਹਮਣੇ ਆਉਣਗੀਆਂ ਤੇ ਦੱਸਣਗੀਆਂ ਕਿ ਉਨ੍ਹਾਂ ਨਾਲ ਆਹ ਕੁਝ ਵਾਪਰਿਆ ਸੀ। ਲੜਾਈ ਕੁਸ਼ਤੀਆਂ ਦੀਆਂ ਕੁੜੀਆਂ ਦੀ ਨਹੀਂ, ਦੇਸ਼ ਦੀਆਂ ਬੇਟੀਆਂ ਦੀ ਹੈ। ਇਸ ਲਈ ਪ੍ਰਧਾਨ ਮੰਤਰੀ ਜੀ ਸਾਨੂੰ ਇੱਥੋਂ ਤੱਕ ਪਹੁੰਚਣ ਲਈ ਮਜਬੂਰ ਨਾ ਕੀਤਾ ਜਾਵੇ। ਇਸ ਮੌਕੇ ਉਸ ਨੇ ਇਹ ਵੀ ਕਿਹਾ ਕਿ ਹਰਿਆਣਾ ਕੁਸ਼ਤੀ ਸੰਘ ਦਾ ਪ੍ਰਧਾਨ ਵੀ ਬ੍ਰਿਜ ਭੂਸ਼ਣ ਸ਼ਰਣ ਦਾ ਬੰਦਾ ਹੈ ਤੇ ਉਹੋ ਜਿਹਾ ਹੀ ਹੈ।

ਪਹਿਲਵਾਨਾਂ ਦੀ ਮੰਗ ਹੈ ਕਿ ਕੁਸ਼ਤੀ ਸੰਘ ਦੇ ਪ੍ਰਧਾਨ ਨੂੰ ਤੁਰੰਤ ਅਹੁਦੇ ਤੋਂ ਬਰਖਾਸਤ ਕੀਤਾ ਜਾਵੇ ਤੇ ਨਾਲ ਹੀ ਕੁਸ਼ਤੀ ਸੰਘ ਨੂੰ ਭੰਗ ਕਰਕੇ ਇਸ ਦੀਆਂ ਚੋਣਾਂ ਕਰਵਾਈਆਂ ਜਾਣ। ਪਹਿਲਵਾਨਾਂ ਨੇ ਕਿਹਾ ਕਿ ਜੇਕਰ ਉਨ੍ਹਾਂ ਦੇ ਮਸਲੇ ਦਾ ਹੱਲ ਨਾ ਕੀਤਾ ਗਿਆ ਤਾਂ ਉਹ ਐਫ਼ ਆਈ ਆਰ ਦਰਜ ਕਰਾਉਣ ਤੋਂ ਵੀ ਪਿੱਛੇ ਨਹੀਂ ਹਟਣਗੇ। ਇਸੇ ਦੌਰਾਨ ਹਰਿਆਣਾ ਦੀਆਂ 7 ਖਾਪਾਂ ਨੇ ਪਹਿਲਵਾਨਾਂ ਦੀ ਹਮਾਇਤ ਕਰਨ ਦਾ ਐਲਾਨ ਕਰ ਦਿੱਤਾ ਹੈ । ਖੁਦ ਪਹਿਲਵਾਨ ਰਹੀ ਭਾਜਪਾ ਆਗੂ ਬਬੀਤਾ ਫੋਗਾਟ ਨੇ ਵੀ ਪਹਿਲਵਾਨਾਂ ਦਾ ਸਮਰਥਨ ਕਰਦਿਆਂ ਮਸਲੇ ਨੂੰ ਹੱਲ ਕਰਨ ਦਾ ਭਰੋਸਾ ਦਿੱਤਾ ਹੈ। ਇਹ ਸ਼ੁੱਭ ਸ਼ਗਨ ਹੈ ਕਿ ਔਰਤ ਪਹਿਲਵਾਨਾਂ ਨਾਲ ਕੈਂਪ ਵਿੱਚ ਹੁੰਦੇ ਯੌਨ ਸ਼ੋਸ਼ਣ ਵਿਰੁੱਧ ਪਹਿਲਵਾਨਾਂ ਨੇ ਸਮੂਹਕ ਅਵਾਜ਼ ਉਠਾ ਕੇ ਭਾਜਪਾ ਦੇ ਬੇਟੀ ਬਚਾਓ, ਬੇਟੀ ਪੜ੍ਹਾਓ ਨਾਹਰੇ ਦਾ ਸੱਚ ਉਜਾਗਰ ਕਰ ਦਿੱਤਾ ਹੈ। ਅਗਾਂਹਵਧੂ ਸੋਚ ਰੱਖਣ ਵਾਲੇ ਹਰ ਵਿਅਕਤੀ ਨੂੰ ਔਰਤਾਂ ਵਿਰੁੱਧ ਹੁੰਦੇ ਇਨ੍ਹਾਂ ਕੁਕਰਮਾਂ ਵਿਰੁੱਧ ਅਵਾਜ਼ ਉਠਾਉਣੀ ਚਾਹੀਦੀ ਹੈ।

-ਚੰਦ ਫਤਿਹਪੁਰੀ

# ਸੰਘਵਾਦ ਤੋਂ ਬਿਨਾਂ ਲੋਕਤੰਤਰ ਅਧੂਰਾ ਹੁੰਦਾ



ਪਵਨ ਕੁਮਾਰ ਕੌਸ਼ਲ

ਸੰਘਵਾਦ/ਫੈਡਰਲਿਜ਼ਮ, ਜਮਹੂਰੀ ਨਿਯਮਾਂ ਅਤੇ ਸੰਸਥਾਵਾਂ 'ਤੇ ਅਧਾਰਤ ਇੱਕ ਰਾਜਨੀਤਿਕ ਪ੍ਰਣਾਲੀ ਹੈ, ਜਿਸ ਵਿੱਚ ਸ਼ਾਸਨ ਕਰਨ ਦੀ ਸ਼ਕਤੀ ਰਾਸ਼ਟਰੀ ਅਤੇ ਸੂਬਾਈ/ਰਾਜ ਸਰਕਾਰਾਂ ਵਿਚਕਾਰ ਸਾਂਝੀ ਹੁੰਦੀ ਹੈ।

ਸੰਘਵਾਦ ਅਤੇ ਜਮਹੂਰੀਅਤ ਨੂੰ ਆਮ ਤੌਰ 'ਤੇ ਆਪਸੀ ਸਹਿਯੋਗੀ ਵਜੋਂ ਦੇਖਿਆ ਜਾਂਦਾ ਹੈ। ਸੰਘਵਾਦ ਦੇ ਉਤਮ ਸਿਧਾਂਤ ਇਸ ਨੂੰ ਬਹੁਗਿਣਤੀ ਦੇ ਜ਼ੁਲਮ ਨੂੰ ਰੋਕ ਕੇ ਅਤੇ ਘੱਟ ਗਿਣਤੀਆਂ ਲਈ ਸਵੈ-ਸ਼ਾਸਨ ਦੀ ਇੱਕ ਡਿਗਰੀ ਦੀ ਰੱਖਿਆ ਕਰਕੇ ਲੋਕਤੰਤਰ ਨੂੰ ਮਹੱਤਵਪੂਰਨ ਸੁਰੱਖਿਆ ਪ੍ਰਦਾਨ ਕਰਦੇ ਹੋਏ ਦੇਖਦੇ ਹਨ।

ਲੋਕਤੰਤਰ ਸਰਕਾਰ ਦੀ ਇੱਕ ਪ੍ਰਣਾਲੀ ਹੈ, ਜਿਸ ਵਿੱਚ ਕਾਨੂੰਨ, ਨੀਤੀਆਂ, ਲੀਡਰਸ਼ਿਪ ਅਤੇ ਕਿਸੇ ਰਾਜ ਜਾਂ ਹੋਰ ਰਾਜਨੀਤਕ ਦੇ ਵੱਡੇ ਉੱਦਮਾਂ ਦਾ ਲੋਕਾਂ ਦੁਆਰਾ ਸਿੱਧੇ ਜਾਂ ਅਸਿੱਧੇ ਤੌਰ 'ਤੇ ਫੈਸਲਾ ਕੀਤਾ ਜਾਂਦਾ ਹੈ। ਇੱਕ ਜਮਾਤ ਅਧਾਰਤ ਸਮਾਜ ਅੰਦਰ ਹਾਕਮ ਜਮਾਤ ਲਈ ਹੀ ਜਮਹੂਰੀਅਤ ਹੁੰਦੀ ਹੈ। ਬੁਰਜੂਆਜੀ ਸਮਾਜ ਅੰਦਰ ਘੱਟ ਗਿਣਤੀ ਬਹੁ-ਗਿਣਤੀ ਉੱਪਰ ਰਾਜ ਕਰਦੀ ਹੈ। ਅਸਲ ਜਮਹੂਰੀਅਤ 'ਲੋਕ ਜਮਹੂਰੀਅਤ' ਹੁੰਦੀ, ਜਿਸ ਵਿੱਚ ਬਹੁ-ਗਿਣਤੀ ਘੱਟ ਗਿਣਤੀ ਉਪਰ ਰਾਜ ਕਰਦੀ ਹੈ।

ਜਮਹੂਰੀਅਤ ਨੂੰ ਹੇਠਾਂ ਲੋਕਾਂ ਤੱਕ ਲੈਜਾਣ ਲਈ ਦੇਸ਼ ਅੰਦਰ ਸੰਘਵਾਦ ਦਾ ਮਜ਼ਬੂਤ ਹੋਣਾ ਲਾਜ਼ਮੀ ਹੈ। ਸੰਘਵਾਦ ਦੀ ਅਣਹੋਂਦ ਏਕਾਅਧਿਕਾਰਵਾਦੀ ਅਤੇ ਫਾਸ਼ੀਵਾਦੀ ਰੁਝਾਨ ਪੈਦਾ ਕਰਦੀ ਹੈ। ਇਸ ਸਮੇਂ ਦੇਸ਼ ਅੰਦਰ ਜਮਹੂਰੀਅਤ ਅਤੇ ਜਮਹੂਰੀ ਕਦਰਾਂ-ਕੀਮਤਾਂ ਦੇ ਨਾਲ-ਨਾਲ ਸੰਘਵਾਦ ਨੂੰ ਵੀ ਖਤਰਾ ਵਧਦਾ ਜਾ ਰਿਹਾ ਹੈ। ਜੰਮੂ-ਕਸ਼ਮੀਰ ਨੂੰ ਸੰਵਿਧਾਨ ਦੀ ਧਾਰਾ 370 ਅਧੀਨ ਮਿਲੀ ਖੁਦਮੁਖਤਿਆਰੀ ਨੂੰ ਖਤਮ ਕਰਨ ਉਪਰੰਤ ਸੂਬਿਆਂ ਦੇ ਅਧਿਕਾਰਾਂ ਨੂੰ ਸੀਮਤ ਕਰਨ ਅਤੇ ਸ਼ਕਤੀਆਂ ਦਾ ਕੇਂਦਰੀਕਰਨ ਕਰਨ ਲਈ ਸਰਕਾਰ ਨੇ ਆਪਣਾ ਰੁਖ ਹੋਰ ਤੇਜ਼ ਕਰ ਦਿੱਤਾ ਹੈ।

ਕੇਂਦਰ ਸਰਕਾਰ ਦਾ ਪੰਜਾਬ ਯੂਨੀਵਰਸਿਟੀ ਨੂੰ ਕੇਂਦਰੀ ਕੰਟਰੋਲ ਅਧੀਨ ਕਰਨਾ, ਭਾਖੜਾ ਮੈਨੇਜਮੈਂਟ ਬੋਰਡ ਵਿਚੋਂ ਪੰਜਾਬ ਦੀ ਪੱਕੀ ਪ੍ਰਤੀਨਿਧਤਾ ਨੂੰ ਖਤਮ ਕਰਨਾ, ਬੀ ਐੱਸ ਐੱਫ ਦੇ ਸਰਹੱਦੀ ਸੂਬਿਆਂ ਅੰਦਰ ਘੇਰੇ 'ਚ ਹੋਰ ਵਾਧਾ ਕਰਨਾ, ਚੰਡੀਗੜ੍ਹ ਦੇ ਮੁਲਾਜ਼ਮਾਂ ਜਿਨ੍ਹਾਂ ਉਪਰ ਪੰਜਾਬ ਦੇ ਨਿਯਮ ਲਾਗੂ ਹੁੰਦੇ ਸਨ, ਹੁਣ ਕੇਂਦਰੀ ਨਿਯਮ ਲਾਗੂ ਕਰਨ, ਦੇਸ਼ ਅੰਦਰ ਸਾਂਝਾ ਸਿਵਲ ਕੋਡ ਲਾਗੂ ਕਰਨ ਅਤੇ ਕੇਂਦਰੀ ਖੁਦ-ਮੁਖਤਿਆਰ ਸੰਸਥਾਵਾਂ ਦੀ ਖੁਦ-ਮੁਖਤਿਆਰੀ ਨੂੰ ਖਤਮ ਕਰਨ ਵੱਲ ਇੱਕ ਪੁਲਾਂਘ ਹੈ।

ਸੰਵਿਧਾਨ ਨਿਰਮਾਤਾਵਾਂ ਨੇ ਆਜ਼ਾਦ ਭਾਰਤ ਲਈ ਸੰਘੀ ਢਾਂਚੇ ਦਾ ਇੱਕ ਵਿਲੱਖਣ ਮਾਡਲ ਅਪਣਾਇਆ ਜਿਸ ਨੂੰ ਅਕਸਰ 'ਕੇਂਦਰੀਕ੍ਰਿਤ ਸੰਘਵਾਦ' ਕਿਹਾ ਜਾਂਦਾ ਹੈ। ਕੇਂਦਰ ਸਰਕਾਰ ਨੂੰ ਰਾਜਾਂ ਦੀਆਂ ਹੱਦਾਂ ਦੇ ਪੁਨਰਗਠਨ ਦੇ ਵਿਵੇਕ ਵਰਗੇ ਮਹੱਤਵਪੂਰਨ ਮਾਮਲਿਆਂ ਵਿੱਚ ਰਾਜਾਂ ਦੇ ਮੁਕਾਬਲੇ ਉੱਚ ਸ਼ਕਤੀਆਂ ਪ੍ਰਾਪਤ ਹਨ। ਯੂਨੀਅਨ ਸੂਚੀ ਵਿੱਚ ਰਾਜ ਸੂਚੀ ਤੋਂ ਵੱਧ ਵਿਸ਼ੇ ਹਨ ਅਤੇ ਇਸ ਦਾ ਕਾਨੂੰਨ ਰਾਜਾਂ ਉੱਤੇ ਵੀ ਪ੍ਰਬਲ ਹੈ, ਭਾਵੇਂ ਕਿ ਸਮਕਾਲੀ ਸੂਚੀ ਵਿੱਚ ਵਿਸ਼ਿਆਂ ਉੱਤੇ ਵੀ।

ਸ਼ਬਦ 'ਸੰਘਵਾਦ' ਆਧੁਨਿਕ ਰਾਸ਼ਟਰ-ਰਾਜ ਪ੍ਰਣਾਲੀ ਵਿੱਚ ਸਰਕਾਰ ਦੇ ਦੋ ਜਾਂ ਦੋ ਤੋਂ ਵੱਧ ਪੱਧਰਾਂ ਵਿਚਕਾਰ ਸ਼ਕਤੀਆਂ ਦੀ ਸੰਵਿਧਾਨਕ ਤੌਰ 'ਤੇ ਵੰਡ ਨੂੰ ਦਰਸਾਉਂਦਾ ਹੈ- ਇੱਕ, ਰਾਸ਼ਟਰੀ ਪੱਧਰ 'ਤੇ ਅਤੇ ਦੂਜਾ ਸੂਬਾਈ, ਰਾਜ ਜਾਂ ਸਥਾਨਕ ਪੱਧਰ 'ਤੇ ਸਰਕਾਰ ਦੇ ਸੰਘੀ ਰੂਪ ਦਾ ਸਭ ਤੋਂ ਮਹੱਤਵਪੂਰਨ ਪਹਿਲੂ ਇਹ ਹੈ ਕਿ ਰਾਸ਼ਟਰੀ ਅਤੇ ਰਾਜ ਪੱਧਰ ਦੋਵਾਂ 'ਤੇ ਸਰਕਾਰਾਂ ਆਪੋ-ਆਪਣੇ ਅਧਿਕਾਰ ਖੇਤਰਾਂ ਵਿੱਚ ਇੱਕ-ਦੂਜੇ ਤੋਂ ਕਾਫ਼ੀ ਸੁਤੰਤਰਤਾ ਨਾਲ ਕੰਮ ਕਰਦੀਆਂ ਹਨ। ਸੰਘਵਾਦ ਭਾਰਤ ਦੀ ਵਿਸ਼ਾਲ ਸਮਾਜਕ-ਸੱਭਿਆਚਾਰਕ ਅਤੇ ਬਹੁ-ਰਾਸ਼ਟਰੀ ਵਿਭਿੰਨਤਾ ਨੂੰ 'ਇਕੱਠੇ ਰਹਿਣ' ਲਈ ਇੱਕ ਪ੍ਰਮੁੱਖ ਸੰਸਥਾਗਤ ਵਿਧੀ ਹੈ।

ਭਾਰਤੀ ਸੰਘਵਾਦ ਨੂੰ ਸ਼ੁਰੂ ਤੋਂ ਹੀ ਰਾਜਨੀਤਕ ਪੱਖਪਾਤ ਦੇ ਨਾਲ-ਨਾਲ ਪਛਾਣ ਅਤੇ ਸਰੋਤਾਂ ਦੀ ਰਾਜਨੀਤੀ ਵਰਗੇ ਉਪਰ ਥਲੀ/ਓਵਰਲੈਪਿੰਗ ਨਿਰਣਾਇਕਾਂ 'ਤੇ ਅਧਾਰਤ ਕੇਂਦਰ ਅਤੇ ਰਾਜ ਪੱਧਰ 'ਤੇ ਰਾਜਨੀਤਕ ਅਦਾਕਾਰਾਂ ਵਿਚਕਾਰ ਗੁੰਝਲਦਾਰ ਆਪਸੀ ਤਾਲਮੇਲ ਦੁਆਰਾ ਆਕਾਰ ਦਿੱਤਾ ਗਿਆ ਹੈ। ਭਾਰਤੀ ਸੰਘਵਾਦ ਇਕਸਾਰ ਰੂਪ ਵਿਚ ਕੇਂਦਰ ਕੋਲ ਇਕੱਲੇ ਪ੍ਰਸ਼ਾਸਨਿਕ ਅਤੇ ਵਿਧਾਨਕ ਸ਼ਕਤੀਆਂ ਅਧੀਨ ਹੈ, ਜਦੋਂ ਕਿ ਰਾਜਾਂ ਕੋਲ ਬਹੁਤ ਘੱਟ ਖੁਦਮੁਖਤਿਆਰੀ ਹੈ।

ਦੂਜੇ ਪਾਸੇ, ਇੱਕ ਸੰਘੀ ਢਾਂਚੇ ਵਿੱਚ ਰਾਜ ਜੋ ਭਾਸ਼ਾਈ ਜਾਂ ਖੇਤਰੀ ਅਧਾਰ 'ਤੇ ਬਣੇ ਹੁੰਦੇ ਹਨ, ਕੋਲ ਕੇਂਦਰ ਸਰਕਾਰ ਦੇ ਸਮਾਨ ਸ਼ਕਤੀਆਂ ਹੁੰਦੀਆਂ ਹਨ। ਇੱਕ ਮਜ਼ਬੂਤ ਸੰਘੀ ਪ੍ਰਣਾਲੀ ਲਈ ਸੰਘਰਸ਼ ਸਰਕਾਰ ਦੀਆਂ ਏਕਾਤਮਕ ਅਤੇ ਸੰਘੀ ਵਿਸ਼ੇਸ਼ਤਾਵਾਂ ਵਿੱਚ ਸੰਤੁਲਨ ਬਣਾਏ ਬਿਨਾਂ ਖਤਮ ਨਹੀਂ ਹੋਵੇਗਾ। ਇੱਕ-ਇਕੱਲੇ ਅਥਾਰਟੀ/ਪ੍ਰਭੂਸੱਤਾ ਦੇ ਹੱਥਾਂ ਵਿੱਚ ਸ਼ਕਤੀ ਜ਼ੁਲਮ ਨੂੰ ਬੜ੍ਹਾਵਾ ਦੇਵੇਗੀ। ਸੱਤਾ ਦੀ ਅਸਮਾਨ ਵੰਡ ਨਾਲ ਅਸਮਾਨ ਵਿਕਾਸ ਹੋਵੇਗਾ। ਵਖਰੇਵਿਆਂ ਅਤੇ ਅਸਹਿਣਸ਼ੀਲਤਾਵਾਂ ਨੂੰ ਖ਼ਤਮ ਕਰਨ ਲਈ ਇੱਕ ਮਜ਼ਬੂਤ ਪ੍ਰਣਾਲੀ ਸਥਾਪਤ ਕਰਨ ਅਤੇ ਸਮੂਹਕ ਤੌਰ 'ਤੇ ਦੇਸ਼ ਦੇ ਵਿਕਾਸ 'ਤੇ ਧਿਆਨ ਦੇਣ ਦੀ ਲੋੜ ਹੈ।

ਸੰਘਵਾਦ ਜਮਹੂਰੀਅਤ ਦੇ ਚਰਿਤਰ ਵਿੱਚ ਵਾਧਾ ਕਰਦਾ ਹੈ। ਸੰਘਵਾਦ ਅੰਦਰ ਲੋਕਾਂ ਦੇ ਜਮਹੂਰੀ ਹੱਕਾਂ ਦੇ ਨਾਲ ਵੱਖ ਕੌਮਾਂ ਦੀ ਪ੍ਰਭੂਸੱਤਾ, ਬੋਲੀ, ਭਾਸ਼ਾ ਅਤੇ ਧਾਰਮਕ ਰੀਤੀ-ਰਿਵਾਜ ਸੁਰੱਖਿਅਤ ਰਹਿੰਦੇ ਹਨ। ਸੰਘਵਾਦ ਸਿਆਸੀ ਭਾਗੀਦਾਰੀ ਨੂੰ ਉਤਸ਼ਾਹਤ ਕਰਦਾ ਹੈ। ਸੰਘਵਾਦ ਦੇਸ਼ ਭਰ ਵਿੱਚ ਆਰਥਿਕ ਸਮਾਨਤਾ ਨੂੰ ਉਤਸ਼ਾਹਤ ਕਰਦਾ ਹੈ।

ਸੰਘਵਾਦ ਰਾਜਾਂ ਨੂੰ ਉਹਨਾਂ ਨੀਤੀਆਂ ਨੂੰ ਅਪਣਾਉਣ ਦੀ ਇਜਾਜ਼ਤ ਦਿੰਦਾ ਹੈ, ਜੋ ਉਹਨਾਂ ਦੀਆਂ ਲੋੜਾਂ ਦੇ ਅਨੁਕੂਲ ਹੋਣ। ਸੰਘਵਾਦ ਦਾ ਇੱਕ ਹੋਰ ਫਾਇਦਾ ਇਹ ਹੈ ਕਿ ਇਹ ਲੋਕਾਂ ਨੂੰ ਜ਼ੁਲਮ ਤੋਂ ਬਚਾਉਂਦਾ ਹੈ, ਕਿਉਂਕਿ ਸੱਤਾ ਇਕ ਪੱਧਰ 'ਤੇ ਕੇਂਦਰਤ ਨਹੀਂ ਹੁੰਦੀ ਜਾਂ ਸਰਕਾਰ ਦੀ ਇਕ ਸ਼ਾਖਾ ਦੇ ਅੰਦਰ-ਇਕ ਸ਼ਾਖਾ ਲਈ ਦੂਜੀਆਂ 'ਤੇ ਕੰਟਰੋਲ ਕਰਨਾ ਮੁਸ਼ਕਲ ਹੁੰਦਾ ਹੈ।

ਸੰਘਵਾਦ ਸ਼ਕਤੀ, ਦੌਲਤ ਅਤੇ ਸਰੋਤਾਂ ਤੱਕ ਪਹੁੰਚ ਨੂੰ ਵੱਖ-ਵੱਖ ਖੇਤਰੀ ਸਮੂਹਾਂ ਤੱਕ ਵਧੇਰੇ ਵਿਆਪਕ ਤੌਰ 'ਤੇ ਵੰਡਦਾ ਹੈ। ਇਹ ਦੋਵਾਂ ਨੂੰ ਉਤਸ਼ਾਹਤ ਕਰਨ ਵਿੱਚ ਮਦਦ ਕਰ ਸਕਦਾ ਹੈ। ਸੰਘਵਾਦੀ/ਫੈਡਰਲ ਪ੍ਰਣਾਲੀਆਂ ਦੇ ਸਮਰਥਕਾਂ ਨੇ ਇਤਿਹਾਸਕ ਤੌਰ 'ਤੇ ਦਲੀਲ ਦਿੱਤੀ ਹੈ ਕਿ ਸੰਘੀ ਪ੍ਰਣਾਲੀਆਂ ਵਿੱਚ ਮੌਜੂਦ ਸ਼ਕਤੀ-ਵੰਡ ਘਰੇਲੂ ਸੁਰੱਖਿਆ ਖਤਰਿਆਂ ਅਤੇ ਵਿਦੇਸ਼ੀ ਖਤਰਿਆਂ ਨੂੰ ਘਟਾਉਂਦੀ ਹੈ। ਸੰਘਵਾਦ ਰਾਜਾਂ ਨੂੰ ਵੱਡੇ ਅਤੇ ਵਿਭਿੰਨ ਹੋਣ ਦੀ ਇਜਾਜ਼ਤ ਦਿੰਦਾ ਹੈ, ਸ਼ਕਤੀਆਂ ਦੇ ਕੇਂਦਰੀਕਰਨ ਦੁਆਰਾ ਇੱਕ ਜ਼ਾਲਮ ਸਰਕਾਰ ਦੇ ਜੋਖਮ ਨੂੰ ਘੱਟ ਕਰਦਾ ਹੈ।

ਭਾਰਤ ਦੇ ਸੰਵਿਧਾਨ ਵਿੱਚ ਸ਼ਾਮਲ ਇਕ ਬੁਨਿਆਦੀ ਧਾਰਨਾ ਸੰਘਵਾਦ ਹੈ, ਜੋ ਕਿ ਰਾਸ਼ਟਰੀ ਅਤੇ ਰਾਜ ਸਰਕਾਰਾਂ ਵਿਚਕਾਰ ਸ਼ਕਤੀਆਂ ਦੀ ਵੰਡ ਅਤੇ ਭਾਗੀਦਾਰੀ ਨੂੰ ਦਰਸਾਉਂਦੀ ਹੈ। ਸੰਘਵਾਦ ਭਾਰਤੀ ਸੰਵਿਧਾਨ ਦੇ ਬੁਨਿਆਦੀ ਢਾਂਚੇ ਦਾ ਹਿੱਸਾ ਹੈ, ਜਿਸ ਨੂੰ ਸੁਪਰੀਮ ਕੋਰਟ ਦੁਆਰਾ ਨਿਆਂਇਕ ਸਮੀਖਿਆ ਤੋਂ ਬਿਨਾਂ ਸੰਸਦ ਦੀਆਂ ਸੰਵਿਧਾਨਕ ਸ਼ਕਤੀਆਂ ਅਧੀਨ ਸੰਵਿਧਾਨਕ ਸੋਧਾਂ ਰਾਹੀਂ ਬਦਲਿਆ ਜਾਂ ਨਸ਼ਟ ਨਹੀਂ ਕੀਤਾ ਜਾ ਸਕਦਾ।

ਜਦੋਂ ਡਾ: ਬੀ.ਆਰ. ਅੰਬੇਡਕਰ ਨੇ 1948 ਵਿੱਚ ਸੰਵਿਧਾਨ ਸਭਾ ਵਿੱਚ ਸੰਵਿਧਾਨ ਦਾ ਖਰੜਾ ਪੇਸ਼ ਕੀਤਾ,ਤਾਂ ਉਨ੍ਹਾਂ ਨੇ ਇੱਕ ਦੋਹਰੀ ਰਾਜਨੀਤਿਕਤਾ ਦੀ ਸ਼ੁਰੂਆਤ ਕਰਨ ਦੀ ਗੱਲ ਕੀਤੀ, ਜਿਸ ਵਿੱਚ 'ਕੇਂਦਰ ਵਿੱਚ ਸੰਘ ਅਤੇ ਰਾਜ ਉਸ ਦੇ ਘੇਰੇ ਵਿੱਚ ਸ਼ਾਮਲ ਹਨ, ਸੰਵਿਧਾਨ ਦੁਆਰਾ ਹਰੇਕ ਨੂੰ ਕ੍ਰਮਵਾਰ ਸੌਂਪੇ ਗਏ ਖੇਤਰ ਵਿੱਚ ਵਰਤਣ ਲਈ ਪ੍ਰਭੂਸੱਤਾ ਸੰਪੰਨ ਸ਼ਕਤੀਆਂ ਪ੍ਰਦਾਨ ਕੀਤੀਆਂ ਗਈਆਂ ਹਨ।' ਉਨ੍ਹਾ ਨੇ ਭਾਰਤ ਨੂੰ ਰਾਜਾਂ ਦੇ ਸੰਘ ਦੇ ਰੂਪ ਵਿੱਚ ਵਰਣਨ ਕਰਨ ਲਈ ਇਸ ਦੇ ਨਿਰਮਾਤਾਵਾਂ ਦੀ ਜਾਣਬੁੱਝ ਕੇ ਕੀਤੀ ਕੋਸ਼ਿਸ਼ ਨੂੰ ਰੇਖਾਂਕਿਤ ਕੀਤਾ, ਨਾ ਕਿ ਇੱਕ ਸੰਘ ਦੇ ਰੂਪ ਵਿੱਚ।

ਭਾਰਤ ਦੇ ਰਾਜ ਵਿਰੋਧੀ ਨਸਲਾਂ, ਧਰਮਾਂ, ਭਾਸ਼ਾਵਾਂ, ਰਾਜਨੀਤਕ ਅਕਾਂਖਿਆਵਾਂ ਅਤੇ ਸਮਾਜਿਕ-ਆਰਥਿਕ ਰੁਕਾਵਟਾਂ ਦਾ ਇੱਕ ਮੋਜ਼ੇਕ/ਸੰਗਮ ਹਨ। ਜਦੋਂ ਰਾਸ਼ਟਰ ਹੋਂਦ ਵਿੱਚ ਆਇਆ, ਤਾਂ ਅਰਧ-ਸੰਘੀ ਢਾਂਚਾ ਅਪਣਾਇਆ ਗਿਆ ਸੀ, ਤਾਂ ਜੋ ਵਿਲੱਖਣ ਖੇਤਰੀ ਪਛਾਣਾਂ ਨੂੰ ਸੁਰੱਖਿਅਤ ਰੱਖਿਆ ਜਾ ਸਕੇ ਅਤੇ ਇੱਕ ਮਜ਼ਬੂਤ ਕੇਂਦਰ ਦੇ ਨਾਲ ਇੱਕ ਸਦਭਾਵਨਾਪੂਰਨ ਸਮੁੱਚੇ ਤੌਰ 'ਤੇ ਰਾਸ਼ਟਰ ਦੀ ਨਿਰੰਤਰਤਾ ਨੂੰ ਯਕੀਨੀ ਬਣਾਇਆ ਜਾ ਸਕੇ।

ਭਾਰਤ ਇੱਕ ਚੋਣਾਵੀ ਸੰਸਦੀ ਲੋਕਤੰਤਰੀ ਧਰਮ ਨਿਰਪੱਖ ਗਣਰਾਜ ਹੈ, ਜਿਸ ਵਿੱਚ ਭਾਰਤ ਦਾ ਰਾਸ਼ਟਰਪਤੀ ਰਾਜ ਦਾ ਮੁੱਖੀ ਅਤੇ ਭਾਰਤ ਦਾ ਪਹਿਲਾ ਨਾਗਰਿਕ ਹੈ ਅਤੇ ਭਾਰਤ ਦਾ ਪ੍ਰਧਾਨ ਮੰਤਰੀ ਸਰਕਾਰ ਦਾ ਮੁਖੀ ਹੈ। ਇਹ ਸਰਕਾਰ ਦੇ ਸੰਘੀ ਢਾਂਚੇ ਦਾ ਸ਼ਬਦ ਸੰਵਿਧਾਨ ਵਿੱਚ ਨਹੀਂ ਵਰਤਿਆ ਗਿਆ ਲੱਗਦਾ। ਮੋਦੀ ਦਾ ਭਾਰਤ ਅਜੇ ਵੀ ਚੋਣਾਵੀ ਲੋਕਤੰਤਰ ਹੈ, ਪਰ ਜਿੰਨਾ ਚਿਰ ਹਿੰਦੂ ਰਾਸ਼ਟਰਵਾਦੀ ਸੱਤਾ ਵਿੱਚ ਰਹਿਣਗੇ, ਉਦਾਰਵਾਦੀ ਲੋਕਤੰਤਰ ਵਜੋਂ ਇਹ ਓਨਾ ਹੀ ਕਮਜ਼ੋਰ ਹੋਵੇਗਾ।

ਨਰਿੰਦਰ ਮੋਦੀ ਦੇ ਸੱਤਾ ਵਿੱਚ ਆਉਣ ਨਾਲ ਦੁਨੀਆ ਦਾ ਸਭ ਤੋਂ ਵੱਡਾ ਕਹਾਉਂਦਾ ਲੋਕਤੰਤਰ ਇੱਕ ਸਪੱਸ਼ਟ ਤੌਰ 'ਤੇ ਅਸਥਿਰਤਾ ਵਾਲੇ ਦੌਰ ਵਿੱਚ ਦਾਖਲ ਹੋ ਗਿਆ ਹੈ। 2014 ਤੋਂ ਬਾਅਦ ਦਾ ਭਾਰਤ ਜਮਹੂਰੀ ਢਹਿ-ਢੇਰੀ ਨਹੀਂ, ਸਗੋਂ ਜਮਹੂਰੀ ਢਹਿਣ ਦਾ ਮਾਮਲਾ ਬਣ ਗਿਆ ਹੈ।

### ਨਵੀਂ ਕੁਲੀਨ ਕਦਰਾਂ-ਕੀਮਤਾਂ ਅਤੇ ਜਮਹੂਰੀ ਪਤਨ

ਆਪਣੀ 2021 ਦੀ ਰਿਪੋਰਟ ਵਿੱਚ ਫਰੀਡਮ ਹਾਊਸ ਨੇ ਘੋਸ਼ਣਾ ਕੀਤੀ: 'ਭਾਰਤ, ਦੁਨੀਆ ਦਾ ਸਭ ਤੋਂ ਵੱਧ ਆਬਾਦੀ ਵਾਲਾ ਲੋਕਤੰਤਰ, ਸੁਤੰਤਰ ਤੋਂ ਅੰਸ਼ਕ ਸੁਤੰਤਰ ਦਰਜੇ ਤੱਕ ਡਿੱਗ ਗਿਆ ਹੈ।' ਇਸ ਮਾਮਲੇ ਦੇ ਦਿਲ 'ਤੇ ਉਂਗਲ ਰੱਖਦਿਆਂ ਇਸ ਨੇ ਨਰਿੰਦਰ ਮੋਦੀ ਦੀ ਹਿੰਦੂ ਰਾਸ਼ਟਰਵਾਦੀ ਵਿਚਾਰਧਾਰਾ ਨੂੰ ਗਿਰਾਵਟ ਦਾ ਕਾਰਨ ਦੱਸਿਆ ਜਾ ਰਿਹਾ ਹੈ। ਮੋਦੀ ਦੇ ਅਧੀਨ ਭਾਰਤ ਨੇ ਇੱਕ ਵਿਸ਼ਵਵਿਆਪੀ ਲੋਕਤੰਤਰੀ ਨੇਤਾ ਦੇ ਰੂਪ ਵਿੱਚ ਸੇਵਾ ਕਰਨ ਦੀ ਆਪਣੀ ਸਮਰੱਥਾ ਨੂੰ ਛੱਡ ਦਿੱਤਾ ਹੈ, ਸੰਕੁਚਿਤ ਹਿੰਦੂ ਰਾਸ਼ਟਰਵਾਦੀ ਸੌੜੇ ਹਿੱਤਾਂ ਨੂੰ ਸ਼ਾਮਲ ਕਰਨ ਅਤੇ ਸਾਰਿਆਂ ਲਈ ਬਰਾਬਰ ਅਧਿਕਾਰਾਂ ਦੇ ਆਪਣੇ ਮੂਲ ਮੁੱਲਾਂ ਦੀ ਕੀਮਤ 'ਤੇ ਉੱਭਾਰਿਆ ਹੈ।

ਪਿਛਲੇ ਦੋ ਸਾਲਾਂ ਤੋਂ ਭਾਰਤ ਇੱਕ 'ਚੋਣਕਾਰੀ ਤਾਨਾਸ਼ਾਹੀ'ਦੇਸ਼ ਬਣ ਗਿਆ ਸੀ। ਜਮਹੂਰੀਅਤ ਦੇ ਚੋਣ ਪਹਿਲੂਆਂ ਦੇ ਬਾਵਜੂਦ, ਇੱਕ ਉਦਾਰ ਜਮਹੂਰੀਅਤ ਦਾ ਬੁਨਿਆਦੀ ਢਾਂਚਾ, ਜਿਸ ਵਿੱਚ ਪ੍ਰਗਟਾਵੇ ਦੀ ਆਜ਼ਾਦੀ, ਨਾਗਰਿਕ ਸਮਾਜ ਦੀ ਆਜ਼ਾਦੀ ਅਤੇ ਘੱਟ ਗਿਣਤੀ ਦੇ ਅਧਿਕਾਰ ਸ਼ਾਮਲ ਹਨ, ਬੁਰੀ ਤਰ੍ਹਾਂ ਤਬਾਹ ਹੋ ਰਹੇ ਹਨ।

ਹਿੰਦੂ ਰਾਸ਼ਟਰਵਾਦੀ ਭਾਰਤ ਨੂੰ ਇੱਕ ਹਿੰਦੂ ਰਾਸ਼ਟਰ ਕਹਿਣ ਦੇ ਇੱਕ ਵਿਚਾਰ ਨੂੰ ਜਿਸ ਦਾ ਸੰਵਿਧਾਨ ਸਮਰਥਨ ਨਹੀਂ ਕਰਦਾ। ਆਜ਼ਾਦੀ ਤੋਂ ਬਾਅਦ ਦੇ ਰਾਜਨੀਤਕ ਕ੍ਰਮ ਦੀ ਆਪਣੀ ਧਾਰਨਾ ਵਿੱਚ ਭਾਰਤ ਦੀ ਸੰਵਿਧਾਨ ਸਭਾ (1947-50) ਹਿੰਦੂ ਪ੍ਰਮੁੱਖਤਾ ਦੀ ਧਾਰਨਾ ਦੇ ਨੇੜੇ ਵੀ ਨਹੀਂ ਆਈ।


ਦੂਸਰਾ, ਰਾਸ਼ਟਰਵਾਦ ਦਾ ਇੱਕ ਬਾਹੂ-ਬਲੀ ਰੂਪ ਵੀ ਸੱਤਾ ਵਿੱਚ ਹਿੰਦੂ ਰਾਸ਼ਟਰਵਾਦੀਆਂ ਦੇ ਉਭਾਰ ਦੇ ਨਾਲ ਹੈ। ਇਸ ਤਰ੍ਹਾਂ ਦਾ ਰਾਸ਼ਟਰਵਾਦ ਨਾ ਸਿਰਫ਼ ਘੱਟ ਗਿਣਤੀਆਂ ਨੂੰ, ਸਗੋਂ ਆਮ ਤੌਰ 'ਤੇ ਅਸਹਿਮਤੀਸ਼ੀਲ ਨਾਗਰਿਕਾਂ ਨੂੰ ਵੀ ਖ਼ਤਰਾ ਹੈ। ਹਿੰਦੂ ਰਾਸ਼ਟਰਵਾਦੀਆਂ ਦੇ ਅਨੁਸਾਰ ਉਦਾਰਵਾਦੀ ਆਜ਼ਾਦੀਆਂ ਇੱਕ ਮਜ਼ਬੂਤ ਰਾਸ਼ਟਰ ਦਾ ਨਿਰਮਾਣ ਨਹੀਂ ਕਰ ਸਕਦੀਆਂ; ਸਿਰਫ ਰਾਸ਼ਟਰੀ ਅਨੁਸ਼ਾਸਨ ਅਤੇ ਰਾਜ ਦੀ ਆਗਿਆਕਾਰੀ ਹੀ ਕਰ ਸਕਦੀ ਹੈ। ਮੋਦੀ ਨੇ ਦਲੀਲ ਦਿੱਤੀ ਹੈ ਕਿ ਨਾਗਰਿਕ ਅਧਿਕਾਰਾਂ ਨਾਲੋਂ ਨਾਗਰਿਕ ਫਰਜ਼ਾਂ ਨੂੰ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਬੀ ਜੇ ਪੀ ਸਰਕਾਰ ਫਾਸ਼ੀਵਾਦੀ ਅਤੇ ਏਕਾ-ਅਧਿਕਾਰ ਵਾਦੀ ਰੁਝਾਨਾਂ ਵੱਲ ਵਧ ਰਹੀ ਹੈ। ਫਾਸ਼ੀਵਾਦੀ ਤੇ ਏਕਾ-ਅਧਿਕਾਰ ਵਿਰੋਧੀ ਰੁਝਾਨਾਂ ਵਿਰੁੱਧ ਸਾਂਝੇ ਸਿਵਲ ਕੋਡ ਵਿਰੁੱਧ, ਜਮਹੂਰੀਅਤ ਅਤੇ ਜਮਹੂਰੀ ਹੱਕਾਂ ਦੀ ਰਾਖੀ, ਦੇਸ਼ ਅੰਦਰ ਸੰਘੀ ਢਾਂਚੇ ਦੀ ਰਾਖੀ ਲਈ ਇੱਕ ਸਾਂਝੇ ਸੰਘਰਸ਼ ਦੀ ਲੋੜ ਹੈ।

# ਸੰਪਰਕ : 98550-04500

# ਸਿਰੜੀ ਕ੍ਰਾਂਤੀਕਾਰੀ ਇੰਦਰ ਸਿੰਘ ਮੁਰਾਰੀ

ਚਰੰਜੀ ਲਾਲ ਕੰਗਣੀਵਾਲ



ਜੈਤੋ ਮੋਰਚੇ ਦੇ ਪਹਿਲੇ ਜਥੇ ਉੱਤੇ ਗੋਲੀ ਚੱਲ ਗਈ ਸੀ, ਕਈ ਸਤਿਆਗ੍ਰਹੀ ਸ਼ਹੀਦ ਹੋ ਗਏ। ਇਸ ਕਰਕੇ ਦੂਜੇ ਜਥੇ 'ਚ ਸ਼ਾਮਲ ਹੋਣ ਵਾਲੇ ਹਰ ਵਿਅਕਤੀ ਦੇ ਮਾਪਿਆਂ ਨੂੰ ਸੱਦ ਲਿਆ ਗਿਆ ਸੀ, ਜਥੇ 'ਚ ਸ਼ਾਮਲ ਇੰਦਰ ਸਿੰਘ ਮੁਰਾਰੀ ਦੀ ਮਾਂ ਨੂੰ ਵੀ ਸੱਦ ਲਿਆ ਗਿਆ, ਜੋ ਕਦੇ ਪਹਿਲਾਂ ਏਨੇ ਲੋਕਾਂ ਦੇ ਸਾਹਮਣੇ ਨਹੀਂ ਸੀ ਹੋਈ। ਮਾਂ ਨੇ ਜਜ਼ਬਾਤ ਨਾਲ ਇੰਦਰ ਸਿੰਘ ਮੁਰਾਰੀ ਦੀ ਕੰਡ 'ਤੇ ਹੱਥ ਫੇਰਦਿਆਂ ਆਖਿਆ, 'ਮੇਰੇ ਹੋਰ ਵੀ ਕਈ ਪੁੱਤਰ ਸਨ, ਜੋ ਨਿੱਕੀਆਂ-ਨਿੱਕੀਆਂ ਗੱਲਾਂ ਵਾਸਤੇ ਲੜ-ਝਗੜ ਕੇ ਜਾਨਾਂ ਗੁਆ ਗਏ, ਪਰ ਇਹ ਮੇਰਾ ਪੁੱਤਰ ਧਰਮ ਲਈ ਸ਼ਹੀਦ ਹੋਣ ਚਲਿਆ ਏ ਤੇ ਇਸ ਗੱਲ 'ਤੇ ਮੈਨੂੰ ਮਾਣ ਏ।' ਮਾਂ ਦੀਆਂ ਗੱਲਾਂ ਨੇ ਇੰਦਰ ਸਿੰਘ ਅੰਦਰ ਹੋਰ ਜੋਸ਼ ਭਰ ਦਿੱਤਾ ਤੇ ਉਹਨੇ ਮਾਂ ਦੇ ਪੈਰੀਂ ਹੱਥ ਲਾ ਕੇ ਆਪਣੇ ਕੋਲ ਬਚੇ ਹੋਏ ਸੌ ਰੁਪਏ ਹੱਥ ਫੜਾ ਦਿੱਤੇ। ਬੱਸ ਇਹ ਦਿੱਤਾ ਸੌ ਰੁਪਈਆ ਉਸ ਦੀ ਸਾਰੀ ਜ਼ਿੰਦਗੀ ਦੀ ਕਮਾਈ ਵਿਚੋਂ ਸੀ। ਇਸ ਤੋਂ ਪਿੱਛੋਂ ਦੇਸ਼ ਨੂੰ ਆਜ਼ਾਦ ਕਰਾਉਣ ਲਈ ਉਸ ਨੂੰ ਮਰਨਮਿਟੀ ਚੜ੍ਹ ਗਈ ਤੇ ਉਹ ਕਦੇ ਨਾ ਘਰ ਵੱਲ ਅਤੇ ਨਾ ਮਾਂ ਦੇ ਮੱਥੇ ਲੱਗ ਸਕਿਆ।

ਇੰਦਰ ਸਿੰਘ ਦਾ ਜਨਮ ਈਸ਼ਰ ਸਿੰਘ ਅਤੇ ਮਾਤਾ ਕਿਸੋ (ਕਿਸ਼ਨ ਕੌਰ) ਦੇ ਘਰ 1895 ਈ. ਨੂੰ ਪਿੰਡ ਸਰਾਏ ਅਮਾਨਤ ਖਾਂ (ਅੰਮ੍ਰਿਤਸਰ ਹੁਣ ਜ਼ਿਲ੍ਹਾ ਤਰਨ ਤਾਰਨ) ਵਿਚ ਹੋਇਆ। ਘਰੇਲੂ ਹਾਲਤਾਂ ਨੇ ਉਸ ਨੂੰ ਪੜ੍ਹਾਈ ਕਰਨ ਦੀ ਥਾਂ ਪਸ਼ੂ ਚਾਰਨ 'ਤੇ ਲਾ ਦਿੱਤਾ। ਮੱਸਿਆ ਦੇਖਣ ਲਈ ਜਾਣ ਵਾਲੇ ਜਥੇ ਦੇਖ ਦੇਖ ਕੇ ਉਸ ਦਾ ਮਨ ਉਨ੍ਹਾਂ ਨਾਲ ਜਾਣ ਨੂੰ ਕਰਦਾ, ਪਰ ਪਸ਼ੂਆਂ ਦੇ ਬੰਧਨ ਕਰਕੇ ਉਸ ਦੀ ਇੱਛਾ ਦੱਬੀ ਰਹਿ ਜਾਂਦੀ। ਆਖਰ ਇਕ ਵਾਰ ਉਹ ਜਥੇ ਦੇ ਪਿਛੇ ਤਰਨ ਤਾਰਨ ਚਲਾ ਗਿਆ ਸੀ। ਗੁਰਦੁਆਰੇ ਦੇ ਪੁਜਾਰੀਆਂ ਦੇ ਦੁਰ-ਪ੍ਰਬੰਧ ਅਤੇ ਤਮਾਸ਼ਬੀਨਾਂ ਦੀਆਂ ਹਰਕਤਾਂ ਦੇਖ ਉਹਨੂੰ ਅਜੀਬ ਲੱਗਾ, ਪਰ ਪ੍ਰਚਾਰਕਾਂ ਤੇ ਰਾਗੀਆਂ ਨੂੰ ਸੁਣ ਕੇ ਉਸ ਦੇ ਅੰਦਰ ਪੜ੍ਹਨ ਦੀ ਚੇਸ਼ਟਾ ਜਾਗੀ। ਪਹਿਲੀ ਸੰਸਾਰ ਜੰਗ ਸਮੇਂ ਉਹ ਅੰਬਾਲੇ ਜਾ ਕੇ ਨੌਂ-ਨੰਬਰ ਰਸਾਲੇ ਵਿਚ ਭਰਤੀ ਹੋ ਕੇ ਮੋਰਚੇ 'ਤੇ ਚਲਾ ਗਿਆ। ਜੰਗ ਮੁੱਕਣ 'ਤੇ ਉਨ੍ਹਾ ਦਾ ਰਸਾਲਾ ਭਾਰਤ ਪ੍ਰਤੀ ਤਾਂ ਬੰਬਈ ਬੰਦਰਗਾਹ 'ਤੇ ਸਾਰੇ ਫੌਜੀਆਂ ਦੀ ਤਲਾਸ਼ੀ ਲਈ ਗਈ, ਜਿਸ ਬਾਰੇ ਉਸ ਨੂੰ ਪਿੱਛੋਂ ਪਤਾ ਲੱਗਾ ਕਿ ਅਮਰੀਕਾ 'ਚੋਂ ਉਠੀ ਗ਼ਦਰ ਪਾਰਟੀ ਦਾ ਅਸਰ ਅਜੇ ਵੀ ਅੰਗਰੇਜ਼ਾਂ ਲਈ ਹਊਆ ਬਣਿਆ ਹੋਇਆ ਸੀ। ਬਨਦੀ ਛੁੱਟੀ ਸਮੇਂ ਉਹ ਨਨਕਾਣਾ ਸਾਹਿਬ ਪੁੱਜ ਗਿਆ, ਜਿੱਥੇ ਸਾਕਾ ਹੋਇਆ ਸੀ। ਛੁੱਟੀ ਤੋਂ ਵੱਧ ਸਮਾਂ ਬੀਤਾ ਕੇ ਜਦੋਂ ਉਹ ਵਾਪਸ ਰਸਾਲੇ ਵਿਚ ਗਿਆ ਤਾਂ ਉਸ ਨੂੰ ਨੌਕਰੀ ਤੋਂ ਹਟਾ ਦਿੱਤਾ ਗਿਆ। ਉਂਝ ਵੀ ਉਸ ਦਾ ਨੌਕਰੀ ਕਰਨ ਦਾ ਹੁਣ ਇਰਾਦਾ ਨਹੀਂ ਸੀ। ਉਹ ਨਨਕਾਣਾ ਸਾਹਿਬ ਪੁੱਜਾ ਤੇ ਸੇਵਾ-ਸੰਭਾਲ ਕਰਨ ਵਾਲੇ ਪੰਜ ਪਿਆਰਿਆਂ ਵਿਚ ਸ਼ਾਮਲ ਹੋ ਗਿਆ।

ਛੇਤੀ ਹੀ ਗੁਰੂ ਕਾ ਬਾਗ਼ ਦਾ ਮੋਰਚਾ ਸ਼ੁਰੂ ਹੋ ਗਿਆ। ਜਿਸ ਵਿਚ ਸ਼ਾਮਲ ਹੋ ਕੇ ਇੰਦਰ ਸਿੰਘ ਮੁਰਾਰੀ ਨੇ ਵੀ ਡਾਂਗਾਂ ਦੀ ਕੁੱਟ ਖਾਧੀ ਤੇ ਨੌਂ ਮਹੀਨੇ ਦੀ ਸਜ਼ਾ ਭੁਗਤੀ। ਅੰਬਾਲਾ ਜੇਲ੍ਹ ਵਿੱਚੋਂ ਰਿਹਾਅ ਹੋ ਕੇ ਆਉਣ ਸਮੇਂ ਜੈਤੋ ਦਾ ਮੋਰਚਾ ਸ਼ੁਰੂ ਹੋ ਚੁੱਕਾ ਸੀ। ਇਸ ਮੋਰਚੇ ਵਿਚ ਵੀ ਸ਼ਾਮਲ ਹੋ ਕੇ ਸਜ਼ਾ ਭੁਗਤੀ। ਜੇਲ੍ਹ ਤੋਂ ਛੁੱਟ ਕੇ ਮਹਿਤਾ ਨੰਗਲ (ਸਿੰਘ ਬੇਲਾ ਗੁਰਦੁਆਰਾ) ਜਾ ਕੇ ਸੰਤ ਬਖ਼ਸ਼ੀਸ਼ ਸਿੰਘ ਵੱਲੋਂ ਉਸਾਰੇ ਗੁਰਦੁਆਰੇ ਵਿਚ ਉਸ ਦਾ ਮੇਲ ਉੱਘੇ ਗ਼ਦਰੀ ਤੇ ਕਿਰਤੀ ਪਾਰਟੀ ਦੇ ਆਗੂ ਭਾਈ ਸੰਤੋਖ ਸਿੰਘ ਧਰਦਿਓ ਦੇ ਨਾਲ ਹੋਇਆ। ਉਥੇ ਹੀ ਅਮਰ ਸਿੰਘ 'ਤੇਗ਼' ਨਾਲ ਨੇੜਤਾ ਪੈਦਾ ਹੋਈ। ਅਮਰ ਸਿੰਘ ਤੇਗ਼ ਨਾਲ ਜੰਮੂ-ਕਸ਼ਮੀਰ ਵਿੱਚ ਹਥਿਆਰਾਂ ਲਈ ਘੁੰਮਦਿਆਂ ਇੰਦਰ ਸਿੰਘ ਮੁਰਾਰੀ ਉਥੇ ਊਧਮ ਸਿੰਘ ਸੁਨਾਮ ਨੂੰ ਮਿਲਿਆ ਅਤੇ ਕੁਝ ਚਿਰ ਈਸ਼ਰ ਸਿੰਘ ਮਝੈਲ ਨਾਲ ਵੀ ਬਿਤਾਇਆ।

ਵਾਪਸ ਪੰਜਾਬ ਆ ਕੇ ਜਦੋਂ ਉਹ ਬਾਬਾ ਬਕਾਲੇ ਗਿਆ ਤਾਂ ਉਥੇ ਬਾਬਾ ਜੁਆਲਾ ਸਿੰਘ ਠੱਠੀਆਂ ਨਾਲ ਮੇਲ ਹੋਇਆ। ਬਾਬਾ ਜੀ ਨੇ ਗ਼ਦਾਰ ਬੇਲਾ ਸਿੰਘ ਜਿਆਣ ਦਾ ਫਸਤਾ ਵੱਢਣ ਲਈ ਇੰਦਰ ਸਿੰਘ ਮੁਰਾਰੀ ਨੂੰ ਪ੍ਰੇਰਿਆ ਤੇ ਇਸ ਕੰਮ ਲਈ ਬਾਬਾ ਅਮਰ ਸਿੰਘ ਸੰਧਵਾਂ ਤੇ ਬਾਬਾ ਈਸ਼ਰ ਸਿੰਘ (ਹਜ਼ਾਰਾ ਸਿੰਘ ਜੰਡੋਲੀ) ਨੂੰ ਮਿਲਣ ਲਈ ਕਿਹਾ। ਬੇਲਾ ਸਿੰਘ ਜਿਆਣ ਨੇ ਵੈਨਕੂਵਰ ਦੇ ਸਿੱਖ ਟੈਂਪਲ ਵਿਚ ਦਿਨ-ਦਿਹਾੜੇ ਗੋਲੀਆ ਨਾਲ ਭਾਈ ਭਾਗ ਸਿੰਘ ਅਤੇ ਭਾਈ ਬਦਨ ਸਿੰਘ ਨੂੰ ਮਾਰ ਦਿੱਤਾ ਸੀ। ਉਹ ਅੰਗਰੇਜ਼ੀ ਸੂਹੀਏ ਹੋਪਕਿਨਸਨ ਦਾ ਪਿੱਠੂ ਸੀ, ਜਿਹੜਾ ਕਾਮਾਗਾਟਾ ਮਾਰੂ ਦਾ ਸਾਕਾ ਅਤੇ ਕੈਨੇਡਾ ਵਿੱਚ ਭਾਰਤੀ ਪ੍ਰਵਾਸੀਆਂ ਦੇ ਖਿਲਾਫ਼ ਸਾਜ਼ਿਸ਼ਘਾੜਾ ਸੀ। ਅੰਗਰੇਜ਼ੀ ਸਰਕਾਰ ਵੱਲੋਂ ਬੇਲਾ ਸਿੰਘ 'ਤੇ ਮੁਕੱਦਮਾ ਚਲਾਉਣ ਦੀ ਬਜਾਏ ਉਸ ਨੂੰ ਮੁਰੱਬੇ ਦੇ ਕੇ ਭਾਰਤ ਭੇਜ ਦਿੱਤਾ ਸੀ। ਗ਼ਦਰੀ ਦੇਸ਼ ਭਗਤਾਂ ਵਿਰੁੱਧ ਉਸ ਨੇ ਸਰਕਾਰ ਦੀ ਮਦਦ ਕਰਕੇ ਦਰਜਨਾਂ ਨੂੰ ਫਾਂਸੀ ਅਤੇ ਸੈਂਕੜਿਆਂ ਨੂੰ ਕਾਲੇ ਪਾਣੀ ਤੇ ਹੋਰ ਜੇਲ੍ਹਾਂ ਦੀਆਂ ਕਾਲ ਕੋਠੜੀਆਂ ਵਿਚ ਬੰਦ ਕਰਾਇਆ ਸੀ। ਉਹ ਪਿੰਡ ਆ ਕੇ ਸਰਕਾਰੀ ਸੁਰੱਖਿਆ ਨਾਲ ਘੋੜੀ ਤੇ ਹਥਿਆਰਾਂ ਨਾਲ ਸਰਕਾਰੀ ਦਫ਼ਤਰਾਂ ਦੀ ਹਾਜ਼ਰੀ ਭਰ ਕੇ ਦੇਸ਼ ਭਗਤਾਂ ਦੀਆਂ ਸੂਚਨਾਵਾਂ ਦਿੰਦਾ। ਕਾਲੇ ਪਾਣੀ ਜੇਲ੍ਹ ਵਿਚੋਂ ਉਮਰ ਕੈਦਾਂ ਭੁਗਤ ਕੇ ਆਏ ਗ਼ਦਰੀ ਬਾਬਿਆਂ ਨੂੰ ਉਸ ਦੀ ਹੋਂਦ ਅਸਹਿ ਸੀ। ਸੰਨ 1913 ਤੋਂ ਹੁਣ ਤੱਕ ਉਹ ਇਨਕਲਾਬੀਆਂ ਤੋਂ ਬਚਦਾ ਆ ਰਿਹਾ ਸੀ।

ਬਾਬਾ ਜੁਆਲਾ ਸਿੰਘ ਠੱਠੀਆਂ ਦੀ ਪ੍ਰੇਰਨਾ ਨੇ ਇੰਦਰ ਸਿੰਘ ਮੁਰਾਰੀ ਨੂੰ ਇਹ ਕਾਰਨਾਮਾ ਕਰਨ ਲਈ ਤਿਆਰ-ਬਰ-ਤਿਆਰ ਕਰ ਦਿੱਤਾ ਤੇ ਉਹ ਬਾਬਾ ਅਮਰ ਸਿੰਘ ਸੰਧਵਾਂ ਦੇ ਕੋਲ ਆ ਗਿਆ, ਜਿੱਥੇ ਜਥੇਦਾਰ ਬਖ਼ਸ਼ੀਸ਼ ਸਿੰਘ ਚੱਬੇਵਾਲ, ਬਾਬਾ ਈਸ਼ਰ ਸਿੰਘ ਜੰਡੌਲੀ ਅਤੇ ਬਾਬਾ ਹਰੀ ਸਿੰਘ ਸੂੰਢ ਨਾਲ ਮਿਲ ਕੇ ਇਸ ਕਲੰਕ ਨੂੰ ਧੋਣ ਦੀ ਯੋਜਨਾ ਵਿਚ ਰੁਝ ਗਿਆ। ਕਾਫ਼ੀ ਸਮਾਂ ਬੀਤ ਗਿਆ, ਕੋਈ ਗੱਲ ਬਨਦੀ ਨਾ ਦੇਖ ਕੇ ਇਕ ਦਿਨ ਬਾਬਾ ਅਮਰ ਸਿੰਘ ਨੇ ਪੁੱਛਿਆ, 'ਕੁਝ ਕਰੋਗੇ ਵੀ ਕਿ ਸੈਰ-ਸਪਾਟੇ ਹੀ ਕਰੀ ਜਾਉਗੇ?' ਸੱਬਬ ਨਾਲ ਉਸੇ ਹੀ ਦਿਨ ਸ਼ਾਮ ਵੇਲੇ ਚੱਬੇਵਾਲ ਦੇ ਅੱਡੇ 'ਤੇ ਗ਼ਦਾਰ ਬੇਲਾ ਸਿੰਘ ਕਾਬੂ ਆ ਗਿਆ ਤੇ ਉਸ ਦੇ ਟੋਟੇ ਕਰਕੇ ਉਸ ਦੇ ਪਾਪਾਂ ਦਾ ਬਦਲਾ ਚੁੱਕਾ ਦਿੱਤਾ ਗਿਆ। ਅੰਗਰੇਜ਼ੀ ਸਰਕਾਰ ਦਾ ਹੇਜਲਾ ਬੇਲਾ ਸਿੰਘ ਜਿਆਣ ਦੇ ਕਤਲ ਨੇ ਅੰਗਰੇਜ਼ੀ ਰਾਜ ਵਿਚ ਤਹਿਲਕਾ ਮਚਾ ਦਿੱਤਾ। ਬਾਬਾ ਹਰੀ ਸਿੰਘ ਸੂੰਢ ਤੇ ਈਸ਼ਰ ਸਿੰਘ ਗ੍ਰਿਫ਼ਤਾਰ ਕੀਤੇ ਗਏ। ਇਸ ਕਤਲ ਦਾ ਭੇਦ ਕੱਢਣ ਲਈ ਪੁਲਸ ਨੇ ਸਾਰੇ ਤਰੀਕੇ ਵਰਤੇ, ਪਰ ਉਨ੍ਹਾਂ ਦੋਨਾਂ ਦੇ ਮੂੰਹੋਂ ਇਕ ਵੀ ਸ਼ਬਦ ਨਾ ਨਿਕਲਿਆ ਤੇ ਆਖਰ ਉਹ ਬਰੀ ਹੋ ਗਏ। ਸਰਕਾਰ ਇਸ ਕਤਲ ਦਾ ਭੇਦ ਕੱਢਣ ਵਿੱਚ ਅਸਫ਼ਲ ਰਹੀ।

ਇੰਦਰ ਸਿੰਘ ਮੁਰਾਰੀ ਰੂਪੋਸ਼ ਹੋ ਕੇ ਜ਼ਿਲ੍ਹਾ ਸ਼ੇਖੂਪੁਰਾ ਵਿਚ ਕੋਟ ਸੌਂਧਾ ਦੇ ਕਾਮਰੇਡ ਮੁਹੱਬਤ ਸਿੰਘ ਕੋਲ ਚਲਾ ਗਿਆ। ਜਿਥੇ ਉਹ ਮੁਸਲਮਾਨ ਦਾ ਭੇਸ ਬਣ ਕੇ ਰਹਿੰਦਾ ਰਿਹਾ। ਕੋਟ ਸੌਂਧਾ ਸਰਕਾਰ ਦੇ ਭਗੌੜੇ ਜਾਂ ਕੈਦਾਂ ਕੱਟ ਕੇ ਕਮਜ਼ੋਰ ਹੋਏ ਦੇਸ਼ ਭਗਤਾਂ ਲਈ ਸੁਰੱਖਿਆ ਦਾ ਕੇਂਦਰ ਅਤੇ ਟਹਿਲ-ਸੇਵਾ ਅਤੇ ਹਿਫ਼ਾਜਤ ਲਈ ਗੁਪਤ ਟਿਕਾਣਾ ਸੀ। ਇਥੋਂ ਹੀ ਉਹ ਸ਼ਿਵ ਨਾਥ ਦੇ ਨਾਲ ਕਲੱਕਤਾ ਚਲਾ ਗਿਆ, ਜਿਹੜਾ ਕਿਰਤੀ ਲਹਿਰ ਦਾ ਉਸ ਸਮੇਂ ਵੱਡਾ ਮਜ਼ਦੂਰ ਕੇਂਦਰ ਸੀ। ਕਲਕੱਤਾ ਤੋਂ ਵਾਪਸ ਆ ਕੇ ਉਹ ਮਜੀਠਾ ਦੇ ਦਾਦੂਪੁਰ ਅਤੇ ਗੁਰਦਾਸਪੁਰ ਵਿਚ ਪਿੰਡ ਗੋਖੂਵਾਲ ਰੂਪੋਸ਼ ਰਿਹਾ। ਪਿੱਛੋਂ ਉਸ ਨੂੰ ਗੁਰਦਾਸਪੁਰ ਤੇ ਪਠਾਨਕੋਟ ਵਿਚ ਕਿਰਤੀ ਪਾਰਟੀ ਦਾ ਆਰਗੇਨਾਈਜ਼ਰ ਬਣਾ ਦਿੱਤਾ। ਇਸ ਸਮੇਂ ਉਹ ਬਾਬਾ ਸੋਹਣ ਸਿੰਘ ਭਕਨਾ ਅਤੇ ਤੇਜਾ ਸਿੰਘ ਸੁਤੰਤਰ ਦਾ ਨਜ਼ਦੀਕੀ ਬਣ ਗਿਆ।

ਕਾਮਰੇਡ ਰਾਮ ਸਿੰਘ ਦੱਤ ਤੇ ਤੇਜਾ ਸਿੰਘ ਸੁਤੰਤਰ ਦੀ ਸਲਾਹ ਨਾਲ ਉਹ ਬਾਬਾ ਬਕਾਲੇ ਤੋਂ ਗ੍ਰਿਫਤਾਰ ਹੋਣ ਤੋਂ ਪਿੱਛੋਂ ਉਸ ਨੂੰ ਅੰਮ੍ਰਿਤਸਰ ਦੇ ਗੋਬਿੰਦਗੜ੍ਹ ਕਿਲ੍ਹੇ ਵਿਚ ਸੰਗਲਾਂ ਨਾਲ ਨੂੜ ਕੇ ਰੱਖਿਆ ਗਿਆ, ਪਰ ਉਸ ਦਾ ਬੜੀ ਦਲੇਰੀ ਨਾਲ ਕਿਲ੍ਹੇ ਵਿਚੋਂ ਬਾਹਰ ਨਿਕਲਣ ਦਾ ਕਾਰਨਾਮਾ ਚਕਾਚੌਂਧ ਕਰ ਦੇਣ ਵਾਲਾ ਸੀ। ਪਰਖ ਦੀ ਇਸ ਕਸੌਟੀ ਦੇ ਭਿਆਨਕ ਕਾਰਨਾਮੇ ਬਾਰੇ ਇੰਦਰ ਸਿੰਘ ਨੇ ਆਪਣੇ ਸਾਥੀ ਸ਼ਿਵ ਨਾਥ ਨੂੰ ਦੱਸਿਆ ਸੀ :

'ਹੌਸਲਾ ਰੱਖਦੇ ਹੋਏ ਵੀ ਹੌਸਲਾ ਨਾ ਪਵੇ। ਤੇ ਫਿਰ ਇਕ ਕਸੀਸ ਵੱਟ ਕੇ ਆਪਣੇ ਸਰੀਰ ਨੂੰ ਕੰਧ ਤੋਂ ਥੱਲੇ ਲਮਕਾਇਆ ਤੇ ਅਡੋਲ ਆਪਣੇ ਪੰਜਿਆਂ ਨੂੰ ਢਿੱਲਿਆਂ ਕਰ ਦਿੱਤਾ। ਉਪਰੋਂ ਥੱਲੇ ਤੱਕ ਆਉਂਦਿਆਂ ਮੇਰਾ ਢਿੱਡ, ਮੇਰੀ ਛਾਤੀ ਤੇ ਲੱਤਾਂ, ਬਾਹਾਂ, ਏਨੀਆਂ ਛਿੱਲੀਆਂ ਗਈਆਂ ਕਿ ਉਨ੍ਹਾਂ ਵਿੱਚੋਂ ਲਹੂ-ਵਹਿ ਤੁਰਿਆ। ਪਰ ਸ਼ੁਕਰ ਹੈ, ਇਹੋ ਜਿਹੀ ਕੋਈ ਸੱਟ ਨਾ ਵੱਜੀ, ਜਿਸ ਕਾਰਨ ਮੈਂ ਪਰਤ ਕੇ ਉਥੋਂ ਹਿੱਲ ਹੀ ਨਾ ਸਕਦਾ, ਸੁਰਤ ਉਂਝ ਕੁਝ ਚਿਰ ਵਾਸਤੇ ਮੇਰੀ ਫੇਰ ਵੀ ਜਾਂਦੀ ਰਹੀ, ਪਰ ਹੱਡਾਂ ਵਿਚ ਵੜ ਕੇ ਬੈਠੇ ਫੜੇ ਜਾਣ ਦੇ ਭੈਅ ਨੇ ਮੈਨੂੰ ਛੇਤੀ ਹੀ ਹੋਸ਼ ਵਿਚ ਲੈ ਆਂਦਾ, ਕਿਉਂਕਿ ਖਾਈ ਵਿਚੋਂ ਬਾਹਰ ਨਿਕਲਣ ਦੀ ਮੁਹਿਮ ਤਾਂ ਅਜੇ ਬਾਕੀ ਪਈ ਸੀ। ਉਹ ਮੁਹਿੰਮ ਪਤਾ ਨਹੀ ਸਰ ਹੁੰਦੀ ਵੀ ਕਿ ਨਾ ਜੇ ਖਾਈ ਦੀ ਕੰਧ ਵਿਚ ਪਈ ਇਕ ਦਰਾੜ ਵਿਚੋਂ ਬਾਹਰ ਨਿਕਲੀਆਂ ਕਿਸੇ ਰੁੱਖ ਦੀਆਂ ਜੜ੍ਹਾਂ ਮੈਨੂੰ ਆਸਰਾ ਨਾ ਦੇ ਦੇਂਦੀਆਂ। ਉਥੋਂ ਨਿਕਲ ਕੇ ਪਹਿਲਾਂ ਤਾਂ ਮੈਂ ਇਸਲਾਮਾਬਾਦ (ਅੰਮ੍ਰਿਤਸਰ) ਵਾਲੀ ਸੜਕ 'ਤੇ ਪਹੁੰਚਿਆ, ਜਿੱਥੇ ਖਲ੍ਹੋ ਕੇ ਮੈਂ ਇਕ ਪਲ ਲਈ ਸੋਚਿਆ ਹੋਵੇਗਾ ਤੇ ਫਿਰ ਬਾਬੇ ਅਰੂੜ ਸਿੰਘ 'ਇਨਕਲਾਬ' ਦੇ ਪਿੰਡ ਥਾਂਦੇ ਨੂੰ ਹੋ ਤੁਰਿਆ, ਜੋ ਇਸ ਥਾਂ ਤੋਂ ਕੋਈ ਤਿੰਨ ਪੌਣੇ ਤਿੰਨ ਮੀਲਾਂ ਦੀ ਵਿੱਥ 'ਤੇ ਸੀ।'

ਇਸ ਤਰ੍ਹਾਂ ਇੰਦਰ ਸਿੰਘ ਮੁਰਾਰੀ ਨੇ ਬਾਬਾ ਅਰੂੜ ਸਿੰਘ ਕੋਲ ਤੇ ਫਿਰ ਭਕਨੇ ਤੋਂ ਹੁੰਦਾ ਹੋਇਆ ਇੰਦਰ ਸਿੰਘ ਚੱਕਰਵਰਤੀ ਦੇ ਕੋਲ ਪਿੰਡ ਜਠੌਲ ਠਹਿਰਿਆ। ਇਥੋਂ ਉਹ ਸ੍ਰੀ ਹਰਗੋਬਿੰਦਪੁਰ ਦੇ ਗੁਰਦੁਆਰੇ ਦਮਦਮਾ ਸਾਹਿਬ ਵਿਚ ਜਾ ਲੁਕਿਆ, ਜਿਥੇ ਉਸ ਦੇ ਪੁਰਾਣੇ ਸਾਥੀ ਬਾਬਾ ਈਸ਼ਰ ਸਿੰਘ ਸੰਧਮ, ਜੱਸਾ ਸਿੰਘ ਘਸ ਕਲੇਰ, ਘੁੱਦਾ ਸਿੰਘ ਖੁੱਡੀ ਚੀਮਾ ਅਤੇ ਤੇਜਾ ਸਿੰਘ ਬਿਠੂਆ ਸੇਵਾਦਾਰ ਸਨ। ਤੇਜਾ ਸਿੰਘ ਬਿਠੂਆ ਉਸ ਨੂੰ ਜਾਗੋ ਭੱਟੀਆਂ ਲੈ ਗਿਆ ਤੇ ਉਥੋਂ ਨਾਨੂੰ ਨੰਗਲ ਹਰਨਾਮ ਸਿੰਘ ਕੋਲ ਚਲਾ ਗਿਆ। ਕਿਰਤੀ ਪਾਰਟੀ ਦੇ ਹਰਨਾਮ ਸਿੰਘ ਨਾਲ ਮਿਲ ਕੇ ਪਨਿਆੜ ਕੇਂਦਰ ਸ਼ਿਵ ਕੁਮਾਰ ਸ਼ਾਰਦਾ ਕੋਲ ਪਹੁੰਚਾ। ਉਥੇ ਹੀ ਉਸ ਦਾ ਮੇਲ ਮਾਸਕੋ ਤੋਂ ਆਏ ਰਾਮ ਸਿੰਘ ਦੱਤ ਨਾਲ ਹੋਇਆ। ਇਥੋਂ ਉਹ ਪਠਾਨਕੋਟ ਦੇ ਉਜਾਗਰ ਸਿੰਘ ਤੇ ਪਿੰਡੀ ਮਣਾਸਾਂ ਦੇ ਫਜ਼ਲ ਮਰਾਸੀ ਕੋਲ ਰਿਹਾ। ਰਾਮ ਸਿੰਘ ਦੱਤ ਅਤੇ ਪਨਿਆੜ ਵਿਚ ਤੇਜਾ ਸਿੰਘ ਸੁਤੰਤਰ ਨੇ ਉਸ ਨੂੰ ਪੁਲਸ ਅੱਗੇ ਪੇਸ਼ ਹੋਣ ਦੀ ਸਲਾਹ ਦਿੱਤੀ।

ਇਸ ਤਰ੍ਹਾਂ ਉਹ ਜੇਲ੍ਹ 'ਚੋਂ ਫਰਾਰ ਹੋ ਕੇ ਅੱਡ-ਅੱਡ ਥਾਵਾਂ 'ਤੇ ਰੂਪੋਸ਼ ਰਿਹਾ। ਇਸ ਦੌਰਾਨ ਉਸ ਨੇ 'ਮਾਣਕੋ ਕਤਲ ਦੇ ਕੇਸ' ਦੇ ਗੁਰਦਿੱਤ ਸਿੰਘ 'ਦਲੇਰ' (ਮੰਡਾਲੀ) ਤੇ ਕਰਤਾਰ ਸਿੰਘ ਕਿਰਤੀ (ਚੱਕ ਕਲਾਂ) ਨੂੰ ਜੇਲ੍ਹ 'ਚੋਂ ਛੁਡਾਉਣ ਦੀਆਂ ਕੋਸ਼ਿਸ਼ਾਂ ਵੀ ਕੀਤੀਆਂ, ਪਰ ਉਹ ਕਾਮਯਾਬ ਨਾ ਹੋਇਆ। ਭਕਨਾ ਕਲਾਂ ਵਿਚ ਬਾਬਾ ਸੋਹਣ ਸਿੰਘ ਭਕਨਾ ਵੱਲੋਂ ਲਗਾਏ ਇਕ ਕੈਂਪ ਵਿੱਚ ਉਸ ਨੇ ਪ੍ਰਿੰਸੀਪਲ ਛਬੀਲ ਦਾਸ, ਪ੍ਰੋ. ਬ੍ਰਿਜ ਨਰਾਇਣ ਤੇ ਪਿਆਰੇ ਲਾਲ ਬੇਦੀ ਤੋਂ ਕਿਸਾਨੀ ਮਸਲਿਆਂ ਬਾਰੇ ਸਿੱਖਿਆ ਪ੍ਰਾਪਤ ਕੀਤੀ ਅਤੇ ਲਾਹੌਰ ਕਿਸਾਨ ਮੋਰਚਾ ਵਿਚ ਜਾਣ ਵਾਲੇ ਜਥੇ ਵਿਚ ਸ਼ਾਮਲ ਹੋ ਕੇ ਗ੍ਰਿਫਤਾਰ ਹੋ ਗਿਆ।

ਦੇਸ਼ ਦੀ ਵੰਡ ਸਮੇਂ ਕਾਮਰੇਡ ਤੇਜਾ ਸਿੰਘ ਸੁਤੰਤਰ ਦੇ ਨਾਲ ਕਾਫ਼ਲਿਆਂ ਦੀ ਸੁਰੱਖਿਆ ਲਈ ਕੰਮ ਕਰਦਿਆਂ ਜਿਹੜੇ ਕਾਰਨਾਮੇ ਇੰਦਰ ਸਿੰਘ ਮੁਰਾਰੀ ਨੇ ਕੀਤੇ, ਉਹ ਆਮ ਆਦਮੀ ਦੇ ਕਰਨ ਵਾਲੇ ਨਹੀਂ ਸਨ। ਜਿਵੇਂ ਡਾ. ਸੈਫ਼ੂਦੀਨ ਕਿਚਲੂ ਦੀ ਕੋਠੀ 'ਤੇ ਪਹਿਰਾ ਦੇਣਾ, ਜਿਥੇ ਫਸਾਦੀ ਹਰਲ-ਹਰਲ ਫਿਰਦੇ ਸਨ ਅਤੇ ਫਿਰ ਕਿਚਲੂ ਨੂੰ ਸੁਰੱਖਿਅਤ ਦਿੱਲੀ ਪੁਚਾਉਣਾ। ਉਸ ਨੇ ਜੋਖ਼ਮ ਵਿਚ ਪੈ ਕੇ ਕਾਮਰੇਡ ਮੁਬਾਰਕ ਸਾਗਰ ਦੀ ਭਤੀਜੀ ਨੂੰ ਪਾਕਿਸਤਾਨ ਪੁਚਾਇਆ ਅਤੇ ਫ਼ਸਾਦੀਆਂ ਤੋਂ ਮਜ਼ਲੂਮਾਂ ਨੂੰ ਬਚਾਉਣ ਲਈ ਮੰਜਕੀ ਦੇ ਪਿੰਡਾਂ ਦਾ ਚੱਕਰ ਲਾਇਆ।

ਕਾਮਰੇਡ ਇੰਦਰ ਸਿੰਘ ਮੁਰਾਰੀ ਆਜ਼ਾਦ ਭਾਰਤ ਵਿਚ ਵੀ ਮੁਜਰਮ ਵਜੋਂ ਹੀ ਰੂਪੋਸ਼ ਰਿਹਾ ਅਤੇ 1962 ਵਿਚ ਜਾ ਕੇ ਬੰਦ-ਖਲਾਸੀ ਹੋਈ, ਜਦੋਂ ਤੇਜਾ ਸਿੰਘ ਸੁਤੰਤਰ ਦੇ ਵਾਰੰਟ ਮਨਸੂਖ ਹੋਏ। ਫਿਰ ਵੀ ਉਹਨੇ ਘਰ ਵੱਲ ਪਰਤ ਕੇ ਨਹੀਂ ਦੇਖਿਆ, ਸਗੋਂ ਢਲਦੀ ਉਮਰੇ ਵੀ ਉਹ ਕਿਸਾਨਾਂ, ਮਜ਼ਦੂਰਾਂ ਦੇ ਹੱਕਾਂ ਹਿੱਤਾਂ ਲਈ ਜੂਝਦਾ ਰਿਹਾ। ਆਖਰੀ ਸਮੇਂ ਉਹ ਆਪਣੇ ਵਿਸ਼ਵਾਸ ਪਾਤਰਾਂ ਵਿਚੋਂ ਸਰਹਿੰਦ ਰਹਿੰਦੇ ਸ਼ਰਧਾ ਸਿੰਘ ਜਾਂ ਗੁਰਦਾਸਪੁਰ ਵਿਚ ਨਾਨੋ ਨੰਗਲ ਵਾਲੇ ਕਾਮਰੇਡ ਹਰਨਾਮ ਸਿੰਘ ਕੋਲ ਜਾ ਰਹਿੰਦੇ ਸਨ। ਫਰੀਡਮ ਫਾਈਟਰਾਂ ਵਾਲੀ ਪੈਨਸ਼ਨ ਦੇ ਪੈਸੇ ਉਹ 'ਨਵਾਂ ਜ਼ਮਾਨਾ' ਅਖ਼ਬਾਰ ਅਤੇ ਪਾਰਟੀ ਫੰਡ ਵਿਚ ਦਿੰਦੇ ਰਹੇ। ਸੰਨ 1985 ਵਿਚ ਰਣਜੀਤ ਸਾਗਰ ਡੈਮ (ਸ਼ਾਹਪੁਰ ਕੰਢੀ) ਦੇ ਮਜ਼ਦੂਰਾਂ ਦੇ ਚਲਦੇ ਸੰਘਰਸ਼ ਵਿਚ ਸ਼ਾਮਲ ਹੋਣ ਲਈ ਗਏ ਸਨ ਤਾਂ 21 ਜਨਵਰੀ ਵਾਲੇ ਦਿਨ ਉਥੇ ਹੀ ਉਨ੍ਹਾ ਦੀ ਮੌਤ ਹੋ ਗਈ। ਉਨ੍ਹਾ ਦੀ ਮ੍ਰਿਤਕ ਦੇਹ ਨੂੰ ਨਾਨੋ ਨੰਗਲ ਹਰਨਾਮ ਸਿੰਘ ਦੇ ਘਰ ਲਿਆਂਦਾ ਗਿਆ ਅਤੇ ਉਥੇ ਹੀ ਸਸਕਾਰ ਕਰਕੇ ਇਨਕਲਾਬੀ ਸੂਰਮੇ ਦੀਆਂ ਅੰਤਮ ਰਸਮਾਂ ਪੂਰੀਆਂ ਕੀਤੀਆਂ ਗਈਆਂ।

# ਸੰਪਰਕ: 97806 02066

# ਸ਼ਿਵ ਸੈਨਾ ਹਿੰਦ ਦੇ ਕੌਮੀ ਪ੍ਰਧਾਨ ਤੇ ਮੀਡੀਆ ਸਲਾਹਕਾਰ ਖਾਲਿਸਤਾਨੀਆਂ ਦੇ ਨਿਸ਼ਾਨੇ 'ਤੇ

- ਖਾਲਿਸਤਾਨੀ ਵਿਦੇਸ਼ੀ ਨੰਬਰਾਂ ਤੋਂ ਵਾਰ-ਵਾਰ ਜਾਨੋਂ ਮਾਰਨ ਦੀਆਂ ਦੇ ਰਹੇ ਨੇ ਧਮਕੀਆਂ
- ਖਰੜ ਪੁਲਸ ਨੇ ਮਾਮਲਾ ਦਰਜ ਕਰਕੇ ਜਾਂਚ ਕੀਤੀ ਸ਼ੁਰੂ



ਨਿਸ਼ਾਂਤ ਸ਼ਰਮਾ, ਕਮਲਜੀਤ ਸਿੰਘ ਕਮਲ

**ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ)**-ਸ਼ਿਵ ਸੈਨਾ ਹਿੰਦ ਦੇ ਕੌਮੀ ਪ੍ਰਧਾਨ ਨਿਸ਼ਾਂਤ ਸ਼ਰਮਾ ਤੇ ਮੀਡੀਆ ਸਲਾਹਕਾਰ ਕਮਲਜੀਤ ਸਿੰਘ ਕਮਲ ਵੱਲੋਂ ਖਾਲਿਸਤਾਨ ਅਤੇ ਅੱਤਵਾਦ ਵਿਰੁੱਧ ਅਵਾਜ਼ ਬੁਲੰਦ ਕਰਨ ਤੇ ਸਨਾਤਨ ਧਰਮ ਦਾ ਪ੍ਰਚਾਰ ਕਰਨ ਕਰਕੇ ਪਿਛਲੇ ਕਾਫੀ ਸਮੇਂ ਤੋਂ ਲਗਾਤਾਰ ਖਾਲਿਸਤਾਨੀ ਅੱਤਵਾਦੀਆਂ ਵੱਲੋਂ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਇਸੇ ਕੜੀ ਅਧੀਨ ਹੁਣ ਫਿਰ ਵਿਦੇਸ਼ੀ ਨੰਬਰ +971558017705 ਅਤੇ +1(209)822, 5616 ਤੋਂ ਨਿਸ਼ਾਂਤ ਸ਼ਰਮਾ ਅਤੇ ਕਮਲਜੀਤ ਸਿੰਘ ਕਮਲ ਨੂੰ ਜਾਨ ਤੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ ਹਨ।

ਇਸ ਸੰਬੰਧੀ ਗੱਲਬਾਤ ਕਰਦੇ ਹੋਏ ਨਿਸ਼ਾਂਤ ਸ਼ਰਮਾ ਤੇ ਕਮਲਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਵੱਖ-ਵੱਖ ਵਿਦੇਸ਼ੀ ਨੰਬਰਾਂ ਤੋਂ ਕੁੱਝ ਵਿਅਕਤੀਆਂ ਵੱਲੋਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਧਮਕੀਆਂ ਦੇਣ ਵਾਲੇ ਆਪਣੇ ਆਪ ਨੂੰ ਲਕਸ਼ਰੇ ਖਾਲਸਾ ਜਥੇਬੰਦੀ ਦੇ ਮੈਂਬਰ ਦੱਸ ਰਹੇ ਸਨ। ਉਨ੍ਹਾਂ ਨੇ ਫੋਨ 'ਤੇ ਬੇਖੌਫ ਹੋ ਕੇ ਆਖਿਆ ਕਿ ਅਸੀਂ ਤੁਹਾਨੂੰ ਦੋਨਾਂ ਨੂੰ ਸ਼ਰੇਆਮ ਗੋਲੀਆਂ ਮਾਰਾਂਗੇ। ਉਨ੍ਹਾਂ ਵੱਲੋਂ ਇਹ ਵੀ ਆਖਿਆ ਗਿਆ ਕਿ ਜੇਕਰ ਤੁਸੀਂ ਆਪਣੀ ਜਾਨ ਬਚਾਉਣੀ ਹੈ ਤਾਂ ਜਲਦ ਤੋਂ ਜਲਦ ਪੰਜਾਬ ਛੱਡ ਜਾਵੋ, ਨਹੀਂ ਤਾਂ ਤੁਹਾਨੂੰ ਤੁਹਾਡੇ ਸੁਰੱਖਿਆ ਕਰਮੀ ਵੀ ਬਚਾ ਨਹੀਂ ਸਕਣਗੇ। ਇਨ੍ਹਾਂ ਫੋਨ ਕਰਨ ਵਾਲੇ ਵਿਅਕਤੀਆਂ ਨੇ ਵੀਡੀਓ ਕਾਲ ਕਰਕੇ ਹੈਂਡ ਗਰਨੇਡ ਤੇ ਏ ਕੇ-47 ਵੀ ਦਿਖਾਈ। ਖਾਲਿਸਤਾਨੀ ਅੱਤਵਾਦੀਆਂ ਨੇ ਇਹ ਵੀ ਕਿਹਾ ਕਿ ਇਹ ਨਾ ਸਮਝਿਓ ਕਿ ਅਸੀਂ ਵਿਦੇਸ਼ ਵਿੱਚ ਬੈਠੇ ਹਾਂ, ਅਸੀਂ ਤੁਹਾਡੇ ਨੇੜੇ ਤੇੜੇ ਹੀ ਹਾਂ। ਇਸ ਮਾਮਲੇ ਦੀ ਖਰੜ ਪੁਲਸ ਨੂੰ ਸੂਚਨਾ ਦੇਣ 'ਤੇ ਪੁਲਸ ਵੱਲੋਂ ਥਾਣਾ ਖਰੜ ਵਿਖੇ ਐੱਫ.ਆਈ.ਆਰ. ਨੰਬਰ 11 ਅਧੀਨ ਧਾਰਾ 387, 506 ਆਈ.ਪੀ.ਸੀ. ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

ਇਸ ਸੰਬੰਧੀ ਗੱਲਬਾਤ ਕਰਦੇ ਹੋਏ ਕਮਲਜੀਤ ਸਿੰਘ ਕਮਲ ਨੇ ਕਿਹਾ ਕਿ ਮੇਰੇ ਇੱਕ ਗੁਰਸਿੱਖ ਪਰਵਾਰ ਨਾਲ ਸੰਬੰਧਤ ਹੋਣ ਦੇ ਬਾਵਜੂਦ ਮੇਰੇ ਵੱਲੋਂ ਹਿੰਦੂ ਧਰਮ ਦਾ ਪ੍ਰਚਾਰ ਕਰਨ ਕਰਕੇ ਵੀ ਇਹ ਖਾਲਿਸਤਾਨ ਪੱਖੀ ਜਥੇਬੰਦੀਆਂ ਮੇਰਾ ਵਿਰੋਧ ਕਰਦੀਆਂ ਰਹਿੰਦੀਆਂ ਹਨ ਅਤੇ ਮੈਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਦੇ ਨਾਲ-ਨਾਲ ਕਈ ਵਾਰ ਜਾਨੋਂ ਮਾਰਨ ਦੀਆਂ ਗਤੀਵੀਧੀਆਂ ਵੀ ਕੀਤੀਆਂ ਗਈਆਂ ਹਨ। ਨਿਸ਼ਾਂਤ ਸ਼ਰਮਾ ਤੇ ਕਮਲਜੀਤ ਸਿੰਘ ਕਮਲ ਨੇ ਕਿਹਾ ਕਿ ਉਹ ਇਨ੍ਹਾਂ ਖਾਲਿਸਤਾਨੀਆਂ ਤੇ ਅੱਤਵਾਦੀਆਂ ਦੀਆਂ ਧਮਕੀਆਂ ਤੋਂ ਡਰਨ ਵਾਲੇ ਨਹੀਂ ਹਨ। ਉਨ੍ਹਾਂ ਵੱਲੋਂ ਹਮੇਸ਼ਾ ਹੀ ਖਾਲਿਸਤਾਨ ਤੇ ਅੱਤਵਾਦ ਵਿਰੁੱਧ ਅਵਾਜ਼ ਬੁਲੰਦ ਕੀਤੀ ਜਾਂਦੀ ਰਹੇਗੀ, ਭਾਵੇਂ ਕੁੱਝ ਵੀ ਹੋ ਜਾਵੇ।

## ਜ਼ਿਲ੍ਹਾ ਪ੍ਰਸ਼ਾਸਨ ਦੇ ਦਖਲ ਉਪਰੰਤ ਵੀ ਮਸਲਾ ਹੱਲ ਨਹੀਂ ਹੋ ਸਕਿਆ, ਧਰਨਾ ਜਾਰੀ

*ਹੱਕ ਮਿਲਣ ਤੱਕ ਸੰਘਰਸ਼ ਜਾਰੀ ਰਹੇਗਾ : ਕਿਸਾਨ ਮੋਰਚਾ*

**ਮਾਨਸਾ (ਆਤਮਾ ਸਿੰਘ ਪਮਾਰ)**-ਨਹਿਰੀ ਵਿਭਾਗ ਤੇ ਜ਼ਿਲ੍ਹਾ ਪ੍ਰਸ਼ਾਸਨ ਖਿਲਾਫ ਨਹਿਰ ਦੀ ਗਲਤ ਬਣਤਰ ਅਤੇ ਸੜਕ ਨੂੰ ਖਾਲੀ ਕਰਵਾਉਣ ਸਬੰਧੀ ਰੋਸ ਧਰਨਾ 18ਵੇਂ ਦਿਨ ਵੀ ਜਾਰੀ ਰਿਹਾ। ਇਸ ਸਮੇਂ ਧਰਨੇ ਨੂੰ ਸੰਬੋਧਨ ਕਰਦਿਆਂ ਪੰਜਾਬ ਕਿਸਾਨ ਯੂਨੀਅਨ ਦੇ ਰੁਲਦੂ ਸਿੰਘ ਮਾਨਸਾ, ਜਮਹੂਰੀ ਕਿਸਾਨ ਸਭਾ ਦੇ ਅਮਰੀਕ ਫਫੜੇ, ਕੁੱਲ ਹਿੰਦ ਕਿਸਾਨ ਸਭਾ ਦੇ ਰੂਪ ਸਿੰਘ ਢਿੱਲੋਂ, ਬੀ.ਕੇ.ਯੂ. ਲੱਖੋਵਾਲ ਦੇ ਪ੍ਰਸ਼ੋਤਮ ਗਿੱਲ, ਬੀ.ਕੇ.ਯੂ. ਕਾਦੀਆਂ ਦੇ ਕੁਲਦੀਪ ਚੱਕ ਭਾਈਕਾ ਅਤੇ ਬੀ.ਕੇ.ਯੂ. ਉਗਰਾਹਾਂ ਦੇ ਗੁਰਚਰਨ ਸਿੰਘ ਫਰਮਾਹੀ, ਦਰਸ਼ਨ ਰਾਮ ਜਨਰਲ ਸਕੱਤਰ, ਗੁਰਜੀਤ ਸਿੰਘ, ਬਿੱਕਰ ਸਿੰਘ ਖਜ਼ਾਨਚੀ, ਬਲਦੇਵ ਸਿੰਘ ਕਮੇਟੀ ਪ੍ਰਧਾਨ ਨੇ ਕਿਹਾ ਕਿ ਪ੍ਰਸ਼ਾਸਨ ਤੇ ਸਰਕਾਰ ਵੱਲੋਂ ਨਜਾਇਜ਼ ਤਰੀਕੇ ਨਾਲ ਬਣਾਈ ਗਈ ਨਹਿਰ ਆਮ ਲੋਕਾਂ ਲਈ ਮੁਸੀਬਤ ਬਣ ਕੇ ਰਹਿ ਗਿਆ ਹੈ ਤੇ ਘੱਟ ਜਗ੍ਹਾ ਵਿੱਚ ਬਣੀ ਪਟੜੀ ਵਾਰ-ਵਾਰ ਟੁੱਟ ਜਾਣ ਕਾਰਨ ਅਨੇਕਾਂ ਵਾਰ ਨਹਿਰ ਦਾ ਪਾਣੀ ਕਿਸਾਨਾਂ ਦੀਆਂ ਫਸਲਾਂ ਬਰਬਾਦ ਕਰ ਦਿੰਦਾ ਹੈ, ਪ੍ਰੰਤੂ ਨਹਿਰੀ ਵਿਭਾਗ ਵੱਲੋਂ ਨਵੀਂ ਬਣਾਈ ਜਾ ਰਹੀ ਨਹਿਰ ਸਹੀ ਤਰੀਕੇ ਨਾਲ ਬਣਾਉਣ ਦੀ ਬਜਾਏ ਕੰਮ ਹੋਰ ਉਲਝਾਇਆ ਜਾ ਰਿਹਾ ਹੈ।

ਕਿਸਾਨ ਆਗੂਆਂ ਨੇ ਸੰਬੋਧਨ ਵਿੱਚ ਕਿਹਾ ਕਿ ਬੇਸ਼ੱਕ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਦਖਲ ਦਿੱਤਾ ਜਾ ਚੁੱਕਾ ਹੈ, ਪ੍ਰੰਤੂ ਮਸਲਾ ਅਜੇ ਵੀ ਹੱਲ ਨਹੀਂ ਹੋਇਆ। ਉਨ੍ਹਾਂ ਚਿਤਾਵਨੀ ਦਿੰਦਿਆਂ ਕਿਹਾ ਕਿ ਮਸਲਾ ਹੱਲ ਹੋਣ ਤੱਕ ਸੰਘਰਸ਼ ਜਾਰੀ ਰਹੇਗਾ।

ਇਸ ਸਮੇਂ ਧਰਨੇ ਨੂੰ ਹੋਰਨਾਂ ਤੋਂ ਇਲਾਵਾ ਸਰਪੰਚ ਇਕਬਾਲ ਸਿੰਘ ਫਫੜੇ, ਸਰਪੰਚ ਚਿਰੰਜੀ ਸਿੰਘ ਫਰਵਾਹੀ, ਕ੍ਰਿਸ਼ਨ ਚੌਹਾਨ, ਸੁਖਦੇਵ ਸਿੰਘ ਅਤਲਾ, ਬਲਮ ਸਿੰਘ ਫਫੜੇ, ਭਗਵੰਤ ਸਿੰਘ ਫਰਵਾਹੀ ਆਦਿ ਆਗੂਆਂ ਨੇ ਸੰਬੋਧਨ ਕੀਤਾ।

# ਸਿਹਤ ਵਿਭਾਗ ਵੱਲੋਂ ਨਸ਼ਿਆਂ ਸੰਬੰਧੀ ਜਾਗਰੂਕਤਾ ਪੈਂਫਲਿਟ ਜਾਰੀ



ਨਸ਼ਿਆਂ ਸੰਬੰਧੀ ਜਾਗਰੂਕਤਾ ਪੈਂਫਲਿਟ ਜਾਰੀ ਕਰਦੀ ਸਿਹਤ ਵਿਭਾਗ ਦੀ ਟੀਮ।

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ ਚਾਵਲਾ)**-ਮੁੱਖ ਮੰਤਰੀ ਪੰਜਾਬ ਦੀਆਂ ਹਦਾਇਤਾਂ 'ਤੇ ਸ਼੍ਰੀ ਵਿਨੀਤ ਕੁਮਾਰ ਆਈ.ਏ.ਐੱਸ. ਡਿਪਟੀ ਕਮਿਸ਼ਨਰ ਸ਼੍ਰੀ ਮੁਕਤਸਰ ਸਾਹਿਬ ਦੀ ਯੋਗ ਅਗਵਾਈ ਵਿੱਚ ਜ਼ਿਲ੍ਹੇ ਵਿੱਚੋਂ ਨਸ਼ੇ ਦੀ ਅਲਾਮਤ ਨੂੰ ਜੜ੍ਹੋਂ ਖਤਮ ਕਰਨ ਦੇ ਉਦੇਸ਼ ਨਾਲ ਸਿਹਤ ਵਿਭਾਗ ਵੱਲੋਂ ਯੋਗ ਉਪਰਾਲੇ ਕੀਤੇ ਜਾ ਰਹੇ ਹਨ। ਇਸ ਸਬੰਧੀ ਡਾ. ਰੰਜੂ ਸਿੰਗਲਾ ਸਿਵਲ ਸਰਜਨ ਸ਼੍ਰੀ ਮੁਕਤਸਰ ਸਾਹਿਬ ਨੇ ਲੋਕਾਂ ਨੂੰ ਨਸ਼ਿਆਂ ਤੋਂ ਜਾਗਰੂਕ ਕਰਨ ਲਈ ਜਾਗਰੂਕਤਾ ਪੈਂਫਲਿਟ ਜਾਰੀ ਕੀਤਾ ਗਿਆ। ਇਸ ਸਬੰਧੀ ਉਨ੍ਹਾ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਸਿਵਲ ਹਸਪਤਾਲ ਸ਼੍ਰੀ ਮੁਕਤਸਰ ਸਾਹਿਬ ਤੇ ਮਲੋਟ ਵਿਖੇ ਨਸ਼ਾ ਛੁਡਾਉ ਕੇਂਦਰ ਸਥਾਪਤ ਕੀਤੇ ਗਏ ਹਨ, ਜਿੱਥੇ ਕਿ ਨਸ਼ਾ ਪੀੜਤ ਵਿਅਕਤੀਆਂ ਨੂੰ ਦਾਖਲ ਕਰਕੇ ਮਾਹਰ ਡਾਕਟਰਾਂ ਦੀ ਨਿਗਰਾਨੀ ਵਿੱਚ ਬਿਨਾਂ ਤਕਲੀਫ ਤੋਂ ਬਿਲਕੁਲ ਮੁਫਤ 'ਚ ਨਸ਼ਾ ਛੁਡਵਾਇਆ ਜਾਂਦਾ ਹੈ। ਇਨ੍ਹਾਂ ਨਸ਼ਾ ਛੁਡਾਉ ਕੇਂਦਰਾਂ ਵਿੱਚ ਸਾਰੀਆਂ ਦਵਾਈਆਂ ਤੇ ਟੈਸਟ ਮੁਫਤ ਕੀਤੇ ਜਾਂਦੇ ਹਨ ਤੇ ਮਰੀਜ਼ ਤੋਂ ਕੋਈ ਵੀ ਪੈਸਾ ਨਹੀਂ ਲਿਆ ਜਾਂਦਾ। ਕੋਈ ਵੀ ਨਸ਼ਾ ਪੀੜਤ ਵਿਅਕਤੀ 5 ਤੋਂ 7 ਦਿਨ ਤੱਕ ਇੱਥੇ ਦਾਖਲ ਹੋਣ ਤੋਂ ਬਾਅਦ ਡਾਕਟਰ ਦੀ ਸਲਾਹ ਅਨੁਸਾਰ ਦਵਾਈਆਂ ਲੈ ਕੇ ਘਰ ਵਿੱਚ ਰਹਿ ਕੇ ਨਸ਼ਾ ਛੱਡ ਸਕਦਾ ਹੈ ਜਾਂ ਉਹ ਵਿਅਕਤੀ ਪੁਨਰਵਾਸ ਕੇਂਦਰ ਥੇਹੜੀ ਵਿਖੇ ਦਾਖਲ ਹੋ ਸਕਦਾ ਹੈ, ਜਿੱਥੇ ਕੇ ਉਸ ਨੂੰ ਲੋੜੀਂਦੀ ਮੈਡੀਕਲ ਸਹਾਇਤਾ ਦੇ ਨਾਲ ਖਾਣਾ ਵੀ ਬਿਲਕੁਲ ਮੁਫਤ ਦਿੱਤਾ ਜਾਂਦਾ ਹੈ। ਇਸ ਮੌਕੇ ਡਾ. ਬੰਦਨਾ ਬਾਂਸਲ ਡਿਪਟੀ ਮੈਡੀਕਲ ਕਮਿਸ਼ਨਰ, ਡਾ. ਪ੍ਰਭਜੀਤ ਸਿੰਘ ਸਹਾਇਕ ਸਿਵਲ ਸਰਜਨ, ਸੁਖਮੰਦਰ ਸਿੰਘ ਜ਼ਿਲ੍ਹਾ ਮਾਸ ਮੀਡੀਆ ਅਫਸਰ, ਲਾਲ ਚੰਦ ਜ਼ਿਲ੍ਹਾ ਹੈਲਥ ਇੰਸਪੈਕਟਰ, ਸ਼ਮਿੰਦਰਪਾਲ ਸਿੰਘ ਫਾਰਮੇਸੀ ਅਫਸਰ ਹਾਜ਼ਰ ਸਨ।

## ਆਰਥਿਕ ਤੰਗੀ ਕਾਰਨ ਟੇਲਰ ਮਾਸਟਰ ਵੱਲੋਂ ਆਤਮ ਹੱਤਿਆ



**ਬਰੇਟਾ (ਰੀਤਵਾਲ)**-ਆਰਥਿਕ ਤੰਗੀ ਕਾਰਨ ਇੱਕ ਵਿਅਕਤੀ ਵੱਲੋਂ ਰੇਲ ਗੱਡੀ ਅੱਗੇ ਆ ਕੇ ਆਤਮ ਹੱਤਿਆ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਰੇਲਵੇ ਪੁਲਸ ਦੇ ਜਾਂਚ ਅਧਿਕਾਰੀ ਨਿਰਮਲ ਸਿੰਘ ਤੋਂ ਮਿਲੀ ਜਾਣਕਾਰੀ ਅਨੁਸਾਰ ਪਿੰਡ ਖੁਡਾਲ ਕਲਾਂ ਦੇ ਪਿਆਰਾ ਸਿੰਘ (45) ਜੋ ਟੇਲਰ ਮਾਸਟਰ ਦੇ ਤੌਰ 'ਤੇ ਕੰਮ ਕਰਦਾ ਸੀ ਤੇ ਆਰਥਿਕ ਤੰਗੀ ਕਾਰਨ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਚੱਲ ਰਿਹਾ ਸੀ। ਇਸੇ ਪ੍ਰੇਸ਼ਾਨੀ ਦੇ ਚਲਦਿਆਂ ਉਸ ਨੇ ਬੀਤੀ ਸ਼ੁੱਕਰਵਾਰ ਦੀ ਸਵੇਰ ਖੁਡਾਲ ਕਲਾਂ ਦੇ ਰੇਲਵੇ ਫਾਟਕ ਨਜ਼ਦੀਕ ਰੇਲ ਗੱਡੀ ਅੱਗੇ ਆ ਕੇ ਆਤਮ ਹੱਤਿਆ ਕਰ ਲਈ। ਪੁਲਸ ਨੇ ਮ੍ਰਿਤਕ ਦੀ ਪਤਨੀ ਨਿਰਮਲ ਕੌਰ ਦੇ ਬਿਆਨ 'ਤੇ ਧਾਰਾ 174 ਅਧੀਨ ਕਾਰਵਾਈ ਕਰਦਿਆਂ ਲਾਸ਼ ਪੋਸਟਮਾਰਟਮ ਉਪਰੰਤ ਲਾਸ਼ ਵਾਰਸਾਂ ਨੂੰ ਸੌਂਪ ਦਿੱਤੀ ਗਈ ਹੈ। ਮ੍ਰਿਤਕ ਆਪਣੇ ਪਿੱਛੇ ਮਾਤਾ-ਪਿਤਾ, ਪਤਨੀ ਤੋਂ ਇਲਾਵਾ ਇੱਕ ਲੜਕਾ ਤੇ ਇੱਕ ਲੜਕੀ ਛੱਡ ਗਿਆ ਹੈ।

## ਅੱਜ ਬਿਜਲੀ ਬੰਦ ਰਹੇਗੀ

**ਪਟਿਆਲਾ (ਨ ਜ਼ ਸ)**-ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਸਬ ਡਵੀਜ਼ਨ ਅਫਸਰ ਵੱਲੋਂ ਜਾਰੀ ਪ੍ਰੈੱਸ ਨੋਟ ਰਾਹੀਂ ਬਿਜਲੀ ਖਪਤਕਾਰਾਂ ਤੇ ਆਮ ਜਨਤਾ ਨੂੰ ਸੂਚਿਤ ਕੀਤਾ ਹੈ ਕਿ 66 ਕੇ ਵੀ ਐੱਨ.ਆਈ.ਐੱਸ. ਗਰਿੱਡ ਤੋਂ ਚਲਦੇ 11 ਕੇ ਵੀ ਆਫੀਸਰ ਕਲੋਨੀ ਫੀਡਰ ਤੇ 11 ਕੇ ਵੀ ਸੂਲਰ ਫੀਡਰ ਦੇ ਏਰੀਏ ਦੀ ਜ਼ਰੂਰੀ ਮੁਰੰਮਤ ਲਈ ਪੂਰਬ ਤਕਨੀਕੀ ਉੱਪ ਮੰਡਲ ਅਧੀਨ ਪੈਂਦੇ ਇਲਾਕੇ ਜਿਵੇਂ ਕਿ ਆਫੀਸਰ ਕਲੋਨੀ, ਗੁੱਡ ਅਰਥ ਕਲੋਨੀ, ਮਾਲਵਾ ਇੰਨਕਲੇਵ, ਅਮਰ ਦਰਸ਼ਨ ਕਲੋਨੀ, ਸਰੂਪ ਟਾਵਰ, ਦਾਰੂ ਕੁਟੀਆ, ਗੁਰੂ ਨਾਨਕ ਫਾਉਂਡੇਸ਼ਨ ਸਕੂਲ ਗਿਆਨ ਕਲੋਨੀ, ਗੁਰਮੱਤ ਕਲੋਨੀ, ਨਿਊ ਸੂਲਰ, ਮਹਾਰਾਜਾ ਇੰਨਕਲੇਵ, ਗਰਿੱਡ ਕਲੋਨੀ, ਸੂਲਰ, ਗਰਿਨ ਇੰਨਕਲੇਵ, ਦਾਰੂ ਕੂਟੀਆ, ਹਰਿੰਦਰ ਗਰੇਵਾਲ ਇੰਨਕਲੇਵ ਆਦਿ ਦੀ ਬਿਜਲੀ 21 ਜਨਵਰੀ 2023 ਨੂੰ ਸਵੇਰੇ 10.00 ਵਜੇ ਤੋਂ ਲੈ ਕੇ ਸ਼ਾਮ 04:00 ਵਜੇ ਤੱਕ ਬੰਦ ਰਹੇਗੀ।

## ਕਾਤਰਾਂ

### ਅਫ਼ੀਮ ਸਮੇਤ ਨੌਜਵਾਨ ਕਾਬੂ

**ਮਲੋਟ (ਗੁਰਮੀਤ ਸਿੰਘ ਮੱਕੜ)**-ਥਾਣਾ ਕਬਰਵਾਲਾ ਪੁਲਸ ਨੇ ਅਫ਼ੀਮ ਸਮੇਤ ਇੱਕ ਨੌਜਵਾਨ ਨੂੰ ਕਾਬੂ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਪਾਰਟੀ ਗਸ਼ਤ ਦੇ ਦੌਰਾਨ ਪਿੰਡ ਕਰਮਗੜ੍ਹ ਸੀ ਤਾਂ ਸਾਹਮਣੇ ਤੋਂ ਇੱਕ ਮੋਨਾ ਨੌਜਵਾਨ ਮੇਵਾ ਸਿੰਘ ਵਾਸੀ ਢਾਣੀ ਨੱਥਾ ਸਿੰਘ ਕਰਮਗੜ੍ਹ ਆਉਂਦਾ ਦਿਖਾਈ ਦਿੱਤਾ, ਜੋ ਪੁਲਸ ਪਾਰਟੀ ਨੂੰ ਦੇਖ ਕੇ ਪਿੱਛੇ ਮੁੜਨ ਲੱਗਿਆ ਤਾਂ ਪੁਲਸ ਪਾਰਟੀ ਨੇ ਉਕਤ ਨੌਜਵਾਨ ਨੂੰ ਕਾਬੂ ਕਰਕੇ ਤਲਾਸ਼ੀ ਲੈਣ ਉਪਰੰਤ ਉਸ ਕੋਲੋਂ 100 ਗ੍ਰਾਮ ਹੈਰੋਇਨ ਬਰਾਮਦ ਕਰ ਲਈ। ਪੁਲਸ ਨੇ ਉਕਤ ਨੌਜਵਾਨ 'ਤੇ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

### ਜ਼ਮੀਨ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ 'ਚ ਤਿੰਨ ਵਿਰੁੱਧ ਮਾਮਲਾ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮੁਸ਼ਤਰਕਾ ਜ਼ਮੀਨ 'ਤੇ ਕਬਜ਼ਾ ਕਰਨ ਦੇ ਦੋਸ਼ 'ਚ ਥਾਣਾ ਮੰਡੀ ਗੋਬਿੰਦਗੜ੍ਹ ਦੀ ਪੁਲਸ ਵੱਲੋਂ ਕਥਿਤ ਵਿਅਕਤੀਆਂ ਵਿਨੋਦ ਕੁਮਾਰ ਵਾਸੀ ਮੰਡੀ ਗੋਬਿੰਦਗੜ੍ਹ, ਧਰਮਪਾਲ ਗੁਪਤਾ ਤੇ ਰਾਜ ਕੁਮਾਰ ਸੂਦ ਵਾਸੀਆਨ ਖੰਨਾ ਵਿਰੁੱਧ ਅ/ਧ 447,511 ਆਈ.ਪੀ.ਸੀ. ਤਹਿਤ ਮੁਕੱਦਮਾ ਦਰਜ ਕੀਤੇ ਜਾਣ ਦਾ ਸਮਾਚਾਰ ਹੈ। ਪੁਨੀਤ ਬਾਂਸਲ ਵਾਸੀ ਚੰਡੀਗੜ੍ਹ ਵੱਲੋਂ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੋਸ਼ ਲਾਏ ਗਏ ਸਨ ਕਿ ਪਿੰਡ ਅੰਬੇਮਾਜਰਾ ਵਿਖੇ ਸਥਿਤ ਜਿਸ ਜ਼ਮੀਨ ਦੇ ਉਹ ਖੇਵਟਦਾਰ ਹਨ, ਉਸ 'ਤੇ ਉਸਦੀ ਸਹਿਮਤੀ ਤੋਂ ਬਗੈਰ ਕਥਿਤ ਵਿਅਕਤੀਆਂ ਧਰਮਪਾਲ ਗੁਪਤਾ, ਵਿਨੋਦ ਕੁਮਾਰ ਤੇ ਰਾਜ ਕੁਮਾਰ ਸੂਦ ਵੱਲੋਂ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਗਈ। ਸ਼ਿਕਾਇਤ ਦੀ ਪੜਤਾਲ ਸੀ.ਆਈ.ਏ. ਸਟਾਫ਼ ਸਰਹਿੰਦ ਦੇ ਇੰਚਾਰਜ ਇੰਸਪੈਕਟਰ ਅਮਰਵੀਰ ਸਿੰਘ ਵੱਲੋਂ ਕੀਤੀ ਗਈ, ਜਿਨ੍ਹਾਂ ਵੱਲੋਂ ਸੌਂਪੀ ਗਈ ਪੜਤਾਲੀਆ ਰਿਪੋਰਟ 'ਤੇ ਉੱਚ ਅਧਿਕਾਰੀਆਂ ਵੱਲੋਂ ਮਾਮਲੇ 'ਚ ਕਾਨੂੰਨੀ ਮਸ਼ਵਰਾ ਲੈਣ ਉਪਰੰਤ ਧਰਮਪਾਲ ਗੁਪਤਾ, ਵਿਨੋਦ ਕੁਮਾਰ ਤੇ ਰਾਜ ਕੁਮਾਰ ਸੂਦ ਵਿਰੁੱਧ ਮੁਕੱਦਮਾ ਦਰਜ ਕਰਨ ਦੇ ਦਿੱਤੇ ਗਏ ਹੁਕਮਾਂ 'ਤੇ ਮੰਡੀ ਗੋਬਿੰਦਗੜ੍ਹ ਪੁਲਸ ਵੱਲੋਂ ਮਾਮਲਾ ਦਰਜ ਕਰਕੇ ਮਾਮਲੇ ਦੀ ਤਫ਼ਤੀਸ਼ ਸ਼ੁਰੂ ਕਰ ਦਿੱਤੀ ਗਈ ਹੈ।

### 15 ਕਿੱਲੋ ਚੂਰਾ ਪੋਸਤ ਸਮੇਤ ਕਾਬੂ

**ਮਲੋਟ (ਗੁਰਮੀਤ ਸਿੰਘ ਮੱਕੜ)**-ਪੁਲਸ ਨੇ ਵੱਡੀ ਮਾਤਰਾ ਚੂਰਾ ਪੋਸਤ ਸਮੇਤ ਇੱਕ ਵਿਅਕਤੀ ਨੂੰ ਕਾਬੂ ਕੀਤਾ ਹੈ। ਪ੍ਰਾਪਤ ਜਾਣਕਾਰੀ ਪੁਲਸ ਪਾਰਟੀ ਨਾਕਾਬੰਦੀ ਦੌਰਾਨ ਕਿੱਲਿਆਂਵਾਲੀ ਸੀ ਤਾਂ ਪਿੰਡ ਕਿੱਲਿਆਂਵਾਲੀ ਸਾਈਡ ਤੋਂ ਇੱਕ ਵਿਅਕਤੀ ਸਿਰ 'ਤੇ ਗੱਟਾ ਪਲਾਸਟਿਕ ਦਾ ਰੱਖੀ ਆਉਂਦਾ ਦਿਖਾਈ ਦਿੱਤਾ, ਜੋ ਪੁਲਸ ਪਾਰਟੀ ਨੂੰ ਦੇਖ ਕੇ ਵਾਪਸ ਮੁੜਨ ਲੱਗਾ ਤਾਂ ਪੁਲਸ ਨੇ ਸ਼ੱਕ ਦੇ ਆਧਾਰ 'ਤੇ ਉਸ ਨੂੰ ਕਾਬੂ ਕਰਕੇ ਗੱਟੇ ਦੀ ਤਲਾਸ਼ੀ ਲੈਣ ਉਪਰੰਤ ਉਸ ਵਿੱਚੋਂ 15 ਕਿੱਲੋਗ੍ਰਾਮ ਚੂਰਾ ਪੋਸਤ ਬਰਾਮਦ ਕਰ ਲਿਆ। ਪੁਲਸ ਨੇ ਉਕਤ ਵਿਅਕਤੀ 'ਤੇ ਮੁਕੱਦਮਾ ਨੰ.14 ਧਾਰਾ 15ਬੀ/61/85 ਐੱਨ.ਡੀ.ਪੀ.ਐੱਸ. ਐਕਟ ਤਹਿਤ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਰੇਹੜੀ-ਫੜ੍ਹੀ ਵਾਲਿਆਂ ਲਈ ਸਮੱਰਥਾ ਨਿਰਮਾਣ ਤੇ ਸਿਖਲਾਈ ਵਰਕਸ਼ਾਪ



ਵਰਕਸ਼ਾਪ ਦੌਰਾਨ ਰੇਹੜੀ-ਫੜ੍ਹੀ ਵਾਲਿਆਂ ਨੂੰ ਸਰਟੀਫ਼ਿਕੇਟ ਪ੍ਰਦਾਨ ਕਰਦੇ ਹੋਏ ਪ੍ਰਧਾਨ ਸ਼ੁੱਭਦੀਪ ਸਿੰਘ ਬਿੱਟੂ ਤੇ ਹੋਰ।

**ਮਲੋਟ (ਗੁਰਮੀਤ ਸਿੰਘ ਮੱਕੜ)**

ਸਥਾਨਕ ਨਗਰ ਕੌਂਸਲ ਵੱਲੋਂ ਪਿਛਲੇ ਸਾਲ ਤੋਂ ਹੀ ਰਜਿਸਟਰ ਕੀਤੇ ਗਏ ਰੇਹੜੀ-ਫੜ੍ਹੀ ਵਾਲਿਆਂ ਨੂੰ ਪੰਜਾਬ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਅਧੀਨ ਨਗਰ ਕੌਂਸਲ ਮਲੋਟ ਵਿਖੇ ਮੀਟਿੰਗ ਹਾਲ ਵਿੱਚ ਜਗਸੀਰ ਸਿੰਘ ਧਾਲੀਵਾਲ ਕਾਰਜ ਸਾਧਕ ਅਫਸਰ ਦੀ ਰਹਿਨੁਮਾਈ ਹੇਠ ਪੀ.ਜੀ.ਆਈ. ਦੇ ਸਕੂਲ ਆਫ ਪਬਲਿਕ ਹੈਲਥ ਕਮਿਊਨਿਟੀ ਮੈਡੀਸਨ ਵਿਭਾਗ ਦੀ ਟੀਮ ਵੱਲੋਂ ਰੇਹੜੀ-ਫੜ੍ਹੀ ਵਾਲਿਆਂ ਲਈ ਸਮੱਰਥਾ ਨਿਰਮਾਣ ਤੇ ਸਿਖਲਾਈ ਵਰਕਸ਼ਾਪ ਲਗਾਈ ਗਈ, ਜਿਸ ਦੇ ਅੱਜ ਆਖਰੀ ਦਿਨ ਨਗਰ ਕੌਂਸਲ ਪ੍ਰਧਾਨ ਸ਼ੁੱਭਦੀਪ ਸਿੰਘ ਬਿੱਟੂ ਵੱਲੋਂ ਸ਼ਮੂਲੀਅਤ ਕੀਤੀ ਗਈ। ਉਨ੍ਹਾ ਦੱਸਿਆ ਕਿ ਨਗਰ ਕੌਂਸਲ ਵੱਲੋਂ ਬੈਂਕ ਦੇ ਸਹਿਯੋਗ ਨਾਲ ਹੁਣ ਤੱਕ 44 ਲੱਖ ਦਾ ਲੋਨ ਵੰਡਿਆ ਗਿਆ ਹੈ। ਇਸ ਤੋਂ ਇਲਾਵਾ ਉਨ੍ਹਾ ਕਿਹਾ ਕਿ ਰੇਹੜੀ-ਫੜ੍ਹੀ ਵਾਲਿਆਂ ਨੂੰ ਲੋੜੀਂਦੀ ਹਰ ਸਹੂਲਤ ਦਿੱਤੀ ਜਾਵੇਗੀ, ਜਿਸ ਵਿੱਚ ਅੱਜ 356 ਰੇਹੜੀ-ਫੜ੍ਹੀ ਵਾਲਿਆਂ ਨੇ ਭਾਗ ਲਿਆ ਤੇ ਇਸ ਦੌਰਾਨ ਮੁਫਤ ਸਾਫ ਸਫਾਈ ਤੇ ਸੁਰੱਖਿਆ ਲਈ ਕਿੱਟਾਂ ਅਤੇ ਸਿਖਲਾਈ ਸਰਟੀਫਿਕੇਟ ਵੰਡੇ ਗਏ। ਪੀ.ਜੀ.ਆਈ., ਐੱਮ.ਈ.ਆਰ. ਚੰਡੀਗੜ੍ਹ ਪ੍ਰੋਗਰਾਮ ਮੈਨੇਜਰ ਤੇ ਡਾਈਟੀਸ਼ਿਅਨ ਮੈਡਮ ਕਮਲਪ੍ਰੀਤ ਕੌਰ ਚਹਿਲ ਨੇ ਦੱਸਿਆ ਕਿ ਉਨ੍ਹਾਂ ਦੇ ਵਿਭਾਗ ਵੱਲੋਂ ਪਿਛਲੇ ਇੱਕ ਸਾਲ ਤੋਂ ਰੇਹੜੀ-ਫੜ੍ਹੀ ਵਾਲਿਆਂ ਨੂੰ ਜਾਗਰੂਕ ਕਰਨ ਲਈ ਸਿਖਲਾਈ ਵਰਕਸ਼ਾਪਾਂ ਪੂਰੇ ਪੰਜਾਬ ਵਿੱਚ ਲਗਾਈਆਂ ਜਾ ਰਹੀਆਂ ਹਨ। ਇਨ੍ਹਾਂ ਵਰਕਸ਼ਾਪਾਂ ਤਹਿਤ ਮਲੋਟ ਵਿਖੇ ਫਲ ਫਰੂਟ, ਸਬਜ਼ੀਆਂ, ਫਾਸਟ ਫੂਡ ਤੇ ਹੋਰ ਖਾਣ-ਪੀਣ ਦੇ ਸਾਮਾਨ ਵੇਚਣ ਵਾਲੇ ਰੇਹੜੀ-ਫੜ੍ਹੀ ਵਾਲਿਆਂ ਨੂੰ ਆਪਣੇ ਕੰਮ ਨੂੰ ਹੋਰ ਬਿਹਤਰ ਬਣਾਉਣ ਲਈ ਤੇ ਬਿਮਾਰੀਆਂ ਨੂੰ ਫੈਲਣ ਤੋਂ ਰੋਕਣ ਲਈ ਅਤੇ ਆਲੇ ਦੁਆਲੇ ਸਫਾਈ ਰੱਖਣ ਨਾਲ ਹੋਣ ਵਾਲੇ ਫਾਇਦੇ ਬਾਰੇ ਜਾਣਕਾਰੀ ਦਿੱਤੀ।ਮੈਡਮ ਜਸਬੀਰ ਕੌਰ ਟ੍ਰੇਨਿੰਗ ਕੋਆਰਡੀਨੇਟਰ ਨੇ ਹੋਰ ਵਿੱਤੀ ਸਕੀਮਾਂ ਬਾਰੇ ਜਾਣਕਾਰੀ ਦਿੱਤੀ।ਸ੍ਰੀ ਪ੍ਰਦੀਪ ਸਿੰਘ ਸਿਟੀ ਮਿਸ਼ਨ ਮੈਨੇਜਰ ਵੱਲੋਂ ਪੀ ਐੱਮ ਸਵੈਨਿਧੀ, ਸੇਲਫ ਹੈਲਪ ਗਰੁੱਪ ਆਦਿ ਬਾਰੇ ਜਾਣਕਾਰੀ ਦਿੱਤੀ ਗਈ। ਇਸ ਤੋਂ ਇਲਾਵਾ ਰਾਜ ਕੁਮਾਰ ਸੈਨਟਰੀ ਇੰਸਪੈਕਟਰ ਤੇ ਜਸਕਰਨ ਸਿੰਘ ਸੀ ਐੱਫ (ਸਵੱਛ ਭਾਰਤ) ਵੱਲੋਂ ਦੱਸਿਆ ਗਿਆ ਕਿ ਆਪਣੇ ਆਲੇ-ਦੁਆਲੇ ਦੀ ਸਾਫ ਸਫਾਈ ਤੇ ਕੂੜੇ ਦੇ ਪ੍ਰਬੰਧਣ ਬਾਰੇ ਜਾਣਕਾਰੀ ਦਿੱਤੀ ਗਈ ਤੇ ਦੱਸਿਆ ਗਿਆ ਕਿ ਨਗਰ ਕੌਂਸਲ ਵਿੱਚ ਰਜਿਸਟ੍ਰੇਸ਼ਨ ਕਰਵਾਉਣੀ ਅਤਿ ਜ਼ਰੂਰੀ ਹੈ ਅਤੇ ਜੇਕਰ ਤੁਸੀਂ ਰਜਿਸਟ੍ਰੇਸ਼ਨ ਨਾ ਕਰਵਾਉਂਗੇ ਤਾਂ ਬਹੁਤ ਸਾਰੀਆਂ ਸਰਕਾਰ ਦੀਆਂ ਸਕੀਮਾਂ ਤੋਂ ਅਧੂਰੇ ਰਹਿ ਸਕਦੇ ਹੋ।

## ਆਸ਼ਾ ਵਰਕਰਜ਼ ਤੇ ਆਸ਼ਾ ਫੈਸਿਲੀਟੇਟਰਜ਼ ਵੱਲੋਂ ਮੰਤਰੀਆਂ ਨੂੰ ਦਿੱਤੇ ਜਾਣਗੇ ਮੰਗ ਪੱਤਰ

**ਮਲੇਰਕੋਟਲਾ (ਅਸਗਰ ਪਰਿਹਾਰ)**

ਆਸ਼ਾ ਵਰਕਰਜ਼ ਤੇ ਆਸ਼ਾ ਫੈਸਿਲੀਟੇਟਰ ਨਰੋਲ ਯੂਨੀਅਨ ਬਲਾਕ ਮਲੇਰਕੋਟਲਾ ਦੀ ਅਹਿਮ ਮੀਟਿੰਗ ਪ੍ਰਧਾਨ ਭੋਲੀ ਦੀ ਅਗਵਾਈ ਵਿੱਚ ਹੋਈ, ਜਿਸ ਵਿੱਚ ਆਸ਼ਾ ਵਰਕਰਜ਼ ਤੇ ਆਸ਼ਾ ਫੈਸਿਲੀਟੇਟਰ ਨਰੋਲ ਯੂਨੀਅਨ ਪੰਜਾਬ ਦੇ ਸੱਦੇ 'ਤੇ ਯੂਨੀਅਨ ਦੀਆਂ ਰਹਿੰਦੀਆਂ ਮੰਗਾਂ ਜਿਵੇਂ 2500/-ਰੁਪਏ ਆਨਰੇਰੀਅਮ ਨੂੰ ਡਬਲ ਕਰਨ, ਹਰਿਆਣਾ ਪੈਟਰਨ ਲਾਗੂ ਕਰਨ, ਹਾਜ਼ਰੀ ਯਕੀਨੀ ਬਣਾਉਣ, ਪ੍ਰਸੂਤਾ ਛੁੱਟੀ ਦਾ ਨੋਟੀਫਿਕੇਸ਼ਨ ਕਰਨ, ਪੰਜ ਲੱਖ ਦਾ ਬੀਮਾ ਲਾਗੂ ਕਰਨ, ਸੀ.ਐਚ.ਓ ਦੇ ਇਨਸੈਂਟਿਵ ਵਾਲੀ ਸਕੀਮ ਫੈਸਿਲੀਟੇਟਰਾਂ 'ਤੇ ਲਾਗੂ ਕਰਨ ਨੂੰ ਲੈ ਕੇ 26 ਜਨਵਰੀ ਨੂੰ ਆਪਣੇ ਆਪਣੇ ਹਲਕਿਆਂ 'ਚ ਗਣਤੰਤਰ ਦਿਵਸ ਦਾ ਸਵਾਗਤ ਕਰਦਿਆਂ ਸ਼ਾਂਤਮਈ ਢੰਗ ਨਾਲ ਆਪਣੀਆਂ ਮੰਗਾਂ ਸਬੰਧੀ ਮੰਤਰੀਆਂ ਨੂੰ ਮੰਗ ਪੱਤਰ ਦਿੱਤੇ ਜਾਣਗੇ।

ਸੂਬਾ ਪ੍ਰਧਾਨ ਕਿਰਨਦੀਪ ਕੌਰ ਪੰਜੋਲਾਂ ਤੇ ਸੂਬਾ ਕਮੇਟੀ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਸਾਡੀਆਂ ਲਟਕ ਰਹੀਆਂ ਮੰਗਾਂ ਦਾ ਜਲਦ ਨਿਪਟਾਰਾ ਨਾ ਕੀਤਾ ਤਾਂ ਸੂਬਾ ਕਮੇਟੀ ਮੀਟਿੰਗ ਕਰਕੇ ਤਿੱਖਾ ਸੰਘਰਸ਼ ਕਰਨ ਲਈ ਮਜਬੂਰ ਹੋਣਗੀਆਂ। ਇਸ ਮੌਕੇ ਪ੍ਰਧਾਨ ਭੋਲੀ ਤੋਂ ਇਲਾਵਾ ਜਨਰਲ ਸਕੱਤਰ ਰੀਆ, ਸੀਨੀਅਰ ਮੀਤ ਪ੍ਰਧਾਨ ਰਫੀਆ, ਖ਼ਜ਼ਾਨਚੀ ਪ੍ਰਵੀਲ ਅਖ਼ਤਰੀ, ਰੂਪਾ ਰਾਣੀ, ਹਰਜਿੰਦਰ ਕੌਰ, ਹਰਪ੍ਰੀਤ ਕੌਰ, ਬਲਜਿੰਦਰ ਕੌਰ, ਅਕਬਰੀ, ਬਲਵੰਤ ਕੌਰ ਤੇ ਨਾਜ਼ੀਆ ਮੌਜੂਦ ਸਨ।

# ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਨੇ ਸਕੂਲੀ ਬੱਸਾਂ 'ਚ ਲੱਗੀਆਂ ਵਾਧੂ ਸੀਟਾਂ ਕਢਵਾਈਆਂ

- ਸੇਫ ਸਕੂਲ ਵਾਹਨ ਪਾਲਿਸੀ ਤਹਿਤ ਕੀਤੀ ਜਾ ਰਹੀ ਸਕੂਲੀ ਬੱਸਾਂ ਦੀ ਚੈਕਿੰਗ




**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਦੇ ਅਧਿਕਾਰੀਆਂ ਨੇ ਸੇਫ ਸਕੂਲ ਵਾਹਨ ਪਾਲਿਸੀ ਤਹਿਤ ਸਕੂਲੀ ਬੱਸਾਂ ਦੀ ਕੀਤੀ ਚੈਕਿੰਗ ਦੌਰਾਨ ਸਕੂਲੀ ਬੱਸਾਂ ਵਿੱਚ ਲੱਗੀਆਂ ਵਾਧੂ ਸੀਟਾਂ ਬਾਹਰ ਕਢਵਾਈਆਂ ਤੇ ਸਬੰਧਤ ਸਕੂਲਾਂ ਨੂੰ ਇਸ ਬਾਰੇ ਹਦਾਇਤਾਂ ਵੀ ਜਾਰੀ ਕੀਤੀਆਂ ਗਈਆਂ। ਇਹ ਜਾਣਕਾਰੀ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਸ਼੍ਰੀ ਹਰਬਜਨ ਸਿੰਘ ਮਹਿਮੀ ਨੇ ਚਾਵਲਾ ਚੌਂਕ ਸਰਹਿੰਦ ਵਿਖੇ ਸਕੂਲੀ ਬੱਸਾਂ ਦੀ ਕੀਤੀ ਜਾ ਰਹੀ ਚੈਕਿੰਗ ਦੌਰਾਨ ਗੱਲਬਾਤ ਕਰਦਿਆਂ ਦਿੱਤੀ। ਉਨ੍ਹਾਂ ਦੱਸਿਆ ਕਿ ਚੈਕਿੰਗ ਦੌਰਾਨ ਪਾਇਆ ਗਿਆ ਕਿ ਕੁਝ ਸਕੂਲੀ ਬੱਸਾਂ ਵਿੱਚ ਵਾਧੂ ਟੇਬਲ ਲਗਾ ਕੇ ਬੱਚੇ ਬਿਠਾਏ ਹੋਏ ਸਨ, ਜਿਨ੍ਹਾਂ ਨੂੰ ਮੌਕੇ 'ਤੇ ਹੀ ਬਾਹਰ ਕਢਵਾ ਦਿੱਤਾ ਗਿਆ। ਇਸ ਦੇ ਨਾਲ ਹੀ ਸਬੰਧਤ ਸਕੂਲਾਂ ਨੂੰ ਆਦੇਸ਼ ਜਾਰੀ ਕੀਤੇ ਗਏ ਹਨ ਕਿ ਨਿਯਮਾਂ ਦੀ ਉਲੰਘਣਾ ਨਾ ਕੀਤੀ ਜਾਵੇ। ਉਨ੍ਹਾਂ ਮਾਪਿਆਂ ਨੂੰ ਅਪੀਲ ਕੀਤੀ ਕਿ ਰੋਜ਼ਾਨਾ ਆਪਣੇ ਬੱਚੇ ਸਕੂਲੀ ਬੱਸਾਂ 'ਚ ਬਿਠਾਉਣ ਸਮੇਂ ਬੱਸਾਂ ਦੀ ਚੈਕਿੰਗ ਜ਼ਰੂਰ ਕਰਨ ਕਿ ਬੱਚਿਆਂ ਨੂੰ ਸੀਟ 'ਤੇ ਬਿਠਾਇਆ ਗਿਆ ਹੈ ਜਾਂ ਨਹੀਂ। ਮਹਿਮੀ ਨੇ ਕਿਹਾ ਕਿ ਸਕੂਲ ਅਥਾਰਟੀ ਵੱਲੋਂ ਜਦੋਂ ਬੱਚਿਆਂ ਕੋਲੋਂ ਬੱਸ ਦੀ ਫੀਸ ਪੂਰੀ ਲਈ ਜਾਂਦੀ ਹੈ ਤਾਂ ਉਨ੍ਹਾਂ ਨੂੰ ਸੁਰੱਖਿਅਤ ਲੈ ਕੇ ਆਉਣਾ ਤੇ ਛੱਡਣਾ ਸਕੂਲ ਦੀ ਨਿੱਜੀ ਜ਼ਿੰਮੇਵਾਰੀ ਹੈ, ਪ੍ਰੰਤੂ ਸਕੂਲ ਅਥਾਰਟੀਆਂ ਵੱਲੋਂ ਅਜੇ ਵੀ ਸਕੂਲ ਬੱਸਾਂ 'ਚ ਵਾਧੂ ਟੇਬਲ ਲਗਾ ਕੇ ਬੱਚਿਆਂ ਨੂੰ ਬਿਠਾਇਆ ਜਾਂਦਾ ਹੈ, ਜੋ ਕਿ ਸੇਫ ਸਕੂਲ ਵਾਹਨ ਪਾਲਿਸੀ ਦੇ ਨਿਯਮਾਂ ਦੀ ਉਲੰਘਣਾ ਹੈ। ਉਨ੍ਹਾ ਸਕੂਲ ਪ੍ਰਬੰਧਕਾਂ ਨੂੰ ਅਪੀਲ ਕੀਤੀ ਕਿ ਜਿਹੜੀਆਂ ਸਕੂਲੀ ਬੱਸਾਂ ਵਿੱਚ ਵਾਧੂ ਟੇਬਲ ਲਗਾਏ ਹੋਏ ਹਨ, ਉਨ੍ਹਾਂ ਨੂੰ ਤੁਰੰਤ ਉਤਾਰ ਦਿੱਤਾ ਜਾਵੇ। ਇਸ ਮੌਕੇ ਜ਼ਿਲ੍ਹਾ ਟ੍ਰੈਫਿਕ ਇੰਚਾਰਜ ਇੰਸਪੈਕਟਰ ਸੁਖਪਾਲ ਸਿੰਘ ਨੇ ਕਿਹਾ ਕਿ ਆਟੋ ਜਾਂ ਤਿੰਨ ਪਹੀਆ ਵਾਹਨ ਜੋ ਬੱਚਿਆਂ ਨੂੰ ਸਕੂਲ ਲੈ ਕੇ ਜਾਣ ਤੇ ਛੱਡਣ ਲਈ ਵਰਤੇ ਜਾਂਦੇ ਹਨ ਉਹ ਓਵਰ ਲੋਡ ਨਹੀਂ ਹੋਣੇ ਚਾਹੀਦੇ ਤੇ ਨਿਯਮਾਂ ਅਨੁਸਾਰ ਹੀ ਹੋਣੇ ਚਾਹੀਦੇ ਹਨ। ਉਨ੍ਹਾ ਕਿਹਾ ਕਿ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਸਕੂਲਾਂ ਦੇ ਪ੍ਰਿੰਸੀਪਲਾਂ ਤੇ ਡਾਇਰੈਕਟਰਾਂ ਨੂੰ ਹਦਾਇਤ ਕੀਤੀ ਕਿ ਸਕੂਲੀ ਬੱਸਾਂ 'ਚ ਸੇਫ ਸਕੂਲ ਵਾਹਨ ਪਾਲਿਸੀ ਦੇ ਨਿਯਮਾਂ ਦੀ ਇੰਨ ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

## ਨਵ-ਜਨਮੀਆਂ ਧੀਆਂ ਦੀ ਖੁਸ਼ੀ 'ਚ ਜ਼ਿਲ੍ਹਾ ਪੱਧਰੀ ਲੋਹੜੀ ਸਮਾਗਮ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ ਚਾਵਲਾ)**-ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਸ੍ਰੀ ਮੁਕਤਸਰ ਸਾਹਿਬ ਵੱਲੋਂ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹੇ ਦੀਆਂ ਨਵ-ਜਨਮੀਆਂ ਧੀਆਂ ਦੀ ਖੁਸ਼ੀ ਮੌਕੇ ਜ਼ਿਲ੍ਹਾ ਪੱਧਰੀ "ਲੋਹੜੀ ਧੀਆਂ ਦੀ" ਸਬੰਧੀ ਪ੍ਰੋਗਰਾਮ ਬੀ.ਡੀ.ਪੀ.ਓ. ਦਫਤਰ ਸ੍ਰੀ ਮੁਕਤਸਰ ਸਾਹਿਬ ਵਿਖੇ ਕੀਤਾ ਗਿਆ। ਇਸ ਪ੍ਰੋਗਰਾਮ ਦੀ ਪ੍ਰਧਾਨਗੀ ਵਿਨੀਤ ਕੁਮਾਰ ਡਿਪਟੀ ਕਮਿਸ਼ਨਰ ਨੇ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸ੍ਰੀ ਮਹੇਸ਼ ਗਰੋਵਰ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ੍ਰੀ ਕਰਨ ਸਿੰਘ ਬਰਾੜ ਜ਼ਿਲ੍ਹਾ ਪ੍ਰੋਗਰਾਮ ਅਫਸਰ ਮੌਜੂਦ ਸਨ।

ਇਸ ਮੌਕੇ ਨਵ-ਜਨਮੀਆਂ ਧੀਆਂ ਦੀ ਖੁਸ਼ੀ ਸਬੰਧੀ ਲੋਹੜੀ ਦਾ ਤਿਉਹਾਰ ਮਨਾਉਂਦੇ ਹੋਏ ਉਨ੍ਹਾਂ ਮਾਪਿਆਂ ਨੂੰ ਵਧਾਈ ਦਿੱਤੀ ਕਿ ਉਹ ਬਹੁਤ ਭਾਗਾ ਵਾਲੇ ਹਨ, ਜਿਹੜੇ ਆਪਣੀਆਂ ਧੀਆਂ ਦੇ ਮਾਂ-ਬਾਪ ਬਣੇ ਹਨ। ਉਨ੍ਹਾਂ ਕਿਹਾ ਕਿ ਸਾਨੂੰ ਧੀਆਂ ਤੇ ਪੁੱਤਰਾਂ ਵਿੱਚ ਕਿਸੇ ਵੀ ਪ੍ਰਕਾਰ ਦਾ ਕੋਈ ਮੱਤਭੇਦ ਨਹੀਂ ਕਰਨਾ ਚਾਹੀਦਾ ਤੇ ਧੀਆਂ ਨੂੰ ਵੀ ਪੁੱਤਰਾਂ ਦੇ ਬਰਾਬਰ ਮਾਣ ਸਤਿਕਾਰ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਧੀਆਂ ਦੀ ਭਲਾਈ ਲਈ ਬਹੁਤ ਸਾਰੀਆਂ ਲਾਭਦਾਇਕ ਸਕੀਮਾਂ ਵੀ ਚਲਾਈਆਂ ਜਾ ਰਹੀਆਂ ਹਨ। ਇਸ ਮੌਕੇ 51 ਨਵ-ਜਨਮੀਆਂ ਧੀਆਂ ਨੂੰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਨਮਾਨਤ ਕੀਤਾ ਗਿਆ।

# ਚੰਦ ਸਿੰਘ ਗਿੱਲ ਨੇ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਦਾ ਅਹੁਦਾ ਸੰਭਾਲਿਆ



**ਫਿਰੋਜ਼ਪੁਰ/ਜ਼ੀਰਾ (ਅਸ਼ੋਕ ਸ਼ਰਮਾ, ਨਰਿੰਦਰ ਅਨੇਜਾ)**-ਲੋਕ ਨਿਰਮਾਣ ਤੇ ਊਰਜਾ ਮੰਤਰੀ ਪੰਜਾਬ ਹਰਭਜਨ ਸਿੰਘ ਦੀ ਹਾਜ਼ਰੀ ਵਿੱਚ ਇੱਥੇ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਚੰਦ ਸਿੰਘ ਗਿੱਲ ਨੇ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਦਾ ਅਹੁਦਾ ਸੰਭਾਲਿਆ। ਇਸ ਮੌਕੇ ਕੈਬਨਿਟ ਮੰਤਰੀ ਹਰਭਜਨ ਸਿੰਘ ਨੇ ਉਨ੍ਹਾ ਦਾ ਮੂੰਹ ਮਿੱਠਾ ਕਰਵਾ ਕੇ ਵਧਾਈ ਦਿੱਤੀ। ਇਸ ਮੌਕੇ ਵਿਧਾਇਕ ਫਿਰੋਜ਼ਪੁਰ ਸ਼ਹਿਰੀ ਰਣਬੀਰ ਸਿੰਘ ਭੁੱਲਰ, ਵਿਧਾਇਕ ਫਿਰੋਜ਼ਪੁਰ ਦਿਹਾਤੀ ਰਜਨੀਸ਼ ਦਹੀਆ, ਵਿਧਾਇਕ ਜ਼ੀਰਾ ਨਰੇਸ਼ ਕਟਾਰੀਆ, ਵਿਧਾਇਕ ਗੁਰੂ ਹਰਸਹਾਏ ਫੌਜਾ ਸਿੰਘ ਸਰਾਰੀ, ਲੋਕ ਸਭਾ ਹਲਕਾ ਖਡੂਰ ਸਾਹਿਬ ਦੇ ਇੰਚਾਰਜ ਬਲਜੀਤ ਸਿੰਘ ਖਹਿਰਾ ਤੋਂ ਇਲਾਵਾ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ, ਐੱਸ ਐੱਸ ਪੀ ਕੰਵਰਦੀਪ ਕੌਰ, ਡੀ ਆਰ ਓ ਅਰਵਿੰਦ ਪ੍ਰਕਾਸ਼ ਵਰਮਾ ਤੇ ਅਭਿਸ਼ੇਕ ਸ਼ਰਮਾ ਪੀ ਸੀ ਐੱਸ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਮੌਕੇ ਕੈਬਨਿਟ ਮੰਤਰੀ ਹਰਭਜਨ ਸਿੰਘ ਨੇ ਕਿਹਾ ਕਿ ਆਪ ਪਾਰਟੀ ਪ੍ਰਤੀ ਬਹੁਤ ਅਹਿਮ ਯੋਗਦਾਨ ਤੇ ਲੰਮੀਆਂ ਸੇਵਾਵਾਂ ਕਾਰਨ ਚੰਦ ਸਿੰਘ ਗਿੱਲ ਨੂੰ ਇਹ ਮਾਣ ਦਿੱਤਾ ਗਿਆ ਹੈ। ਉਨ੍ਹਾ ਕਿਹਾ ਕਿ ਚੰਦ ਸਿੰਘ ਗਿੱਲ ਨੂੰ ਚੇਅਰਮੈਨ ਨਿਯੁਕਤ ਕਰਕੇ ਆਪ ਪਾਰਟੀ ਨੇ ਇਕ ਸਾਫ਼-ਸੁੱਥਰੀ ਰਾਜਨੀਤੀ ਦੀ ਮਿਸਾਲ ਕਾਇਮ ਕੀਤੀ ਹੈ, ਕਿਉਂਕਿ ਉਹ ਬਹੁਤ ਹੀ ਇਮਾਨਦਾਰ ਤੇ ਸਾਫ਼-ਸੁਥਰੀ ਸ਼ਖ਼ਸੀਅਤ ਦੇ ਧਾਰਨੀ ਹਨ। ਉਨ੍ਹਾ ਭਰੋਸਾ ਦਿਵਾਇਆ ਕਿ ਚੰਦ ਸਿੰਘ ਗਿੱਲ ਦੀ ਅਗਵਾਈ ਵਿੱਚ ਪਲਾਨਿੰਗ ਕਮੇਟੀ ਜ਼ਿਲ੍ਹੇ ਦਾ ਸਰਵਪੱਖੀ ਵਿਕਾਸ ਯਕੀਨੀ ਬਣਾਏਗੀ। ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਪੀ ਡਬਲਿਊ ਡੀ ਬਲਾਕ ਵਿਖੇ ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ ਦਾ ਅਹੁਦਾ ਸੰਭਾਲਣ ਉਪਰੰਤ ਚੰਦ ਸਿੰਘ ਗਿੱਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ, ਕੈਬਨਿਟ ਮੰਤਰੀ ਹਰਭਜਨ ਸਿੰਘ, ਜ਼ਿਲ੍ਹੇ ਦੇ ਵਿਧਾਇਕਾਂ, ਸਾਬਕਾ ਐੱਮ ਪੀ ਪ੍ਰੋ. ਸਾਧੂ ਸਿੰਘ ਤੇ ਆਪ ਵਲੰਟੀਰਜ਼, ਜ਼ਿਲ੍ਹੇ ਦੀਆਂ ਸਮੂਹ ਰਾਜਸੀ ਤੇ ਸਮਾਜਿਕ ਜਥੇਬੰਦੀਆਂ ਤੇ ਸਮੁੱਚੀ ਆਪ ਟੀਮ ਦਾ ਧੰਨਵਾਦ ਕਰਦਿਆਂ ਕਿਹਾ ਕਿ ਜੋ ਉਨ੍ਹਾਂ ਨੂੰ ਜ਼ਿੰਮੇਵਾਰੀ ਸੌਂਪੀ ਗਈ ਹੈ, ਉਸ ਨੂੰ ਬਾਖੂਬੀ ਨਿਭਾਉਣਗੇ ਤੇ ਉਨ੍ਹਾਂ ਦੇ ਵਿਸ਼ਵਾਸ 'ਤੇ ਖਰਾ ਉਤਰਨਗੇ। ਗਿੱਲ ਨੇ ਕਿਹਾ ਕਿ ਸਰਕਾਰ ਦੀਆਂ ਵਿਕਾਸਮੁਖੀ ਤੇ ਲੋਕ ਹਿਤੈਸ਼ੀ ਨੀਤੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨਾ ਉਨ੍ਹਾਂ ਪਹਿਲ ਹੋਵੇਗੀ। ਉਨ੍ਹਾਂ ਭਰੋਸਾ ਦਿਵਾਇਆ ਪੰਜਾਬ ਸਰਕਾਰ ਦੀਆਂ ਸਕੀਮਾਂ ਤੇ ਯੋਜਨਾਵਾਂ ਨੂੰ ਪੂਰੀ ਪਾਰਦਰਸ਼ਿਤਾ ਨਾਲ ਜਨਤਾ ਤੱਕ ਪਹੁੰਚਾਇਆ ਜਾਵੇਗਾ। ਸਮਾਜ ਦੇ ਕਮਜ਼ੋਰ ਤੇ ਜ਼ਰੂਰਤਮੰਦ ਵਰਗਾਂ ਨੂੰ ਇਨ੍ਹਾਂ ਸਕੀਮਾਂ ਦਾ ਲਾਭ ਮਿਲਣਾ ਯਕੀਨੀ ਬਣਾਉਣ ਲਈ ਪਲਾਨਿੰਗ ਕਮੇਟੀ ਕੋਈ ਕਸਰ ਬਾਕੀ ਨਹੀਂ ਛੱਡੇਗੀ। ਇਸ ਮੌਕੇ ਵੱਡੀ ਗਿਣਤੀ 'ਚ ਆਪ ਆਗੂ ਤੇ ਵਲੰਟੀਅਰਜ਼ ਨੇ ਚੰਦ ਸਿੰਘ ਗਿੱਲ ਨੂੰ ਵਧਾਈ ਦਿੱਤੀ।

## ਚਾਲੀ ਮੁਕਤਿਆਂ ਦੀ ਨਿੱਘੀ ਯਾਦ 'ਚ 30 ਕੈਂਸਰ ਪੀੜਤਾਂ ਨੂੰ ਦਿੱਤੀ ਸਹਾਇਤਾ

**ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਮਨੁੱਖਤਾ ਤੇ ਵਾਤਾਵਰਣ ਦੀਆਂ ਸੇਵਾਵਾਂ ਦੇ ਕਾਰਜਾਂ ਨੂੰ ਸਮਰਪਤ ਭਾਈ ਘਨੱਈਆ ਕੈਂਸਰ ਰੋਕੋ ਸੇਵਾ ਸੁਸਾਇਟੀ ਵੱਲੋਂ ਚਾਲੀ ਮੁਕਤਿਆਂ ਦੀ ਨਿੱਘੀ ਯਾਦ ਵਿੱਚ ਲੋੜਵੰਦ 30 ਕੈਂਸਰ ਪੀੜਤ ਮਰੀਜ਼ਾਂ ਨੂੰ ਇਲਾਜ ਲਈ ਸਹਾਇਤਾ ਦਿੱਤੀ ਗਈ। ਇਸ ਮੌਕੇ ਗੁਰਪ੍ਰੀਤ ਸਿੰਘ ਚੰਦਬਾਜਾ ਪ੍ਰਧਾਨ ਭਾਈ ਘਨੱਈਆ ਕੈਂਸਰ ਰੋਕੋ ਸੇਵਾ ਸੁਸਾਇਟੀ ਨੇ ਕਿਹਾ ਕਿ ਸਰਕਾਰ ਵੱਲੋਂ ਕੈਂਸਰ ਤੇ ਹੋਰ ਬਿਮਾਰੀਆਂ ਤੋਂ ਪੀੜਤ ਮਰੀਜ਼ਾਂ ਨੂੰ ਤੁਰੰਤ ਮੁਫ਼ਤ ਇਲਾਜ ਦੀ ਸਹੂਲਤ ਦਿੱਤੀ ਜਾਵੇ, ਕਿਉਂਕਿ ਸੁਸਾਇਟੀ ਕੋਲ ਆਏ ਮਰੀਜ਼ਾਂ ਤੇ ਉਨ੍ਹਾਂ ਦੇ ਵਾਰਸਾਂ ਵੱਲੋਂ ਅਕਸਰ ਦੱਸਿਆ ਜਾਂਦਾ ਹੈ ਕਿ ਇਲਾਜ ਦੌਰਾਨ ਘਰ ਬਾਰ ਵਿਕ ਰਹੇ ਹਨ, ਨੌਕਰੀਆਂ ਵੀ ਛੁੱਟ ਰਹੀਆਂ ਹਨ, ਮਰੀਜ਼ਾਂ ਦੇ ਵਾਰਸ ਕਰਜ਼ਾਈ ਹੋ ਰਹੇ ਹਨ, ਉੱਤੋਂ ਬੱਚਿਆਂ ਦੇ ਪਾਲਣ ਪੋਸ਼ਣ ਦਾ ਫਿਕਰ ਵੱਢ-ਵੱਢ ਖਾ ਰਿਹਾ ਹੈ। ਹਰਵਿੰਦਰ ਸਿੰਘ ਮਰਵਾਹ ਤੇ ਮੱਘਰ ਸਿੰਘ ਨੇ ਆਖਿਆ ਕਿ ਸਰਕਾਰ ਨੂੰ ਮਰੀਜ਼ਾਂ ਦੀਆਂ ਤਕਲੀਫ਼ਾਂ ਨੂੰ ਸਮਝਦਿਆਂ ਤੁਰੰਤ ਇਲਾਜ ਦੀ ਬਿਲਕੁਲ ਮੁਫ਼ਤ ਸਹੂਲਤ ਦੇਣੀ ਚਾਹੀਦੀ ਹੈ। ਗੁਰਮੀਤ ਸਿੰਘ ਸੰਧੂ, ਰਾਜਿੰਦਰ ਸਿੰਘ ਬਰਾੜ ਅਤੇ ਰਾਜਪਾਲ ਸਿੰਘ ਸੰਧੂ ਨੇ ਕਿਹਾ ਕਿ ਸੁਸਾਇਟੀ ਵੱਲੋਂ ਤਾਂ ਤੁੱਛ ਜਿਹੀ ਸੇਵਾ ਸੰਗਤਾਂ ਦੇ ਸਹਿਯੋਗ ਨਾਲ ਦਿੱਤੀ ਜਾਂਦੀ ਹੈ। ਡਾਕਟਰ ਮਨਜੀਤ ਜੌੜਾ ਤੇ ਹਰੀਸ਼ ਵਰਮਾ ਨੇ ਆਖਿਆ ਕਿ ਪੰਜਾਬ ਦੇ ਲੋਕਾਂ ਨੂੰ ਬਿਮਾਰੀਆਂ ਤੋਂ ਬਚਣ ਲਈ ਪ੍ਰਦੂਸ਼ਤ ਹੋ ਰਹੇ ਵਾਤਾਵਰਣ ਨੂੰ ਬਚਾਉਣਾ ਵੀ ਸਮੇਂ ਦੀ ਮੁੱਖ ਲੋੜ ਹੈ। ਇਸ ਲਈ ਸਾਨੂੰ ਰਲਮਿਲ ਕੇ ਜ਼ਹਿਰੀਲੇ ਹੋ ਰਹੇ ਧਰਤੀ, ਹਵਾ ਤੇ ਪਾਣੀ ਨੂੰ ਬਚਾਉਣ ਲਈ ਵੀ ਕਾਰਜ ਜਾਰੀ ਰੱਖਣੇ ਚਾਹੀਦੇ ਹਨ। ਇਸ ਮੌਕੇ ਉਪਰੋਕਤ ਤੋਂ ਇਲਾਵਾ ਗਗਨਜੋਤ ਸਿੰਘ ਬਰਾੜ ਚੰਦਬਾਜਾ, ਰਵਿੰਦਰ ਸਿੰਘ ਬੁਗਰਾ, ਸੁਖਵਿੰਦਰ ਸਿੰਘ, ਜਸਪਾਲ ਸਿੰਘ, ਵਰਿੰਦਰਪਾਲ ਸਿੰਘ, ਮਨਦੀਪ ਸਿੰਘ ਤੇ ਜਸਕਰਨ ਸਿੰਘ ਆਦਿ ਵੀ ਹਾਜ਼ਰ ਸਨ।



# ਦੇਸ਼ ਭਗਤ ਯੂਨੀਵਰਸਿਟੀ 'ਚ ਮਨਾਇਆ ਰਾਸ਼ਟਰੀ ਯੁਵਾ ਦਿਵਸ



**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਦੇਸ਼ ਭਗਤ ਯੂਨੀਵਰਸਿਟੀ, ਮੰਡੀ ਗੋਬਿੰਦਗੜ੍ਹ ਵਿਖੇ ਫਾਰਮੇਸੀ ਫੈਕਲਟੀ ਦੇ ਪਲੇਸਬੋ ਕਲੱਬ ਨੇ ਵਿਕਸਿਤ ਯੁਵਾ ਵਿਕਸਿਤ ਭਾਰਤ-ਰਾਸ਼ਟਰੀ ਯੁਵਾ ਦਿਵਸ ਦੀ ਮੇਜ਼ਬਾਨੀ ਕੀਤੀ। ਇਸ ਪ੍ਰੋਗਰਾਮ ਦਾ ਉਦੇਸ਼ ਨੌਜਵਾਨਾਂ ਨੂੰ ਪ੍ਰੇਰਤ ਕਰਕੇ ਸਵਾਮੀ ਵਿਵੇਕਾਨੰਦ ਦੇ ਵਿਚਾਰਾਂ ਦਾ ਪ੍ਰਚਾਰ ਕਰਕੇ ਦੇਸ ਦਾ ਬਿਹਤਰ ਭਵਿੱਖ ਸਿਰਜਣਾ ਸੀ। ਰਾਸ਼ਟਰੀ ਯੁਵਾ ਦਿਵਸ ਨੂੰ ਯੁਵਾ ਦਿਵਸ ਵੀ ਕਿਹਾ ਜਾਂਦਾ ਹੈ। ਇਹ ਲੋਕਾਂ ਨੂੰ ਦੇਸ ਵਿੱਚ ਸਹੀ ਢੰਗ ਨਾਲ ਵਿਹਾਰ ਕਰਨ ਬਾਰੇ ਸਿੱਖਿਅਤ ਕਰਨ ਦਾ ਦਿਨ ਸੀ। ਸਵਾਮੀ ਵਿਵੇਕਾਨੰਦ ਦਾ ਮੰਨਣਾ ਸੀ ਕਿ ਨੌਜਵਾਨਾਂ ਨੂੰ ਉਮੀਦ ਤੇ ਜੋਸ਼ ਨਾਲ ਭਰਪੂਰ ਹੋਣਾ ਚਾਹੀਦਾ ਹੈ, ਕਿਉਂਕਿ ਉਹ ਸਾਡੇ ਦੇਸ ਦਾ ਭਵਿੱਖ ਹਨ।

ਇਸ ਮੌਕੇ ਕੁਇਜ਼ ਮੁਕਾਬਲੇ, ਭਾਸ਼ਣ ਮੁਕਾਬਲੇ, ਸਲੋਗਨ ਮੁਕਾਬਲੇ, ਰੁੱਖ ਲਾਉਣ ਅਤੇ ਕਵਿਤਾ ਮੁਕਾਬਲੇ ਕਰਾਏ ਗਏ। ਵਿਦਿਆਰਥੀਆਂ ਨੇ ਸਾਰੀਆਂ ਗਤੀਵਿਧੀਆਂ ਵਿੱਚ ਬੜੇ ਉਤਸ਼ਾਹ ਨਾਲ ਭਾਗ ਲਿਆ। ਮੁਕਾਬਲੇ ਦਾ ਉਦਘਾਟਨ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਨੇ ਕੀਤਾ। ਲਾਲ ਸਿੰਘ ਮੈਮੋਰੀਅਲ ਕਾਲਜ ਆਫ ਫਾਰਮੇਸੀ ਦੇ ਪ੍ਰਿੰਸੀਪਲ ਪ੍ਰੋ. ਬੀ.ਡੀ. ਧੀਮਾਨ ਨੇ ਸਾਰਿਆਂ ਦਾ ਰਸਮੀ ਸਵਾਗਤ ਕੀਤਾ। ਉਨ੍ਹਾਂ ਨੇ ਸਾਰਿਆਂ ਨੂੰ ਰਾਸ਼ਟਰੀ ਯੁਵਾ ਦਿਵਸ ਦੀ ਮਹੱਤਤਾ ਬਾਰੇ ਦੱਸਿਆ ਤੇ ਮੁਕਾਬਲੇ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ। ਸਾਰੇ ਜੇਤੂਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਇਸ ਗਤੀਵਿਧੀ ਦੀ ਸਫ਼ਲਤਾ ਲਈ ਸਮੂਹ ਫੈਕਲਟੀ ਮੈਂਬਰਾਂ ਤੇ ਵਿਦਿਆਰਥੀਆਂ ਨੇ ਸਖਤ ਮਿਹਨਤ ਕੀਤੀ। ਪ੍ਰੋਗਰਾਮ ਦੇ ਅੰਤ ਵਿੱਚ ਡੀਨ ਫਾਰਮੇਸੀ ਡਾ. ਅਮਿਤ ਮਿੱਤਲ ਨੇ ਸਾਰੇ ਭਾਗੀਦਾਰਾਂ, ਵਿਦਿਆਰਥੀਆਂ ਤੇ ਫੈਕਲਟੀ ਦਾ ਧੰਨਵਾਦ ਕੀਤਾ। ਪ੍ਰੋ. ਚਾਂਸਲਰ ਡਾ. ਤਜਿੰਦਰ ਕੌਰ ਨੇ ਪਲੇਸਬੋ ਕਲੱਬ ਦੇ ਸਟਾਫ਼, ਵਿਦਿਆਰਥੀਆਂ ਤੇ ਮੈਂਬਰਾਂ ਨੂੰ ਸਮਾਗਮ ਦੇ ਸਫਲ ਆਯੋਜਨ ਲਈ ਵਧਾਈ ਦਿੱਤੀ। ਵਾਈਸ ਚਾਂਸਲਰ ਡਾ. ਵਰਿੰਦਰ ਸਿੰਘ ਨੇ ਫਾਰਮੇਸੀ ਫੈਕਲਟੀ ਤੇ ਪਲੇਸਬੋ ਕਲੱਬ ਦੇ ਵਿਦਿਆਰਥੀਆਂ ਦੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਭਵਿੱਖ ਵਿੱਚ ਅਜਿਹੀਆਂ ਗਤੀਵਿਧੀਆਂ ਕਰਾਉਣ ਲਈ ਸ਼ੁਭ ਕਾਮਨਾਵਾਂ ਦਿੱਤੀਆਂ।

# ਪ੍ਰਾਇਮਰੀ ਤੋਂ ਮਾਸਟਰ ਕਾਡਰ ਪ੍ਰਮੋਸ਼ਨਾਂ ਨੂੰ ਲੈ ਕੇ ਅਧਿਆਪਕਾਂ 'ਚ ਰੋਸ

**ਜ਼ੀਰਾ (ਨਰਿੰਦਰ ਅਨੇਜਾ)**

ਪਿਛਲੀ ਸਰਕਾਰ ਦੇ ਸਮੇਂ ਤੋਂ ਅਧਿਆਪਕਾਂ ਦੀ ਪ੍ਰਾਇਮਰੀ ਕਾਡਰ ਤੋਂ ਮਾਸਟਰ ਕਾਡਰ ਪ੍ਰਮੋਸ਼ਨਾਂ ਦਾ ਕੰਮ ਚੱਲ ਰਿਹਾ, ਜਿਸ ਨੂੰ ਚਲਦੇ ਨੂੰ ਲਗਭਗ ਚਾਰ ਸਾਲ ਦਾ ਸਮਾਂ ਹੋਣ ਵਾਲਾ, ਪਰ ਇਹ ਪ੍ਰਮੋਸ਼ਨਾਂ ਸਰਕਾਰ ਬਦਲਣ ਦੇ ਬਾਵਜੂਦ ਹੁੰਦੀਆਂ ਨਜ਼ਰ ਨਹੀਂ ਆ ਰਹੀਆਂ। ਇਨ੍ਹਾਂ ਪ੍ਰਮੋਸ਼ਨਾਂ ਨੂੰ ਕਰਵਾਉਣ ਲਈ ਕੁੱਝ ਅਧਿਆਪਕ ਪਿਛਲੇ ਸਾਲ ਮਾਣਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਵਿੱਚ ਵੀ ਗਏ ਸਨ ਤੇ ਕੁਝ ਅਧਿਆਪਕਾਂ ਵੱਲੋਂ ਅਧਿਕਾਰੀਆਂ ਸਾਹਮਣੇ ਆਪਣਾ ਪੱਖ ਰੱਖਣ ਦੇ ਨਾਲ-ਨਾਲ ਮਸਲਾ ਚਾਹੇ ਮੌਜੂਦਾ ਮੁੱਖ ਮੰਤਰੀ, ਪੰਜਾਬ ਤੇ ਸਿੱਖਿਆ ਮੰਤਰੀ, ਪੰਜਾਬ ਦੇ ਧਿਆਨ ਵਿੱਚ ਵੀ ਲਿਆਂਦਾ ਹੋਇਆ, ਪਰ ਇਸ ਦੇ ਸਿੱਟੇ ਆਉਣ ਵਿੱਚ ਅਜੇ ਹੋਰ ਸਮਾਂ ਲੱਗਦਾ ਨਜ਼ਰ ਆ ਰਿਹਾ ਹੈ। ਜੇਕਰ ਗੱਲ ਕਰੀਏ ਅਧਿਆਪਕ ਜਥੇਬੰਦੀਆਂ ਦੀ ਤਾਂ ਇਸ ਗੰਭੀਰ ਮਸਲੇ ਤੇ ਉਨ੍ਹਾਂ ਦੀ ਪਹੁੰਚ ਸਿਰਫ ਏਜੰਡੇ ਵਿੱਚ ਦਰਜ ਇਕ ਮੰਗ ਤੱਕ ਹੀ ਸੀਮਤ ਹੈ।

ਸਿੱਖਿਆ ਵਿਭਾਗ ਪ੍ਰਾਇਮਰੀ ਕਾਡਰ ਤੋਂ ਮਾਸਟਰ ਕਾਡਰ ਪ੍ਰਮੋਸ਼ਨ ਦਾ ਕੰਮ ਕਰ ਰਿਹਾ, ਜਿਸ ਦਾ ਆਧਾਰ ਸੀਨੀਅਰਤਾ ਸੂਚੀ ਹੈ, ਜੋ ਬਿਨਾਂ ਦਰੁਸਤ ਕੀਤੇ ਵਿਭਾਗ ਨੇ ਨਵੰਬਰ 2021 ਤੋਂ ਸਕਰੂਟਨੀ ਵੀ ਸ਼ੁਰੂ ਕੀਤੀ ਸੀ। ਇਸ ਸਕਰੂਟਨੀ ਤੋਂ ਪਹਿਲਾਂ ਸੀਨੀਆਰਤਾ ਸੂਚੀ ਨੂੰ ਦਰੁਸਤ ਕਰਵਾਉਣ ਲਈ ਉਸ ਸਮੇਂ ਦੇ ਡੀ ਪੀ ਆਈ (ਸੈ.ਸਿ.) ਨੂੰ ਅਧਿਆਪਕ ਮਿਲੇ ਸਨ ਤੇ ਗਲਤ ਹੋ ਰਹੀ ਸਕਰੂਟਨੀ ਨੂੰ ਰੋਕਣ ਦੀ ਗੱਲ ਉਨ੍ਹਾਂ ਸਾਹਮਣੇ ਰੱਖੀ ਸੀ, ਪਰ ਸਕਰੂਟਨੀ ਉਸੇ ਤਰ੍ਹਾਂ ਚਲਦੀ ਰਹੀ। ਇਸ ਸਕਰੂਟਨੀ ਵਿੱਚ ਉਨ੍ਹਾਂ ਅਧਿਆਪਕਾਂ ਨੂੰ ਵੀ ਬੁਲਾਇਆ ਗਿਆ, ਜਿਨ੍ਹਾਂ ਨੇ ਬੀ ਐੱਡ ਵਿੱਚ ਉਹ ਵਿਸ਼ਾ ਪੜ੍ਹਿਆ ਹੀ ਨਹੀਂ, ਜਿਸ ਵਿਸ਼ੇ 'ਤੇ ਵਿਭਾਗ ਉਨ੍ਹਾਂ ਦੀ ਪ੍ਰਮੋਸ਼ਨ ਕਰਨ ਜਾ ਰਿਹਾ ਸੀ। ਇਸ ਤੋਂ ਬਾਅਦ 4 ਜਨਵਰੀ 2022 ਨੂੰ ਕੁੱਝ ਅਧਿਆਪਕਾਂ ਨੇ ਉਸ ਸਮੇਂ ਦੇ ਸਿੱਖਿਆ ਸਕੱਤਰ, ਪੰਜਾਬ ਨੂੰ ਆਪਣੀ ਗੱਲ ਤੱਥਾਂ ਸਹਿਤ ਈਮੇਲ ਰਾਹੀਂ ਭੇਜੀ, ਜਿਸ 'ਤੇ ਸਹਿਮਤ ਹੁੰਦਿਆਂ ਉਨ੍ਹਾਂ ਦੁਬਾਰਾ ਤੋਂ ਇਤਰਾਜ਼ ਮੰਗੇ, ਪਰ ਵੋਟਾਂ ਦਾ ਐਲਾਨ ਹੋ ਜਾਣ ਕਾਰਨ ਇਹ ਕੰਮ ਰੁਕ ਗਿਆ।

ਵੋਟਾਂ ਤੋਂ ਬਾਅਦ ਨਵੀਂ ਸਰਕਾਰ ਬਣਨ ਤੋਂ ਬਾਅਦ ਅਧਿਆਪਕਾਂ ਨੂੰ ਉਮੀਦ ਹੋਈ ਕਿ ਇਹ ਪ੍ਰਮੋਸ਼ਨਾਂ ਹੁਣ ਹੋਣਗੀਆਂ,ਪਰ ਇਨ੍ਹਾਂ ਦਾ ਆਧਾਰ ਸੀਨੀਆਰਤਾ ਸੂਚੀ ਨੂੰ ਦਰੁਸਤ ਕਰਨ ਲਈ ਸਿੱਖਿਆ ਵਿਭਾਗ ਬਿਲਕੁੱਲ ਤਿਆਰ ਨਹੀਂ ਸੀ ਤੇ ਇਸ ਦੌਰਾਨ ਇਹ ਮਸਲਾ ਲੰਮਾ ਖਿਚਦਾ ਵੇਖ ਕੁਝ ਅਧਿਪਕਾਂ ਵੱਲੋਂ ਮਾਣਯੋਗ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਕੇਸ ਦਰਜ ਕੀਤੇ ਗਏ, ਜੋ ਅਜੇ ਵੀ ਚੱਲ ਰਹੇ ਹਨ, ਪਰ ਸਟੇਅ ਆਰਡਰ ਨਹੀਂ ਹੋਏ। ਇਸ ਦੌਰਾਨ ਵਿਭਾਗ ਅਧਿਆਪਕਾਂ ਦੀ ਸੀਨੀਅਰਤਾ ਸੂਚੀ ਨੂੰ ਵੱਖ-ਵੱਖ ਕਾਡਰ ਦੇ ਨਾਂਅ ਹੇਠ ਬਣਵਾਉਣ ਦੀ ਕਾਰਵਾਈ ਵਿੱਚ ਰੁਝਿਆ ਹੋਇਆ ਹੈ। ਵਿਭਾਗ ਦੇ ਇਸ ਵਤੀਰੇ ਤੋਂ ਅੱਕੇ ਕੁੱਝ ਅਧਿਆਪਕਾਂ ਨੇ ਮੁੱਖ ਮੰਤਰੀ ਪੰਜਾਬ, ਸਿੱਖਿਆ ਮੰਤਰੀ ਪੰਜਾਬ ਤੇ ਸਿੱਖਿਆ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਈਮੇਲਜ਼ ਕਰਕੇ ਇਸ ਗੰਭੀਰ ਮਸਲੇ ਦਾ ਸਾਰਥਕ ਹੱਲ ਕਰਕੇ ਇਨ੍ਹਾਂ ਪ੍ਰਮੋਸ਼ਨਾਂ ਨੂੰ ਜਲਦ ਕਰਨ ਦੀ ਗੁਹਾਰ ਲਗਾਈ, ਜਿਸ ਤੋਂ ਬਾਅਦ ਇਨ੍ਹਾਂ ਅਧਿਆਪਕਾਂ ਦੇ ਇੱਕ ਉੱਚ ਪੱਧਰੀ ਵਫਦ ਦੀ ਅਧਿਕਾਰੀਆਂ ਨਾਲ ਇੱਕ ਮੀਟਿੰਗ ਵੀ ਹੋਈ ਹੈ, ਜਿਸ ਤੋਂ ਬਾਅਦ ਪੰਜਾਬ ਦੇ ਅਧਿਆਪਕਾਂ ਨੂੰ ਇਹ ਪ੍ਰਮੋਸ਼ਨਾਂ ਹੋਣ ਦੀ ਉਮੀਦ ਜਾਗੀ ਹੈ, ਪਰ ਇਸ ਸਾਰੇ ਘਟਨਾਕ੍ਰਮ ਵਿੱਚ ਅਧਿਆਪਕਾਂ ਦੀ ਵੱਖੋ-ਵੱਖਰੀ ਜਥੇਬੰਦੀਆਂ ਦੀ ਭੂਮਿਕਾ ਉਹ ਨਹੀਂ ਰਹੀ, ਜੋ ਹੋਣੀ ਚਾਹੀਦੀ ਸੀ, ਜਿਸ ਦਾ ਅਧਿਆਪਕਾਂ ਵਿੱਚ ਰੋਸ ਹੈ। ਉਨ੍ਹਾਂ ਕਿਹਾ ਕਿ ਪ੍ਰਾਇਮਰੀ ਕਾਡਰ ਤੋਂ ਮਾਸਟਰ ਕਾਡਰ ਪ੍ਰਮੋਸ਼ਨ ਲਈ ਸੀਨੀਆਰਤਾ ਸੂਚੀ ਨੂੰ ਬੈਚ ਵਾਇਜ਼, ਮੈਰਿਟ ਅੰਕਾਂ ਦੇ ਆਧਾਰ 'ਤੇ ਬਣਾਇਆ ਜਾਵੇ। ਸੀਨੀਆਰਤਾ ਸੂਚੀ 'ਚ ਅਧਿਆਪਕਾਂ ਦੀ ਭਰਤੀ ਦੀ ਕਿਸਮ, ਮੈਰਿਟ ਅੰਕ, ਆਰਡਰ ਦੀ ਮਿਤੀ ਤੇ ਜੁਆਇੰਨਗ ਦੀ ਮਿਤੀ ਦਾ ਪੂਰਾ ਵੇਰਵਾ ਹੋਵੇ। ਪ੍ਰਾਇਮਰੀ ਤੋਂ ਮਾਸਟਰ ਕਾਡਰ ਪ੍ਰਮੋਸ਼ਨ ਲਈ ਇੱਕ ਵੱਖਰਾ ਆਨਲਾਈਨ ਪੋਰਟਲ ਬਣਾ ਕੇ ਉਸ ਵਿੱਚ ਪ੍ਰਮੋਸ਼ਨ ਦੇ ਯੋਗ ਅਧਿਆਪਕਾਂ ਤੋਂ ਡਿਟੇਲ ਲਈ ਜਾਵੇ ਤਾਂ ਜੋ ਸੂਚਨਾ ਸਹੀ ਤੇ ਜਲਦ ਪ੍ਰਾਪਤ ਹੋ ਸਕੇ। ਅਧਿਆਪਕਾਂ ਵੱਲੋਂ ਭਰੀ ਸੂਚਨਾ ਦੀ ਡੀਡੀਓਜ਼ ਤੋਂ ਆਨਲਾਈਨ ਵੈਰੀਫਿਕੇਸ਼ਨ ਕਰਵਾ ਲਈ ਜਾਵੇ, ਜਿਵੇਂ ਆਨਲਾਈਨ ਬਦਲੀਆਂ ਸਮੇਂ ਵਿਭਾਗ ਕਰਦਾ ਹੈ। ਇਸ ਤਰ੍ਹਾਂ ਵਿਭਾਗ ਕੋਲ ਆਨਲਾਈਨ ਪੋਰਟਲ ਤੇ ਸਾਰੇ ਵੇਰਵੇ ਆਉਣ ਤੋਂ ਬਾਅਦ, ਯੋਗ ਅਧਿਆਪਕਾਂ ਦੀ ਵਿਸ਼ੇ ਵਾਇਸ ਸੀਨੀਆਰਤਾ ਸੂਚੀਆਂ ਆਨਲਾਈਨ ਜਾਰੀ ਕਰਕੇ ਉਸ 'ਤੇ ਆਨਲਾਈਨ ਇਤਰਾਜ਼ ਲਵੇ ਵਿਭਾਗ। ਇਸ ਦੇ ਨਾਲ ਹੀ ਜੋ ਅਧਿਆਪਕ ਪ੍ਰਮੋਸ਼ਨ ਨਹੀਂ ਲੈਣਾ ਚਾਹੁੰਦੇ ਉਨ੍ਹਾਂ ਤੋਂ ਅੰਡਰਟੇਕਿੰਗ ਲਈ ਜਾਵੇ। ਆਨਲਾਈਨ ਇਤਰਾਜ਼ /ਅੰਡਰਟੇਕਿੰਗ ਲੈਣ ਤੋਂ ਬਾਅਦ ਸੀਨੀਅਰਤਾ ਸੂਚੀ ਨੂੰ ਫਾਇਨਲ ਕਰਕੇ ਵਿਸ਼ੇ ਵਾਇਸ ਕੋਸਲਿੰਗ ਕਰਕੇ ਵਿਭਾਗ ਪ੍ਰਮੋਸ਼ਨ ਦੇ ਆਰਡਰ ਜਾਰੀ ਕਰੇ। ਇਸ ਦੇ ਨਾਲ ਹੀ ਜੋ ਅਧਿਆਪਕ ਪ੍ਰਾਇਮਰੀ ਕਾਡਰ ਵਿੱਚ ਹੀ ਰਹਿਣਾ ਚਾਹੁੰਦੇ ਹਨ, ਉਨ੍ਹਾਂ ਤੋਂ ਅੰਡਰਟੇਕਿੰਗ ਲੈ ਕੇ ਉਨ੍ਹਾਂ ਨੂੰ ਪ੍ਰਾਇਮਰੀ ਕਾਡਰ ਵਿੱਚ ਹੀ ਰਹਿਣ ਦਿੱਤਾ ਜਾਵੇ ਤੇ ਪ੍ਰਾਇਮਰੀ ਕਾਡਰ ਤੋਂ ਮਾਸਟਰ ਕਾਡਰ ਪ੍ਰਮੋਸ਼ਨ ਨਾ ਲੈਣ ਵਾਲੇ ਅਧਿਆਪਕਾਂ ਦੀ ਪ੍ਰਾਇਮਰੀ ਕਾਡਰ ਪ੍ਰਮੋਸ਼ਨ ਤੇ ਡੀ ਬਾਰ ਸਬੰਧੀ ਸਿੱਖਿਆ ਵਿਭਾਗ ਵੱਲੋਂ ਸਪੱਸ਼ਟੀਕਰਨ ਪੱਤਰ ਪਹਿਲਾਂ ਜਾਰੀ ਕੀਤਾ ਜਾਵੇ ਤਾਂ ਜੋ ਅਧਿਆਪਕ ਪ੍ਰਮੋਸ਼ਨ ਸਬੰਧੀ ਆਪਣਾ ਫੈਸਲਾ ਕਰ ਸਕਣ। ਜ਼ਰੂਰਤ ਹੈ, ਇਸ ਗੰਭੀਰ ਮਸਲੇ ਦੀ ਗੰਭੀਰਤਾ ਨੂੰ ਸਮਝਣ ਦੀ, ਕਿਉਂਕਿ ਇਸ ਨਾਲ ਹਜ਼ਾਰਾਂ ਅਧਿਆਪਕਾਂ ਦਾ ਭਵਿੱਖ ਜੁੜਿਆ ਹੋਇਆ ਹੈ, ਇਸ ਲਈ ਸਰਕਾਰ, ਸਿੱਖਿਆ ਮੰਤਰੀ, ਪੰਜਾਬ ਤੇ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਇਸ ਮਸਲੇ ਦੇ ਸਾਰਥਕ ਹੱਲ ਲਈ ਅਧਿਆਪਕਾਂ ਨੂੰ ਗੱਲਬਾਤ ਦਾ ਸੱਦਾ ਦਿੰਦਿਆਂ ਇਹ ਪ੍ਰਮੋਸ਼ਨਾਂ ਜਲਦ ਤੋਂ ਜਲਦ ਕਰਨੀਆਂ ਚਾਹੀਦੀਆਂ ਹਨ।

## ਫ਼ਰਿਸ਼ਤੇ ਸਕੀਮ ਲਾਗੂ ਕਰਨ 'ਤੇ ਭਗਵੰਤ ਮਾਨ ਦਾ ਧੰਨਵਾਦ

**ਧੂਰੀ (ਸੁਖਦੇਵ ਧੂਰੀ)**-ਆਮ ਆਦਮੀ ਪਾਰਟੀ ਵੱਲੋਂ ਆਮ ਲੋਕਾਂ ਨਾਲ ਚੋਣਾਂ ਤੋਂ ਪਹਿਲਾਂ ਕੀਤੇ ਗਏ ਵਾਅਦੇ ਮੁਤਾਬਕ ਲਗਾਤਾਰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੂਰੇ ਕੀਤੇ ਜਾ ਰਹੇ ਹਨ। ਜਿਸ ਤਰ੍ਹਾਂ ਦਿੱਲੀ ਵਿਖੇ ਚੱਲ ਰਹੀ ਫਰਿਸ਼ਤੇ ਸਕੀਮ ਦੀ ਤਰਜ਼ 'ਤੇ ਪੰਜਾਬ ਸਰਕਾਰ ਨੇ ਵੀ ਫ਼ਰਿਸ਼ਤੇ ਸਕੀਮ ਲਾਗੂ ਕਰਕੇ ਸ਼ਲਾਘਾਯੋਗ ਕੰਮ ਕੀਤਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਪੰਜਾਬ ਦੇ ਸੀਨੀਅਰ ਆਗੂ ਡਾਕਟਰ ਅਨਵਰ ਭਸੌੜ, ਅਮਰਦੀਪ ਸਿੰਘ ਧਾਂਦਰਾ, ਸਤਿੰਦਰ ਸਿੰਘ ਚੱਠਾ ਤੇ ਰਾਜਵੰਤ ਸਿੰਘ ਘੁੱਲੀ ਨੇ ਸਾਂਝੇ ਤੌਰ ਕੀਤਾ। ਆਗੂਆਂ ਨੇ ਕਿਹਾ ਕਿ ਸੜਕ ਦੁਰਘਟਨਾ ਵਿੱਚ ਗ਼ਰੀਬ ਲੋਕ ਮਹਿੰਗੇ ਇਲਾਜਾਂ ਤੋਂ ਦੁਖੀ ਅਕਸਰ ਹੀ ਸੜਕ ਹਾਦਸਿਆਂ ਵਿੱਚ ਆਪਣੇ ਪਰਵਾਰਕ ਜੀਆਂ ਨੂੰ ਗੁਆ ਦਿੰਦੇ ਸਨ, ਪਰ ਹੁਣ ਆਪ ਦੇ ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਸਦਕਾ ਪੰਜਾਬ ਵਿੱਚ ਵੀ ਲੋਕਾਂ ਨੂੰ ਆਪਣੇ ਪਰਵਾਰਕ ਜੀਆਂ ਨੂੰ ਖੋਹਣਾ ਨਹੀਂ ਪਵੇਗਾ। ਸਰਕਾਰ ਵੱਲੋਂ ਚਲਾਈ ਫਰਿਸ਼ਤੇ ਸਕੀਮ ਦੌਰਾਨ ਹਰ ਵਿਅਕਤੀ ਸੜਕ ਦੁਰਘਟਨਾ ਵਾਲੇ ਵਿਅਕਤੀ ਨੂੰ ਚੁੱਕ ਕੇ ਹਸਪਤਾਲ ਪੁਚਾਏਗਾ। ਉਸ ਨੂੰ ਸਰਕਾਰ ਵੱਲੋਂ 2000 ਇਨਾਮ ਵਜੋਂ ਰੁਪਏ ਦਿੱਤਾ ਜਾਵੇਗਾ ਤੇ ਉਸਦਾ ਨਾਂਅ ਵੀ ਗੁਪਤ ਰੱਖਿਆ ਜਾਵੇਗਾ।

page-6-21-(JAN)-2023-G-(BV).qxd 1/20/2023 9:15 PM Page 1



# ਖੇਡ ਵਿਭਾਗ ਪੰਜਾਬ ਵੱਲੋਂ ਭਰਤੀ ਕੀਤੇ ਜਾਣਗੇ 280 ਨਵੇਂ ਕੋਚ : ਮੀਤ ਹੇਅਰ



**ਤਰਨਤਾਰਨ, (ਸਾਗਰਦੀਪ ਸਿੰਘ ਅਰੋੜਾ)**—ਰਾਜ ਵਿੱਚ ਖੇਡਾਂ ਨੂੰ ਹੋਰ ਪ੍ਰਫੁੱਲਿਤ ਕਰਨ ਦੇ ਮਨੋਰਥ ਨਾਲ ਖੇਡ ਵਿਭਾਗ ਪੰਜਾਬ ਵੱਲੋਂ 280 ਨਵੇਂ ਕੋਚ ਭਰਤੀ ਕੀਤੇ ਜਾ ਰਹੇ ਹਨ। ਇਹ ਪ੍ਰਗਟਾਵਾ ਗੁਰਮੀਤ ਸਿੰਘ ਮੀਤ ਹੇਅਰ, ਖੇਡਾਂ ਤੇ ਯੁਵਕ ਸੇਵਾਵਾਂ, ਜਲ ਸਰੋਤ, ਖਣਨ ਤੇ ਭੂ-ਵਿਗਿਆਨ, ਪ੍ਰਸ਼ਾਸਕੀ ਸੁਧਾਰ ਅਤੇ ਵਾਤਾਵਰਣ ਤੇ ਸਾਇੰਸ ਤਕਨਾਲੋਜੀ ਮੰਤਰੀ ਪੰਜਾਬ ਨੇ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਤਰਨਤਾਰਨ ਵਿਖੇ ਜ਼ਿਲ੍ਹੇ ਦੀਆਂ ਮਹੱਤਵਪੂਰਨ ਗਤੀਵਿਧੀਆਂ ਤੇ ਵਿਕਾਸ ਕਾਰਜਾਂ ਦਾ ਜਾਇਜ਼ਾ ਲੈਣ ਲਈ ਸਮੂਹ ਅਧਿਕਾਰੀਆਂ ਨਾਲ ਵਿਸ਼ੇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੀਤਾ।

ਇਸ ਮੌਕੇ ਕੈਬਨਿਟ ਮੰਤਰੀ ਪੰਜਾਬ ਲਾਲਜੀਤ ਸਿੰਘ ਭੁੱਲਰ, ਹਲਕਾ ਵਿਧਾਇਕ ਤਰਨਤਾਰਨ ਡਾ. ਕਸ਼ਮੀਰ ਸਿੰਘ ਸੋਹਲ, ਹਲਕਾ ਵਿਧਾਇਕ ਖਡੂਰ ਸਾਹਿਬ ਮਨਜਿੰਦਰ ਸਿੰਘ ਲਾਲਪੁਰਾ, ਹਲਕਾ ਵਿਧਾਇਕਿ ਖੇਮਕਰਨ ਸਰਵਣ ਸਿੰਘ ਧੁੰਨ, ਹਲਕਾ ਵਿਧਾਇਕ ਬਾਬਾ ਬਕਾਲਾ ਦਲਬੀਰ ਸਿੰਘ ਟੌਂਗ, ਡਿਪਟੀ ਕਮਿਸ਼ਨਰ ਰਿਸ਼ੀਪਾਲ ਸਿੰਘ ਅਤੇ ਐੱਸ. ਐੱਸ. ਪੀ. ਗੁਰਮੀਤ ਸਿੰਘ ਚੌਹਾਨ ਤੋਂ ਇਲਾਵਾ ਸਮੂਹ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਸਨ।

ਸ੍ਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਦੱਸਿਆ ਕਿ ਸਾਲ 2022-23 ਲਈ ਪਿਛਲੇ ਸਾਲ ਦੇ ਮੁਕਾਬਲੇ ਖੇਡਾਂ ਦੇ ਬਜਟ ਵਿੱਚ 38.14 ਫੀਸਦੀ ਵਾਧਾ ਕੀਤਾ ਗਿਆ। ਉਹਨਾਂ ਦੱਸਿਆ ਕਿ 'ਖੇਡਾਂ ਵਤਨ ਪੰਜਾਬ ਦੀਆਂ-2022' ਕਰਵਾਈਆਂ ਗਈਆਂ, ਜਿਸ ਵਿੱਚ 3 ਲੱਖ ਦੇ ਕਰੀਬ ਖਿਡਾਰੀਆਂ ਨੇ ਹਿੱਸਾ ਲਿਆ ਅਤੇ 9961 ਜੇਤੂ ਖਿਡਾਰੀਆਂ ਨੂੰ 6.85 ਕਰੋੜ ਰੁਪਏ ਦੀ ਇਨਾਮ ਰਾਸੀ ਵੰਡੀ ਗਈ। ਉਹਨਾਂ ਕਿਹਾ ਬਰਮਿੰਘਮ ਵਿਖੇ ਹੋਈਆਂ ਰਾਸ਼ਟਰਮੰਡਲ ਖੇਡਾਂ-2022 ਦੇ ਤਮਗਾ ਜੇਤੂ ਪੰਜਾਬੀ ਖਿਡਾਰੀਆਂ ਨੂੰ ਕੁੱਲ 9.30 ਕਰੋੜ ਰੁਪਏ ਦੀ ਇਨਾਮੀ ਰਾਸ਼ੀ ਵੰਡੀ ਗਈ ਹੈ। ਉਨਾਂ ਕਿਹਾ ਕਿ ਓਲੰਪੀਅਨ ਬਲਬੀਰ ਸਿੰਘ ਸੀਨੀਅਰ ਦੇ ਨਾਮ ਹੇਠ ਉੱਘੇ ਖਿਡਾਰੀਆਂ ਦੀ ਹੌਂਸਲਾ ਅਫਜ਼ਾਈ ਲਈ ਸਕੀਮ ਦੀ ਸ਼ੁਰੂਆਤ ਕੀਤੀ ਗਈ ਹੈ, ਇਸ ਸਕੀਮ ਤਹਿਤ 12.50 ਕਰੋੜ ਰੁਪਏ ਦਾ ਬਜਟ ਉਪਬੰਧ ਕੀਤਾ ਗਿਆ ਹੈ, ਜਿਸ ਤਹਿਤ ਸੀਨੀਅਰ ਨੈਸ਼ਨਲ ਖੇਡਾਂ ਵਿੱਚ ਕੋਈ ਵੀ ਤਮਗਾ ਜੇਤੂ ਖਿਡਾਰੀ ਨੂੰ 8000 ਰੁਪਏ ਪ੍ਰਤੀ ਮਹੀਨਾ ਅਤੇ ਜੂਨੀਅਰ ਨੈਸ਼ਨਲ ਖੇਡਾਂ ਵਿੱਚ ਜੇਤੂ ਖਿਡਾਰੀ ਨੂੰ 6000 ਰੁਪਏ ਪ੍ਰਤੀ ਮਹੀਨਾ ਵਜ਼ੀਫਾ ਦਿੱਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਲਈ ਹਰ ਇੱਕ ਬਲਾਕ ਵਿੱਚ ਮਗਨਰੇਗਾ ਸਕੀਮ ਤਹਿਤ 10-10 ਖੇਡ ਗਰਾਊਂਡ ਬਣਾਏ ਜਾ ਰਹੇ ਹਨ। ਜ਼ਿਲ੍ਹਾ ਤਰਨਤਾਰਨ ਨੂੰ ਹਰਿਆ-ਭਰਿਆ ਬਣਾਉਣ ਲਈ 2000 ਏਕੜ ਵਿੱਚ ਮਿੰਨੀ ਜੰਗਲ ਲਗਾਏ ਜਾ ਰਹੇ ਹਨ, ਜਿਸ ਲਈ ਜ਼ਿਲ੍ਹੇ ਦੀਆਂ ਨਰਸਰੀਆਂ ਵਿੱਚ 10 ਲੱਖ ਬੂਟੇ ਤਿਆਰ ਕੀਤੇ ਜਾਣਗੇ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਵਿਕਾਸ ਜਗਵਿੰਦਰਜੀਤ ਸਿੰਘ ਗਰੇਵਾਲ, ਐੱਸ. ਡੀ. ਐੱਮ. ਰਜਨੀਸ਼ ਅਰੋੜਾ, ਐੱਸ. ਡੀ. ਐੱਮ. ਪੱਟੀ ਅਮਨਪ੍ਰੀਤ ਸਿੰਘ, ਐੱਸ. ਡੀ. ਐੱਮ. ਖਡੂਰ ਸਾਹਿਬ ਦੀਪਕ ਭਾਟੀਆ, ਸਿਵਲ ਸਰਜਨ ਡਾ. ਦਿਲਬਾਗ਼ ਸਿੰਘ ਅਤੇ ਸਹਾਇਕ ਕਮਿਸ਼ਨਰ ਜਨਰਲ ਪੁਨੀਤ ਸ਼ਰਮਾ ਤੋਂ ਇਲਾਵਾ ਸਮੂਹ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਸਨ।

# ਅਗਾਂਹਵਧੂ ਕਿਸਾਨ ਹਰਜਿੰਦਰ ਸਿੰਘ ਤੇ ਹਰਦਿਆਲ ਕਿਰਤੋਵਾਲ ਦਾ ਸਨਮਾਨ



**ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**- ਜ਼ਿਲ੍ਹਾ ਤਰਨਤਾਰਨ ਦੇ ਪਿੰਡ ਜਿਓਬਾਲਾ ਵਿਖੇ ਕਣਕ ਦੀ ਰਹਿੰਦ-ਖੂੰਹਦ ਨੂੰ ਬਗੈਰ ਅੱਗ ਲਗਾਉਣ ਹੈਪੀਸੀਡਰ ਤੇ ਜ਼ੀਰੋ ਡਰਿੱਲ ਨਾਲ ਕਣਕ ਦੀ ਸਿੱਧੀ ਬਿਜਾਈ ਨੂੰ ਲੈ ਕੇ ਇੱਕ ਪ੍ਰੋਗਰਾਮ ਫੀਲਡ ਅਸਟੇਟ ਖੇਤੀ ਦੂਤ ਵੱਲੋਂ ਕਰਵਾਇਆ ਗਿਆ। ਇਸ ਪ੍ਰੋਗਰਾਮ ਵਿਚ ਗੁਰਦਾਸਪੁਰ ਫਿਰੋਜ਼ਪੁਰ, ਅੰਮ੍ਰਿਤਸਰ ਤੇ ਤਰਨਤਾਰਨ ਚਾਰ ਜ਼ਿਲਿਆਂ ਦੇ ਕਿਸਾਨ ਸ਼ਾਮਲ ਹੋਏ। ਫੀਲਡ ਅਸਟੇਟ ਹਰਪ੍ਰੀਤ ਸਿੰਘ, ਸੁਖਚੈਨ ਸਿੰਘ ਜਿਨ੍ਹਾਂ ਕੋਲ ਪੱਟੀ ਬਲਾਕ 13 ਪਿੰਡ ਜਿਵੇਂ ਬੂਹ, ਕਿਰਤੋਵਾਲ, ਤੁੰਗ, ਸਭਰਾ, ਆਸਲ, ਸੈਦਪੁਰ, ਬੱਠੇਭੈਣੀ, ਸੰਗਵਾਂ, ਭੱਗੂਪੁਰ, ਠੱਕਰਪੁਰਾ, ਪਰਿੰਗੜੀ, ਨਬੀਪੁਰ ਜਿੰਦਾਵਾਲਾ ਅਤੇ ਆਰਜੀਆਰ ਸੈੱਲ ਦੁਆਰਾ ਗਏ ਪ੍ਰੋਜੈਕਟ ਸਬ ਡਵੀਜ਼ਨ ਪੱਟੀ ਅਧੀਨ ਪੈਂਦੇ ਪਿੰਡ ਪਰਿੰਗੜੀ ਦੇ ਸਾਬਕਾ ਸਰਪੰਚ ਵਾਤਾਵਰਣ ਪ੍ਰੇਮੀ ਤੇ ਅਗਾਂਹਵਧੂ ਕਿਸਾਨ ਹਰਜਿੰਦਰ ਸਿੰਘ ਵੱਲੋਂ ਬੀਤੇ 6-7 ਸਾਲਾਂ ਤੋਂ ਕਣਕ ਤੇ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਤੋਂ ਬਗੈਰ ਫਸਲ ਕਾਸ਼ਤ ਕੀਤੀ ਜਾਂਦੀ ਫਸਲ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾਉਣ ਦੀ ਬਜਾਏ ਮਿੱਟੀ ਵਿਚ ਮਿਲਾਇਆ ਜਾਂਦਾ। ਹਰਜਿੰਦਰ ਸਿੰਘ ਨੂੰ ਕਈ ਵਾਰ ਖੇਤੀਬਾੜੀ ਵਿਭਾਗ ਵੱਲੋਂ ਸਨਮਾਨਿਤ ਕੀਤਾ ਜਾ ਚੁੱਕਾ। ਪਿੰਡ ਪਰਿੰਗੜੀ 'ਚ ਬੀਤੇ ਸਾਲ ਦੌਰਾਨ ਕਿਸਾਨਾਂ ਵੱਲੋਂ ਬਹੁਤ ਘੱਟ ਪਰਾਲੀ ਨੂੰ ਅੱਗ ਲਗਾਈ ਗਈ। ਚਾਰ ਜ਼ਿਲਿਆਂ ਦੇ ਕਿਸਾਨਾਂ 'ਚੋਂ ਹਰਜਿੰਦਰ ਸਿੰਘ ਪਹਿਲੇ ਸਥਾਨ 'ਤੇ ਰਹੇ। ਪ੍ਰੋਗਰਾਮ ਦੌਰਾਨ ਸਰਪੰਚ ਹਰਜਿੰਦਰ ਸਿੰਘ ਤੇ ਹਰਦਿਆਲ ਸਿੰਘ ਕਿਰਤੋਵਾਲ ਨੂੰ ਸਨਮਾਨਿਤ ਕੀਤਾ ਗਿਆ।

# ਜਮਹੂਰੀ ਕਿਸਾਨ ਸਭਾ ਜ਼ਿਲ੍ਹਾ ਗੁਰਦਾਸਪੁਰ ਨੇ 6ਵਾਂ ਡੈਲੀਗੇਟ ਅਜਲਾਸ ਕਰਵਾਇਆ



**ਕਲਾਨੌਰ, (ਮਨਦੀਪ ਕੋਹਲੀ)**-ਅੱਜ ਜਮਹੂਰੀ ਕਿਸਾਨ ਸਭਾ ਜ਼ਿਲ੍ਹਾ ਗੁਰਦਾਸਪੁਰ ਦਾ ਛੇਵਾਂ ਡੈਲੀਗੇਟ ਅਜਲਾਸ ਕਲਾਨੌਰ ਦੇ ਬੀ. ਐੱਸ. ਬੁਲਾਰੀਆ ਰਿਜ਼ਾਰਟ ਵਿੱਚ ਕਰਵਾਇਆ ਗਿਆ ਜਿਸ ਵਿਚ ਜ਼ਿਲਾ ਭਰ ਤੋਂ 200 ਦੇ ਕਰੀਬ ਸਾਥੀ ਸ਼ਾਮਲ ਹੋਏ। ਇਸ ਅਜਲਾਸ ਦੀ ਸ਼ੁਰੂਆਤ ਸਾਥੀ ਰਘਬੀਰ ਸਿੰਘ ਨੇ ਝੰਡਾ ਲਹਿਰਾ ਕੇ ਕੀਤੀ। ਉਸ ਤੋਂ ਬਾਅਦ ਸ਼ਹੀਦੀ ਮੀਨਾਰ 'ਤੇ ਸ਼ਹੀਦਾਂ ਨੂੰ ਫੁੱਲਾਂ ਨਾਲ ਸ਼ਰਧਾਂਜਲੀ ਦਿੱਤੀ ਗਈ। ਉਦਘਾਟਨੀ ਭਾਸ਼ਣ ਵਿੱਚ ਸਾਥੀ ਰਘਬੀਰ ਸਿੰਘ ਪਕੀਵਾਂ ਨੇ ਦੇਸ਼ ਵਿੱਚ ਕਿਸਾਨੀ ਦੀ ਤਾਕਤ ਨੂੰ ਸਮਝਣ ਅਤੇ ਆਰਥਕ, ਸਮਾਜਕ ਹਾਲਾਤ ਸੁਧਾਰਨ ਲਈ ਢੰਗ ਤਰੀਕੇ ਦੱਸੇ ਅਤੇ ਪਿਛਲੇ 3 ਸਾਲਾਂ ਤੋਂ ਸਭਾ ਵੱਲੋਂ ਕੀਤੇ ਕੰਮਾਂ ਦੀ ਸੰਖੇਪ ਰਿਪੋਰਟ ਪੜ੍ਹੀ ਗਈ। ਇਸ ਅਜਲਾਸ ਵਿੱਚ ਜਮਹੂਰੀ ਕਿਸਾਨ ਸਭਾ ਪੰਜਾਬ ਦੇ ਪ੍ਰਧਾਨ ਸਤਨਾਮ ਸਿੰਘ ਅਜਨਾਲਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਅਤੇ ਇਸ ਅਜਲਾਸ ਨੂੰ ਸਾਥੀ ਸੁਰਜੀਤ ਸਿੰਘ ਘੁਮਾਣ, ਸਾਥੀ ਜਗਜੀਤ ਸਿੰਘ ਕਲਾਨੌਰ, ਸਰਦੂਲ ਸਿੰਘ ਬਰੀਲਾ, ਸ਼ਮਸ਼ੇਰ ਸਿੰਘ ਨਵਾਂ ਪਿੰਡ ਸਕੱਤਰ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਪੰਜਾਬ, ਜਸਮੇਲ ਸਿੰਘ ਨੀਲ ਕਲਾਂ, ਅਜੀਤ ਸਿੰਘ ਹੁੰਦਲ, ਹਰਜੀਤ ਸਿੰਘ ਕਾਹਲੋਂ, ਸਰਬਜੀਤ ਕੌਰ ਕਲਾਨੌਰ ਤੋਂ ਇਲਾਵਾ ਸਤਨਾਮ ਸਿੰਘ ਅਜਨਾਲਾ ਨੇ ਆਏ ਹੋਏ ਸਾਥੀਆਂ ਨੂੰ ਆਪਣੇ ਆਪਣੇ ਭਾਸ਼ਣ ਦੌਰਾਨ ਆਪਣੀਆਂ ਵਿਚਾਰਾਂ ਸਾਂਝੀਆਂ ਕੀਤੀਆਂ। ਵੱਖ-ਵੱਖ ਬੁਲਾਰਿਆਂ ਨੇ ਆਪਣੇ ਭਾਸ਼ਣ ਦੌਰਾਨ ਕਿਸਾਨੀ ਦਾ ਸੰਕਟ ਸਰਕਾਰਾਂ ਜੋ ਕਾਰਪੋਰੇਟਰਾਂ ਦੁਆਰਾ ਚਲਾਈਆਂ ਜਾਂਦੀਆਂ ਹਨ, ਵੱਲੋਂ ਪੈਦਾ ਕੀਤਾ ਗਿਆ ਹੈ, ਬਾਰੇ ਵਿਸਥਾਰ ਨਾਲ ਚਾਨਣਾ ਪਾਇਆ। ਉਨ੍ਹਾਂ ਅੱਗੇ ਦੱਸਿਆ ਕਿ ਲਗਾਤਾਰ ਖੇਤੀ ਖਰਚਿਆਂ ਵਿੱਚ ਵਾਧਾ ਕਰਕੇ ਅਤੇ ਫਸਲਾਂ ਦਾ ਭਾਅ ਮਿੱਥ ਕੇ ਕਿਸਾਨਾਂ ਨੂੰ ਭਾਰੀ ਮਸ਼ੀਨਰੀ ਉੱਪਰ ਮਾਮੂਲੀ ਛੋਟਾਂ ਦੇ ਕੇ ਮਸ਼ੀਨਰੀ ਉੱਪਰ ਹੀ ਨਿਰਭਰ ਕਰਕੇ ਕਾਰਪੋਰੇਟਰਾਂ ਨੂੰ ਮਾਲਾਮਾਲ ਕੀਤਾ ਜਾ ਰਿਹਾ ਹੈ ਜਿਸ ਨਾਲ ਛੋਟਾ ਕਿਸਾਨ ਮਜ਼ਦੂਰ ਵਿਚ ਬਦਲ ਗਿਆ ਹੈ ਅਤੇ ਬਾਕੀ ਕਿਸਾਨੀ ਕਰਜ਼ੇ ਵਿੱਚ ਫਸ ਗਈ ਹੈ। ਉਨ੍ਹਾਂ ਕਿਹਾ ਕਿ ਇਸ ਸੰਕਟ ਵਿਚੋਂ ਨਿਕਲਣ ਦਾ ਇਕੋ ਇਕ ਹੱਲ ਹੈ ਕਿ ਕਿਸਾਨ ਜਥੇਬੰਦੀਆਂ ਮਜ਼ਬੂਤ ਹੋ ਕੇ ਕਾਰਪੋਰੇਟ ਦੁਆਰਾ ਚਲਾਈਆਂ ਸਰਕਾਰਾਂ ਦਾ ਵਿਰੋਧ ਕਰਨ ਅਤੇ ਡਟਕੇ ਸੰਘਰਸ਼ ਕਰਨ। ਇਸ ਮੌਕੇ ਕਮੇਟੀ ਵੱਲੋਂ ਅਹੁਦੇਦਾਰਾਂ ਦੀ ਚੋਣ ਵੀ ਕੀਤੀ ਗਈ ਜਿਸ ਵਿੱਚ ਕਲਾਨੌਰ ਤੋਂ ਕਿਸਾਨ ਆਗੂ ਹਰਜੀਤ ਸਿੰਘ ਕਾਹਲੋਂ ਨੂੰ ਪ੍ਰਧਾਨ ਚੁਣ ਲਿਆ ਗਿਆ। ਇਸੇ ਤਰ੍ਹਾਂ ਸੰਤੋਖ ਸਿੰਘ ਔਲਖ ਮੀਤ ਪ੍ਰਧਾਨ, ਜਗੀਰ ਸਿੰਘ ਸਕੱਤਰ, ਅਜੀਤ ਸਿੰਘ ਠੱਕਰ ਸੰਧੂ ਸੀਨੀਅਰ ਮੀਤ ਪ੍ਰਧਾਨ, ਸਰਬਜੀਤ ਕੌਰ ਮੀਤ ਪ੍ਰਧਾਨ, ਕਪੂਰ ਸਿੰਘ ਘੁੰਮਣ ਖਜ਼ਾਨਚੀ, ਬਲਵਿੰਦਰ ਸਿੰਘ ਰਵਾਲ ਸੀਨੀਅਰ ਮੀਤ ਪ੍ਰਧਾਨ, ਅਜੀਤ ਸਿੰਘ ਹੁੰਦਲ ਮੀਤ ਪ੍ਰਧਾਨ, ਮੱਖਣ ਸਿੰਘ ਕੁਹਾੜ ਜੁਆਇੰਟ ਸਕੱਤਰ, ਜਗਜੀਤ ਸਿੰਘ ਕਲਾਨੌਰ ਮੀਤ ਪ੍ਰਧਾਨ, ਸਰਦੂਲ ਸਿੰਘ ਬਰੀਲਾ ਪ੍ਰੈੱਸ ਸਕੱਤਰ, ਸੰਤੋਖ ਸਿੰਘ ਔਲਖ ਮੀਤ ਪ੍ਰਧਾਨ, ਗੁਰਦਿਆਲ ਸਿੰਘ ਸੋਹਲ ਸਹਾਇਕ ਸਕੱਤਰ, ਖੁਸਵੰਤ ਸਿੰਘ ਮਾੜੀ ਬੁੱਚੀਆਂ ਸਹਾਇਕ ਸਕੱਤਰ, ਮੱਖਣ ਸਿੰਘ ਤਿੱਬੜ, ਸੁਰਜੀਤ ਸਿੰਘ ਘੁਮਾਣ ਸਹਾਇਕ ਸਕੱਤਰ ਤੋਂ ਇਲਾਵਾ ਬਲਬੀਰ ਸਿੰਘ, ਖਜਾਨ ਸਿੰਘ, ਅਮਰੀਕ ਸਿੰਘ, ਅਵਤਾਰ ਸਿੰਘ, ਦਲਬੀਰ ਸਿੰਘ ਜੇ ਈ, ਬਲਜੀਤ ਸਿੰਘ ਖੱਦਰ, ਬਲਰਾਜ ਸਿੰਘ ਬਿਸ਼ਨਕੋਟ, ਰਾਜਵਿੰਦਰ ਕੌਰ, ਬਲਜੀਤ ਕੌਰ, ਗੁਲਜ਼ਾਰ ਸਿੰਘ ਔਲਖ, ਜਸਪਾਲ ਸਿੰਘ ਰਵਾਲ, ਪੁਸ਼ਪਿੰਦਰ ਸਿੰਘ ਸਾਹਪੁਰ, ਅਜ਼ਾਦ ਸਿੰਘ, ਕੁਲਜੀਤ ਸਿੰਘ ਸਿੱਧਵਾਂ ਜਮੀਤਾਂ, ਸਤਜੀਤ ਸਿੰਘ ਨਵਾਂ ਵਾਲੀ, ਸਤਨਾਮ ਸਿੰਘ ਰਹੀਮਾਬਾਦ, ਗੁਰਦੀਪ ਸਿੰਘ ਭੰਗੂ ਭੰਗਵਾਂ, ਕੁਲਜੀਤ ਸਿੰਘ ਰੰਧਾਵਾ, ਬਲਕਾਰ ਸਿੰਘ, ਜੋਗਿੰਦਰ ਸਿੰਘ ਸਾਹਲੇ ਚੱਕ, ਕੁਲਵਿੰਦਰ ਸਿੰਘ ਤਿੱਬੜ ਅਤੇ ਸਰਵਣ ਸਿੰਘ ਠੱਕਰ ਸੰਧੂ ਹਾਜ਼ਰ ਸਨ।

## ਗੁਰੂ ਨਾਨਕ ਸਟੇਡੀਅਮ 'ਚ ਵਿੱਤ ਮੰਤਰੀ ਚੀਮਾ ਲਹਿਰਾਉਣਗੇ ਤਿਰੰਗਾ ਝੰਡਾ : ਏ ਡੀ ਸੀ




**ਅੰਮ੍ਰਿਤਸਰ, (ਨਰਿੰਦਰਜੀਤ ਸਿੰਘ)**- ਵਧੀਕ ਡਿਪਟੀ ਕਮਿਸ਼ਨਰ ਸੁਰਿੰਦਰ ਸਿੰਘ ਨੇ ਕਿਹਾ ਕਿ 26 ਜਨਵਰੀ ਨੂੰ ਗਣਤੰਤਰ ਦਿਵਸ ਗੁਰੂ ਨਾਨਕ ਸਟੇਡੀਅਮ ਵਿਖੇ ਪੂਰੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਉਹ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਅਗੇਤੇ ਪ੍ਰਬੰਧਾਂ ਲਈ ਅਧਿਕਾਰੀਆਂ ਨਾਲ ਕੀਤੀ ਗਈ ਮੀਟਿੰਗ ਦੌਰਾਨ ਸੰਬੋਧਨ ਕਰ ਰਹੇ ਸਨ। ਵਧੀਕ ਡਿਪਟੀ ਕਮਿਸ਼ਨਰ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ 26 ਜਨਵਰੀ ਦੇ ਮਹੱਤਵਪੂਰਨ ਦਿਹਾੜੇ ਨੂੰ ਮਨਾਉਣ ਲਈ ਸੌਂਪੀ ਗਈ ਜ਼ਿੰਮੇਵਾਰੀ ਪੂਰੀ ਜ਼ਿੰਮੇਵਾਰੀ ਅਤੇ ਤਨਦੇਹੀ ਨਾਲ ਨਿਭਾਈ ਜਾਵੇ, ਤਾਂ ਜੋ ਕਿਸੇ ਕਿਸਮ ਦੀ ਕੋਈ ਕਮੀ ਪੇਸ਼ੀ ਨਾ ਰਹਿ ਸਕੇ। ਉਨ੍ਹਾਂ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਉਣਤਾਈ ਸਹਿਣਯੋਗ ਨਹੀਂ ਹੋਵੇਗੀ। ਉਨ੍ਹਾਂ ਦੱਸਿਆ ਕਿ ਸਮਾਗਮ ਦੀ ਫੁੱਲ ਡਰੈਸ ਰਿਹਰਸਲ 24 ਜਨਵਰੀ ਨੂੰ ਹੋਵੇਗੀ। ਉਨ੍ਹਾਂ ਦੱਸਿਆ ਕਿ ਇਸ ਵਾਰ ਗਣਤੰਤਰ ਦਿਵਸ ਦੇ ਮੁੱਖ ਮਹਿਮਾਨ ਪੰਜਾਬ ਦੇ ਵਿੱਤ ਮੰਤਰੀ ਪੰਜਾਬ ਹਰਪਾਲ ਸਿੰਘ ਚੀਮਾ ਹੋਣਗੇ ਅਤੇ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਨਗੇ।

ਮੀਟਿੰਗ ਵਿੱਚ ਐੱਸਡੀਐੱਮ ਅੰਮ੍ਰਿਤਸਰ-1 ਮਨਕੰਵਲ ਸਿੰਘ ਚਾਹਲ, ਐੱਸਡੀਐੱਮ ਅੰਮ੍ਰਿਤਸਰ-2 ਹਰਪ੍ਰੀਤ ਸਿੰਘ, ਜਾਇੰਟ ਡਾਇਰੈਕਟਰ ਨਗਰ ਨਿਗਮ ਹਰਦੀਪ ਸਿੰਘ, ਰੀਜਨਲ ਟਰਾਂਸਪੋਰਟ ਸਕੱਤਰ ਅਰਸ਼ਦੀਪ ਸਿੰਘ, ਸਚਿਨ ਪਾਠਕ, ਮੈਡਮ ਗੁਰਸਿਮਰਨ ਕੌਰ, ਸਿਵਲ ਸਰਜਨ ਡਾ. ਚਰਨਜੀਤ ਸਿੰਘ, ਡੀਸੀਪੀ ਪਰਮਿੰਦਰ ਸਿੰਘ ਭੰਡਾਲ, ਜ਼ਿਲ੍ਹਾ ਸਿੱਖਿਆ ਅਫ਼ਸਰ ਰਾਜੇਸ਼ ਸ਼ਰਮਾ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਨਵਦੀਪ ਕੌਰ ਤੋਂ ਇਲਾਵਾ ਹੋਰ ਵੀ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

## ਬੀਕੇਯੂ (ਏਕਤਾ ਉਗਰਾਹਾਂ) ਵੱਲੋਂ ਪਿੰਡ ਮੂਸੇ 'ਚ ਨਵੀਂ ਇਕਾਈ ਦਾ ਗਠਨ

**ਝਬਾਲ (ਹਰਜਿੰਦਰ ਸਿੰਘ ਸੋਨੀ/ ਰੌਬਿਨ ਸਿੰਘ ਸੋਨੀ)**-ਭਾਕਿਯੂ ਏਕਤਾ ਉਗਰਾਹਾਂ ਵੱਲੋਂ ਅੱਜ ਪਿੰਡ ਮੂਸੇ ਜ਼ਿਲ੍ਹਾ ਤਰਨ ਤਾਰਨ ਦੀ ਨਵੀਂ ਕਮੇਟੀ ਬਣਾਈ ਗਈ ਜਿਸ ਵਿੱਚ ਜ਼ਿਲ੍ਹਾ ਪ੍ਰਧਾਨ ਗੁਰਬਾਜ ਸਿੰਘ ਸਿੱਧਵਾਂ, ਬਲਾਕ ਪ੍ਰਧਾਨ ਇੰਦਰਜੀਤ ਸਿੰਘ ਮਾੜੀ ਮੇਘਾ, ਪ੍ਰਧਾਨ ਜਸਵੰਤ ਸਿੰਘ ਸੋਹਲ, ਸਰਪੰਚ ਮਨਜਿੰਦਰ ਸਿੰਘ ਐਮਾ, ਪ੍ਰਧਾਨ ਦਿਲਬਾਗ ਸਿੰਘ ਐਮਾ, ਸਰਬਜੀਤ ਸਿੰਘ, ਗੁਰਮੁੱਖ ਸਿੰਘ ਐਮਾ, ਸੁਖਬੀਰ ਸਿੰਘ ਗੱਗੋਬੂਹਾ, ਬਲਜਿੰਦਰ ਸਿੰਘ ਬਾਬਾ ਕਾਲਾ ਝਬਾਲ, ਕੁਲਬੀਰ ਸਿੰਘ ਪੱਧਰੀ, ਮਨਪ੍ਰੀਤ ਸਿੰਘ ਗੰਡੀਵਿੰਡ, ਅਜੀਤ ਸਿੰਘ ਸਿੱਧਵਾਂ, ਇੰਦਰਪਾਲ ਸਿੰਘ ਝਬਾਲ, ਗੁਰਭੇਜ ਸਿੰਘ ਦੋਬਲੀਆ, ਸਤਬੀਰ ਸਿੰਘ ਸੁਰਸਿੰਘ ਉਚੇਚੇ ਤੌਰ 'ਤੇ ਪਹੁੰਚੇ। ਹਰਪ੍ਰੀਤ ਸਿੰਘ ਹੈਪੀ ਮੂਸਾ ਦੇ ਗ੍ਰਹਿ ਵਿਖੇ ਜ਼ਿਲ੍ਹਾ ਪ੍ਰਧਾਨ ਗੁਰਬਾਜ ਸਿੰਘ ਸਿੱਧਵਾਂ ਨੇ ਨਵੀਂ ਬਣੀ ਕਮੇਟੀ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ ਜਿਸ ਵਿੱਚ ਪਿੰਡ ਮੂਸੇ ਦੀ ਇਕਾਈ ਦੇ ਪ੍ਰਧਾਨ ਸੂਬੇਦਾਰ ਬਲਬੀਰ ਸਿੰਘ, ਸੀਨੀਅਰ ਮੀਤ ਪ੍ਰਧਾਨ ਚਰਨਜੀਤ ਸਿੰਘ, ਮੀਤ ਪ੍ਰਧਾਨ ਬਾਬਾ ਭੋਲਾ ਸਿੰਘ, ਜਰਨਲ ਸਕੱਤਰ ਬਲਵਿੰਦਰ ਸਿੰਘ, ਖਜਾਨਚੀ ਗੁਲਜ਼ਾਰ ਸਿੰਘ, ਸੰਗਠਨ ਸਕੱਤਰ ਨਿਰਵੈਲ ਸਿੰਘ, ਸਲਾਹਕਾਰ ਮੁਖਤਾਰ ਸਿੰਘ, ਮੈਂਬਰ ਗੁਰਮੁੱਖ ਸਿੰਘ, ਪ੍ਰਤਾਪ ਸਿੰਘ, ਮੈਂਬਰ ਗੁਰਸੇਵਕ ਸਿੰਘ ਆਦਿ ਕਿਸਾਨ ਮਜ਼ਦੂਰ ਹਾਜ਼ਰ ਸਨ।


**ਉੱਤਰ ਰੇਲਵੇ**

G20 — ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

**ਪਹਿਲਾ ਸ਼ੁਧੀ ਪੱਤਰ ਨਿਵਿਦਾ ਨੰਬਰ**
**251-ਬਿਜਲੀ/ਟੈਂਡਰ-31/2022-23**
**ਨੋਟਿਸ ਸੰਖਿਆ 22-ਬਿਜਲੀ/2022-23 ਮਿਤੀ 17.01.2023**

ਸੀਨੀਅਰ ਮੰਡਲ ਬਿਜਲੀ ਇੰਜੀਨੀਅਰ/ਸਾ., ਉੱਤਰ ਰੇਲਵੇ ਫਿਰੋਜ਼ਪੁਰ ਵਿਚ ਉਪਰੋਕਤ ਨਿਵਿਦਾ ਮੰਗ ਕੀਤੀ ਹੈ। 18.01.2023 ਪ੍ਰਮੁਖ ਸਮਾਚਾਰ ਪੱਤਰਾਂ ਵਿਚ ਪ੍ਰਕਾਸ਼ਿਤ ਨਿਵਿਦਾ 10.02.2023 ਨੂੰ ਖੋਹਲਿਆ ਜਾਣਾ ਸੀ। ਹੁਣ ਟੈਂਡਰ 24.02.2023 ਨੂੰ ਖੋਹਲਿਆ ਜਾਵੇਗਾ। ਹੋਰ ਨਿਯਮ ਅਤੇ ਸ਼ਰਤਾਂ ਅਬਦਲ ਰਹਿਣਗੇ। ਨੰ. - 251-ਬਿਜਲੀ ਟੈਂਡਰ ਨੋਟਿਸ ਨੰ./23/ਬਿਜਲੀ-2022-23 ਮਿਤੀ : 20.01.2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ    219/2023

**ਉੱਤਰ ਰੇਲਵੇ**

G20 — ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

**ਸ਼ੁਧੀ ਪੱਤਰ**

ਗੁਡਸ ਸ਼ੈਡ ਪਾਰਕਿੰਗ ਬਾੜੀ ਬ੍ਰਾਹਮਨ ਰੇਲਵੇ ਸਟੇਸ਼ਨ ਦਾ ਠੇਕਾ ਤਿੰਨ ਸਾਲ ਅਲਾਟਮੈਂਟ ਦੇ ਲਈ ਈ-ਨੀਲਾਮੀ ਸੂਚਨਾ ਸੰਖਿਆ 19-Ac/224/E-Auction/Parking/22 ਮਿਤੀ 06.01.2023 ਨੂੰ ਭੇਜਿਆ ਗਿਆ ਸੀ। ਜਿਸ ਦੀ ਈ-ਨੀਲਾਮੀ ਸੰਖਿਆ (Auction Catalog No. EA-FZR-PARKG-23-1) ਜਿਸ ਦੀ ਈ ਨੀਲਾਮੀ ਮਿਤੀ 23.01.2023 ਸਮਾਂ 11:30 ਵਜੇ ਨੂੰ ਖੋਹਲੀ ਜਾਣੀ ਸੀ। ਪਰ ਹੁਣ ਇਹ ਈ ਨੀਲਾਮੀ ਮਿਤੀ 03.02.2023 ਨੂੰ ਸਮਾਂ 11:30 ਵਜੇ ਖੋਹਲੀ ਜਾਏਗੀ।

ਸੰਖਿਆ: 19-AC/224/E-Auction/Parking/22 ਤਾਰੀਕ 19.01.2023    215/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


**(ਪਬਲਿਕ ਨੋਟਿਸ) ਦਫ਼ਤਰ ਨਗਰ ਕੌਂਸਲ, ਫ਼ਤਹਿਗੜ੍ਹ ਚੂੜੀਆਂ (ਜ਼ਿਲ੍ਹਾ ਗੁਰਦਾਸਪੁਰ)**

ਹਰ ਆਮ ਅਤੇ ਖ਼ਾਸ ਨੂੰ ਇਸ ਪਬਲਿਕ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਦਫ਼ਤਰ ਨਗਰ ਕੌਂਸਲ ਫ਼ਤਹਿਗੜ੍ਹ ਚੂੜੀਆਂ ਵਿਖੇ ਪ੍ਰੇਮ ਮਸੀਹ ਪੁੱਤਰ ਮੁਨਸ਼ੀ ਵਾਸੀ ਵਾਰਡ ਨੰ: 2 ਫ਼ਤਹਿਗੜ੍ਹ ਚੂੜੀਆਂ ਜ਼ਿਲ੍ਹਾ ਗੁਰਦਾਸਪੁਰ ਵੱਲੋਂ ਜਾਇਦਾਦ ਦੀ ਤਬਦੀਲੀ ਵਾਸਤੇ ਬਿਨੈ ਕੀਤੀ ਗਈ ਹੈ ਕਿ ਉਪਰੋਕਤ ਜਾਇਦਾਦ ਮੇਰੇ ਨਾਮ 'ਤੇ ਨਗਰ ਕੌਂਸਲ ਰਿਕਾਰਡ ਵਿਚ ਤਬਦੀਲ ਕਰ ਦਿੱਤੀ ਜਾਵੇ। ਨਗਰ ਕੌਂਸਲ ਰਿਕਾਰਡ ਵਿਚ ਇਹ ਜਾਇਦਾਦ ਪ੍ਰਾਰਥੀ ਦੇ ਪਿਤਾ ਮੁਨਸ਼ੀ ਪੁੱਤਰ ਦੀਨਾ ਦੇ ਨਾਮ 'ਤੇ ਦਰਜ ਹੈ। ਪ੍ਰਾਰਥੀ ਦੇ ਪਿਤਾ ਮੁਨਸ਼ੀ ਦੀ ਮੌਤ ਮਿਤੀ 08-04-2021 ਅਤੇ ਮਾਤਾ ਮੀਦਾਂ ਦੀ ਮੌਤ ਮਿਤੀ 23-05-2021 ਨੂੰ ਹੋ ਚੁੱਕੀ ਹੈ। ਇਸ ਜਾਇਦਾਦ ਦੇ ਕਾਨੂੰਨੀ ਵਾਰਸਾਨਾਂ ਜਿਨ੍ਹਾਂ ਵਿਚ ਪ੍ਰਾਰਥੀ ਦੀਆਂ ਦੋ ਭੈਣਾਂ ਅਤੇ ਇੱਕ ਭਰਾ ਸ਼ਾਮਿਲ ਹੈ, ਵੱਲੋਂ ਉਪਰੋਕਤ ਜਾਇਦਾਦ ਤਬਦੀਲ ਕਰਨ ਵਾਸਤੇ ਪ੍ਰਾਰਥੀ ਪ੍ਰੇਮ ਮਸੀਹ ਦੇ ਹੱਕ ਵਿਚ ਹਲਫੀਆ ਬਿਆਨ ਲਿਖ ਕੇ ਸਹਿਮਤੀ ਜਤਾਈ ਗਈ ਹੈ। ਇਸ ਤੋਂ ਇਲਾਵਾ ਵਾਰਡ ਕੌਂਸਲਰ ਪ੍ਰਵੇਜ ਮਸੀਹ ਨੇ ਵੀ ਹਲਫੀਆ ਬਿਆਨ ਦਿੱਤਾ ਹੈ ਕਿ ਉਹ ਪ੍ਰਾਰਥੀ ਪ੍ਰੇਮ ਮਸੀਹ ਨੂੰ ਜਾਤੀ/ਪੱਕੇ ਤੌਰ 'ਤੇ ਜਾਣਦਾ ਹੈ। ਅਗਰ ਕਿਸੇ ਨੂੰ ਇਸ ਜਾਇਦਾਦ ਦੀ ਤਬਦੀਲੀ 'ਤੇ ਇਤਰਾਜ ਹੋਵੇ ਤਾਂ ਉਹ ਨੋਟਿਸ ਪ੍ਰਕਾਸ਼ਿਤ ਹੋਣ 'ਤੇ 30 ਦਿਨਾਂ ਦੇ ਅੰਦਰ-ਅੰਦਰ ਦਫ਼ਤਰ ਨਗਰ ਕੌਂਸਲ ਦੀ ਟੈਕਸ ਸ਼ਾਖਾ ਵਿਚ ਹਾਜ਼ਿਰ ਹੋ ਕੇ ਲਿਖਤੀ ਰੂਪ ਵਿਚ ਸੂਚਿਤ ਕਰ ਸਕਦਾ ਹੈ। ਮਿਆਦ ਗੁਜ਼ਰਣ ਉਪਰੰਤ ਉਪਰੋਕਤ ਜਾਇਦਾਦ ਨਗਰ ਕੌਂਸਲ ਰਿਕਾਰਡ ਵਿਚ ਅਸੈਸਮੈਂਟ ਰਜਿਸਟਰ ਸਾਲ 1987-88 ਦੇ ਲੜੀ ਨੰਬਰ 322 'ਤੇ ਪ੍ਰੇਮ ਮਸੀਹ ਪੁੱਤਰ ਮੁਨਸ਼ੀ ਦੇ ਨਾਮ 'ਤੇ ਹਾਊਸ/ਪ੍ਰਾਪਰਟੀ ਟੈਕਸ ਮੰਤਵ ਲਈ ਨਗਰ ਕੌਂਸਲ ਦੇ ਕੰਮਕਾਜ ਵਾਸਤੇ ਤਬਦੀਲ ਕਰ ਦਿੱਤੀ ਜਾਵੇਗੀ ਅਤੇ ਕਿਸੇ ਵੀ ਕਲੇਮ/ਦਾਅਵੇ' ਤੇ ਗੌਰ ਨਹੀਂ ਕੀਤਾ ਜਾਵੇਗਾ। ਬਸੂਰਤ ਕਿਸੇ ਵੀ ਝਗੜੇ/ਅਦਾਲਤੀ ਕੇਸ ਆਦਿ ਵਿਚ ਜਾਇਦਾਦ ਦੀ ਤਬਦੀਲੀ ਰੱਦ ਕਰ ਦਿੱਤੀ ਜਾਵੇਗੀ।

ਸਹੀ/-
ਕਾਰਜ ਸਾਧਕ ਅਫ਼ਸਰ, ਨਗਰ ਕੌਂਸਲ, ਫ਼ਤਹਿਗੜ੍ਹ ਚੂੜੀਆਂ।

**Capital Small Finance Bank Ltd.**
MIDAS Corporate Park, 3rd Floor, 37, G.T. Road, Jalandhar-144001, Punjab, India

**ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ, 2002 ਦੇ ਸੈਕਸ਼ਨ 13 (2) ਅਧੀਨ ਨੋਟਿਸ**

ਹੇਠਾਂ ਦਰਸਾਏ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ, 2002 ਦੇ ਸੈਕਸ਼ਨ 13 (2) ਅਧੀਨ ਮਿਤੀ 11.01.2023 ਨੂੰ ਨੋਟਿਸ ਭੇਜਿਆ ਗਿਆ ਸੀ, ਜੋ ਡਾਕ ਵਿਭਾਗ ਵੱਲੋਂ ਵਾਪਸ ਕਰ ਦਿੱਤਾ ਗਿਆ ਸੀ ਅਤੇ ਅਧਿਕਾਰਤ ਅਫਸਰ ਨੂੰ ਯਕੀਨ ਹੋ ਗਿਆ ਹੈ ਕਿ ਕਰਜ਼ਦਾਰ/ਗਰੰਟਰ ਨੋਟਿਸ ਦੀ ਤਾਮੀਲ ਤੋਂ ਕੰਨੀ ਕਤਰਾ ਰਹੇ ਹਨ। ਇਸ ਲਈ ਉਨ੍ਹਾਂ ਨੂੰ ਇਸ ਜਨਤਕ ਨੋਟਿਸ ਰਾਹੀਂ ਉਹੀ ਜਾਣਕਾਰੀ ਦਿੱਤੀ ਜਾ ਰਹੀ ਹੈ।

ਕਰਜ਼ਦਾਰ : ਮੈਸ, ਸਟਾਰਟੈਕਸ ਮਲਟੀਟਰੇਡ ਐੱਲ ਐੱਲ ਪੀ, ਦੁਕਾਨ ਨੰ. 03, ਸਿਟੀ ਪੈਲਿਸ, ਦੂਜੀ ਮੰਜ਼ਲ, ਚੌੜੀ ਸੜਕ, ਡਵੀਜ਼ਨ ਨੰਬਰ 03, ਲੁਧਿਆਣਾ-141008, ਰਾਹੀਂ ਇਸ ਦੇ ਭਾਈਵਾਲਾਂ :

(ਏ) ਸ੍ਰੀ ਕਮਲ ਕਿਸ਼ੋਰ ਭਾਭੜਾ ਪੁੱਤਰ ਪ੍ਰੇਮ ਰਤਨ ਵਾਸੀ 101, ਸਾਲਾਸਰ ਨਗਰ, ਸ਼ਾਰਦਾ ਬਿਲਡਿੰਗ, ਪਰਵਤ ਪਤੀਆ, ਸੂਰਤ ਸਿਟੀ, ਬੰਬੇ ਮਾਰਕਿਟ, ਸੂਰਤ, ਗੁਜਰਾਤ-395010, ਨਾਲ ਹੀ : ਸ੍ਰੀ ਕਮਲ ਕਿਸ਼ੋਰ ਭਾਭੜਾ ਪੁੱਤਰ ਪ੍ਰੇਮ ਰਤਨ ਵਾਸੀ ਮਕਾਨ ਨੰ. 50, ਗਲੀ ਨੰ. 4, ਓਮ ਪਾਰਕ ਕਾਲੋਨੀ, ਬਾਲੋਕੀ ਰੋਡ, ਲੁਧਿਆਣਾ-141008

(ਬੀ) ਸ੍ਰੀ ਭਵਾਨੀ ਸ਼ੰਕਰ ਸੋਨੀ ਪੁੱਤਰ ਰਾਮ ਕਿਸ਼ਨ ਸੋਨੀ ਵਾਸੀ ਨੇੜੇ ਮਹੇਸ਼ ਭਵਨ, ਬਿੱਘਾ ਬਾਸ ਵਾਰਡ ਨੰ. 14, ਡੂੰਗਰਗੜ੍ਹ ਬੀਕਾਨੇਰ, ਸ੍ਰੀ ਡੂੰਗਰਗੜ੍ਹ, ਰਾਜਸਥਾਨ-331803, ਨਾਲ ਹੀ : ਸ੍ਰੀ ਭਵਾਨੀ ਸ਼ੰਕਰ ਸੋਨੀ ਪੁੱਤਰ ਰਾਮ ਕਿਸ਼ਨ ਸੋਨੀ ਵਾਸੀ ਮਕਾਨ ਨੰ. 1736, ਸੈਕਟਰ 32-ਏ, ਚੰਡੀਗੜ੍ਹ ਰੋਡ, ਲੁਧਿਆਣਾ-141001

(ਸੀ) ਸ੍ਰੀ ਰਕੇਸ਼ ਸੋਨੀ ਪੁੱਤਰ ਰਾਮ ਕਿਸ਼ਨ ਸੋਨੀ ਵਾਸੀ ਗਲੀ ਨੰ. 06, ਗੀਤਾ ਕਾਲੋਨੀ, ਤਾਜਪੁਰ ਰੋਡ, ਲੁਧਿਆਣਾ-141008

2. ਗਰੰਟਰ : ਸ੍ਰੀ ਕਮਲ ਕਿਸ਼ੋਰ ਭਾਭੜਾ ਪੁੱਤਰ ਪ੍ਰੇਮ ਰਤਨ ਵਾਸੀ-101, ਸਾਲਾਸਰ ਨਗਰ, ਸ਼ਾਰਦਾ ਬਿਲਡਿੰਗ, ਪਰਵਤ ਪਤੀਆ, ਸੂਰਤ ਸਿਟੀ, ਬੰਬੇ ਮਾਰਕਿਟ, ਸੂਰਤ, ਗੁਜਰਾਤ-395010, ਨਾਲ ਹੀ : ਸ੍ਰੀ ਕਮਲ ਕਿਸ਼ੋਰ ਭਾਭੜਾ ਪੁੱਤਰ ਪ੍ਰੇਮ ਰਤਨ ਵਾਸੀ ਮਕਾਨ ਨੰ. 50, ਗਲੀ ਨੰ. 4, ਓਮ ਪਾਰਕ ਕਾਲੋਨੀ, ਬਾਲੋਕੀ ਰੋਡ, ਲੁਧਿਆਣਾ-141008
3. ਗਰੰਟਰ : ਸ੍ਰੀ ਭਵਾਨੀ ਸ਼ੰਕਰ ਸੋਨੀ ਪੁੱਤਰ ਰਾਮ ਕਿਸ਼ਨ ਸੋਨੀ ਵਾਸੀ ਨੇੜੇ ਮਹੇਸ਼ ਭਵਨ, ਬਿੱਘਾ ਬਾਸ ਵਾਰਡ ਨੰ. 14, ਡੂੰਗਰਗੜ੍ਹ ਬੀਕਾਨੇਰ, ਸ੍ਰੀ ਡੂੰਗਰਗੜ੍ਹ, ਰਾਜਸਥਾਨ-331803, ਨਾਲ ਹੀ : ਸ੍ਰੀ ਭਵਾਨੀ ਸ਼ੰਕਰ ਸੋਨੀ ਪੁੱਤਰ ਰਾਮ ਕਿਸ਼ਨ ਸੋਨੀ, ਵਾਸੀ ਮਕਾਨ ਨੰ. 1736, ਸੈਕਟਰ 32-ਏ, ਚੰਡੀਗੜ੍ਹ ਰੋਡ, ਲੁਧਿਆਣਾ-141001
4. ਗਰੰਟਰ : ਸ੍ਰੀ ਰਕੇਸ਼ ਸੋਨੀ ਪੁੱਤਰ ਰਾਮ ਕਿਸ਼ਨ ਸੋਨੀ, ਗਲੀ ਨੰ. 06, ਗੀਤਾ ਕਾਲੋਨੀ, ਤਾਜਪੁਰ ਰੋਡ ਲੁਧਿਆਣਾ

| ਮਨਜ਼ੂਰ ਸਹੂਲਤ ਦੀ ਕਿਸਮ/ਕਰਜ਼ਾ ਨੰਬਰ | ਰਕਮ ਮਨਜ਼ੂਰ | ਡਿਮਾਂਡ ਨੋਟਿਸ ਦੀ ਮਿਤੀ ਨੂੰ ਕੁੱਲ ਬਕਾਇਆ ਰਕਮ (01.01.2023 ਤੋਂ ਬਿਨਾਂ ਵਿਆਜ) |
|---|---|---|
| ODT Limit/ 030400000136 | Rs.50,00,000/- | Rs. 53,61,806/- |

ਪ੍ਰਾਇਮਰੀ ਸਕਿਉਰਟੀ : ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ : ਬੈਨਾਮਾ ਵਸੀਕਾ ਨੰ. 11021 ਮਿਤੀ 11.09.2017 ਅਨੁਸਾਰ ਕਮਲ ਕਿਸ਼ੋਰ ਭਾਭੜਾ ਪੁੱਤਰ ਪ੍ਰੇਮ ਰਤਨ ਅਤੇ ਭਵਾਨੀ ਸ਼ੰਕਰ ਸੋਨੀ ਪੁੱਤਰ ਰਾਮ ਕਿਸ਼ਨ ਦੀ ਮਲਕੀਅਤ ਜਾਇਦਾਦ ਰਕਬਾ 611 ਵਰਗ ਗਜ਼, ਇੰਡਸਟਰੀਅਲ ਪਲਾਟ ਨੰ. 47, ਮਿਨ ਵਾਕਿਆ ਪਿੰਡ ਜਮਾਲਪੁਰ ਅਵਾਣਾ, ਹਦਬਸਤ ਨੰ. 177 ਅਬਾਦੀ ਮਹਾਂਵੀਰ ਜੈਨ ਕਾਲੋਨੀ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁੱਝ।

ਸਕਿਉਰਟਾਈਜੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 ਤਹਿਤ ਬੈਂਕ ਇਸ ਜਨਤਕ ਨੋਟਿਸ ਰਾਹੀਂ ਤੁਹਾਨੂੰ ਬੈਂਕ ਦੇ ਵਹੀ ਖਾਤਿਆਂ 'ਚ ਤੁਹਾਡੇ ਵਿਰੁੱਧ ਸਾਰੀਆਂ ਬਕਾਇਆ ਰਕਮਾਂ ਇਸ ਦੀ ਬਰਾਂਚ ਗੁਰਦੇਵ ਨਗਰ, ਲੁਧਿਆਣਾ 'ਚ, ਸਮੇਤ ਇਸ ਉਪਰ ਭਵਿੱਖੀ ਵਿਆਜ, ਸਮੇਂ-ਸਮੇਂ 'ਤੇ ਬੈਂਕ ਵੱਲੋਂ ਕੀਤੇ ਗਏ ਹੋਰ ਖਰਚਿਆਂ ਅਤੇ ਲਾਗਤਾਂ ਨਾਲ ਸਾਰੀਆਂ ਮੁਕੰਮਲ ਦੇਣਦਾਰੀਆਂ, ਇਸ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣ ਦਾ ਸੱਦਾ ਦਿੰਦਾ ਹੈ, ਅਸਫਲ ਰਹਿਣ 'ਤੇ ਤੁਹਾਡੇ ਜੋਖਮ ਅਤੇ ਲਾਗਤਾਂ 'ਤੇ ਬੈਂਕ ਐਕਟ (ਸੁਪਰਾ) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਏ ਸਾਰੇ ਜਾਂ ਕਿਸੇ ਇੱਕ ਢੰਗ ਨਾਲ ਸਕਿਉਰਡ ਕਰਜ਼ਾ ਵਸੂਲਣ ਲਈ ਕਾਰਵਾਈ ਕਰੇਗਾ: -(ਏ) ਸਕਿਉਰਡ ਐੱਸਟਸ ਦੀ ਵਸੂਲੀ ਲਈ ਵਿਕਰੀ (ਬੀ) ਸਕਿਉਰਡ ਐੱਸਟਸ ਦੇ ਪ੍ਰਬੰਧ ਨੂੰ ਆਪਣੇ ਹੱਥਾਂ ਵਿੱਚ ਲੈਣ ਸਮੇਤ ਸਕਿਉਰਡ ਐੱਸਟਸ ਦਾ ਕਬਜ਼ਾ ਲੈ ਕੇ ਤਬਦੀਲ ਕਰਨ ਦਾ ਅਧਿਕਾਰ ਸਮੇਤ ਸਕਿਉਰਡ ਐੱਸਟਸ ਦੀ ਵਸੂਲੀ ਲਈ ਵਿਕਰੀ ਰਾਹੀਂ ਤਬਦੀਲ ਕਰਨ ਦਾ ਅਧਿਕਾਰ (ਸੀ) ਸਕਿਉਰਡ ਐੱਸਟਸ ਦੇ ਪ੍ਰਬੰਧ ਲਈ ਕਿਸੇ ਵਿਅਕਤੀ ਦੀ ਨਿਯੁਕਤੀ (ਡੀ) ਕਿਸੇ ਸਮੇਂ ਵੀ ਲਿਖਤੀ ਨੋਟਿਸ ਰਾਹੀਂ, ਕਿਸੇ ਵਿਅਕਤੀ ਜਿਸ ਨੇ ਤੁਹਾਡੇ ਕੋਲੋਂ ਕੋਈ ਵੀ ਸਕਿਉਰਡ ਐੱਸਟਸ ਪ੍ਰਾਪਤ ਕੀਤਾ ਹੋਵੇ, ਬੈਂਕ ਨੂੰ ਅਦਾਇਗੀ ਲਈ ਸੱਦਣਾ।

ਅੱਗੇ ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਜੇਕਰ ਕਰਜ਼ਦਾਰ/ਗਰੰਟਰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਸਾਰੀਆਂ ਮੁਕੰਮਲ ਦੇਣਦਾਰੀਆਂ ਅਦਾ ਕਰਨ 'ਚ ਅਸਫਲ ਰਹਿੰਦੇ ਹਨ ਅਤੇ ਬੈਂਕ (ਸੁਪਰਾ) ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ 4 ਅਧੀਨ ਕੋਈ ਕਾਰਵਾਈ ਕਰਦਾ ਹੈ ਤਾਂ ਕਰਜ਼ਦਾਰ/ਗਰੰਟਰਾਂ ਨੂੰ ਬੈਂਕ ਵੱਲੋਂ ਸਹਿਣ ਕੀਤੀਆਂ ਜਾਣ ਵਾਲੀਆਂ ਸਾਰੀਆਂ ਲਾਗਤਾਂ, ਚਾਰਜਿਜ਼, ਖਰਚੇ ਅਦਾ ਕਰਨੇ ਪੈਣਗੇ। ਜੇਕਰ ਸਕਿਉਰਡ ਐੱਸਟਸ ਦੀ ਵਿਕਰੀ ਦੀ ਕਾਰਵਾਈ ਨਾਲ ਬੈਂਕ ਦੇ ਸਾਰੇ ਬਕਾਏ ਮੁਕੰਮਲ ਤੌਰ 'ਤੇ ਵਸੂਲ ਨਹੀਂ ਹੁੰਦੇ ਤਾਂ ਬੈਂਕ ਬਕਾਇਆ ਰਕਮ ਤੁਹਾਡੇ ਅਤੇ ਗਰੰਟਰਾਂ ਅਤੇ ਹੋਰ ਜ਼ਿੰਮੇਵਾਰ ਵਿਅਕਤੀਆਂ ਕੋਲੋਂ ਨਿੱਜੀ ਤੌਰ 'ਤੇ ਵਸੂਲੀ ਕਰਨ ਲਈ ਕਾਰਵਾਈ ਕਰੇਗਾ। ਇਹ ਨੋਟਿਸ ਬੈਂਕ ਨੂੰ ਪ੍ਰਾਪਤ ਅਧਿਕਾਰਾਂ, ਉਪਲਬਧ ਹੱਲ ਅਤੇ ਕਾਨੂੰਨੀ ਰੀਕੋਰਸ ਅਨੁਸਾਰ ਬਿਨਾਂ ਕਿਸੇ ਪੱਖਪਾਤ ਦੇ ਹੈ।

ਮਿਤੀ : 21.01.2023    ਸਥਾਨ : ਜਲੰਧਰ    (ਅਧਿਕਾਰਤ ਅਫਸਰ)

**Court Notice**

In the Court of Sh. Tarunpreet Singh Judicial Magistrate-Ist Class, Ludhiana.
CNR No. PBLD03-040161-2019
Next Date : 4.3.2023
COMA No. 29258/2019
Ravinder Verma
Versus
Madan Mishra

Publication issued to : Madan Mishra S/o Shri Surinder Mishra R/o H.No. 192, St. No. 4, Ward No. 7, Puneet Nagar, Ludhiana.

In above titled case, the accused could not be served. It is ordered that accused should appear in person or through counsel on 4.3.2023 at 10.00 a.m.

For details logon to https://highcourtchd.gov.in/?trs=district notice&district=Ludhiana

Judicial Magistrate-Ist Class, Ludhiana.
Dated, this day of 12.1.2023

**Court Notice**

In the Court of Ms. Ekta Sahota Addl. Civil Judge (Senior Division), Payal.
CNR No. PBLDD0-000149-2022
Next Date : 15.2.2023
Sukhpal Singh
Versus
Amar Kaur

Publication issued to : Amar Kaur D/o Dalip Singh R/o Vill. Chankoian Kalan Tehsil Payal Distt. Ludhiana.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 15.2.2023 at 10.00 a.m.

For details logon to https://highcourtchd.gov.in/?trs=district notice&district=Ludhiana

Addl. Civil Judge (Senior Division), Payal.
Dated, this day of 19.1.2023

**Court Notice**

In the Court of Ms. Ekta Sahota Addl. Civil Judge (Senior Division), Payal.
CNR No. PBLDD0-000493-2022
Next Date : 21.2.2023
Jaskaran Singh
Versus
General Public

Publication issued to : General Public, Payal

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 21.2.2023 at 10.00 a.m.

For details logon to https://highcourtchd.gov.in/?trs=district notice&district=Ludhiana

Addl. Civil Judge (Senior Division), Payal.
Dated, this day of 19.1.2023

**Court Notice**

In the Court of Ms. Lukhvinder Kaur Duggal Principal Judge, Family Court Rajpura.
CNR No. PBPTF2-000316-2021
Next Date : 3.3.2023
Gurmail Kaur
Versus
Bakhshish Singh
Civil Suit

Publication issued to : Bakhshish Singh S/o Surjan Singh Vill. Chandu Majra Tehsil Rajpura.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 3.3.2023 at 10.00 a.m.

For details logon to https://highcourtchd.gov.in/?trs=district notice&district=Patiala

Principal Judge, Family Court Rajpura.
Dated, this day of 20.1.2023

# ਕਲਾਸੀਫਾਈਡ ਇਸ਼ਤਿਹਾਰ

## Lost & Found

I,Danial Masih S/O Mukhtar Masih R/O Ward No.8,Bhakha Tara Singh Kurangahr,Ajnala Tehsil Ajnala Distt.Amritsar inform that missing registry missing date 17.01.2023.Sale deed belonging to Renu Sareen W/O Pawan Sareen pertaining to plot bearing Khasra No.118 (1-10),21//14(8-0),71(13-5),situated at Ajnala Amritsar Road Vakia Rakba Bhakha Tara Singh Tehsil Ajnala Area-6 Sarsaahi executed by Sukhwant Singh S/O Jagir Singh vide sale deed No.4143,Jahid Bahi No.1,Jild No.4954 Page No.11,,dated 6.12.2011.Its DDR is submitted at PSOC Ajnala, Amritsar Rural. Its No.is LRN-308449/2023.If anybody found it please contact us 99141-18257 (KK)

## Debar Notice

I, Surinder Singh S/o Swaran Singh R/o Vill. Wahid, Tehsil Phagwara, Distt. Kapurthala, have disinherited my sons Amrik Singh, his wife Rakesh Kumari @ Mahi and Sarbjeet Singh, his wife Anita Kumari and their children from my moveable and immoveable properties due to out of control. I & my family have not responsible for their any dealings & acts. We have no any concern with all of them. Concerned noted. (Dhadda)

## ਚੋਣ ਸੂਚਨਾ

ਦੀ ਅਜਨਾਲਾ ਫਰੈਂਡਜ਼ ਸਹਿਕਾਰੀ ਮਕਾਨ ਉਸਾਰੀ ਸਭਾ ਲਿਮ: ਅਜਨਾਲਾ ਦੇ ਸਮੂਹ ਮੈਂਬਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਭਾ ਦੀ ਪ੍ਰਬੰਧਕ ਕਮੇਟੀ ਦੀ ਚੋਣ ਮਿਤੀ 30.1.2023 ਅਤੇ 31.1.2023 ਨੂੰ ਸਵੇਰੇ 8.00 ਵਜੇ ਚੋਣ ਸਥਾਨ ਦਫਤਰ ਹਾਊਸਫੈੱਡ ਚੌਗਾਵਾਂ ਰੋਡ, ਬਾਈਪਾਸ ਨੇੜੇ ਸਹਿਕਾਰੀ ਖੇਤੀਬਾੜੀ ਸਭਾ ਅਜਨਾਲਾ ਵਿਖੇ ਹੋਵੇਗੀ। ਆਪ ਨੂੰ ਬੇਨਤੀ ਹੈ ਕਿ ਇਸ ਵਿੱਚ ਭਾਗ ਲੈਣ ਦੀ ਕ੍ਰਿਪਾਲਤਾ ਕਰਨੀ। (ਫੀਲਡ ਵਰਕਰ)

## ਆਮ ਸੂਚਨਾ

ਮੈ ਸੁਖਦੇਵ ਸਿੰਘ ਪੁੱਤਰ ਜਿਉਣ ਸਿੰਘ ਵਾਸੀ ਪ੍ਰੀਤ ਨਗਰ ਵਾਰਡ ਨੰਬਰ 03 ਮਾਨਸਾ ਤਹਿਸੀਲ ਮਾਨਸਾ ਜਿਲਾ ਮਾਨਸਾ, ਬਿਆਨ ਕਰਦਾ ਹਾਂ ਕਿ ਮੈ ਆਪਣੇ ਲੜਕੇ ਅੰਮ੍ਰਿਤਪਾਲ ਸਿੰਘ ਨੂੰ ਬੁਰੀ ਸੰਗਤ ਦਾ ਸਿਕਾਰ ਹੋਣ ਕਰਕੇ ਬੇਦਖਲ ਕਰ ਦਿੱਤਾ ਸੀ, ਜਦਕਿ ਹੁਣ ਮੇਰਾ ਲੜਕਾ ਅੰਮ੍ਰਿਤਪਾਲ ਸਿੰਘ ਮੇਰੇ ਕਹਿਣੇ ਵਿੱਚ ਹੈ ਅਤੇ ਪਰਿਵਾਰ ਦੀ ਦੇਖਭਾਲ ਕਰਦਾ ਹੈ। ਮੈ ਆਪਣੇ ਲੜਕੇ ਨੂੰ ਕੀਤੇ ਬੇਦਖਲ ਤੋਂ ਵਾਪਸ ਲੈਂਦਾ ਹਾਂ ਅੱਜ ਤੋ ਬਾਅਦ ਇਹ ਪਹਿਲਾ ਦੀ ਤਰ੍ਹਾਂ ਸਾਡੀ ਹਰ ਜਮੀਨ ਜਾਇਦਾਦ ਆਦਿ ਹਰ ਕਿਸਮ ਦਾ ਮਾਲਕ ਵਾ ਕਾਬਜ ਹੋਵੇਗਾ। ਸਬੰਧਤ ਨੋਟ ਕਰਨ। (Parmdeep)

ਇਕ ਟਿਊਬਵੈਲ ਕੁਨੈਕਸ਼ਨ ਖਾਤਾ ਨੰਬਰ AP32/1482 ਅਸੀ ਜਸਬੀਰ ਸ਼ਿੰਘ , ਕਸ਼ਮੀਰ ਸਿੰਘ ਪੁੱਤਰ ਸ਼੍ਰੀ ਲੇਟ ਅਵਤਾਰ ਸ਼ਿੰਘ ਵਾਸ਼ੀ ਪਿੰਡ ਬੇਗੇਵਾਲ ਤਹੀਸਿਲ ਮਜੀਠਾ ਜਿਲਾਂ ਅੰਮ੍ਰਿਤਸਰ ਇਹ ਬਿਆਨ ਕਰਦਾ ਹਾਂ ਕਿ ਉਪਰੋਕਤ ਟਿਊਬਵੈਲ ਕੁਨੈਕਸ਼ਨ ਮੇਰੇ ਪਿਤਾ ਸ਼੍ਰੀ ਲੇਟ ਅਵਤਾਰ ਸ਼ਿੰਘ ਦੇ ਨਾਮ ਤੇ ਹੈ। ਇਸ ਨੂੰ ਮੈ ਆਪਣੇ ਭਰਾ ਕੁਲਵੰਤ ਸਿੰਖ ਪੱਤਰ ਲੇਟ ਸ਼੍ਰੀ ਅਵਤਾਰ ਸ਼ਿੰਘ ਉਪਰੋਕਤ ਟਿਊਬਵੈਲ ਕੁਨੈਕਸ਼ਨ ਤੇ ਟਰਾਸਫਰ ਕਰਾਉਣਾ ਚਾਹੁੰਦੇ ਹਾਂ। ਜੇ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ 15 ਦਿਨ ਦੇ ਅੰਦਰ-ਅੰਦਰ ਉੱਪ ਮੰਡਲ ਅਫਸਰ ਮਜੀਠਾ ਪਹੁੰਚ ਕਰ ਸਕਦਾ ਹੈ। (ਸੌਰਭ)

ਮੈਂ, ਬਖਸ਼ੀਸ਼ ਸਿੰਘ ਪੁੱਤਰ ਕਸ਼ਮੀਰ ਸਿੰਘ ਵਾਸੀ ਪਿੰਡ ਬੂਹ, ਤਹਿ: ਪੱਟੀ, ਜ਼ਿਲ੍ਹਾ ਤਰਨ ਤਾਰਨ ਸੂਚਿਤ ਕਰਦਾ ਹਾਂ ਕਿ ਮੇਰੇ ਆਧਾਰ ਕਾਰਡ ਅਤੇ ਦਸਵੀਂ ਦੇ ਸਰਟੀਫਿਕੇਟ ਉੱਪਰ ਮੇਰਾ ਸਹੀ ਨਾਂਮ ਅੰਗਰੇਜ਼ੀ ਵਿੱਚ (Bakhshis Singh) ਲਿਖਿਆ ਹੋਇਆ ਹੈ। ਪਰ ਮੇਰੇ ਪੈਨ ਕਾਰਡ ਨੰਬਰ (NNOPS3301E) ਉੱਪਰ ਮੇਰਾ ਨਾਂਮ ਅੰਗਰੇਜ਼ੀ ਵਿੱਚ ਗਲਤੀ ਨਾਲ (Bakhshish Singh) ਲਿਖਿਆ ਹੋਇਆ ਹੈ। ਸੰਬੰਧਤ ਨੋਟ ਕਰਨ।

ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ ਏ ਪੀ 34/1159 ਗੁਰਮੇਜ ਕੌਰ ਪਤਨੀ ਮੰਗਤ ਸਿੰਘ ਵਾਸੀ ਗੇਂਸੂਵਾਲ ਤੋਂ ਨਾਂਮ ਬਦਲੀ ਕਰਕੇ ਗੁਰਬਚਨ ਸਿੰਘ ਪੁੱਤਰ ਜਗੀਰ ਸਿੰਘ ਵਾਸੀ ਮਹਿਤਪੁਰ (ਰਕਬਾ ਝੁੱਗੀਆਂ ਜਲੰਧਰ) ਦੇ ਨਾਂਅ ਪਰ ਕਰਨਾ ਹੈ। ਕੋਈ ਵੀ ਇਤਰਾਜ਼ ਪੰਦਰਾਂ ਦਿਨਾਂ ਅੰਦਰ ਸਹਾਇਕ ਕਾਰਜਕਾਰੀ ਇੰਜੀਨੀਅਰ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ: ਮਹਿਤਪੁਰ ਪਾਸ ਦਰਜ ਕਰਵਾ ਸਕਦਾ ਹੈ। (ਮਹਿਤਪੁਰੀ)

ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ ਏ ਪੀ 44/526 ਮਨਜੀਤ ਸਿੰਘ ਪੁੱਤਰ ਗੁਰਚਰਨ ਸਿੰਘ ਵਾਸੀ ਸੰਗੋਵਾਲ ਤੋਂ ਨਾਂਅ ਬਦਲੀ ਕਰਕੇ ਬਿਕਰਮਜੀਤ ਸਿੰਘ ਪੁੱਤਰ ਮਲਕੀਤ ਸਿੰਘ ਵਾਸੀ ਮੇਦਾ (ਜਲੰਧਰ) ਦੇ ਨਾਂਅ ਪਰ ਕਰਨਾ ਹੈ। ਕੋਈ ਵੀ ਇਤਰਾਜ਼ ਪੰਦਰਾਂ ਦਿਨਾਂ ਅੰਦਰ ਸਹਾਇਕ ਕਾਰਜਕਾਰੀ ਇੰਜੀਨੀਅਰ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ: ਮਹਿਤਪੁਰ ਪਾਸ ਦਰਜ ਕਰਵਾ ਸਕਦਾ ਹੈ। (ਮਹਿਤਪੁਰੀ)

ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ ਏ ਪੀ 9/1713 ਕਿਰਪਾਲ ਸਿੰਘ ਪੁੱਤਰ ਹਰੀ ਸਿੰਘ ਵਾਸੀ ਪਰਜੀਆਂ ਕਲਾਂ ਤੋਂ ਨਾਂਅ ਬਦਲੀ ਕਰਕੇ ਮਨਜੀਤ ਸਿੰਘ ਪੁੱਤਰ ਗੁਰਮੇਲ ਸਿੰਘ ਵਾਸੀ ਬਾਘੀਆਂ ਰਕਬਾ ਪਰਜੀਆਂ ਕਲਾਂ (ਜਲੰਧਰ) ਦੇ ਨਾਂਅ ਪਰ ਕਰਨਾ ਹੈ। ਕੋਈ ਵੀ ਇਤਰਾਜ਼ ਪੰਦਰਾਂ ਦਿਨਾਂ ਅੰਦਰ ਵਧੀਕ ਇੰਜੀਨੀਅਰ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ: ਪਰਜੀਆਂ ਕਲਾਂ ਪਾਸ ਦਰਜ ਕਰਵਾ ਸਕਦਾ ਹੈ। (ਮਹਿਤਪੁਰੀ)

ਮਹਿੰਦਰ ਸਿੰਘ ਪੁੱਤਰ ਬੰਤਾ ਸਿੰਘ ਵਾਸੀ ਪਿੰਡ ਮਹਿਤਾ ਦੇ ਨਾਂਅ ਚੱਲਦਾ ਟਿਊਬਵੈੱਲ ਕੁਨੈਕਸ਼ਨ ਨੰਬਰ ਏ ਪੀ 25/1050 ਨੂੰ ਸੰਤੋਖ ਸਿੰਘ ਪੁੱਤਰ ਮਹਿੰਦਰ ਸਿੰਘ ਪਿੰਡ ਮਹਿਤਾ ਦੇ ਨਾਂਅ ਬਦਲਣਾ ਹੈ। ਇਤਰਾਜ਼ਕਰਤਾ 7 ਦਿਨਾਂ ਦੇ ਅੰਦਰ-ਅੰਦਰ ਪਾਵਰਕਾਮ ਦਫਤਰ ਮਹਿਤਾ ਚੌਕ ਨੂੰ ਸੂਚਿਤ ਕਰੇ।

ਮੈਂ ਭੁਪਿੰਦਰ ਕੌਰ ਅਠਵਾਲ ਪਤਨੀ ਲੇਟ. ਸਤਵੰਤ ਸਿੰਘ ਅਠਵਾਲ ਵਾਸੀ ਬਗੋਤਾ ਡਾਕਖਾਨਾ ਅਠੌਲਾ (ਜਲੰਧਰ) ਬਿਆਨ ਕਰਦੀ ਹਾਂ ਕਿ ਖੁਸ਼ਪ੍ਰੀਤ ਕੌਰ ਉਮਰ 10 ਸਾਲ ਤੇ ਕੀਰਤ ਕੌਰ ਉਮਰ 8 ਸਾਲ ਦੋਵੇਂ ਮੇਰੀਆਂ ਧੀਆਂ ਹਨ। ਸੰਬਧਤ ਨੋਟ ਕਰਨ।

ਇੱਕ ਮੋਟਰ ਕੁਨੈਕਸ਼ਨ ਜਿਸਦਾ ਖਾਤਾ ਨੰਬਰ ਏ ਪੀ 11/900-ਪੀ, 5 ਬੀ ਐੱਚ ਪੀ ਮੈਂ ਜਗੀਰ ਸਿੰਘ ਪੁੱਤਰ ਸੰਗਾਰਾ ਸਿੰਘ, ਵਾਸੀ ਪਿੰਡ ਚੋਪੜਾ, ਤਹਿਸੀਲ, ਜ਼ਿਲ੍ਹਾ ਗੁਰਦਾਸਪੁਰ ਜੋ ਮੇਰੇ ਨਾਂਅ 'ਤੇ ਚੱਲ ਰਿਹਾ ਹੈ। ਹੁਣ ਇਸਨੂੰ ਮੈਂ ਆਪਣੇ ਲੜਕੇ ਮਨਜੀਤ ਸਿੰਘ ਪੁੱਤਰ ਜਗੀਰ ਸਿੰਘ ਵਾਸੀ ਪਿੰਡ ਚੋਪੜਾ ਦੇ ਨਾਂਅ ਬਦਲੀ ਕਰਨਾ ਹੈ। ਜੇਕਰ ਕਿਸੇ ਨੂੰ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ-ਅੰਦਰ ਪੀ ਐੱਸ ਪੀ ਸੀ ਐੱਲ ਸਬ-ਡਵੀਜ਼ਨ ਤਿੱਬੜ ਵਿਖੇ ਆਪਣਾ ਇਤਰਾਜ਼ ਪੇਸ਼ ਕਰ ਸਕਦਾ ਹੈ।

## ਬੇਦਖਲੀ ਨੋਟਿਸ

ਮੈਂ, ਨਿਰਮਲ ਕੌਰ ਪਤਨੀ ਸੋਮ ਲਾਲ ਵਾਸੀ ਪਿੰਡ ਮੋਗਾ, ਡਾਕ: ਭੋਗਪੁਰ, ਤਹਿ: ਵਾ ਜ਼ਿਲ੍ਹਾ ਜਲੰਧਰ, ਪੰਜਾਬ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਸਤਨਾਮ ਸਿੰਘ (ਸ਼ਾਦੀਸ਼ੁਦਾ) ਵਾ ਇਸ ਦੀ ਪਤਨੀ ਸੰਦੀਪ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਹਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਹਨਾਂ ਨਾਲ ਕਿਸੇ ਵੀ ਤਰ੍ਹਾਂ ਦਾ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ, ਕਿਉਂਕਿ ਮੇਰਾ ਇਨ੍ਹਾ ਨਾਲ ਕੋਈ ਸੰਬੰਧ-ਵਾਸਤਾ ਨਹੀਂ ਰਿਹਾ ਹੈ। ਸੰਬੰਧਤ ਨੋਟ ਕਰਨ। (ਕ੍ਰਿਸ਼ਨਾ)

ਅਸੀ ਦਰਸ਼ਨ ਸਿੰਘ ਪੁੱਤਰ ਨਿਹਾਲ ਸਿੰਘ ਅਤੇ ਕੁਲਦੀਪ ਕੌਰ ਪਤਨੀ ਦਰਸ਼ਨ ਸਿੰਘ ਵਾਸੀ ਗਲੀ ਨੰ.3, ਨੇੜੇ ਏ.ਐਨ.ਪਬਲਿਕ ਸਕੂਲ,ਮਿਲਾਪ ਐਵੀਨਿਊ ਕਾਲੇ ਰੋਡ,ਤਹਿ ਅਤੇ ਜਿਲ੍ਹਾ ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਰਾਜਕਰਨ ਸਿੰਘ ਜੋ ਕਿ ਸਾਡੇ ਕਹਿਣੇ ਤੋ ਬਾਹਰ ਹਨ ਅਤੇ ਬਹੁਤ ਤੰਗ ਪਰੇਸ਼ਾਨ ਕਰਦਾ ਹੈ। ਅਸੀ ਉਸਨੂੰ ਆਪਣੀ ਸਾਰੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਸ ਦੇ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਅਸੀ ਤੇ ਸਾਡਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਵੇਗਾ। ਸਾਡਾ ਤੇ ਸਾਡੇ ਪਰਿਵਾਰ ਦਾ ਉਸ ਨਾਲ ਕੋਈ ਤਲਕਵਾਸਤਾ ਨਹੀਂ ਰਿਹਾ ਹੈ।

ਮੈਂ, ਤਜਿੰਦਰ ਕੌਰ ਪਤਨੀ ਸ: ਮਲਕੀਤ ਸਿੰਘ ਵਾਸੀ ਪਿੰਡ ਸਲੇਮਪੁਰ ਮਸੰਦਾਂ, ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸੁਖਵਿੰਦਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਸਾਡੀ ਮਰਜ਼ੀ ਤੋਂ ਬਿਨਾਂ ਸ਼ਾਦੀ ਕਰ ਲਈ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੈਂ ਉਸ ਨੂੰ ਆਪਣੇ ਅਤੇ ਆਪਣੇ ਪਰਵਾਰ ਤੋਂ ਅਲੱਗ ਕਰਦੀ ਹਾਂ।

ਮੈਂ, ਅਮਰਜੀਤ ਸਿੰਘ ਪੁੱਤਰ ਪ੍ਰੀਤਮ ਸਿੰਘ ਵਾਸੀ, ਮਕਾਨ ਨੰ. 422, ਅਬਾਦੀ ਨਿਊ ਅਜ਼ਾਦ ਨਗਰ, ਵਾਰਡ ਨੰ. 17, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੈਂ ਆਪਣੀ ਬੇਟੀ ਰਮਨਦੀਪ ਕੌਰ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫ਼ੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਰਾਜਿੰਦਰ ਕੌਰ ਪੁੱਤਰੀ ਕੁਲਵੰਤ ਸਿੰਘ ਵਾਸੀ ਮਕਾਨ ਨੰ. 584, ਗਲੀ ਨੰਬਰ 9, ਅਜੰਤਾ ਮਾਡਲ ਸਕੂਲ, ਕ੍ਰਿਸ਼ਨਾ ਨਗਰ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਮੇਰਾ ਲੜਕਾ ਮਨਪ੍ਰੀਤ ਸਿੰਘ ਪੁੱਤਰ ਜਗਜੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫ਼ੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਸੁਸ਼ਮਾ ਸੇਕੜੀ ਪਤਨੀ ਲੇਟ ਵਿਨੋਦ ਸੇਕੜੀ ਵਾਸੀ ਮਕਾਨ ਨੰ. 85-ਸੀ, ਰਵਿੰਦਰ ਨਗਰ, ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਵਿਕਾਸ ਸੇਕੜੀ ਅਤੇ ਉਸਦੀ ਪਤਨੀ ਪੂਜਾ ਸੇਕੜੀ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ ਉਹ ਆਪਣੇ ਨਫ਼ੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਅਸੀਂ, ਬਲਦੇਵ ਸਿੰਘ ਪੁੱਤਰ ਧੰਨਾ ਸਿੰਘ ਅਤੇ ਪਰਮਜੀਤ ਕੌਰ ਪਤਨੀ ਬਲਦੇਵ ਸਿੰਘ ਵਾਸੀਆਨ ਪਿੰਡ ਨਾਗਰਾ, ਨੇੜੇ ਗੁਰੂ ਨਾਨਕ ਨਗਰ, ਸ਼ਿਵ ਨਗਰ ਰੋਡ, ਨੇੜੇ ਗੁਰਦੁਆਰਾ ਬਾਬਾ ਜਵਾਨਾ ਸਾਹਿਬ, ਜ਼ਿਲ੍ਹਾ ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਦਲਜੀਤ ਸਿੰਘ ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਸਾਡਾ ਅਤੇ ਸਾਡੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ ਉਹ ਆਪਣੇ ਨਫ਼ੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਅਸੀਂ ਸੁਦਰਸ਼ਨ ਸਾਹਨੀ ਪੁੱਤਰ ਲੇਟ ਸ੍ਰੀ ਸਹਦੇਵ ਅਤੇ ਅਜੌਰਾ ਦੇਵੀ ਪਤਨੀ ਸ੍ਰੀ ਸੁਦਰਸ਼ਨ ਸਾਹਨੀ ਵਾਸੀਆਨ ਕੁਆਟਰ ਨੰ. 50, ਊਸ਼ਾ ਮਾਰਟਿਨ, ਚੌਹਾਲ ਤਹਿਸੀਲ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਵਿਜੇ ਕੁਮਾਰ ਸਾਹਨੀ ਅਤੇ ਉਸਦੀ ਪਤਨੀ ਰੇਨੂੰ ਸਾਹਨੀ ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹੈ। ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ ਸੁਖਦੇਵ ਸਿੰਘ ਪੁੱਤਰ ਬਹਾਦਰ ਸਿੰਘ, ਪਿੰਡ ਮਹਿਤਾ (ਅੰਮ੍ਰਿਤਸਰ) ਆਪਣੇ ਲੜਕੇ ਅੰਮ੍ਰਿਤਪਾਲ ਸਿੰਘ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਣ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

## Change of Name

I, Sarvjeet Kaur W/o Arjun Singh R/o Army Enclave, Phase-1, Dhina, Distt.Jalandhar-144005, Punjab have changed the spelling of my name from Sarvjeet Kaur to Sarbjit Kaur. All Please Note.

I, Rajni W/o Satender Singh R/o H.No. 26-A, New Deol Nagar, Jalandhar, Punjab Have Changed My Name From Rajni To Rajni Arora. All Please Note.

I, Aashima D/o Narinder Gupta R/o W.R- 75, Basti Sheikh, Bada Bazar, Jalandhar, Punjab have changed my name from Aashima to Aashima Jain. All concerned please note.

I, Ritu Jain W/o Narinder Gupta R/o W.R-75, Basti Sheikh, Bada Bazar, Jalandhar, Punjab have changed my minor son's name from Ujjwal to Ujjwal Jain. All concerned please note.

I, Deepak S/o Vijay Kumar R/o House No.125, Street No.05, Mohalla Bhagatpura, Phagwara, District Kapurthala, Punjab-144401, India. I have changed my name from Deepak to Deepak Kumar. all concerned note.

## ਨਾਂਅ ਦੀ ਬਦਲੀ

ਮੈਂ ਸੁਖਮਨਪ੍ਰੀਤ ਕੌਰ ਪੁੱਤਰੀ ਮਨਜੀਤ ਸਿੰਘ ਖੁਰਮੀ, ਵਾਸੀ ਪ੍ਰੀਤ ਵਿਹਾਰ ਧੂਰੀ (ਸੰਗਰੂਰ) ਨੇ ਆਪਣਾ ਨਾਮ ਬਦਲ ਕੇ ਸੁਖਮਨਪ੍ਰੀਤ ਕੌਰ ਖੁਰਮੀ ਰੱਖ ਲਿਆ ਹੈ। ਸਬੰਧਤ ਨੋਟ ਕਰਨ।

## Change of Name

I Kulwinder Singh S/o. Ved Parkash Singh, Village Chananke, Tehsil Baba Bakala Sahib (Amritsar) declare that My Wife have change her name from Amandeep Kaur to Amandip Kaur. (ਅਠੌਲਾ)

I Tinderpal Singh S/O Bhupinder Singh R/O Tarn Taran Road Mata Ganga Ji Nagar, Kot Mit Singh Amritsar Have Declare that Lucky is my nickname and Tinderpal Singh & Lucky is one & same person born on 17/02/1991. (Sourabh)

I,Dawinder Singh S/O Rattan Singh R/O Bhala Pind Tehsil Ajnala Distt. Amritsar, Punjab have changed my name from Dawinder Singh to Davinder Singh. Concerned note. (KK)

I, Sham Kumar S/o Krishan Lal R/o H.No. 3458, Gali No.2, Azad Nagar, Azad Road, Chheharta, Amritsar-1, Distt Amritsar. that I have changed my name from Sham Kumar to Sham kumar Dhir. Concerned Note. (SHREE KRISHNA)

I Manish Kumar S/O Nirmal Chand R/O Vill Wahid Po Manak Teh Phagwara Distt Kapurthala Pb I Have Changed My Name From Manish Kumar To Manish Kumar Nar And Nar Is My Surname

I Sukhvinder Singh S/O Parduman Singh R/O Mohalla Balochan,Mehatpur,Tehsilnakodar, Jalandhar,Punjab,India(144041).i Have Changed My Name From Sukhvinder Singh To Sukhwinder Singh

I Yashika D/O Late Raman Kaura R/O Suncity Prikarma Flat No -001 Block-11-a Sector-20 Panchkula-134117 (Haryana) Declared That Yashika And Yashika Kaura Both Are My Names.all Concerned Known Me With Above Said Both Names.

I RANJEET SINGH S/O MALOOK SINGH R/O VPO GHARYALA TEHSIL PATTI TARN TARAN HAVE CHANGED MY NAME TO RANJEET SINGH BHULLAR.

I GURMIT KAUR W/O KABAL SINGH R/O VILL.LEHARKA PO CHAWINDA DEVI AMRITSAR HAVE CHANGED MY NAME TO GURMEET KAUR.

I, Kuldeep Singh S/o Amar Singh R/o H.No.110, Pritam Nagar, 100 Feet Road, Amritsar have certified that Singh is my Surname and Kuldeep is my given name.

I, Rajni Sharma W/o Adit Rana R/o 20 A, Gali Banke Bihari, Batala Road, Amritsar have changed my name from Rajni Sharma to Rajni Rana.

I Tanveer Singh S/o Balwinderjit Singh R/o G- 1/155, Street No. 5, Nagina Avenue, Majitha Road, Amritsar solemnly affirm declare that I have change my name as Tanveer Singh Sarangal S/o Balwinderjit Singh.

I, Sumeet S/o Surinder Singh. R/o House No-449, Ward No-6, Sangalpura Road Gurdaspur. Tehsil/Distt Gurdaspur, Punjab. have Changed my name to Sumeet Singh.

I, Balwinder Singh s/o Manjit Singh r/o VPO.Ibrahimwal, Distt.Kapurthala-144601, Punjab have changed my name as Bhupinder Singh. All Please Note.

I, Shivraj s/o Surinder Pal Padda r/o Vill.Tayabpur, Po. Bhawanipur, Tehsil & Distt. Kapurthala have changed my name to Shivraj Padda. All Please Note.

I, hitherto known as Jaswinder Kaur W/o Gurwinder Singh R/o VPO. Muhem, Tehsil Nakodar, Distt. Jalandhar-144044, Punjab have changed my name and shall hereafter be known as Maya Devi.

I, Varsha Jamba W/o Janak Raj R/o H.No. BX-1202, Moh. Prem Nagar, Qadian, Tehsil Batala, Distt. Gurdaspur-143516, Punjab have changed my name from Varsha to Varsha Jamba. All Please Note.

I, Gurminder Singh S/o Major Singh R/o Vill. Kahar Pur, Po. Ram Pur Jhanjowal, Teh.Garhshankar, Distt.Hoshiarpur have changed my name to Singh Gurminder (Surname as Singh) All Please Note.

I, Kashmir Singh S/o Darshan Singh R/o Vill. Seechewal, Po. Chak Chela, Distt. Jalandhar, Punjab have changed my name from Kashmir Singh to Kashmir Singh Pawar. All Please Note.

I, Baljinder Kaur W/o Kashmir Singh R/o Vill. Seechewal, Po. Chak Chela, Distt. Jalandhar, Punjab have changed my name from Baljinder Kaur to Baljinder Kaur Pawar. All Please Note.

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਕਮਲਜੀਤ ਕੌਰ ਤੇ ਆਰਤੀ ਨੇ ਸਕੂਲ ਦਾ ਨਾਂਅ ਚਮਕਾਇਆ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਬਲਾਕ ਤਰਸਿੱਕਾ ਅਧੀਨ ਪੈਂਦੇ ਸੱਤਿਆ ਭਾਰਤੀ ਐਲੀਮੈਂਟਰੀ ਸਕੂਲ ਧੂਲਕਾ ਅਤੇ ਚੰਨਣਕੇ ਦੀਆਂ ਪੰਜਵੀਂ ਕਲਾਸ ਦੀਆਂ ਵਿਦਿਆਰਥਣਾਂ ਕਮਲਜੀਤ ਕੌਰ ਅਤੇ ਆਰਤੀ ਨੇ ਜਵਾਹਰ ਨਵੋਦਿਆ ਦੇ ਪੇਪਰ ਵਿੱਚ ਵਧੀਆ ਨੰਬਰ ਲੈ ਕੇ ਪੁਜ਼ੀਸ਼ਨ ਹਾਸਿਲ ਕਰਕੇ ਆਪਣੇ ਮਾਪਿਆਂ ਅਤੇ ਟੀਚਰਾਂ ਦਾ ਮਾਣ ਵਧਾਇਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਿੰਸੀਪਲ ਗੁਰਮੀਤ ਕੌਰ ਚੰਨਣਕੇ ਅਤੇ ਹਰਪ੍ਰੀਤ ਕੌਰ ਧੂਲਕਾ ਨੇ ਦੱਸਿਆ ਕਿ ਸੱਤਿਆ ਭਾਰਤੀ ਸਕੂਲ ਵਿੱਚੋਂ ਟੈਸਟ ਦੇ ਕੇ ਜਵਾਹਰ ਨਵੋਦਿਆ ਵਿੱਚ ਜਾਣਾ ਬਹੁਤ ਮਾਣ ਵਾਲੀ ਗੱਲ ਹੈ ਕਿਉਂਕਿ ਸੱਤਿਆ ਭਾਰਤੀ ਸਕੂਲ ਨੇ ਬੱਚਿਆਂ ਦੇ ਵਧੀਆ ਭਵਿੱਖ ਲਈ ਹਮੇਸ਼ਾ ਹੀ ਫ੍ਰੀ ਸਾਰੀਆਂ ਦਿੱਤੀਆਂ ਅਤੇ ਚੰਗੀ ਪੜ੍ਹਾਈ ਦੇ ਕਿ ਲੋੜਵੰਦ ਲੋਕਾਂ ਦਾ ਹਮੇਸ਼ਾ ਸਾਥ ਦਿੱਤਾ ਅਤੇ ਬੱਚਿਆਂ ਨੂੰ ਕਾਮਯਾਬ ਕਰਨ ਸੁਨਹਿਰੇ ਭਵਿੱਖ ਚੁਣਨ ਲਈ ਮੌਕਾ ਦਿੱਤਾ। ਬੱਚੀਆਂ ਵੱਲੋਂ ਪੁਜ਼ੀਸ਼ਨਾਂ ਹਾਸਲ ਕਰਨ 'ਤੇ ਇਲਾਕੇ ਦੇ ਸਮਾਜ ਸੇਵੀ ਆਗੂਆਂ ਅਤੇ ਬੁੱਧੀਜੀਵੀਆਂ ਨੇ ਜਿਥੇ ਬੱਚਿਆਂ ਨੂੰ ਵਧਾਈ ਦਿੱਤੀ ਹੈ ਉਥੇ ਸਕੂਲਾਂ ਦੇ ਸਟਾਫ਼ ਦੀ ਸ਼ਲਾਘਾ ਵੀ ਕੀਤੀ।

## ਲਿੰਡੇ ਇੰਡੀਆ ਲਿਮ. ਵੱਲੋਂ ਨਵੇਂ ਪਲਾਂਟ ਦਾ ਨਿਰਮਾਣ ਸ਼ੁਰੂ

**ਲੁਧਿਆਣਾ** : ਲਿੰਡੇ ਇੰਡੀਆ ਲਿਮਿਟਡ ਨੇ ਲੁਧਿਆਣਾ ਵਿਖੇ ਆਪਣੀ ਨਵੀਂ, ਤਿਆਰ ਹੋ ਰਹੀ ਏਅਰ ਸੇਪਰੇਸ਼ਨ ਯੂਨਿਟ ਵਿੱਚ ਮਕੈਨੀਕਲ ਨਿਰਮਾਣ ਕਾਰਜ ਦਾ ਉਦਘਾਟਨ ਕੀਤਾ। ਇਹ ਆਯੋਜਨ ਸਾਈਟ ਦੇ ਹਾਈ-ਟੈਕ ਸਾਈਕਲ ਵੈਲੀ ਨਾਮ ਦੇ ਸਥਾਨ 'ਤੇ ਇਨਵੈਸਟ ਪੰਜਾਬ ਦੇ ਅਧਿਕਾਰੀਆਂ, ਲਿੰਡੇ ਦੇ ਪ੍ਰਮੁੱਖ ਉਦਯੋਗਿਕ ਅਤੇ ਸਿਹਤ ਸੰਭਾਲ ਗਾਹਕਾਂ ਦੇ ਨੁਮਾਇੰਦਿਆਂ ਮੋਲੋਏ ਬੈਨਰਜੀ ਮੁਖੀ-ਦੱਖਣੀ ਏਸ਼ੀਆ ਅਤੇ ਆਸੀਆਨ, ਲਿੰਡੇ, ਅਭਿਜੀਤ ਬੈਨਰਜੀ, ਮੈਨੇਜਿੰਗ ਡਾਇਰੈਕਟਰ-ਲਿੰਡੇ ਇੰਡੀਆ ਲਿਮਿਟਡ ਅਤੇ ਲਿੰਡੇ ਦੇ ਹੋਰ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਕੀਤਾ ਗਿਆ। ਇਹ ਭਾਰਤ ਦੇ ਉੱਤਰੀ ਖੇਤਰ ਵਿੱਚ ਲਿੰਡੇ ਦਾ ਦੂਜਾ ਪਲਾਂਟ ਹੋਵੇਗਾ, ਪਹਿਲਾਂ ਸੇਲਾਕੀ ਉੱਤਰਾਖੰਡ ਵਿੱਚ ਹੈ। ਇਹ 250 ਟੀਪੀਡੀ. ਵਾਲੀ ਨਵੀਂ ਏਐੱਸਯੂ ਦੇ 2023 ਦੇ ਅੰਤ ਤੱਕ ਸ਼ੁਰੂ ਹੋਣ ਦੀ ਉਮੀਦ ਹੈ। ਵਾਧੂ ਸਪਲਾਈ ਉੱਤਰੀ ਭਾਰਤ ਵਿੱਚ ਲਿੰਡੇ ਦੀ ਮੌਜੂਦਗੀ ਦੇ ਵਿਸਤਾਰ ਵਿੱਚ ਸਹਾਇਤਾ ਕਰੇਗੀ। ਇਹ ਪਲਾਂਟ ਪੰਜਾਬ ਰਾਜ ਵਿੱਚ ਤਰਲ ਮੈਡੀਕਲ ਆਕਸੀਜਨ ਦੇ ਉਤਪਾਦਨ ਦੀ ਸਮਰੱਥਾ ਵਿੱਚ ਵੀ ਮਹੱਤਵਪੂਰਨ ਵਾਧਾ ਕਰੇਗਾ।

## ਡੇਲਹਿਵਰੀ ਟ੍ਰੇਨਿੰਗ ਤੇ ਰਿਕਰੂਟਮੈਂਟ ਪ੍ਰੋਗਰਾਮ ਲਾਂਚ

**ਹੁਸ਼ਿਆਰਪੁਰ** : ਭਾਰਤ ਦੀ ਸਭ ਤੋਂ ਵੱਡੀ ਪੂਰੀ ਤਰ੍ਹਾਂ ਏਕੀਕ੍ਰਿਤ ਲੌਜਿਸਟਿਕਸ ਸੇਵਾ ਪ੍ਰਦਾਤਾ ਡੇਲਹਿਵਰੀ ਨੇ ਲੌਜਿਸਟਿਕਸ ਉਦਯੋਗ ਵਿੱਚ ਆਪਣਾ ਕਰੀਅਰ ਬਣਾਉਣ ਦੇ ਇੱਛੁਕ ਨੌਜਵਾਨਾਂ ਲਈ ਡੇਲਹਿਵਰੀ ਇੱਕ ਟ੍ਰੇਨਿੰਗ ਅਤੇ ਰਿਕਰੂਟਮੈਂਟ ਪ੍ਰੋਗਰਾਮ ਦੀ ਸ਼ੁਰੂਆਤ ਦਾ ਐਲਾਨ ਕੀਤਾ। ਇਹ ਪ੍ਰੋਗਰਾਮ ਸ਼ੁਰੂਆਤੀ ਅਤੇ ਮੱਧ-ਪੱਧਰ ਦੀਆਂ ਕਾਰਜਕਾਰੀ ਭੂਮਿਕਾਵਾਂ ਵਿੱਚ ਗਾਰੰਟੀਸ਼ੁਦਾ ਨੌਕਰੀਆਂ ਉਪਲਬਧ ਕਰਾਉਂਦਾ ਹੈ। ਕੰਪਨੀ ਸ਼ੁਰੂਆਤ ਵਿਚ ਗੰਗਾਨਗਰ, ਉਜੈਨ, ਕੁਰੂਰ, ਪੁਰੂਲੀਆ ਅਤੇ ਸ੍ਰੀਨਗਰ ਜਿਹੇ ਟੀਅਰ 2 ਅਤੇ ਟੀਅਰ 3 ਦੇ 25 ਸ਼ਹਿਰਾਂ ਨੂੰ ਧਿਆਨ ਵਿਚ ਰੱਖਦੇ ਹੋਏ ਇੱਕ ਰਾਸ਼ਟਰੀ ਪ੍ਰਵੇਸ਼ ਪ੍ਰੀਖਿਆ 19 ਫਰਵਰੀ, 2023 ਨੂੰ ਆਯੋਜਿਤ ਕਰਵਾਏਗੀ, ਜਿਸ ਵਿਚ ਉਮੀਦਵਾਰਾਂ ਨੂੰ ਗੁਰੂਗ੍ਰਾਮ ਵਿਚ ਹੋਣ ਵਾਲੇ 5 ਹਫਤੇ ਦੇ ਸਿਖਲਾਈ ਪ੍ਰੋਗਰਾਮ ਲਈ ਚੁਣਿਆ ਜਾਵੇਗਾ। 22 ਤੋਂ 32 ਸਾਲ ਦੀ ਉਮਰ ਦੇ ਉਮੀਦਵਾਰ ਜੋ 10ਵੀਂ/12ਵੀਂ ਪਾਸ ਹਨ ਜਾਂ ਡਿਪਲੋਮਾ ਧਾਰਕ ਹਨ ਅਤੇ ਜੋ ਅੰਗਰੇਜ਼ੀ ਪੜ੍ਹਨ ਅਤੇ ਲਿਖਣ ਦੀ ਮੁੱਢਲੀ ਯੋਗਤਾ ਰੱਖਦੇ ਹਨ, ਉਹ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ। ਇਸ ਪਹਿਲ 'ਤੇ ਟਿੱਪਣੀ ਕਰਦੇ ਹੋਏ ਪੂਜਾ ਗੁਪਤਾ ਚੀਫ ਹਿਊਮਨ ਰਿਸੋਰਸ ਆਫ਼ਿਸਰ ਡੇਲਹਿਵਰੀ ਨੇ ਕਿਹਾ ਕਿ ਸਾਡੀ ਇਹ ਪਹਿਲ ਦੇਸ਼ ਭਰ ਵਿੱਚ ਪ੍ਰਤਿਭਾਸ਼ਾਲੀ ਨੌਜਵਾਨਾਂ ਨਾਲ ਜੁੜਨ ਦੇ ਸਾਡੇ ਲੰਬੇ ਸਮੇਂ ਦੇ ਦ੍ਰਿਸ਼ਟੀਕੋਣ ਦੇ ਅਨੁਸਾਰ ਹੈ ਜਿਸ ਦੇ ਤਹਿਤ ਅਸੀਂ ਭਾਰਤ ਵਿੱਚ ਸਭ ਤੋਂ ਤੇਜ਼ੀ ਨਾਲ ਵਿਕਸਿਤ ਹੋ ਰਹੇ ਖੇਤਰਾਂ ਵਿੱਚ ਸੁਰੱਖਿਅਤ ਰੁਜ਼ਗਾਰ ਦੇ ਮੌਕੇ ਉਪਲਬੱਧ ਕਰਾਉਣਾ ਚਾਹੁੰਦੇ ਹਾਂ।

## ਭਾਰਤੀ ਬਾਜ਼ਾਰਾਂ ਲਈ ਅਗਾਂਹਵਧੂ ਰਾਹ ਬਰਕਰਾਰ

**ਲੁਧਿਆਣਾ** : ਭਾਵੇਂ ਸਾਲ 2022 ਦੀ ਸ਼ੁਰੂਆਤ ਬਹੁਤ ਹੀ ਆਸ਼ਾਵਾਦੀ ਨੋਟ ਨਾਲ ਹੋਈ ਸੀ ਪਰ ਘਟਨਾਵਾਂ ਦੇ ਮੋੜ ਨੇ ਸਾਲ ਦੇ ਅੰਤ ਵਿੱਚ ਉਤਸ਼ਾਹੀ ਭਾਵਨਾਵਾਂ ਨੂੰ ਉਲਟਾ ਦਿੱਤਾ ਜਦੋਂ ਕਿ ਬਾਜ਼ਾਰ ਇਸ ਸਮੇਂ ਬਹੁਤ ਸਾਰੀਆਂ ਅਨਿਸ਼ਚਿਤਤਾਵਾਂ ਨਾਲ ਨਜਿੱਠ ਰਹੇ ਹਨ, ਡੇਟਾ ਦਰਸਾਉਂਦਾ ਹੈ ਕਿ ਮੌਕੇ ਅਜੇ ਵੀ ਮੌਜੂਦ ਹਨ ਅਤੇ ਉਨ੍ਹਾਂ ਨੂੰ ਸਿਰਫ ਭੁਨਾਉਣ ਦੀ ਲੋੜ ਹੈ। ਵਿਸ਼ਵ ਦੀਆਂ ਪ੍ਰਮੁੱਖ ਅਰਥਵਿਵਸਥਾਵਾਂ ਖਾਸ ਤੌਰ 'ਤੇ ਅਮਰੀਕਾ, ਯੂਰਪ ਅਤੇ ਚੀਨ ਵਿੱਚ ਮਹਿੰਗਾਈ ਅਤੇ ਵਿਕਾਸ ਦੀ ਮੰਦੀ ਚਿੰਤਾ ਦੇ ਮੁੱਖ ਖੇਤਰ ਬਣੇ ਹੋਏ ਹਨ, ਜੋ ਗਲੋਬਲ ਵਿਕਾਸ ਨੂੰ ਪ੍ਰਭਾਵਿਤ ਕਰਨਾ ਜਾਰੀ ਰੱਖੇਗਾ। ਘਰੇਲੂ ਤੌਰ 'ਤੇ 2023 2022 ਨਾਲੋਂ ਬਿਹਤਰ ਹੋ ਸਕਦਾ ਹੈ ਜਿਸ ਵਿਚ ਘਰੇਲੂ ਖਪਤ ਦੀ ਮੰਗ ਵਿੱਚ ਜਾਰੀ ਸੁਧਾਰ, ਨਿੱਜੀ ਖੇਤਰ ਦੇ ਪੂੰਜੀ ਨਿਵੇਸ਼ ਨੂੰ ਮੁੜ ਸੁਰਜੀਤ ਕਰਨ ਲਈ ਸਪਲਾਈ ਸਾਈਡ ਉਪਾਅ, ਕਾਰਪੋਰੇਟਾਂ ਅਤੇ ਬੈਂਕਾਂ ਦੀ ਮਜ਼ਬੂਤ ਬੈਲੇਂਸ ਸ਼ੀਟਾਂ ਅਤੇ ਦੂਜੀ ਛਿਮਾਹੀ ਵਿੱਚ ਗਲੋਬਲ ਪੱਧਰ ਤੇ ਸੁਧਾਰ ਦੀ ਸੰਭਾਵਨਾ ਸ਼ਾਮਿਲ ਹੈ। ਭਾਵਨਾ ਸੁਰੱਖਿਅਤ ਰਹੇਗੀ, ਅਤੇ ਨਿਵੇਸ਼ਕ ਮਜ਼ਬੂਤ ਬੈਲੇਂਸ ਸ਼ੀਟਾਂ ਅਤੇ ਚੰਗੇ ਕਾਰੋਬਾਰੀ ਮਾਡਲਾਂ ਵਾਲੇ ਕਾਰੋਬਾਰਾਂ ਵਿੱਚ ਨਿਵੇਸ਼ ਕਰਨ ਦੀ ਕੋਸ਼ਿਸ਼ ਕਰ ਸਕਦੇ ਹਨ, ਘੱਟੋ-ਘੱਟ ਉਦੋਂ ਤੱਕ ਜਦੋਂ ਤੱਕ ਇੱਕ ਅਸਲੀ ਵਿਸ਼ਵ ਆਰਥਿਕ ਰਿਕਵਰੀ ਨਹੀਂ ਬਣ ਜਾਂਦੀ। ਇਕੁਇਟੀ ਵਿਚ ਲੰਬੇ ਸਮੇਂ ਦੇ ਨਿਵੇਸ਼ ਲਈ ਸਸਤੇ ਮੁੱਲਾਂਕਣ ਚੰਗੇ ਹੋ ਸਕਦੇ ਹਨ।

# ਪ੍ਰਸ਼ਾਸਨ ਵੱਲੋਂ ਰੱਲਾ ਕਤਲ ਕਾਂਡ ਦੇ ਪੀੜਤ ਪਰਵਾਰ ਨੂੰ ਬਣਦੀ ਸਹਾਇਤਾ ਰਾਸ਼ੀ ਦਾ ਚੈੱਕ ਭੇਟ

## ਮ੍ਰਿਤਕ ਔਰਤ ਦਾ ਪੋਸਟਮਾਰਟਮ ਕਰਵਾ ਕੇ ਕੀਤਾ ਗਿਆ ਸਸਕਾਰ, ਧਰਨਾ ਮੁਲਤਵੀ



**ਮਾਨਸਾ (ਆਤਮਾ ਸਿੰਘ ਪਮਾਰ)**-ਰੱਲਾ ਕਤਲ ਕਾਂਡ ਦੇ ਮੁਲਜ਼ਮਾਂ ਨੂੰ ਗ੍ਰਿਫਤਾਰ ਕਰਵਾਉਣ ਤੇ ਪੇਂਡੂ ਧਨਾਢਾਂ ਵੱਲੋਂ ਗੱਡੀ ਚੜ੍ਹਾ ਕੇ ਕਤਲ ਕੀਤੀ ਮ੍ਰਿਤਕ ਦਲਿਤ ਔਰਤ ਦੇ ਪਰਿਵਾਰ ਨੂੰ ਐੱਸ ਸੀ, ਐੱਸ ਟੀ ਐਕਟ ਤਹਿਤ ਸਰਕਾਰੀ ਸਹਾਇਤਾ ਰਾਸ਼ੀ ਪ੍ਰਾਪਤੀ ਲਈ ਮਾਨਸਾ ਸਿਵਲ ਹਸਪਤਾਲ ਵਿਖੇ ਲਾਸ਼ ਰੱਖ ਕੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੀ ਅਗਵਾਈ ਹੇਠ ਲਗਾਤਾਰ ਚੱਲ ਰਹੇ ਧਰਨੇ ਦੇ ਅੱਠਵੇਂ ਦਿਨ ਇਨਸਾਫ ਤੇ ਸੰਘਰਸ਼ ਨੂੰ ਤੇਜ਼ ਕਰਨ ਲਈ ਰੱਖੀ ਦਲਿਤ ਜਬਰ ਵਿਰੋਧੀ ਰੈਲੀ ਵਿੱਚ ਪ੍ਰਸ਼ਾਸਨਕ ਅਧਿਕਾਰੀ ਡੀ.ਐੱਸ.ਪੀ. ਸੰਜੀਵ ਗੋਇਲ ਤੇ ਮਾਨਸਾ ਦੇ ਤਹਿਸੀਲਦਾਰ ਨੇ ਇਕੱਠ ਵਿੱਚ ਆ ਕੇ ਮ੍ਰਿਤਕ ਦਲਿਤ ਪਰਿਵਾਰ ਨੂੰ ਸਹਾਇਤਾ ਰਾਸ਼ੀ ਦੀ 50% (ਅੱਧੀ) ਚਾਰ ਲੱਖ ਰੁਪਏ ਦਾ ਚੈੱਕ ਤੇ 13 ਮੁਲਜ਼ਮਾਂ ਵਿੱਚੋਂ ਤਿੰਨ ਮੁਜ਼ਲਮਾਂ ਨੂੰ ਗ੍ਰਿਫਤਾਰ ਕਰਨ ਅਤੇ ਕਤਲ ਕਾਂਡ ਵਿੱਚ ਵਰਤੀ ਗਈ ਗੱਡੀ ਬਰਾਮਦ ਕਰਨ ਦੀ ਜਾਣਕਾਰੀ ਦਿੱਤੀ, ਜਿਸ ਤੋਂ ਬਾਅਦ ਜਥੇਬੰਦੀ ਨੇ ਧਰਨਾ ਸਮਾਪਤ ਕਰਕੇ ਮ੍ਰਿਤਕ ਔਰਤ ਦਾ ਰੋਕਿਆ ਹੋਇਆ ਪੋਸਟਮਾਰਟਮ ਕਰਵਾ ਕੇ ਸਸਕਾਰ ਕਰਵਾ ਦਿੱਤਾ ਅਤੇ ਐਲਾਨ ਕੀਤਾ ਕਿ ਜੇਕਰ ਕਤਲ ਕਾਂਡ ਵਿੱਚ ਸ਼ਾਮਲ ਰਹਿੰਦੇ ਮੁਲਜ਼ਮਾਂ ਨੂੰ ਜਲਦੀ ਗ੍ਰਿਫਤਾਰ ਨਾ ਕੀਤਾ ਤਾਂ ਸੰਘਰਸ਼ ਮੁੜ ਤੋਂ ਸ਼ੁਰੂ ਕੀਤਾ ਜਾਵੇਗਾ। ਇਸ ਸਮੇਂ ਦਲਿਤ ਜਬਰ ਵਿਰੋਧੀ ਰੈਲੀ ਨੂੰ ਸੰਬੋਧਨ ਕਰਦਿਆਂ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਸਮਾਓਂ, ਜ਼ਿਲ੍ਹਾ ਪ੍ਰਧਾਨ ਨਿੱਕਾ ਸਿੰਘ ਬਹਾਦਰਪੁਰ, ਸੀ ਪੀ ਆਈ ਐੱਮ ਐੱਲ ਲਿਬਰੇਸ਼ਨ ਦੇ ਸੂਬਾ ਸਕੱਤਰੇਤ ਮੈਂਬਰ ਕਾਮਰੇਡ ਸੁਖਦਰਸ਼ਨ ਨੱਤ, ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾ ਮੀਤ ਪ੍ਰਧਾਨ ਕ੍ਰਿਸ਼ਨ ਚੌਹਾਨ, ਦਿਹਾਤੀ ਮਜ਼ਦੂਰ ਸਭਾ ਦੇ ਸੁਖਦੇਵ ਸਿੰਘ ਕੁੱਬੇ, ਮਜ਼ਦੂਰ ਅਧਿਕਾਰ ਅੰਦੋਲਨ ਦੇ ਲਾਭ ਸਿੰਘ ਅਕਲੀਆਂ, ਭਾਰਤ ਮੁਕਤੀ ਮੋਰਚੇ ਦੇ ਦੀਪ ਸਿੰਘ ਸ਼ੇਰਗਿੱਲ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਗੁਰਦੀਪ ਸਿੰਘ ਆਹਲੂਪੁਰ, ਜਮਹੂਰੀ ਕਿਸਾਨ ਸਭਾ ਦੇ ਮੇਜਰ ਸਿੰਘ ਦੂਲੋਵਾਲ, ਬੀ ਐੱਸ ਪੀ ਦੇ ਜ਼ਿਲ੍ਹਾ ਆਗੂ ਰਾਜਿੰਦਰ ਭੀਖੀ, ਬਹੁਜਨ ਮੁਕਤੀ ਮੋਰਚਾ ਦੇ ਜਸਵੰਤ ਸਿੰਘ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਤੇ ਅੰਬੇਡਕਰ ਸਾਹਿਬ ਦੀਆਂ ਫੋਟੋਆਂ ਲਗਾ ਕੇ ਵੋਟਾਂ ਲੈਣ ਵਾਲੇ ਮੁੱਖ ਮੰਤਰੀ ਦੇ ਰਾਜ ਵਿੱਚ ਦਲਿਤ ਇਨਸਾਫ ਲਈ ਰੁਲ ਰਹੇ ਹਨ, ਜਿਸ ਦੀ ਤਾਜ਼ਾ ਮਿਸਾਲ ਪਿੰਡ ਰੱਲਾ ਵਿਖੇ 11 ਜਨਵਰੀ ਨੂੰ ਪੇਂਡੂ ਧਨਾਢਾਂ ਵੱਲੋਂ ਪੂਰੇ ਦਲਿਤ ਮੁਹੱਲੇ 'ਤੇ ਹਮਲਾ ਕਰਕੇ ਕੁੱਝ ਬੰਦਿਆਂ ਨੂੰ ਫੱਟੜ ਕਰਨ ਤੇ ਗੱਡੀ ਚੜ੍ਹਾ ਕੇ ਕਤਲ ਕੀਤੀ ਦਲਿਤ ਔਰਤ ਕੁਲਵੰਤ ਕੌਰ ਦੀ ਮੌਤ ਤੋਂ ਬਾਅਦ ਹੱਕ ਲੈਣ ਤੇ ਮੁਲਜ਼ਮਾਂ ਦੀ ਗ੍ਰਿਫਤਾਰੀ ਕਰਵਾਉਣ ਲਈ ਅੱਠ ਦਿਨ ਮ੍ਰਿਤਕ ਦੀ ਲਾਸ਼ ਰੁਲਦੀ ਰਹੀ, ਪਰ ਕਿਸੇ ਵੀ ਅਧਿਕਾਰੀ ਤੇ ਸੱਤਾਧਾਰੀ ਲੀਡਰਾਂ ਨੇ ਪੀੜਤ ਪਰਿਵਾਰ ਦੀ ਸਾਰ ਤੱਕ ਨਹੀਂ ਲਈ, ਤੋਂ ਭਲੀ-ਭਾਂਤ ਮਿਲ ਸਕਦੀ ਹੈ।

ਇਸ ਸਮੇਂ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੀ ਜ਼ਿਲ੍ਹਾ ਮੀਤ ਪ੍ਰਧਾਨ ਮਨਜੀਤ ਕੌਰ ਜੋਗਾ, ਜ਼ਿਲ੍ਹਾ ਸਕੱਤਰ ਵਿਜੈ ਕੁਮਾਰ ਭੀਖੀ, ਭੋਲਾ ਸਿੰਘ ਝੱਬਰ, ਕਾਲਾ ਉੱਭਾ, ਸੁਖਜੀਤ ਰਾਮਾਨੰਦੀ, ਗੁਰਸੇਵਕ ਮਾਨ, ਗਗਨ ਖੜਕ ਸਿੰਘ ਵਾਲਾ, ਜਗਸੀਰ ਸਿੰਘ ਟਾਹਲੀਆਂ, ਸੁਖਵਿੰਦਰ ਬੋਹਾ, ਜੀਤ ਬੋਹਾ, ਗੁਲਾਬ ਖੀਵਾ, ਭੋਲਾ ਗੜੱਦੀ, ਮਾਸਟਰ ਜਗਦੇਵ ਸਿੰਘ ਪਟਿਆਲਾ, ਇਸਤਰੀ ਆਗੂ ਜਸਵੀਰ ਕੌਰ, ਮਾਸਟਰ ਗੁਰਮੇਲ ਸਿੰਘ ਬੋੜਾਵਾਲ, ਸਾਬਕਾ ਐੱਮ ਸੀ ਸ਼ਿਵਚਰਨ ਸੂਚਨ, ਪਰਮਜੀਤ ਡਸਕਾ ਆਦਿ ਹਾਜ਼ਰ ਸਨ।

# ਮਿੱਡ-ਡੇ-ਮੀਲ ਵਰਕਰਜ਼ ਯੂਨੀਅਨ ਵੱਲੋਂ ਅਰਥੀ ਫੂਕ ਮੁਜ਼ਾਹਰਾ

## ਮੰਗਾਂ ਨਾ ਮੰਨਣ 'ਤੇ 11 ਨੂੰ ਸੰਗਰੂਰ ਵਿਖੇ ਸੂਬਾ ਪੱਧਰੀ ਰੋਸ ਪ੍ਰਦਰਸ਼ਨ ਕਰਨ ਦਾ ਐਲਾਨ




ਅਰਥੀ ਫੂਕ ਮੁਜ਼ਾਹਰਾ ਕਰਦੇ ਹੋਏ ਮਿੱਡ-ਡੇ-ਮੀਲ ਵਰਕਰ।

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ ਚਾਵਲਾ)**

ਮਿੱਡ-ਡੇ-ਮੀਲ ਵਰਕਰਜ਼ ਯੂਨੀਅਨ ਸ੍ਰੀ ਮੁਕਤਸਰ ਸਾਹਿਬ ਵੱਲੋਂ ਸਥਾਨਕ ਸ੍ਰੀ ਗੁਰੂ ਗੋਬਿੰਦ ਸਿੰਘ ਪਾਰਕ ਵਿਖੇ ਜ਼ਿਲ੍ਹਾ ਪ੍ਰਧਾਨ ਰਮਨਜੀਤ ਕੌਰ ਦੀ ਅਗਵਾਈ ਹੇਠ ਇਕੱਤਰਤਾ ਕਰਕੇ ਸ਼ਹਿਰ ਵਿੱਚ ਦੀ ਪੰਜਾਬ ਸਰਕਾਰ ਖਿਲਾਫ ਰੋਸ ਰੈਲੀ ਕੱਢੀ ਗਈ ਅਤੇ ਇਸ ਉਪਰੰਤ ਕੋਟਕਪੂਰਾ ਚੌਕ ਵਿਖੇ ਪੰਜਾਬ ਸਰਕਾਰ ਦੀ ਅਰਥੀ ਫੂਕੀ ਗਈ। ਇਸ ਬਾਰੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਕੱਤਰ ਰਾਜਵਿੰਦਰ ਕੌਰ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਨੇਤਾਵਾਂ ਵੱਲੋਂ ਸਰਕਾਰ ਬਣਨ ਤੋਂ ਪਹਿਲਾਂ ਆਪ ਦੀ ਸਰਕਾਰ ਬਣਨ 'ਤੇ ਮਾਣ-ਭੱਤਾ ਦੁੱਗਣਾ ਕਰਨ ਦਾ ਵਾਅਦਾ ਕੀਤਾ ਸੀ, ਹੁਣ ਤੱਕ ਮਾਣ-ਭੱਤਾ ਦੁੱਗਣਾ ਕਰਨਾ ਤਾਂ ਦੂਰ ਦੀ ਗੱਲ, ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪਹਿਲਾਂ ਵਾਲੇ ਮਾਣ-ਭੱਤੇ ਨੂੰ ਲਟਕਾ-ਲਟਕਾ ਕੇ ਦਿੱਤਾ ਹੈ। ਇੱਕ ਸਾਲ ਤੋਂ ਸੱਤਾ 'ਤੇ ਬਿਰਾਜਮਾਨ ਪੰਜਾਬ ਦੀ ਆਪ ਸਰਕਾਰ ਵੱਲੋਂ ਪਿਛਲੇ ਸਮੇਂ ਦੌਰਾਨ ਮਾਣ-ਭੱਤੇ ਵਾਲੇ ਕਾਮਿਆਂ ਦੇ ਕੀਤੇ ਜਾ ਆਰਥਿਕ ਸ਼ੋਸ਼ਣ 'ਤੇ ਚੁੱਪੀ ਧਾਰੀ ਹੋਈ ਹੈ, ਇਸ ਦੇ ਖਿਲਾਫ ਸ੍ਰੀ ਮੁਕਤਸਰ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਪਾਰਕ ਤੋਂ ਬਜਜ਼ਰ ਵਿੱਚ ਦੀ ਹੁੰਦੇ ਹੋਏ ਕੋਟਕਪੂਰਾ ਚੌਕ ਤੱਕ ਜ਼ੋਰਦਾਰ ਨਾਅਰੇਬਾਜ਼ੀ ਕਰਦਿਆਂ ਮਿੱਡ ਡੇ ਮੀਲ ਵਰਕਰਾਂ ਨੇ ਰੋਸ ਪ੍ਰਦਰਸ਼ਨ ਕੀਤਾ ਅਤੇ ਚੌਕ ਵਿਖੇ ਪੰਜਾਬ ਸਰਕਾਰ ਦੀ ਅਰਥੀ ਫੂਕ ਕੇ ਰੋਸ ਪ੍ਰਦਰਸ਼ਨ ਦੀ ਸਮਾਪਤੀ ਕੀਤੀ।

ਮਿੱਡ ਡੇ ਮੀਲ ਵਰਕਰਾਂ ਵੱਲੋਂ ਘੱਟੋ ਘੱਟ ਉਜਰਤ ਕਾਨੂੰਨ ਲਾਗੂ ਕਰਨ, ਵਰਕਰਾਂ ਨੂੰ ਸਾਲ ਵਿੱਚ ਦੋ ਵਰਦੀਆਂ ਦੇਣ, ਵਰਕਰਾਂ ਨੂੰ ਬਿਨਾਂ ਪ੍ਰਕਿਰਿਆ ਅਪਣਾਇਆਂ ਕੱਢਣ ਵਾਲਿਆਂ ਖਿਲਾਫ ਕਾਰਵਾਈ ਕਰਨ, ਵਰਕਰਾਂ ਦੀ ਛਾਂਟੀ ਨਾ ਕਰਨ, ਵਰਕਰਾਂ ਨੂੰ ਚੋਣਾਂ ਦੇ ਦਿਨਾਂ ਦੌਰਾਨ ਕੀਤੇ ਕੰਮ ਦਾ ਮਿਹਨਤਾਨਾ ਦੇਣ ਆਦਿ ਦੀਆਂ ਮੰਗਾਂ ਨੂੰ ਦੁਹਰਾਇਆ ਗਿਆ ਤੇ ਇਨ੍ਹਾਂ ਮੰਗਾਂ ਦੇ ਪੂਰਾ ਨਾ ਹੋਣ ਦੀ ਹਾਲਤ ਵਿੱਚ ਸੰਘਰਸ਼ ਨੂੰ ਹੋਰ ਤਿੱਖਾ ਕਰਦਿਆਂ ਮੁੱਖ ਮੰਤਰੀ ਦੇ ਸ਼ਹਿਰ ਸੰਗਰੂਰ ਵਿਖੇ 11 ਫਰਵਰੀ ਨੂੰ ਸੂਬਾ ਪੱਧਰੀ ਰੋਸ ਰੈਲੀ ਕਰਨ ਦਾ ਐਲਾਨ ਕੀਤਾ। ਇਸ ਮੌਕੇ ਮਨਪ੍ਰੀਤ ਕੌਰ, ਚਰਨਜੀਤ ਕੌਰ, ਸੁਖਵਿੰਦਰ ਕੌਰ, ਮਨਜੀਤ ਕੌਰ, ਸਰੋਜ ਰਾਣੀ, ਹਰਪਾਲ ਕੌਰ, ਮਨਜੀਤ ਕੌਰ, ਅਮਨਦੀਪ ਕੌਰ, ਦਲਜੀਤ ਕੌਰ, ਮੋਨਿਕਾ ਰਾਣੀ, ਚਰਨਜੀਤ ਕੌਰ, ਕਿਰਨਦੀਪ ਕੌਰ, ਵੀਰਪਾਲ ਕੌਰ, ਜਸਵਿੰਦਰ ਕੌਰ, ਰਾਜਾ ਸਿੰਘ ਭਲੇਰੀਆਂ, ਅਮਰਜੀਤ ਕੌਰ, ਅਮਨਦੀਪ ਕੌਰ ਤੋਂ ਇਲਾਵਾ ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਦੇ ਪਵਨ ਕੁਮਾਰ ਹਾਜ਼ਰ ਸਨ।

## ਕਾਤਰਾਂ

### ਮਾਰੂ ਹਥਿਆਰਾਂ ਨਾਲ ਹਮਲਾ ਕਰਨ ਵਾਲੇ 5 ਵਿਅਕਤੀਆਂ 'ਤੇ ਮਾਮਲਾ ਦਰਜ

**ਮਲੋਟ (ਗੁਰਮੀਤ ਸਿੰਘ ਮੱਕੜ)**-ਸਥਾਨਕ ਥਾਣਾ ਸਿਟੀ ਪੁਲਸ ਨੇ ਮਾਰੂ ਹਥਿਆਰਾਂ ਨਾਲ ਹਮਲਾ ਕਰਨ ਵਾਲੇ 5 ਵਿਅਕਤੀਆਂ 'ਤੇ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਆਪਣੇ ਬਿਆਨਾਂ ਵਿੱਚ ਜਸਵਿੰਦਰ ਸਿੰਘ ਵਾਸੀ ਪ੍ਰੀਤ ਨਗਰ ਮਲੋਟ ਨੇ ਦੱਸਿਆ ਕਿ ਉਹ ਆਪਣੇ ਮੈਡੀਕਲ ਸਟੋਰ 'ਤੇ ਸੀ ਤਾਂ ਅਰਸ਼ਦੀਪ ਸਿੰਘ, ਪ੍ਰੀਤ ਸਿੰਘ, ਮਨਜੀਤ ਸਿੰਘ ਵਾਸੀ ਐੱਸ.ਏ.ਐੱਸ. ਨਗਰ ਮਲੋਟ, ਹੈਪੀ ਵਾਸੀ ਨੇੜੇ ਕਲਗੀਧਰ ਸਕੂਲ ਮਲੋਟ ਅਤੇ ਇੱਕ ਅਣਪਛਾਤਾ ਵਿਅਕਤੀ ਕਾਰ 'ਚ ਸਵਾਰ ਹੋ ਕੇ ਆਏ ਤੇ ਮਨਜੀਤ ਸਿੰਘ ਦਸਤੀ ਕਿਰਪਾਨ ਲੈ ਕੇ ਉਸ ਦੀ ਦੁਕਾਨ ਅੰਦਰ ਦਾਖਲ ਹੋ ਗਿਆ ਅਤੇ ਕਿਰਪਾਨ ਦੇ ਵਾਰ ਕੀਤੇ, ਜਿੱਥੇ ਭੱਜ ਕੇ ਉਹ ਬਾਹਰ ਆ ਗਿਆ ਅਤੇ ਉਕਤ ਮੁਲਜ਼ਮਾਂ ਨੇ ਉਸ ਉੱਪਰ ਆਪਣੀ ਕਾਰ ਚੜ੍ਹਾਉਣ ਦੀ ਕੋਸ਼ਿਸ਼ ਕੀਤੀ, ਜਿਸ ਨਾਲ ਕਾਰ ਉਸ ਦੇ ਖੱਬੇ ਪੈਰ ਉੱਪਰ ਦੀ ਲੰਘ ਗਈ ਤੇ ਉਸ ਦੇ ਪੈਰ ਦੀਆਂ ਹੱਡੀਆਂ ਟੁੱਟ ਗਈਆਂ ਅਤੇ ਗਲੀ ਵਿੱਚ ਇਕੱਠ ਹੋਣ ਕਾਰਨ ਉਕਤ ਵਿਅਕਤੀ ਮੌਕੇ ਤੋਂ ਫ਼ਰਾਰ ਹੋ ਗਏ। ਪੁਲਸ ਨੇ ਉਕਤ ਵਿਅਕਤੀਆਂ 'ਤੇ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

### ਡਾਕਟਰ ਭੱਟੀ ਦੀ ਪਤਨੀ ਦਾ ਦਿਹਾਂਤ



**ਧੂਰੀ (ਸੁਖਦੇਵ ਧੂਰੀ)**-ਉੱਘੇ ਵਿਦਵਾਨ ਤੇ ਰਾਸ਼ਟਰੀ ਐਵਾਰਡ ਜੇਤੂ ਲੇਖਕ ਡਾਕਟਰ ਦੇਵ ਦੱਤ ਭੱਟੀ ਦੀ ਧਰਮਪਤਨੀ ਨਿਰਮਲਾ ਦੇਵੀ ਦਾ ਪਿਛਲੇ ਦਿਨੀਂ ਸੰਖੇਪ ਬਿਮਾਰੀ ਉਪਰੰਤ ਦਿਹਾਂਤ ਹੋ ਗਿਆ। ਇਸੇ ਦੌਰਾਨ ਵੱਖ ਵੱਖ ਸਮਾਜਕ, ਵਿੱਦਿਅਕ ਤੇ ਸਾਹਿਤਕ ਸੰਸਥਾਵਾਂ ਵੱਲੋਂ ਭੱਟੀ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ। ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਡਾਕਟਰ ਦਰਸ਼ਨ ਬੁੱਟਰ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਦੇ ਪ੍ਰਧਾਨ ਪਵਨ ਹਰਚੰਦਪੁਰੀ ਤੇ ਸਾਹਿਤ ਸਭਾ ਧੂਰੀ ਦੇ ਪ੍ਰਧਾਨ ਸੁਰਿੰਦਰ ਸ਼ਰਮਾ ਨਾਗਰਾ ਨੇ ਭੱਟੀ ਪਰਵਾਰ ਨਾਲ ਦੁੱਖ ਸਾਂਝਾ ਕੀਤਾ। ਨਿਰਮਲਾ ਦੇਵੀ ਨਮਿੱਤ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ 22 ਜਨਵਰੀ ਨੂੰ ਦੁਪਹਿਰ 1 ਤੋਂ 2 ਵਜੇ ਤੱਕ ਕਾਲੀ ਮਾਤਾ ਮੰਦਰ ਮਾਲੇਰਕੋਟਲਾ ਵਿਖੇ ਵਿਖੇ ਹੋਵੇਗਾ।

### ਇੰਗਲਿਸ਼ ਸਟੂਡੀਓ ਨੇ ਲਵਾਇਆ ਕੈਨੇਡਾ ਦਾ 20 ਦਿਨਾਂ 'ਚ ਸਟੱਡੀ ਵੀਜ਼ਾ




**ਬਾਘਾ ਪੁਰਾਣਾ (ਮਨੀ ਸਿੰਗਲਾ)**-ਇੰਗਲਿਸ਼ ਸਟੂਡੀਓ ਸੰਸਥਾ ਜੋ ਕਿ ਕੋਟਕਪੂਰਾ ਰੋਡ ਉੱਤੇ ਬਾਘਾ ਪੁਰਾਣਾ ਵਿਖੇ ਪੈਟ੍ਰੋਲ ਪੰਪ ਦੇ ਸਾਹਮਣੇ ਹੈ, ਇਥੇ ਵਿਦਿਆਰਥੀਆਂ ਨੂੰ ਸਾਰੀਆਂ ਆਧੁਨਿਕ ਤੇ ਬੁਨਿਆਦੀ ਸਹੂਲਤਾਂ ਪ੍ਰਧਾਨ ਕੀਤੀਆਂ ਜਾਂਦੀਆਂ ਹਨ। ਇਥੇ ਆਈਲਟਸ ਕਰਕੇ ਵਿਦਿਆਰਥੀ ਆਪਣੇ ਵਿਦੇਸ਼ ਜਾਣ ਦੇ ਸੁਪਨਿਆਂ ਨੂੰ ਸਾਕਾਰ ਕਰ ਰਹੇ ਹਨ, ਇਸ ਵਾਰ ਇਸ ਸੰਸਥਾ ਦੇ ਵਿਦਿਆਰਥੀ ਜਸਕੀਰਤ ਸਿੰਘ ਪੁੱਤਰ ਜਸਪਾਲ ਸਿੰਘ ਵਾਸੀ ਮੁਬਾਰਕਪੁਰ ਮੁਹਾਲੀ ਦਾ ਕੈਨੇਡਾ ਦਾ ਓਪਨ ਵਰਕ ਪਰਮਿਟ (ਸਪਾਊਸ ਵੀਜ਼ਾ) ਕੇਵਲ 20 ਦਿਨਾਂ ਵਿੱਚ ਹੀ ਲਗਾਇਆ ਹੈ। ਸੰਸਥਾ ਦੇ ਮੁਖੀ ਪੰਕਜ ਬਾਂਸਲ ਤੇ ਗੌਰਵ ਕਾਲੜਾ ਨੇ ਵਿਦਿਆਰਥੀ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

### ਕਿਸਾਨ ਆਪਣੇ ਖਾਤੇ ਦੀ ਈ ਕੇ ਵਾਈ ਸੀ ਕਰਵਾਉਣ : ਡਾ. ਗੁਰਸਾਹਿਬ ਸਿੰਘ

**ਮਮਦੋਟ (ਜਸਬੀਰ ਸਿੰਘ ਕੰਬੋਜ)**-ਡਾਕਟਰ ਗੁਰਸਾਹਿਬ ਸਿੰਘ ਬਲਾਕ ਖੇਤੀਬਾੜੀ ਅਫਸਰ ਮਮਦੋਟ ਨੇ ਕਿਸਾਨਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਜਿਹੜੇ ਕਿਸਾਨ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ ਦਾ ਲਾਭ ਲੈ ਰਹੇ ਹਨ ਤੇ ਜਿਨ੍ਹਾਂ ਲਾਭਪਾਤਰੀਆਂ ਨੇ ਅਜੇ ਤੱਕ ਈ.ਕੇ.ਵਾਈ.ਸੀ. ਨਹੀਂ ਕਰਵਾਈ ਜਾ ਜਿਨ੍ਹਾਂ ਲਾਭਪਾਤਰੀਆਂ ਨੇ ਅਜੇ ਤੱਕ ਆਪਣੇ ਖਾਤੇ ਅਧਾਰ ਕਾਰਡ ਨਾਲ ਲਿੰਕ ਨਹੀਂ ਕਰਵਾਏ, ਉਹ ਅਗਲੀ ਕਿਸ਼ਤ ਦਾ ਲਾਭ ਲੈਣ ਲਈ ਆਪਣੇ ਖਾਤੇ ਜਲਦੀ ਤੋਂ ਜਲਦੀ ਅਧਾਰ ਕਾਰਡ ਨਾਲ ਲਿੰਕ ਕਰਵਾ ਲੈਣ, ਜੋ ਕਿਸਾਨ ਵੀਰ ਇਸ ਯੋਜਨਾ ਦਾ ਲਾਭ ਲੈ ਰਹੇ ਹਨ, ਉਹ ਆਪਣੀ ਈ. ਕੇ. ਵਾਈ. ਸੀ. ਆਪਣੇ ਆਪ ਵੀ ਪੀ.ਐੱਮ. ਕਿਸਾਨ ਪੋਰਟਲ 'ਤੇ ਕਰ ਸਕਦੇ ਹਨ ਜਾਂ ਖੇਤੀਬਾੜੀ ਵਿਭਾਗ ਦੇ ਦਫਤਰ ਵਿੱਚ ਜਾਂ ਜ਼ਿਲ੍ਹਿਆਂ ਵਿੱਚ ਸਥਿਤ ਕਿਸੇ ਵੀ ਕਾਮਨ ਸਰਵਿਸ ਸੈਂਟਰ ਨਾਲ ਸੰਪਰਕ ਕਰਕੇ ਆਪਣੀ ਈ.ਕੇ.ਵਾਈ.ਸੀ. ਕਰਵਾ ਸਕਦੇ ਹਨ।

# ਕਿਸੇ ਵੀ ਸਰਕਾਰੀ ਵਿਭਾਗ 'ਚ ਭ੍ਰਿਸ਼ਟਾਚਾਰ ਨੂੰ ਸਹਿਣ ਨਹੀਂ ਕੀਤਾ ਜਾਵੇਗਾ : ਬਲਜੀਤ ਕੌਰ



**ਮਾਨਸਾ (ਰੀਤਵਾਲ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਨੂੰ ਮਿਆਰੀ ਸਿਹਤ ਸੁਵਿਧਾਵਾਂ, ਸਿੱਖਿਆ ਤੇ ਨੌਜਵਾਨ ਪੀੜ੍ਹੀ ਨੂੰ ਵੱਧ ਤੋਂ ਵੱਧ ਰੁਜ਼ਗਾਰ ਮੁਹੱਈਆ ਕਰਵਾਉਣ ਦੇ ਨਾਲ ਨਾਲ ਪੰਜਾਬ ਦੇ ਸਰਵਪੱਖੀ ਵਿਕਾਸ ਲਈ ਵਚਨਬੱਧ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸਮਾਜਿਕ ਤੇ ਨਿਆਂ ਅਧਿਕਾਰਤਾ, ਘੱਟ ਗਿਣਤੀ, ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਬਲਜੀਤ ਕੌਰ ਨੇ ਸਥਾਨਕ ਬੱਚਤ ਭਵਨ ਵਿਖੇ ਵੱਖ-ਵੱਖ ਵਿਭਾਗੀ ਅਧਿਕਾਰੀਆਂ ਨਾਲ ਜ਼ਿਲ੍ਹੇ ਅੰਦਰ ਚੱਲ ਰਹੇ ਵਿਕਾਸ ਕਾਰਜਾਂ ਤੇ ਭਲਾਈ ਸਕੀਮਾਂ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਰੱਖੀ ਮੀਟਿੰਗ ਦੌਰਾਨ ਕੀਤਾ। ਕੈਬਨਿਟ ਮੰਤਰੀ ਬਲਜੀਤ ਕੌਰ ਨੇ ਪ੍ਰਸ਼ਾਸਨਕ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਪੰਜਾਬ ਸਰਕਾਰ ਲੋਕਾਂ ਨੂੰ ਪਾਰਦਰਸ਼ੀ ਤੇ ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸਨ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। ਉਨ੍ਹਾਂ ਸਮੂਹ ਵਿਭਾਗੀ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਆਪਣੀਆਂ ਸੇਵਾਵਾਂ ਨਿਭਾਉਣ ਲਈ ਕਿਹਾ। ਉਨ੍ਹਾ ਕਿਹਾ ਕਿ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਲੋਕ ਭਲਾਈ ਸਕੀਮਾਂ ਦਾ ਲਾਭ ਯੋਗ ਤੇ ਲੋੜਵੰਦ ਲੋਕਾਂ ਤੱਕ ਪਹੁੰਚਾਉਣਾ ਯਕੀਨੀ ਬਣਾਇਆ ਜਾਵੇ ਅਤੇ ਲੋਕਾਂ ਨੂੰ ਬਿਨਾਂ ਕਿਸੇ ਦਿੱਕਤ-ਪ੍ਰੇਸ਼ਾਨੀ ਤੋਂ ਪ੍ਰਸ਼ਾਸਨਕ ਸੇਵਾਵਾਂ ਦਾ ਲਾਭ ਮਿਲ ਸਕੇ। ਉਨ੍ਹਾ ਕਿਹਾ ਕਿ ਹਰੇਕ ਹਲਕੇ ਦੇ ਵਿਕਾਸ ਕੰਮਾਂ ਲਈ ਸਰਕਾਰ ਵੱਲੋਂ ਮਿਲਣ ਵਾਲੀ ਗ੍ਰਾਂਟ ਨੂੰ ਪਾਰਦਰਸ਼ੀ ਤੇ ਯੋਜਨਾਬੱਧ ਤਰੀਕੇ ਨਾਲ ਵਰਤਿਆ ਜਾਵੇ। ਮੀਟਿੰਗ ਦੌਰਾਨ ਵਿਧਾਇਕ ਸਰਦੂਲਗੜ੍ਹ ਗੁਰਪ੍ਰੀਤ ਸਿੰਘ ਬਣਾਂਵਾਲੀ, ਵਿਧਾਇਕ ਬੁਢਲਾਡਾ ਬੁੱਧ ਰਾਮ, ਵਿਧਾਇਕ ਮਾਨਸਾ ਡਾ. ਵਿਜੈ ਸਿੰਗਲਾ ਨੇ ਹਲਕੇ ਨਾਲ ਸਬੰਧਤ ਭਲਾਈ ਯੋਜਨਾਵਾਂ ਤੇ ਵਿਕਾਸ ਕੰਮਾਂ ਬਾਰੇ ਕੈਬਨਿਟ ਮੰਤਰੀ ਨੂੰ ਜਾਣੂ ਕਰਵਾਇਆ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਮਾਨਸਾ ਸ਼ਹਿਰ ਅੰਦਰ ਸੀਵਰੇਜ ਦੀ ਸਮੱਸਿਆ ਨੂੰ ਨਜਿੱਠਣ ਲਈ ਕੰਮ ਪ੍ਰਕਿਰਿਆ ਅਧੀਨ ਹੈ, ਜਿਸ ਦਾ ਬਹੁਤ ਜਲਦ ਹੱਲ ਕਰ ਲਿਆ ਜਾਵੇਗਾ। ਉਨ੍ਹਾ ਦੱਸਿਆ ਕਿ ਲੋੜਵੰਦ ਪਰਵਾਰਾਂ ਨੂੰ ਲੜਕੀ ਦੇ ਵਿਆਹ 'ਤੇ ਮਿਲਣ ਵਾਲੀ ਬਕਾਇਆ ਸ਼ਗਨ ਸਕੀਮ ਦੀ ਰਾਸ਼ੀ ਜਲਦ ਜਾਰੀ ਕੀਤੀ ਜਾਵੇਗੀ। ਜ਼ਿਲ੍ਹੇ ਅੰਦਰ ਗਲਤ ਪਾਏ ਜਾਣ ਵਾਲੇ ਰਾਸ਼ਨ ਕਾਰਡ ਧਾਰਕਾਂ ਦੀ ਕਟੌਤੀ ਕਰਕੇ ਯੋਗ ਤੇ ਲੋੜਵੰਦ ਪਰਵਾਰਾਂ ਨੂੰ ਹੀ ਸਰਕਾਰ ਦੀ ਆਟਾ ਦਾਲ ਸਕੀਮ ਦਾ ਲਾਭ ਮੁਹੱਈਆ ਕਰਵਾਇਆ ਜਾਵੇਗਾ। ਕੈਬਨਿਟ ਮੰਤਰੀ ਨੇ ਇੱਕ ਸਵਾਲ ਦਾ ਜਵਾਬ ਦਿੰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਅੰਦਰ ਭ੍ਰਿਸ਼ਟਾਚਾਰ ਨੂੰ ਜੜ੍ਹ ਤੋਂ ਖ਼ਤਮ ਕਰਨ ਲਈ ਵਚਨਬੱਧ ਹੈ ਤੇ ਕਿਸੇ ਵੀ ਸਰਕਾਰੀ ਵਿਭਾਗ 'ਚ ਭ੍ਰਿਸ਼ਟਾਚਾਰ ਨੂੰ ਬਿਲਕੁਲ ਸਹਿਣ ਨਹੀਂ ਕੀਤਾ ਜਾਵੇਗਾ। ਇਸ ਮੌਕੇ ਡਿਪਟੀ ਕਮਿਸ਼ਨਰ ਬਲਦੀਪ ਕੌਰ ਨੇ ਕੈਬਨਿਟ ਮੰਤਰੀ ਸ੍ਰੀਮਤੀ ਬਲਜੀਤ ਕੌਰ ਨੂੰ ਪੰਜਾਬ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਦਾ ਯੋਗ ਤੇ ਲੋੜਵੰਦ ਲੋਕਾਂ ਤੱਕ ਲਾਭ ਪੁੱਜਦਾ ਕਰਵਾਉਣ ਅਤੇ ਵਿਕਾਸ ਕੰਮਾਂ ਨੂੰ ਸਮਾਂਬੱਧ ਤੇ ਪਾਰਦਰਸ਼ੀ ਢੰਗ ਨਾਲ ਕਰਵਾਉਣ ਦਾ ਭਰੋਸਾ ਦਿੱਤਾ।

# ਮਾਤਾ ਸਾਹਿਬ ਕੌਰ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਇੰਟਰਨੈਸ਼ਨਲ ਓਲੰਪੀਆਡ 'ਚ ਕੀਤਾ ਪ੍ਰਵੇਸ਼



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਇੰਟਰਨੈਸ਼ਨਲ ਸੋਸਾਇਟੀ ਫਾਰ ਓਲੰਪੀਆਡ ਤੇ ਯੂਫੀਅਸ ਲਰਨਿੰਗ ਦੁਆਰਾ ਵਿਦਿਆਰਥੀਆਂ ਦੇ ਅਕੈਡਮਿਕ ਵਿਕਾਸ ਅਤੇ ਬੌਧਿਕ ਵਿਕਾਸ ਲਈ ਸੈਸ਼ਨ 2022-2023 ਵਿੱਚ ਪਹਿਲੀ ਜਮਾਤ ਤੋਂ ਦੱਸਵੀਂ ਜਮਾਤ ਤੱਕ ਅੰਗਰੇਜ਼ੀ, ਹਿਸਾਬ ਤੇ ਵਿਗਿਆਨ ਵਿਸ਼ਿਆਂ ਦਾ ਓਲੰਪੀਆਡ 23, 24 ਤੇ 25 ਨਵੰਬਰ ਨੂੰ ਕਰਵਾਇਆ ਗਿਆ, ਜਿਸ ਦਾ ਨਤੀਜਾ 19 ਜਨਵਰੀ ਨੂੰ ਐਲਾਨਿਆ ਗਿਆ। ਇਸ ਵਿੱਚ ਮਾਤਾ ਸਾਹਿਬ ਕੌਰ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਦੇ ਪਹਿਲੀ ਜਮਾਤ ਦੇ ਵਿਦਿਆਰਥੀ ਨਵਨੀਤ ਕੌਰ, ਗੁਰਤਾਜ, ਮਨਮੀਤ, ਰਵੀਜੋਤ, ਸਹਿਜਪ੍ਰੀਤ, ਹਰਸਿਮਰਨ, ਦੂਸਰੀ ਜਮਾਤ ਦੇ ਵਿਦਿਆਰਥੀ ਅੰਮ੍ਰਿਤ ਸੰਧੂ, ਤੀਸਰੀ ਜਮਾਤ ਦਾ ਵਿਦਿਆਰਥੀ ਆਰਵ ਮੋਗਾ, ਪੰਜਵੀਂ ਜਮਾਤ ਦੀ ਵਿਦਿਆਰਥਣ ਖੁਸ਼ਪ੍ਰੀਤ ਕੌਰ, ਨੌਵੀਂ ਜਮਾਤ ਦੇ ਵਿਦਿਆਰਥੀ ਜਸਕਰਨ, ਸੋਨਮਪ੍ਰੀਤ, ਸੋਨਾਕਸ਼ੀ, ਅੰਤਰਿਕਸ਼, ਹਰਮਨਦੀਪ ਕੌਰ ਤੇ ਦਸਵੀਂ ਜਮਾਤ ਦੀ ਵਿਦਿਆਰਥਣ ਕਮਲਜੀਤ ਕੌਰ ਨੇ ਓਲੰਪੀਆਡ ਦਾ ਪਹਿਲਾ ਰਾਊਂਡ ਪਾਸ ਕਰਕੇ ਫਾਈਨਲ ਰਾਊਂਡ ਵਿੱਚ ਪ੍ਰਵੇਸ਼ ਕੀਤਾ। ਇਸ ਓਲੰਪੀਆਡ ਦਾ ਮੁੱਖ ਮਕਸਦ ਵਿਦਿਆਰਥੀਆਂ ਨੂੰ ਆਪਣੇ ਵਿਸ਼ੇ ਵਿੱਚ ਮਜ਼ਬੂਤ ਕਰਨਾ ਹੈ। ਵਿਦਿਆਰਥੀ ਆਪਣੀ ਪ੍ਰਤਿਭਾ ਤੇ ਸਵੈ-ਵਿਸ਼ਵਾਸ ਨੂੰ ਹੋਰ ਨਿਖਾਰ ਪਾਉਣਗੇ। ਵਿਦਿਆਰਥੀਆਂ ਦੀ ਇਸ ਸਫ਼ਲਤਾ ਦੀ ਪ੍ਰਾਪਤੀ 'ਤੇ ਮਾਤਾ ਸਾਹਿਬ ਕੌਰ ਸਕੂਲ ਦੇ ਮੈਨੇਜਮੈਂਟ ਕਮੇਟੀ ਤੇ ਸਕੂਲ ਪ੍ਰਿੰਸੀਪਲ ਵੱਲੋਂ ਵਿਦਿਆਰਥੀਆਂ ਨੂੰ ਮੈਡਲ ਦੇ ਕੇ ਸਨਮਾਨਤ ਕੀਤਾ ਗਿਆ। ਸਕੂਲ ਦੇ ਪ੍ਰਿੰਸੀਪਲ ਡਾ. ਪੰਕਜ ਧਮੀਜਾ ਤੇ ਸਕੂਲ ਮੈਨੇਜਮੈਂਟ ਕਮੇਟੀ ਦੇ ਮੈਂਬਰ ਮਹੀਪਾਲ ਸਿੰਘ, ਕਮਲਪਾਲ ਸਿੰਘ, ਹਰਬੀਰ ਸਿੰਘ, ਗੁਰਿੰਦਰ ਸਿੰਘ ਤੇ ਮੈਡਮ ਸਿਮਰਨ, ਮੈਡਮ ਪਵਨਦੀਪ, ਮੈਡਮ ਸੰਦੀਪ ਸ਼ਰਮਾ, ਮੋਹਿਤ ਕੁਮਾਰ, ਸਾਜਨ ਪੁੱਗਲ ਤੇ ਸਮੂਹ ਸਕੂਲ ਸਟਾਫ਼ ਨੇ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਉਨ੍ਹਾਂ ਨੂੰ ਅਗਲੇ ਇੰਟਰਨੈਸ਼ਨਲ ਰਾਊਡ ਤੇ ਚੰਗਾ ਪ੍ਰਦਰਸ਼ਨ ਕਰਨ ਦੀਆਂ ਸ਼ੁਭ-ਕਾਮਨਾਵਾਂ ਦਿੱਤੀਆਂ।

# ਵਿਦਿਆਰਥੀਆਂ ਨੂੰ ਕੀਤਾ ਟ੍ਰੈਫਿਕ ਨਿਯਮਾਂ ਪ੍ਰਤੀ ਜਾਗਰੂਕ



**ਮੋਗਾ (ਅਮਰਜੀਤ ਬੱਬਰੀ)**-ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਸੀਨੀਅਰ ਕਪਤਾਨ ਪੁਲਸ ਮੋਗਾ ਸ੍ਰ. ਗੁਲਨੀਤ ਸਿੰਘ ਖੁਰਾਨਾ ਦੀ ਦੇਖ-ਰੇਖ ਹੇਠ ਟ੍ਰੈਫਿਕ ਐਜੂਕੇਸ਼ਨ ਸੈੱਲ ਮੋਗਾ ਵੱਲੋਂ ਆਮ ਲੋਕਾਂ ਨੂੰ ਆਵਾਜਾਈ ਦੇ ਨਿਯਮਾਂ ਦੀ ਵਿਸਥਾਰਪੂਰਵਕ ਜਾਣਕਾਰੀ ਮੁਹੱਈਆ ਕਰਵਾਉਣ ਲਈ ਜਾਗਰੂਕਤਾ ਗਤੀਵਿਧੀਆਂ ਚਲਾਈਆਂ ਜਾ ਰਹੀਆਂ ਹਨ। ਇਸ ਬਾਰੇ ਜਾਣਕਾਰੀ ਦਿੰਦਿਆਂ ਟ੍ਰੈਫਿਕ ਐਜੂਕੇਸ਼ਨ ਸੈੱਲ ਮੋਗਾ ਦੇ ਇੰਚਾਰਜ ਸ੍ਰ. ਕੇਵਲ ਸਿੰਘ ਨੇ ਦੱਸਿਆ ਕਿ ਉਕਤ ਦੀ ਲਗਾਤਾਰਤਾ ਵਿੱਚ ਡੀ.ਐੱਸ.ਪੀ. ਟ੍ਰੈਫਿਕ ਮੋਗਾ ਸ੍ਰ. ਜ਼ੋਰਾ ਸਿੰਘ ਦੀ ਰਹਿਨੁਮਾਈ ਹੇਠ ਗੁਰੂ ਨਾਨਕ ਕਾਲਜ ਮੋਗਾ ਦੇ ਵਿਦਿਆਰਥੀਆਂ ਨੂੰ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ, ਵਹੀਕਲਾਂ ਦੇ ਦਸਤਾਵੇਜ਼ ਪੂਰੇ ਰੱਖਣ, ਸਾਈਬਰ ਕ੍ਰਾਈਮ ਰਾਹੀਂ ਹੋ ਰਹੀਆਂ ਠੱਗੀਆਂ ਤੋਂ ਬਚਣ ਸਬੰਧੀ ਤੇ ਅਣਪਛਾਤੇ ਵਹੀਕਲ ਨਾਲ ਐਕਸੀਡੈਂਟ ਹੋਣ 'ਤੇ ਸਲੇਸ਼ੀਅਨ ਫੰਡ ਮੁਆਵਜ਼ਾ ਲੈਣ ਸੰਬੰਧੀ ਜਾਗਰੂਕ ਕੀਤਾ ਗਿਆ। ਉਨ੍ਹਾ ਦੱਸਿਆ ਕਿ ਵਹੀਕਲਾਂ ਉੱਪਰ ਹਾਈ ਸਕਿਉਰਿਟੀ ਨੰਬਰ ਪਲੇਟਾਂ ਲਗਵਾਉਣੀਆਂ ਲਾਜ਼ਮੀ ਹਨ। ਸਾਈਬਰ ਕ੍ਰਾਈਮ ਰਾਹੀਂ ਹੋ ਰਹੀਆਂ ਠੱਗੀਆਂ ਤੋਂ ਬਚਣ ਸੰਬੰਧੀ ਵਿਸਥਾਰਪੂਰਵਕ ਜਾਗਰੂਕ ਕਰਕੇ ਇਸ ਸਬੰਧੀ ਜਾਰੀ ਕੀਤੇ ਗਏ ਹੈਲਪ ਲਾਈਨ ਨੰਬਰ 1930 ਦੀ ਜਾਣਕਾਰੀ ਦਿੱਤੀ ਗਈ। ਇਸ ਤੋਂ ਇਲਾਵਾ ਅਣਪਛਾਤੇ ਵਹੀਕਲ ਨਾਲ ਐਕਸੀਡੈਂਟ ਹੋਣ 'ਤੇ ਸਿਲੇਸ਼ੀਅਨ ਫੰਡ ਮੁਆਵਜ਼ਾ ਲੈਣ ਸਬੰਧੀ ਵੀ ਜਾਣਕਾਰੀ ਦਿੱਤੀ ਗਈ। ਉਨ੍ਹਾ ਕਿਹਾ ਕਿ ਕਿਸੇ ਤਰ੍ਹਾਂ ਦੀ ਸਮੱਸਿਆ ਸਮੇਂ ਲੋੜ ਪੈਣ 'ਤੇ 112 ਨੰਬਰ ਡਾਇਲ ਕਰਕੇ ਸਹਾਇਤਾ ਲਈ ਜਾ ਸਕਦੀ ਹੈ। ਇਸ ਮੌਕੇ ਹੈਂਡ ਕਾਂਸਟੇਬਲ ਸੁਖਜਿੰਦਰ ਸਿੰਘ ਟ੍ਰੈਫਿਕ ਐਜੂਕੇਸ਼ਨ ਸੈੱਲ ਮੋਗਾ, ਪ੍ਰਿੰਸੀਪਲ ਮੈਡਮ ਡਾ. ਤਜਿੰਦਰ ਕੌਰ, ਰਣਵਿੰਦਰ ਕੌਰ ਆਦਿ ਅਧਿਆਪਕ ਹਾਜ਼ਰ ਸਨ।

# ਦੇਸ਼ ਭਗਤ ਯੂਨੀਵਰਸਿਟੀ 'ਚ ਸਾਬਕਾ ਵਿਦਿਆਰਥੀਆਂ ਲਈ ਐਲੂਮਨੀ ਮੀਟ



**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਦੇਸ਼ ਭਗਤ ਯੂਨੀਵਰਸਿਟੀ ਦੀ ਫੈਕਲਟੀ, ਸਮਾਜਿਕ ਵਿਗਿਆਨ ਤੇ ਭਾਸ਼ਾਵਾਂ ਅਤੇ ਸਿੱਖਿਆ, ਫੈਕਲਟੀ ਆਫ ਡਿਜ਼ਾਈਨ, ਫਾਈਨ ਆਰਟਸ ਤੇ ਫੈਕਲਟੀ ਆਫ ਪ੍ਰਫਾਰਮਿੰਗ ਆਰਟਸ ਤੇ ਮੀਡੀਆ ਨੇ ਸਾਬਕਾ ਵਿਦਿਆਰਥੀਆਂ ਲਈ ਇੱਕ ਅਲੂਮਨੀ ਮੀਟ ਕਰਵਾਈ। ਇਸ ਅਲੂਮਨੀ ਮੀਟ ਵਿੱਚ ਸਾਬਕਾ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਇਸ ਮੌਕੇ ਗਿੱਧਾ, ਭੰਗੜਾ, ਫੈਸ਼ਨ ਸ਼ੋਅ ਆਦਿ ਸੱਭਿਆਚਾਰਕ ਪੇਸ਼ਕਾਰੀਆਂ ਨੇ ਸਾਰਿਆਂ ਦਾ ਮਨੋਰੰਜਨ ਕੀਤਾ। ਇਸ ਮੌਕੇ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ, ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ, ਉੱਪ ਕੁਲਪਤੀ ਡਾ. ਵਰਿੰਦਰ ਸਿੰਘ, ਡਾਇਰੈਕਟਰ ਫੈਕਲਟੀ ਆਫ ਸੋਸ਼ਲ ਸਾਇੰਸਜ਼ ਤੇ ਲੈਂਗੂਏਜ ਡਾ. ਦਵਿੰਦਰ ਕੁਮਾਰ ਸ਼ਰਮਾ, ਮੀਡੀਆ ਤੇ ਪ੍ਰਫਾਰਮਿੰਗ ਆਰਟਸ ਦੇ ਡਾਇਰੈਕਟਰ ਡਾ. ਸੁਰਜੀਤ ਕੌਰ ਪਠੇਜਾ, ਐਜੂਕੇਸ਼ਨ ਵਿਭਾਗ ਦੇ ਐੱਚ.ਓ.ਡੀ. ਪ੍ਰੋ. ਡਾ. ਪ੍ਰਿਸ਼ੀਸ਼ ਸ਼ਿਓਰਾਨ, ਫਾਈਨ ਆਰਟਸ ਦੇ ਐੱਚ.ਓ.ਡੀ. ਡਾ. ਯਤੀ ਤੇ ਯੂਨੀਵਰਸਿਟੀ ਦੇ ਵੱਖ-ਵੱਖ ਡੀਨ ਅਤੇ ਡਾਇਰੈਕਟਰ ਇਸ ਮੌਕੇ ਹਾਜ਼ਰ ਸਨ। ਸਾਰੇ ਸਬੰਧਤ ਫੈਕਲਟੀ ਦੇ ਗ੍ਰੈਜੂਏਟ ਤੇ ਪੋਸਟ ਗ੍ਰੈਜੂਏਟ ਆਪਣੇ ਯੂਨੀਵਰਸਿਟੀ ਕੈਂਪਸ ਵਿੱਚ ਵਾਪਸ ਆ ਕੇ ਬਹੁਤ ਖੁਸ਼ ਸਨ ਤੇ ਉਨ੍ਹਾਂ ਦਾ ਅਧਿਆਪਕਾਂ ਤੇ ਦੋਸਤਾਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਨੇ ਆਪਣੇ ਸੰਬੋਧਨ 'ਚ ਸਾਬਕਾ ਵਿਦਿਆਰਥੀਆਂ ਦਾ ਸਵਾਗਤ ਕੀਤਾ। ਉਨ੍ਹਾ ਕਿਹਾ ਕਿ ਯੂਨੀਵਰਸਿਟੀ ਨੂੰ ਆਪਣੇ ਸਾਬਕਾ ਵਿਦਿਆਰਥੀਆਂ 'ਤੇ ਬਹੁਤ ਮਾਣ ਹੈ, ਜੋ ਵੱਖ-ਵੱਖ ਥਾਵਾਂ 'ਤੇ ਕੰਮ ਕਰ ਰਹੇ ਹਨ ਤੇ ਦੇਸ਼ ਭਗਤ ਯੂਨੀਵਰਸਿਟੀ ਦਾ ਨਾਂਅ ਰੋਸ਼ਨ ਕਰ ਰਹੇ ਹਨ। ਡਾ. ਤਜਿੰਦਰ ਕੌਰ, ਪ੍ਰੋ-ਚਾਂਸਲਰ ਦੇਸ਼ ਭਗਤ ਯੂਨੀਵਰਸਿਟੀ ਨੇ ਯੂਨੀਵਰਸਿਟੀ ਦੇ ਸਾਬਕਾ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਸਾਰੇ ਯੂਨੀਵਰਸਿਟੀ ਦੇ ਪਰਿਵਾਰ ਦਾ ਹਿੱਸਾ ਹਨ ਤੇ ਯੂਨੀਵਰਸਿਟੀ ਹਮੇਸ਼ਾ ਉਨ੍ਹਾਂ ਦੀ ਮਦਦ ਲਈ ਤਿਆਰ ਹੈ। ਉਨ੍ਹਾ ਨੇ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।

# ਸ਼ੁਭਮਨ ਗਿੱਲ ਵੱਲੋਂ 208 ਰਨ ਬਣਾਉਣ 'ਤੇ ਹਲਕੇ 'ਚ ਖੁਸ਼ੀ ਦੀ ਲਹਿਰ



ਖੁਸ਼ੀ ਜ਼ਾਹਰ ਕਰਦੇ ਤੇ ਜਾਣਕਾਰੀ ਦਿੰਦੇ ਹੋਏ ਦਾਦਾ-ਦਾਦੀ।

**ਜਲਾਲਾਬਾਦ (ਦਹੂਜਾ)**-ਬਾਰਡਰ ਪੱਟੀ 'ਤੇ ਵਸੇ ਛੋਟੇ ਜਿਹੇ ਕਸਬੇ ਜਲਾਲਾਬਾਦ ਦੇ ਨਜ਼ਦੀਕੀ ਪਿੰਡ ਜੈਮਲ ਵਾਲਾ ਦੇ ਵਸਨੀਕ ਸ਼ੁਭਮਨ ਗਿੱਲ ਦੀਆਂ ਕ੍ਰਿਕਟ 'ਚ ਲਗਾਤਾਰ ਉਪਲਬਧੀਆਂ ਤੋਂ ਹਰ ਦੇਸ਼ ਵਾਕਫ ਹੈ ਤੇ ਸੀਨੀਅਰ ਇੰਡੀਆ ਟੀਮ 'ਚ 19ਵਾਂ ਮੈਚ ਖੇਡਦਿਆਂ 149 ਗੇਦਾਂ 'ਤੇ 208 ਰਨ ਦੀ ਤੂਫ਼ਾਨੀ ਪਾਰੀ ਖੇਡੀ, ਜਿਸ ਦੀ ਬਦੌਲਤ ਭਾਰਤ ਨੇ 12 ਰਨਾਂ ਨਾਲ ਜਿੱਤ ਹਾਸਲ ਕੀਤੀ।

ਪੱਤਰਕਾਰ ਵੱਲੋਂ ਸ਼ੁਭਮਨ ਗਿੱਲ ਦੇ ਪਿੰਡ ਜੈਮਲ ਵਾਲਾ ਦਾ ਦੌਰਾ ਕੀਤਾ ਗਿਆ, ਜਿੱਥੇ ਆਤਿਸ਼ਬਾਜ਼ੀ ਕਰਦੇ ਉਨ੍ਹਾਂ ਦੇ ਦੋਸਤ ਤੇ ਸਮੱਰਥਕ ਨਜ਼ਰ ਆਏ। ਜਦ ਸ਼ੁਭਮਨ ਗਿੱਲ ਦੇ ਦਾਦਾ ਦੀਦਾਰ ਸਿੰਘ ਗਿੱਲ ਤੇ ਦਾਦੀ ਗੁਰਮੇਲ ਕੌਰ ਗਿੱਲ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਅੱਜ ਸਾਡੇ ਪੋਤੇ ਨੇ ਪੂਰੀ ਦੁਨੀਆ 'ਚ ਸਾਡੇ ਦੇਸ਼ ਦਾ ਨਾਮ ਰੌਸ਼ਨ ਕੀਤਾ ਹੈ ਤੇ ਸਾਨੂੰ ਖੁਸ਼ੀ ਹੈ। ਉਨ੍ਹਾ ਕਿਹਾ ਕਿ ਸ਼ੁਭਮਨ ਨੇ ਇਸ ਮੈਚ ਕਈ ਦਿਗਜ਼ ਖਿਡਾਰੀਆਂ ਦੇ ਰਿਕਾਰਡ ਤੋੜ ਕੇ ਆਪਣੇ ਨਾਮ ਕੀਤੇ ਹਨ, ਜਿਸ ਨਾਲ ਉਨ੍ਹਾਂ ਨੂੰ ਮਾਣ ਹੋਇਆ ਹੈ। ਉਨ੍ਹਾਂ ਦੱਸਿਆ ਕਿ ਸ਼ੁਭਮਨ ਗਿੱਲ, ਜਿਨ੍ਹਾਂ ਖਿਡਾਰੀਆਂ ਨੂੰ ਆਪਣਾ ਆਦਰਸ਼ ਮੰਨਦੇ ਹਨ, ਜਿਵੇਂ ਕੇ ਸਚਿਨ ਤੇਂਦੂਲਕਰ ਤੇ ਵਿਰਾਟ ਕੋਹਲੀ ਨੂੰ, ਅੱਜ ਉਨ੍ਹਾਂ ਦੇ ਰਿਕਾਰਡ ਨੂੰ ਉਸ ਨੇ ਤੋੜਿਆ ਹੈ। ਸ਼ੁਭਮਨ ਗਿੱਲ ਦੇ ਦਾਦਾ-ਦਾਦੀ ਨੇ ਵਾਹਿਗੁਰੂ ਅੱਗੇ ਆਪਣੇ ਪੋਤਰੇ ਨੂੰ ਹੋਰ ਤਰੱਕੀਆਂ ਬਖਸ਼ਣ ਦੀ ਅਰਦਾਸ ਕੀਤੀ। ਇਸ ਮੌਕੇ ਸਰਪੰਚ ਬਿੱਲੂ ਚੁੱਘ ਅਰਨੀਵਾਲਾ ਤੇ ਆਲ ਰਾਊਂਡਰ ਕ੍ਰਿਕਟਰ ਮਯੰਕ ਦਹੂਜਾ ਨੇ ਸ਼ੁਭਮਨ ਗਿੱਲ ਦੇ ਦਾਦਾ-ਦਾਦੀ ਦਾ ਮੂੰਹ ਮਿੱਠਾ ਕਰਵਾਇਆ।

## ਸੰਗਤਪੁਰਾ 'ਚ 6ਵਾਂ ਖ਼ੂਨਦਾਨ ਕੈਂਪ ਲਾਇਆ



**ਲਹਿਰਾਗਾਗਾ (ਪਵਨ ਸ਼ਰਮਾ)**-ਊਧਮ ਸਿੰਘ ਸਪੋਰਟਸ ਐਂਡ ਵੈਲਫੇਅਰ ਕਲੱਬ ਪਿੰਡ ਸੰਗਤਪੁਰਾ ਵੱਲੋਂ ਤੀਜਾ ਪਿਆਰਾ ਭਾਈ ਹਿੰਮਤ ਸਿੰਘ ਜੀ ਦੇ ਜਨਮ ਦਿਹਾੜੇ ਮੌਕੇ ਗੁਰਦੁਆਰਾ ਸਾਹਿਬ ਪਿੰਡ ਸੰਗਤਪੁਰਾ ਵਿਖੇ 6ਵਾਂ ਖ਼ੂਨਦਾਨ ਕੈਂਪ ਲਾਇਆ ਗਿਆ। ਕੈਂਪ ਦਾ ਉਦਘਾਟਨ ਇੰਪਰੂਵਮੈਂਟ ਟਰੱਸਟ, ਸੰਗਰੂਰ ਦੇ ਚੇਅਰਮੈਨ ਪੀਤੂ ਸਰਪੰਚ ਛਾਹੜ ਨੇ ਕੀਤਾ। ਉਨ੍ਹਾਂ ਸੰਬੋਧਨ ਕਰਦਿਆਂ ਕਲੱਬ ਦੇ ਇਸ ਉੱਦਮ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਖ਼ੂਨਦਾਨ ਸਭ ਤੋਂ ਉੱਤਮ ਦਾ ਮੰਨਿਆ ਜਾਂਦਾ ਹੈ, ਜੋ ਮਰਦੇ ਵਿਅਕਤੀ ਦੀ ਜ਼ਿੰਦਗੀ ਬਚਾ ਸਕਦਾ ਹੈ। ਉਨ੍ਹਾਂ ਕਿਹਾ ਕਿ ਹਰ ਵਿਅਕਤੀ ਨੂੰ ਸਾਲ ਵਿਚ ਇਕ ਵਾਰ ਜ਼ਰੂਰ ਖ਼ੂਨਦਾਨ ਕਰਨਾ ਚਾਹੀਦਾ ਹੈ। ਕਲੱਬ ਵੱਲੋਂ 56 ਵਾਰ ਖ਼ੂਨਦਾਨ ਕਰ ਚੁੱਕੇ ਖ਼ੂਨਦਾਨ ਗੁਰਜੰਟ ਸਿੰਘ ਦਾ ਵਿਸ਼ੇਸ਼ ਸਨਮਾਨ ਕੀਤਾ। ਕੈਂਪ ਵਿੱਚ ਬਲੱਡ ਬੈਂਕ ਸੰਗਰੂਰ ਦੀ ਟੀਮ ਨੇ 65 ਖ਼ੂਨਦਾਨੀਆਂ ਤੋਂ ਖ਼ੂਨ ਇਕੱਤਰ ਕਰੇਗੀ। ਕਲੱਬ ਦੇ ਪ੍ਰਧਾਨ ਸੁਖਤਾਰ ਸਿੰਘ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਪਲਵਿੰਦਰ ਸਿੰਘ, ਹਰਪਾਲ ਸਿੰਘ ਲੁੱਧੜ, ਗੁਰਪ੍ਰੀਤ ਸਿੰਘ ਗੁਰੀਆ, ਗੁਰਜੰਟ ਸਿੰਘ, ਜਸਵਿੰਦਰ ਸਿੰਘ, ਜਗਸੀਰ ਸਿੰਘ, ਪ੍ਰਗਟ ਸਿੰਘ ਤੇ ਰਣਜੀਤ ਸਿੰਘ ਵਿੱਕੀ ਹਾਜ਼ਰ ਸਨ।

# ਨਗਰ ਕੌਂਸਲ ਕਰਮਚਾਰੀਆਂ ਦਾ ਪਿੱਛਾ ਨਹੀਂ ਛੱਡ ਰਿਹਾ ਭ੍ਰਿਸ਼ਟਾਚਾਰ

## ਇੱਕ ਹੋਰ ਕੌਂਸਲ ਕਰਮਚਾਰੀ ਵਿਜੀਲੈਂਸ ਵੱਲੋਂ ਕਾਬੂ

**ਜੈਤੋ (ਸਤੀਸ਼ ਕੁਮਾਰ ਭੀਗੀ)**-ਦੁਨੀਆ ਭਰ ਵਿੱਚ ਫੈਲੀ ਨਾਮੁਰਾਦ ਬਿਮਾਰੀ ਕੋਰੋਨਾ ਦੇ ਚੁੰਗਲ 'ਚੋਂ ਨਿਕਲ ਕੇ ਹੌਲੀ-ਹੌਲੀ ਆਪਣੀ ਰਫ਼ਤਾਰੇ ਭੱਜਣ ਲੱਗੀ, ਪ੍ਰੰਤੂ ਨਗਰ ਕੌਂਸਲ ਵਿਖੇ ਲੌਕਡਾਊਨ ਲੱਗਾ ਪ੍ਰਤੀਤ ਹੁੰਦਾ ਹੈ। ਨਗਰ ਕੌਂਸਲ ਦੇ ਅਨੇਕਾਂ ਅਧਿਕਾਰੀ ਅਤੇ ਕ੍ਰਮਚਾਰੀਆਂ ਵੱਲੋਂ ਵਿਆਪਕ ਪੱਧਰ 'ਤੇ ਭ੍ਰਿਸ਼ਟਾਚਾਰ ਵਿੱਚ ਡੁੱਬੇ ਹੋਣ ਅਤੇ ਸ਼ਰੇਆਮ ਕਾਨੂੰਨ ਦੀਆਂ ਧੱਜੀਆਂ ਉਡਾਉਂਦੇ ਹੋਏ ਲੋਕਾਂ ਨੂੰ ਖੱਜਲ ਖੁਆਰ ਕੀਤਾ ਜਾਂਦਾ ਹੈ, ਜਿਸ ਦਾ ਖਮਿਆਜਾ ਨਗਰ ਕੌਂਸਲ ਦੇ ਚਾਰ ਕ੍ਰਮਚਾਰੀ ਵਿਜੀਲੈਂਸ ਵੱਲੋਂ ਕਾਬੂ ਕਰਕੇ ਜੇਲ ਭੇਜੇ ਗਏ ਸਨ, ਜੋ ਕਈ ਮਹੀਨੇ ਜੇਲ੍ਹ ਵਿੱਚ ਲਾਉਣ ਤੋਂ ਬਾਅਦ ਜ਼ਮਾਨਤ 'ਤੇ ਬਾਹਰ ਆਏ, ਪ੍ਰੰਤੂ ਵਿਜੀਲੈਂਸ ਵੱਲੋਂ ਕੀਤੀ ਜਾ ਰਹੀ ਜਾਂਚ ਚੋਂ ਬਾਹਰ ਨਹੀਂ ਨਿਕਲ ਸਕੇ ਤੇ ਅੱਜ ਉਸੇ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਜੈਤੋ ਤੋਂ ਕੋਟਕਪੂਰਾ ਤਬਦੀਲ ਹੋਏ ਕ੍ਰਮਚਾਰੀ ਪ੍ਰੇਮ ਸ਼ਰਮਾ ਨੂੰ ਵਿਜੀਲੈਂਸ ਵੱਲੋਂ ਦਬੋਚ ਲਿਆ ਗਿਆ। ਇ

ਵਰਨਣਯੋਗ ਹੈ ਕਿ ਨਗਰ ਕੌਂਸਲ ਦੇ ਅਧਿਕਾਰੀਆਂ ਤੇ ਕ੍ਰਮਚਾਰੀਆਂ ਵੱਲੋਂ ਭ੍ਰਿਸ਼ਟਾਚਾਰ ਦੀ ਗੰਦਗੀ ਵਿੱਚ ਮੂੰਹ ਮਾਰਨ ਦੇ ਨਾਲ ਹੀ ਆਪਣੇ ਉੱਚ ਅਧਿਕਾਰੀਆਂ ਦੇ ਹੁਕਮਾਂ ਨੂੰ ਰੱਦੀ ਦੀ ਟੋਕਰੀ ਵਿੱਚ ਸੁੱਟਦੇ ਹੋਏ ਕਾਨੂੰਨ ਨੂੰ ਮਜ਼ਾਕ ਸਮਝਦਿਆਂ ਬੇਸ਼ਰਮੀ ਦੇ ਠਹਾਕੇ ਲਾਏ ਜਾ ਰਹੇ ਹਨ। ਜ਼ਿਕਰਯੋਗ ਹੈ ਕਿ ਨਗਰ ਕੌਂਸਲ ਵੱਲੋਂ ਪਿਛਲੇ ਲੰਮੇ ਸਮੇਂ ਤੋਂ ਭ੍ਰਿਸ਼ਟਾਚਾਰ ਕਰਨ ਦੇ ਨਾਲ ਹੀ ਸੂਚਨਾ ਦਾ ਅਧਿਕਾਰ ਕਾਨੂੰਨ ਦੀਆਂ ਧੱਜੀਆਂ ਵੀ ਉਡਾਈਆਂ ਜਾ ਰਹੀਆਂ ਹਨ। ਜੋ ਸੂਚਨਾ ਲੋਕਲ ਪੱਧਰ 'ਤੇ ਮੁਹੱਈਆ ਕਰਾਈ ਜਾ ਸਕਦੀ ਹੈ, ਉਸ ਨੂੰ ਹਰਜਾਨੇ ਅਤੇ ਜੁਰਮਾਨੇ ਨਾਲ ਸੂਚਨਾ ਕਮਿਸ਼ਨ ਪੰਜਾਬ ਵਿੱਚ ਜਾ ਕੇ ਦਿੱਤਾ ਜਾਂਦਾ ਹੈ , ਜਿਸ ਕਰਕੇ ਆਰਥਿਕ ਨੁਕਸਾਨ ਦੇ ਨਾਲ ਹੀ ਪੰਜਾਬ ਪੱਧਰ 'ਤੇ ਨਗਰ ਕੌਂਸਲ ਦੀ ਕਿਰਕਿਰੀ ਹੋ ਰਹੀ ਹੈ।

ਨਗਰ ਕੌਂਸਲ ਕ੍ਰਮਚਾਰੀ ਪ੍ਰੇਮ ਸਰਮਾ ਦੀ ਗ੍ਰਿਫ਼ਤਾਰੀ ਸੰਬੰਧੀ ਜਾਣਕਾਰੀ ਲੈਣ ਲਈ ਕਾਰਜ ਸਾਧਕ ਅਫ਼ਸਰ ਅਮਰਿੰਦਰ ਸਿੰਘ ਨੂੰ ਫੋਨ ਕੀਤਾ ਤਾਂ ਉਨ੍ਹਾਂ ਕਿਹਾ ਕਿ ਇਸ ਸਬੰਧੀ ਉਹ ਮੁੱਖ ਦਫਤਰ ਨੂੰ ਜਾਣੂ ਕਰਾਉਣਗੇ ਤੇ ਮੁੱਖ ਦਫ਼ਤਰ ਵੱਲੋਂ ਹੀ ਪ੍ਰੇਮ ਸ਼ਰਮਾ ਵਿਰੁੱਧ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਪਿਛਲੇ ਦਿਨੀਂ ਚਾਰ ਕ੍ਰਮਚਾਰੀਆਂ ਦੇ ਜੇਲ੍ਹ ਜਾਣ 'ਤੇ ਵੀ ਆਪਣੇ ਕੰਮਾਂ ਵਿੱਚ ਸੁਧਾਰ ਨਾ ਕਰਨ 'ਤੇ ਨਗਰ ਕੌਂਸਲ 'ਤੇ ਇਹ ਗੱਲ ਵਿਸ਼ੇਸ਼ ਤੌਰ ਤੇ ਢੁੱਕਦੀ ਹੈ ਕਿ ਕਾਨੂੰਨ ਦਾ ਸਤਿਕਾਰ ਨਹੀਂ, ਰਿਸ਼ਵਤ ਤੋਂ ਇਨਕਾਰ ਨਹੀਂ। ਸ਼ਹਿਰ ਦੇ ਇੱਕ ਆਰ ਟੀ ਆਈ ਕਾਰਕੁੰਨ ਵੱਲੋਂ ਸੂਚਨਾ ਕਮਿਸ਼ਨਰ ਦੇ ਹੁਕਮਾਂ ਦੇ ਬਾਵਜੂਦ ਵੀ ਜਾਣਕਾਰੀ ਨਾ ਦੇਣ ਲਈ ਕਾਰਜ ਸਾਧਕ ਅਫ਼ਸਰ ਨਗਰ ਕੌਂਸਲ ਵਿਰੁੱਧ ਐਸ ਐਸ ਪੀ ਨੂੰ ਐਫ਼ ਆਈ ਆਰ ਦਰਜ ਕਰਨ ਲਈ ਲਿਖਿਆ ਹੋਇਆ ਹੈ।

# ਪੰਜਾਬੀ ਯੂਨੀਵਰਸਿਟੀ ਕੈਂਪਸ ਵਿਖੇ ਪੈਰਾ ਅਥਲੈਟਿਕਸ ਪੰਜਾਬ ਸਟੇਟ ਚੈਂਪੀਅਨਸ਼ਿਪ

## ਇਸ ਚੈਂਪੀਅਨਸ਼ਿਪ ਦੇ ਜੇਤੂ ਖਿਡਾਰੀ ਅੱਗੇ ਗੁਜਰਾਤ ਤੇ ਪੂਨੇ ਵਿਖੇ ਹੋਣ ਵਾਲੀਆਂ ਨੈਸ਼ਨਲ ਚੈਂਪੀਅਨਸ਼ਿਪਾਂ 'ਚ ਪੰਜਾਬ ਵੱਲੋਂ ਖੇਡਣਗੇ



**ਤਲਵੰਡੀ ਸਾਬੋ (ਜਗਦੀਪ ਗਿੱਲ)**

ਪੰਜਾਬ ਪੈਰਾ ਸਪੋਰਟਸ ਐਸੋਸੀਏਸ਼ਨ ਵੱਲੋਂ ਦੂਸਰੀ ਪੈਰਾ ਐਥਲੈਟਿਕਸ ਪੰਜਾਬ ਸਟੇਟ ਚੈਂਪੀਅਨਸ਼ਿਪ 2022-23 ਦਾ ਆਯੋਜਨ ਇਸ ਵਾਰ 18 ਤੋਂ 19 ਜਨਵਰੀ 2023 ਤੱਕ ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਤਲਵੰਡੀ ਸਾਬੋ (ਬਠਿੰਡਾ) ਵਿਖੇ ਸ਼ਾਨਦਾਰ ਤਰੀਕੇ ਨਾਲ ਕਰਵਾਇਆ ਗਿਆ। ਇਸ ਚੈਂਪੀਅਨਸ਼ਿਪ ਵਿੱਚ ਪੰਜਾਬ ਭਰ ਤੋਂ ਪੈਰਾ ਖਿਡਾਰੀਆਂ ਨੇ ਵੱਖ ਵੱਖ ਐਥਲੈਟਿਕਸ ਖੇਡਾਂ 'ਚ ਹਿੱਸਾ ਲਿਆ। ਪੈਰਾ ਐਸੋਸੀਏਸ਼ਨ ਦੇ ਸੱਦੇ 'ਤੇ ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਤਲਵੰਡੀ ਸਾਬੋ ਦੇ ਡਾਇਰੈਕਟਰ ਪ੍ਰੋਫੈਸਰ (ਡਾ.) ਜਸਬੀਰ ਸਿੰਘ ਹੁੰਦਲ ਤੇ ਰਵੀਪ੍ਰੀਤ ਸਿੰਘ ਸਿੱਧੂ ਪ੍ਰਧਾਨ ਦਿਹਾਤੀ ਬੀ.ਜੇ.ਪੀ. ਜ਼ਿਲ੍ਹਾ ਬਠਿੰਡਾ ਨੇ ਵਿਸ਼ੇਸ਼ ਮਹਿਮਾਨਾਂ ਵਜੋਂ ਸ਼ਿਰਕਤ ਕਰਦਿਆਂ ਰਿਬਨ ਕੱਟ ਕੇ ਇਸ ਖੇਡ ਸਮਾਰੋਹ ਦਾ ਰਸਮੀ ਉਦਘਾਟਨ ਕੀਤਾ।

ਕੈਂਪਸ ਡਾਇਰੈਕਟਰ ਪ੍ਰੋਫੈਸਰ ਹੁੰਦਲ ਨੇ ਪੰਜਾਬ ਭਰ ਤੋਂ ਪਹੁੰਚੇ ਪੈਰਾ-ਖਿਡਾਰੀਆਂ ਨੂੰ ਜੀ ਆਇਆਂ ਕਿਹਾ ਤੇ ਜ਼ਿੰਦਗੀ ਪ੍ਰਤੀ ਉਨ੍ਹਾਂ ਦੀ ਵਿਸ਼ੇਸ਼ ਰੌਚਿਕਤਾ, ਹੌਸਲੇ ਤੇ ਜਜ਼ਬੇ ਦੀ ਸ਼ਲਾਘਾ ਕਰਦਿਆਂ ਆਯੋਜਤ ਕਰਤਾ-ਪੰਜਾਬ ਪੈਰਾ ਸਪੋਰਟਸ ਨੂੰ ਵਧਾਈ ਦਿੱਤੀ। ਵੱਡੀ ਗਿਣਤੀ 'ਚ ਇਲਾਕੇ ਦੀਆਂ ਹੋਰ ਪ੍ਰਮੁੱਖ ਸ਼ਖਸੀਅਤਾਂ ਤੋਂ ਇਲਾਵਾ ਪ੍ਰੋਫੈਸਰ ਅਮਨਦੀਪ ਸਿੰਘ ਸੇਖੋਂ ਇੰਚਾਰਜ ਸੋਸ਼ਲ ਸਾਇੰਸਜ਼ ਵਿਭਾਗ, ਡਾ. ਸੁਸ਼ੀਲ ਕੁਮਾਰ ਮੁਖੀ ਭਾਸ਼ਾਵਾਂ ਵਿਭਾਗ, ਜਗਜੀਤ ਸਿੰਘ ਮਾਨ ਸਾਬਕਾ ਡਾਇਰੈਕਟਰ ਪੰਜਾਬ ਨਹਿਰੂ ਯੁਵਾ ਕੇਂਦਰ ਨੇ ਵੀ ਇਸ ਮੌਕੇ ਸ਼ਿਰਕਤ ਕੀਤੀ।

ਪੰਜਾਬ ਪੈਰਾ ਐਸੋਸੀਏਸ਼ਨ ਦੇ ਆਗੂ ਡਾ. ਰਮਨਦੀਪ ਸਿੰਘ, ਜਨਰਲ ਸੈਕਟਰੀ ਜਸਪ੍ਰੀਤ ਸਿੰਘ ਧਾਲੀਵਾਲ ਤੇ ਖਜ਼ਾਨਚੀ ਸ਼ਮਿੰਦਰ ਸਿੰਘ ਢਿੱਲੋਂ ਨੇ ਸਾਰੇ ਹੀ ਆਏ ਹੋਏ ਮਹਿਮਾਨਾਂ ਤੇ ਖਿਡਾਰੀਆਂ ਦਾ ਇਸ ਚੈਂਪੀਅਨਸ਼ਿਪ 'ਚ ਪਹੁੰਚਣ 'ਤੇ ਸਵਾਗਤ ਕਰਦਿਆਂ ਧੰਨਵਾਦ ਕੀਤਾ। ਪੰਜਾਬ ਪੈਰਾ ਸਪੋਰਟਸ ਵੱਲੋਂ ਇਹ ਜਾਣਕਾਰੀ ਸਾਂਝੀ ਕੀਤੀ ਕਿ ਇਸ ਸਟੇਟ ਚੈਂਪੀਅਨਸ਼ਿਪ ਵਿੱਚੋਂ ਵਧੀਆ ਪ੍ਰਦਰਸ਼ਨ ਦੇ ਅਧਾਰ 'ਤੇ ਜਿੱਤਣ ਵਾਲੇ ਪੈਰਾ ਖਿਡਾਰੀਆਂ ਦੀ ਚੋਣ ਨੈਸ਼ਨਲ ਚੈਂਪੀਅਨਸ਼ਿਪ ਲਈ ਕੀਤੀ ਜਾਵੇਗੀ। ਸਬ ਜੂਨੀਅਰ ਤੇ ਯੂਨੀਅਰ ਪੱਧਰ ਦੀ ਨੈਸ਼ਨਲ ਚੈਂਪੀਅਨਸ਼ਿਪ ਜਨਵਰੀ 2023 ਦੇ ਅੰਤਿਮ ਹਫ਼ਤੇ ਗੁਜਰਾਤ ਵਿੱਚ ਤੇ ਸੀਨੀਅਰ ਪੱਧਰ ਦੀ ਨੈਸ਼ਨਲ ਚੈਂਪੀਅਨਸ਼ਿਪ ਫਰਵਰੀ 2023 ਦੇ ਦੂਜੇ ਹਫ਼ਤੇ ਪੂਨੇ ਵਿਖੇ ਹੋਵੇਗੀ। ਪੰਜਾਬ ਭਰ ਦੇ ਪੈਰਾ ਖਿਡਾਰੀਆਂ ਨੇ 100 ਮੀ, 200 ਮੀ., 400 ਮੀਟਰ, 800 ਮੀਟਰ, 1500 ਮੀਟਰ ਦੌੜਾਂ, ਸ਼ੌਟਪੁੱਟ, ਡਿਸਕਸ ਥਰੋ, ਜੈਵੇਲਿਨ ਥਰੋ, ਕਲੱਬ ਥਰੋ, ਲੰਬੀ ਛਾਲ, ਉੱਚੀ ਛਾਲ ਆਦਿ ਖੇਡਾਂ 'ਚ ਸ਼ਾਨਦਾਰ ਪ੍ਰਦਰਸ਼ਨ ਕੀਤਾ।

ਸਮੂਹ ਕੈਟਾਗਿਰੀਆਂ 'ਚੋਂ ਗੋਲਡ, ਸਿਲਵਰ ਤੇ ਤਾਂਬੇ ਦੇ ਮੈਡਲ ਜਿੱਤਣ ਵਾਲੇ ਖਿਡਾਰੀਆਂ ਨੂੰ ਪੰਜਾਬ ਪੈਰਾ ਸਪੋਰਟਸ ਐਸੋਸੀਏਸ਼ਨ ਦੇ ਅਹੁਦੇਦਾਰਾਂ ਵੱਲੋਂ ਮੈਡਲ ਤੇ ਭਾਗੀਦਾਰੀ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਇਸ ਦੋ ਰੋਜ਼ਾ ਚੈਂਪੀਅਨਸ਼ਿਪ ਦੌਰਾਨ ਮੰਚ ਸੰਚਾਲਨ ਦੀ ਭੂਮਿਕਾ ਪੰਜਾਬ ਪੈਰਾ ਸਪੋਰਟਸ ਐਸੋਸੀਏਸ਼ਨ ਦੇ ਮੀਡੀਆ ਇੰਚਾਰਜ-ਕਮ-ਅਧਿਆਪਕ ਪ੍ਰਮੋਦ ਧੀਰ ਨੇ ਬਾਖੂਬੀ ਨਿਭਾਈ। ਇਸ ਚੈਂਪੀਅਨਸ਼ਿਪ ਨੂੰ ਸਫ਼ਲਤਾ ਪੂਰਵਕ ਕਰਵਾਉਣ ਲਈ ਪੰਜਾਬ ਪੈਰਾ ਸਪੋਰਟਸ ਐਸੋਸੀਏਸ਼ਨ ਦੇ ਜੁਆਇੰਟ ਸੈਕਟਰੀ ਦਵਿੰਦਰ ਸਿੰਘ ਟਫ਼ੀ ਬਰਾੜ, ਅਮਦੀਪ ਸਿੰਘ ਬਰਾੜ, ਗੁਰਪ੍ਰੀਤ ਸਿੰਘ ਧਾਲੀਵਾਲ, ਕੋਚ ਗਗਨਦੀਪ ਸਿੰਘ, ਕੋਚ ਦੀਪਕ ਸਿੰਘ, ਜਸਕਰਨ ਸਿੰਘ, ਭਿੰਦਰ ਸਿੰਘ, ਮਨਦੀਪ ਸਿੰਘ ਸੇਖੋਂ ਤੇ ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਸੋਸ਼ਲ ਸਾਇੰਸਜ਼ ਵਿਭਾਗ ਦੇ ਪ੍ਰੋ. ਹਰਵਿੰਦਰ ਗਿੱਲ ਹੋਰਾਂ ਨੇ ਵਿਸ਼ੇਸ਼ ਸਹਿਯੋਗ ਦਿੱਤਾ।

# ਖੇਡਾਂ ਦੀ ਪ੍ਰਫੁਲਤਾ ਲਈ ਵੀ ਹੋਵੇਗੀ ਵਿਸ਼ੇਸ਼ ਵਿਉਂਤਬੰਦੀ : ਬਲਜੀਤ ਕੌਰ



**ਮਾਨਸਾ (ਰੀਤਵਾਲ)**-ਸਮਾਜਿਕ ਨਿਆਂ ਅਧਿਕਾਰਤਾ, ਘੱਟ ਗਿਣਤੀ, ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਬੱਚਤ ਭਵਨ ਮਾਨਸਾ ਵਿਖੇ ਸਕੂਲ ਸਿੱਖਿਆ ਵਿਭਾਗ ਐਲੀਮੈਂਟਰੀ ਸਿੱਖਿਆ ਜ਼ਿਲ੍ਹਾ ਮਾਨਸਾ ਦਾ ਖੇਡ ਕੈਲੰਡਰ "ਮਾਨਸਾ ਖੇਡੋ, ਮਾਨਸਾ ਵਧੋ, ਪੰਜਾਬ ਖੇਡੋ, ਪੰਜਾਬ ਵਧੋ" ਰਿਲੀਜ਼ ਕਰਦਿਆਂ ਅਧਿਆਪਕਾਂ ਦੇ ਇਸ ਉਪਰਾਲੇ ਦੀ ਪ੍ਰਸ਼ੰਸਾ ਕੀਤੀ। ਉਨ੍ਹਾ ਕਿਹਾ ਕਿ ਪ੍ਰਾਇਮਰੀ ਪੱਧਰ ਤੋਂ ਹੀ ਖੇਡਾਂ ਨੂੰ ਮਜ਼ਬੂਤੀ ਪ੍ਰਦਾਨ ਕਰਨ ਦੀ ਲੋੜ ਹੈ। ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਿੱਖਿਆ, ਸਿਹਤ ਦੇ ਨਾਲ ਨਾਲ ਖੇਡਾਂ 'ਚ ਵੀ ਵਿਸ਼ੇਸ਼ ਯੋਜਨਾਬੰਦੀ ਕੀਤੀ ਜਾ ਰਹੀ ਹੈ ਤਾਂ ਕਿ ਪੰਜਾਬ ਨੂੰ ਤੰਦਰੁਸਤ ਬਣਾਇਆ ਜਾਵੇ ਅਤੇ ਸਿੱਖਿਆ ਦੇ ਖੇਤਰ 'ਚ ਮੋਹਰੀ ਬਣਾਇਆ ਜਾਵੇ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਹਾਜ਼ਰ ਡਾ. ਵਿਜੈ ਸਿੰਗਲਾ ਵਿਧਾਇਕ ਹਲਕਾ ਮਾਨਸਾ, ਪ੍ਰਿੰਸੀਪਲ ਬੁੱਧ ਰਾਮ ਵਿਧਾਇਕ ਹਲਕਾ ਬੁਢਲਾਡਾ, ਗੁਰਪ੍ਰੀਤ ਬਣਾਂਵਾਲੀ ਵਿਧਾਇਕ ਹਲਕਾ ਸਰਦੂਲਗੜ੍ਹ, ਚਰਨਜੀਤ ਸਿੰਘ ਅੱਕਾਂਵਾਲੀ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਮਾਨਸਾ, ਬਲਦੀਪ ਕੌਰ ਡਿਪਟੀ ਕਮਿਸ਼ਨਰ, ਡਾ. ਨਾਨਕ ਸਿੰਘ ਐੱਸ.ਐੱਸ.ਪੀ., ਡਾ. ਸੰਦੀਪ ਘੰਡ ਜ਼ਿਲ੍ਹਾ ਯੂਥ ਅਫਸਰ ਨਹਿਰੂ ਯੁਵਾ ਕੇਂਦਰ ਮਾਨਸਾ, ਭੁਪਿੰਦਰ ਕੌਰ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਨੇ ਵੀ ਮਾਨਸਾ 'ਚ ਪ੍ਰਾਇਮਰੀ ਪੱਧਰ 'ਤੇ ਹੋ ਰਹੇ ਖੇਡ ਉਪਰਾਲਿਆਂ ਦੀ ਪ੍ਰਸ਼ੰਸਾ ਕੀਤੀ। ਉਨ੍ਹਾ ਇਸ ਗੱਲ 'ਤੇ ਮਾਣ ਮਹਿਸੂਸ ਕੀਤਾ ਕਿ ਇਸ ਵਾਰ ਪ੍ਰਾਇਮਰੀ ਖੇਡਾਂ 'ਚ ਮਾਨਸਾ ਦੇ 54 ਮੈਡਲ ਆਏ ਹਨ ਤੇ ਮਾਨਸਾ ਵਿਖੇ ਪੰਜਾਬ ਪੈਟਰਨ 'ਤੇ ਹੋਈਆਂ ਪ੍ਰਾਇਮਰੀ ਖੇਡਾਂ ਨੇ ਅਧਿਆਪਕਾਂ, ਵਿਦਿਆਰਥੀਆਂ ਨੂੰ ਖੇਡਾਂ ਪ੍ਰਤੀ ਹੋਰ ਉਤਸ਼ਾਹਤ ਕੀਤਾ। ਡੀ ਈ ਓ ਭੁਪਿੰਦਰ ਕੌਰ ਤੇ ਜ਼ਿਲ੍ਹਾ ਖੇਡ ਇੰਚਾਰਜ ਹਰਦੀਪ ਸਿੱਧੂ ਨੇ ਦੱਸਿਆ ਕਿ ਨਵੇਂ ਸੈਸ਼ਨ ਤੋਂ ਮਾਨਸਾ ਜ਼ਿਲ੍ਹੇ 'ਚ ਪ੍ਰਾਇਮਰੀ ਪੱਧਰ 'ਤੇ ਖੇਡਾਂ ਨੂੰ ਹੋਰ ਉਤਸ਼ਾਹਤ ਕਰਨ ਲਈ ਪੰਜਾਬ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਸਕੂਲ ਖੇਡ ਗਰਾਊਂਡ ਬਣਾਉਣ ਦੀ ਯੋਜਨਾ ਹੈ। ਪਹਿਲੇ ਵਰ੍ਹੇ ਦੌਰਾਨ ਜ਼ਿਲ੍ਹੇ ਅੰਦਰ 100 ਸਕੂਲਾਂ 'ਚ ਵੱਖ-ਵੱਖ ਤਰ੍ਹਾਂ ਦੇ ਖੇਡ ਮੈਦਾਨ ਤਿਆਰ ਕਰਨ ਦਾ ਟੀਚਾ ਹੈ।

21-Jan-PAGE-8.qxd 1/20/2023 9:18 PM Page 1



# ਪੰਜਾਬ ਉਦਯੋਗਾਂ ਤੇ ਹਾਊਸਿੰਗ ਨਾਲ ਸੰਬੰਧਤ ਮਸਲਿਆਂ ਦੇ ਨਿਪਟਾਰੇ ਲਈ 'ਕੋਰ ਗਰੁੱਪ' ਦਾ ਗਠਨ ਕਰੇਗਾ : ਅਮਨ ਅਰੋੜਾ

**ਚੰਡੀਗੜ੍ਹ, (ਗੁਰਜੀਤ ਬਿੱਲਾ)**

ਸੂਬੇ ਵਿੱਚ ਸੁਖਾਲੇ ਅਤੇ ਸੁਚੱਜੇ ਢੰਗ ਨਾਲ ਕਾਰੋਬਾਰ ਕਰਨ ਨੂੰ ਹੁਲਾਰਾ ਦੇਣ ਲਈ ਇੱਕ ਹੋਰ ਕਦਮ ਪੁੱਟਦਿਆਂ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਉਦਯੋਗਾਂ ਅਤੇ ਮਕਾਨ ਉਸਾਰੀ ਤੇ ਸਹਿਰੀ ਵਿਕਾਸ ਨਾਲ ਸਬੰਧਤ ਮਸਲਿਆਂ ਦੇ ਸੁਚਾਰੂ ਨਿਪਟਾਰੇ ਲਈ 'ਕੋਰ ਗਰੁੱਪ' ਬਣਾਉਣ ਦਾ ਫੈਸਲਾ ਕੀਤਾ ਹੈ। ਗਰੁੱਪ ਵਿੱਚ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ , ਉਦਯੋਗ ਅਤੇ ਹੋਰ ਸਬੰਧਤ ਵਿਭਾਗਾਂ ਦੇ ਨੁਮਾਇੰਦੇ ਸ਼ਾਮਲ ਹੋਣਗੇ। ਇਹ ਜਾਣਕਾਰੀ ਪੰਜਾਬ ਦੇ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਅਮਨ ਅਰੋੜਾ ਨੇ ਇੱਥੇ ਕਨਫੈਡਰੇਸ਼ਨ ਆਫ ਇੰਡੀਅਨ ਇੰਡਸਟਰੀਲਿਸਟਜ (ਸੀ.ਆਈ.ਆਈ.) ਦੇ ਮੁੱਖ ਦਫਤਰ ਵਿਖੇ ਉਦਯੋਗਪਤੀਆਂ ਨਾਲ ਗੱਲਬਾਤ ਕਰਦਿਆਂ ਦਿੱਤੀ। ਕੈਬਨਿਟ ਮੰਤਰੀ ਨੇ ਕਿਹਾ ਕਿ ਮਕਾਨ ਉਸਾਰੀ ਵਿਭਾਗ ਵੱਲੋਂ ਉਦਯੋਗਪਤੀਆਂ ਨੂੰ 45 ਦਿਨਾਂ ਦੇ ਅੰਦਰ-ਅੰਦਰ ਹਰ ਤਰ੍ਹਾਂ ਦੀ ਮਨਜ਼ੂਰੀ ਦੇਣਾ ਯਕੀਨੀ ਬਣਾਉਣ ਲਈ ਇੱਕ ਪੁਖ਼ਤਾ ਤੇ ਸੁਚਾਰੂ ਵਿਧੀ ਤਿਆਰ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਉਦਯੋਗ ਸਥਾਪਿਤ ਕਰਨ ਦੇ ਚਾਹਵਾਨ ਨਿਵੇਸ਼ਕਾਂ ਨੂੰ ਸੁਖਾਲੇ ਢੰਗ ਨਾਲ ਉਦਯੋਗਿਕ ਪਲਾਟ ਉਪਲਬਧ ਕਰਵਾਉਣ ਲਈ ਵੀ ਯਤਨ ਜਾਰੀ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਕਾਰੋਬਾਰ ਸਥਾਪਤ ਕਰਨ ਵਿੱਚ ਸੌਖ ਨੂੰ ਉਤਸ਼ਾਹਿਤ ਕਰਨ ਦੇ ਨਾਲ-ਨਾਲ ਹੁਣ ਆਸਾਨ ਰਹਿਣ-ਸਹਿਣ 'ਤੇ ਵੀ ਵਿਸ਼ੇਸ਼ ਧਿਆਨ ਦੇਵੇਗੀ ਤਾਂ ਜੋ ਉਦਯੋਗਪਤੀਆਂ ਨੂੰ ਪੰਜਾਬ ਨੂੰ ਆਪਣੇ ਪਿੱਤਰੀ ਰਾਜ ਵਜੋਂ ਚੁਣਨ ਲਈ ਆਕਰਸ਼ਿਤ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਆਰਥਿਕਤਾ ਨੂੰ ਹੁਲਾਰਾ ਦੇਣ ਅਤੇ ਰੋਜ਼ਗਾਰ ਦੇ ਮੌਕੇ ਪੈਦਾ ਕਰਨ ਦੇ ਮੱਦੇਨਜ਼ਰ ਮਾਨ ਸਰਕਾਰ ਦੀ ਅਗਵਾਈ ਵਿੱਚ ਮਕਾਨ ਉਸਾਰੀ ਤੇ ਸਹਿਰੀ ਵਿਕਾਸ ਵਿਭਾਗ ਵੱਲੋਂ ਪਹਿਲਾਂ ਹੀ ਬਿਲਡਿੰਗ ਪਲਾਨ ਦੀ ਪ੍ਰਵਾਨਗੀ ਅਤੇ ਨਗਰ ਨਿਗਮ ਦੀ ਹਦੂਦ ਤੋਂ ਬਾਹਰ, ਇਕਹਿਰੇ ਉਦਯੋਗਾਂ ਦੀ ਕੰਪਾਊਂਡਿੰਗ ਸਮੇਤ ਇਕਹਿਰੇ ਉਦਯੋਗਾਂ ਦੇ ਮੁਕੰਮਲ ਹੋਣ ਸਬੰਧੀ ਪ੍ਰਮਾਣ ਪੱਤਰ (ਕੰਪਲੀਸ਼ਨ ਸਰਟੀਫਿਕੇਟ) ਜਾਰੀ ਕਰਨ ਦੀਆਂ ਸ਼ਕਤੀਆਂ ਡਾਇਰੈਕਟਰ ਫੈਕਟਰੀਜ਼ ਨੂੰ ਸੌਂਪੀਆਂ ਗਈਆਂ ਹਨ ਤਾਂ ਜੋ ਉਦਯੋਗਪਤੀਆਂ ਨੂੰ ਆਪਣੀਆਂ ਫੈਕਟਰੀਆਂ ਦੇ ਬਿਲਡਿੰਗ ਪਲਾਨ ਮਨਜ਼ੂਰ ਕਰਵਾਉਣ ਲਈ ਦੋ ਵੱਖ-ਵੱਖ ਵਿਭਾਗਾਂ (ਮਕਾਨ ਉਸਾਰੀ ਤੇ ਸਹਿਰੀ ਵਿਕਾਸ ਅਤੇ ਫੈਕਟਰੀਜ) ਵਿੱਚ ਅਰਜ਼ੀ ਦੇਣ ਦੀ ਲੋੜ ਨਾ ਪਵੇ। ਸਮਾਗਮ ਵਿੱਚ ਪੰਜਾਬ ਨਿਵੇਸ਼ ਪ੍ਰਮੋਸ਼ਨ ਬਿਊਰੋ ਦੇ ਸੀ.ਈ.ਓ. ਸ੍ਰੀ ਕਮਲ ਕਿਸ਼ੋਰ ਯਾਦਵ, ਪੁੱਡਾ ਦੀ ਮੁੱਖ ਪ੍ਰਸ਼ਾਸਕ ਸ੍ਰੀਮਤੀ ਅਪਨੀਤ ਰਿਆਤ, ਮੁੱਖ ਟਾਊਨ ਪਲਾਨਰ ਪੰਜਾਬ ਪੰਕਜ ਬਾਵਾ, ਸੀ.ਆਈ.ਆਈ. ਪੰਜਾਬ ਦੇ ਚੇਅਰਮੈਨ ਅਮਿਤ ਥਾਪਰ ਅਤੇ ਸੀ.ਆਈ.ਆਈ. ਦੇ ਵਾਈਸ ਚੇਅਰਮੈਨ ਡਾ. ਪੀ.ਜੇ. ਸਿੰਘ ਪ੍ਰਮੁੱਖ ਤੌਰ 'ਤੇ ਹਾਜ਼ਰ ਸਨ।




# ਸੁਆਹ ਦੇ ਮੁੱਦੇ ਦੇ ਹੱਲ ਹੋਣ ਤੱਕ ਕੋ-ਜਨਰੇਸ਼ਨ ਪਲਾਂਟ ਨੂੰ ਪੰਜਵੇਂ ਹਿੱਸੇ ਦੀ ਸਮਰੱਥਾ 'ਤੇ ਚਲਾਓ : ਡੀ ਸੀ

**ਬਹਿਰਾਮ (ਅਵਤਾਰ ਕਲੇਰ)**

ਨਵਾਂਸ਼ਹਿਰ ਦੇ ਸਹਿਕਾਰੀ ਖੰਡ ਮਿੱਲ ਦੇ ਕੋ-ਜਨਰੇਸ਼ਨ ਪਲਾਂਟ ਵਿੱਚੋਂ ਸੁਆਹ ਨਿਕਲਣ ਦੇ ਮਾਮਲੇ ਵਿੱਚ ਸਖ਼ਤ ਕਾਰਵਾਈ ਕਰਦਿਆਂ ਡੀ ਸੀ ਨਵਜੋਤ ਪਾਲ ਸਿੰਘ ਰੰਧਾਵਾ ਨੇ ਸਮੱਸਿਆ ਦੇ ਪੱਕੇ ਤੌਰ 'ਤੇ ਹੱਲ ਹੋਣ ਤੱਕ ਪਾਵਰ ਪਲਾਂਟ ਨੂੰ 1/5 ਦੀ ਘੱਟ ਸਮਰੱਥਾ 'ਤੇ ਚਲਾਉਣ ਦੇ ਹੁਕਮ ਦਿੱਤੇ ਹਨ। ਇਹ ਪਲਾਂਟ ਕੁੱਲ 12 ਮੈਗਾਵਾਟ ਸਮਰੱਥਾ ਦਾ ਹੈ, ਜਿਸ ਵਿੱਚੋਂ ਢਾਈ ਤੋਂ ਤਿੰਨ ਮੈਗਾਵਾਟ ਬਿਜਲੀ ਖੰਡ ਮਿੱਲ ਨੂੰ ਤੇ ਬਾਕੀ ਦੀ ਪਾਵਰਕਾਮ ਨੂੰ ਬਰਾਮਦ ਕੀਤੀ ਜਾਂਦੀ ਹੈ। ਪਾਵਰ ਪਲਾਂਟ ਤੋਂ ਨਿਕਲਣ ਵਾਲੀ ਸੁਆਹ ਦੀ ਮੌਜੂਦਾ ਸਮੱਸਿਆ ਦੇ ਹੱਲ ਲਈ ਨਵਾਂਸ਼ਹਿਰ ਦੇ ਵਿਧਾਇਕ ਡਾ. ਨਛੱਤਰ ਪਾਲ, ਐਸ.ਐਸ.ਪੀ ਭਾਗੀਰਥ ਸਿੰਘ ਮੀਨਾ ਅਤੇ ਸ਼ਹਿਰ ਵਾਸੀਆਂ ਸਮੇਤ ਹੋਰ ਸਬੰਧਤ ਧਿਰਾਂ ਦੀ ਹਾਜ਼ਰੀ ਵਿੱਚ ਸੱਦੀ ਗਈ ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਸਪੱਸ਼ਟ ਕੀਤਾ ਕਿ ਪਾਵਰ ਪਲਾਂਟ 'ਚੋਂ ਪ੍ਰਦੂਸ਼ਣ ਪੈਦਾ ਕਰਨ ਵਾਲੇ ਕਣਾਂ ਦੇ ਜ਼ਿਆਦਾ ਨਿਕਾਸ ਕਾਰਨ ਸਿਹਤ ਸਮੱਸਿਆ ਤੇ ਹੋਰ ਉਲੰਘਣਾਵਾਂ ਤੇ ਅਗਲੇਰੀ ਕਰਵਾਈ ਲਈ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ 6 ਫਰਵਰੀ ਨੂੰ ਖੁਦ ਫੈਸਲਾ ਲਵੇਗਾ, ਜਿਸ ਦਿਨ ਪਾਵਰ ਪਲਾਂਟ ਪ੍ਰਬੰਧਕਾਂ ਨੂੰ ਤਲਬ ਕੀਤਾ ਗਿਆ ਹੈ ਮੀਟਿੰਗ ਵਿੱਚ ਡੀ ਐਸ ਪੀ ਨਵਾਂਸ਼ਹਿਰ ਰਣਜੀਤ ਸਿੰਘ ਬਦੇਸ਼ਾ, ਸਹਾਇਕ ਸਿਵਲ ਰਜਨ ਡਾ. ਜਸਦੇਵ ਸਿੰਘ, ਕੋ-ਜਨਰੇਸ਼ਨ ਪਲਾਂਟ ਡਾਇਰੈਕਟਰ ਵਾਈ ਐਸ ਬੈਂਸ, ਪੀ ਪੀ ਸੀ ਬੀ ਅਤੇ ਪਾਵਰਕਾਮ ਦੇ ਕਾਰਜਕਾਰੀ ਇੰਜੀਨੀਅਰ, ਖੇਤੀਬਾੜੀ ਅਧਿਕਾਰੀ ਅਤੇ ਆਪ ਦੇ ਜ਼ਿਲ੍ਹਾ ਸਕੱਤਰ ਗਗਨ ਅਗਨੀਹੋਤਰੀ ਸਮੇਤ ਸ਼ਹਿਰ ਦੇ ਵਪਾਰੀ ਗੁਰਚਰਨ ਅਰੋੜਾ, ਪ੍ਰਵੀਨ ਭਾਟੀਆ, ਖੰਡ ਮਿੱਲ ਦੇ ਡਾਇਰੈਕਟਰ ਸੋਹਣ ਸਿੰਘ ਉੱਪਲ, ਹਰੀਪਾਲ ਸਿੰਘ, ਚਰਨਜੀਤ ਸਿੰਘ, ਮਹਿੰਦਰ ਸਿੰਘ ਲੰਗੜੋਆ, ਅਮਰਜੀਤ ਸਿੰਘ ਜਨਰਲ ਸਕੱਤਰ ਦੋਆਬਾ ਕਿਸਾਨ ਯੂਨੀਅਨ, ਪ੍ਰੇਮ ਚੰਦ ਰੱਕੜ ਅਤੇ ਹੋਰ ਲੋਕ ਹਾਜ਼ਰ ਸਨ।

# ਚਨੇਈ ਦੇ ਗੁਰੂ ਘਰ ਵੱਲੋਂ ਸੰਤ ਸੀਚੇਵਾਲ ਦਾ ਸਨਮਾਨ



**ਸੁਲਤਾਨਪੁਰ ਲੋਧੀ, ( ਹਨੀ )**

ਰਾਜ ਸਭਾ ਮੈਂਬਰ ਤੇ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਦਾ ਚਨੇਈ ਦੇ ਗੁਰੂ ਘਰ ਵਿੱਚ ਸਨਮਾਨ ਕੀਤਾ ਗਿਆ। ਜਲ ਸਰੋਤਾਂ ਬਾਰੇ ਸੰਸਦੀ ਦੀ ਸਥਾਈ ਕਮੇਟੀ ਵੱਲੋਂ ਦੇਸ਼ ਦੇ ਵੱਖ-ਵੱਖ ਹਿੱਸਿਆਂ ਦੇ ਕੀਤੇ ਜਾ ਰਹੇ ਦੌਰੇ ਦੌਰਾਨ ਚਨੇਈ ਸ਼ਹਿਰ ਵਿੱਚ ਧਰਤੀ ਹੇਠਲੇ ਪਾਣੀ ਦੇ ਪ੍ਰਬੰਧਾਂ ਦਾ ਨਿਰੀਖਣ ਕੀਤਾ ਗਿਆ। ਇਸੇ ਦੌਰਾਨ ਸ੍ਰੀ ਗੁਰੂ ਨਾਨਕ ਸਤਿਸੰਗਤ ਸਭਾ ਚਨੇਈ ਦੇ ਪ੍ਰਧਾਨ ਰਾਜਿੰਦਰ ਸਿੰਘ ਨੇ ਸੰਤ ਬਲਬੀਰ ਸਿੰਘ ਸੀਚੇਵਾਲ ਵੱਲੋਂ ਪਵਿੱਤਰ ਵੇਈਂ ਦੀ ਕੀਤੀ ਕਾਰ ਸੇਵਾ ਦਾ ਜ਼ਿਕਰ ਕਰਦਿਆ ਕਿਹਾ ਕਿ ਸਿੱਖ ਕੌਮ ਦੀ ਇਸ ਧ੍ਰੋਹਰ ਨੂੰ ਸੰਭਾਲਣਾ ਸਮੇਂ ਦੀ ਮੁੱਖ ਲੋੜ ਸੀ। ਉਨ੍ਹਾਂ ਕਿਹਾ ਕਿ ਰਾਜ ਸਭਾ ਮੈਂਬਰ ਸੰਤ ਸੀਚੇਵਾਲ ਨੇ ਸੰਸਦ ਵਿੱਚ ਪੰਜਾਬੀ ਭਾਸ਼ਾ ਨੂੰ ਲਾਗੂ ਕਰਵਾ ਕਿ ਦੁਨੀਆਂ ਵਿੱਚ ਵੱਸਦੇ ਪੰਜਾਬੀਆਂ ਦਾ ਸਿਰ ਉਚਾ ਕੀਤਾ ਹੈ। ਰਾਜਿੰਦਰ ਸਿੰਘ ਨੇ ਦੱਸਿਆ ਕਿ ਉਹ ਚਨੇਈ ਵਿੱਚ ਸ਼੍ਰੀ ਗੁਰੂ ਨਾਨਕ ਦੇਵ ਕਾਲਜ ਚਲਾਉਂਦੇ ਹਨ ਜਿਸ ਵਿੱਚ ਬਹੁਤ ਹੀ ਘੱਟ ਫੀਸਾਂ ਲਈਆ ਜਾਂਦੀਆਂ ਹਨ ਤੇ ਉਨ੍ਹਾਂ ਦਾ ਇਹ ਕਾਲਜ ਘੱਟ ਗਿਣਤੀਆਂ ਵੱਲੋਂ ਚਲਾਏ ਜਾਂਦੇ ਕਾਲਜਾਂ ਵਿੱਚੋਂ ਚਨੇਈ ਵਿੱਚ ਪਹਿਲਾ ਸਥਾਨ ਰੱਖਦਾ ਹੈ। ਉਨ੍ਹਾਂ ਸੰਤ ਸੀਚੇਵਾਲ ਰਾਹੀ ਪੰਜਾਬ ਦੇ ਮੁੱਖ ਮੰਤਰੀ ਤੋਂ ਮੰਗ ਕੀਤੀ ਕਿ ਜੇ ਉਨ੍ਹਾਂ ਨੂੰ ਪੰਜਾਬੀ ਦਾ ਟੀਚਰ ਦਿੱਤਾ ਜਾਵੇ ਤਾਂ ਉਹ ਚਨੇਈ ਵਿੱਚ ਪੰਜਾਬੀ ਪੜ੍ਹਾਉਣ ਦਾ ਕਾਲਜ ਵਿਚ ਪ੍ਰਬੰਧ ਕਰ ਦੇਣਗੇ। ਇਸ ਮੌਕੇ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇ ਹੋਰ ਸੇਵਾਦਾਰਾਂ ਨੂੰ ਭਰੋਸਾ ਦਿੱਤਾ ਕਿ ਪੰਜਾਬੀ ਟੀਚਰ ਲਈ ਯਤਨਸ਼ੀਲ ਰਹਿਣਗੇ। ਉਨ੍ਹਾਂ ਕਿਹਾ ਕਿ ਕਿੱਤਾ ਮੁੱਖੀ ਸਿੱਖਿਆ ਦੀ ਵੀ ਸਖਤ ਲੋੜ ਹੈ ਤਾਂ ਜੋ ਪੜ੍ਹਾਈ ਦੇ ਤੁਰੰਤ ਬਾਅਦ ਰੋਜ਼ਗਾਰ ਮਿਲ ਸਕੇ। ਇਸ ਮੌਕੇ ਉਨ੍ਹਾਂ ਨੇ ਸੰਤ ਸੀਚੇਵਾਲ ਨੂੰ ਪਾਕਿਸਤਾਨ ਵਿੱਚ ਸਿੱਖ ਧਰਮ ਤੇ ਵਿਰਾਸਤ ਨਾਲ ਸੰਬੰਧਤ ਤਬਾਹ ਹੋ ਰਹੀਆਂ ਇਮਾਰਤਾਂ ਬਾਰੇ ਛਪੀ ਕਿਤਾਬ ਵੀ ਭੇਂਟ ਕੀਤੀ। ਇਸ ਮੌਕੇ ਦਲਜੀਤ ਸਿੰਘ, ਜਸਪਾਲ ਸਿੰਘ ਤੇ ਬਲਬੀਰ ਸਿੰਘ ਬਿਲਿੰਗ ਵੀ ਹਾਜ਼ਰ ਸਨ।

# ਕੰਪਿਊਟਰ ਲੈਕਚਰਾਰ ਤੇ ਕਲਰਕ ਦੀ ਭਰਤੀ ਲਈ ਅਰਜ਼ੀਆਂ ਦੀ ਮੰਗ

**ਕਪੂਰਥਲਾ, ( ਰਵਿੰਦਰ ਸਿੰਘ)**-ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫਤਰ ਕਪੂਰਥਲਾ ਵਲੋਂ ਸੈਨਿਕ ਵੋਕੇਸ਼ਨਲ ਟ੍ਰੇਨਿੰਗ ਸੈਂਟਕ ਵਿਖੇ ਠੇਕੇ ਦੇ ਆਧਾਰ 'ਤੇ 11 ਮਹੀਨਿਆਂ ਵਾਸਤੇ ਕੰਪਿਊਟਰ ਲੈਕਚਰਾਰ ਅਤੇ ਕਲਰਕ ਦੀ ਆਸਾਮੀ ਦੀ ਭਰਤੀ ਲਈ ਅਰਜ਼ੀਆਂ ਦੀ ਮੰਗ ਕੀਤੀ ਗਈ ਹੈ। ਜ਼ਿਲ੍ਹਾ ਰੱਖਿਆ ਸੇਵਾਵਾਂ ਅਫਸਰ ਕਰਨਲ ਮਨਿੰਦਰ ਸਿੰਘ ਰੰਧਾਵਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੰਪਿਊਟਰ ਲੈਕਚਰਾਰ ਦੀ ਅਸਾਮੀ ਲਈ ਯੋਗਤਾ ਐਮ.ਐਸਸੀ (ਆਈ.ਟੀ),ਐਮ.ਟੈੱਕ (ਕੰਪਿਊਟਰ ਸਾਇੰਸ) ਜਾਂ ਐਮ.ਸੀ.ਏ ਅਤੇ ਇੱਕ ਪਾਰਟ ਟਾਈਮ ਟ੍ਰੇਨਿੰਗ ਕਲਰਕ ਦੀ ਅਸਾਮੀ ਦੇ ਲਈ, ਜਿਸ ਦੀ ਯੋਗਤਾ ਬੀ.ਏ ਜਾਂ ਇਸ ਦੇ ਬਰਾਬਰ ਦੀ ਹੋਵੇ ਨੂੰ ਕੰਪਿਊਟਰ ਅਤੇ ਅਕਾਊਂਟ ਦਾ ਤਜਰਬਾ ਰੱਖਦਾ ਹੋਵੇ ਲਈ ਅਰਜ਼ੀਆਂ ਦੀ ਮੰਗ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਚਾਹਵਾਨ ਉਮੀਦਵਾਰ 23 ਜਨਵਰੀ 2023 ਨੂੰ ਸਵੇਰੇ 11 ਵਜੇ ਦਫਤਰ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫਤਰ ਨਜਦੀਕ ਫੁਆਰਾ ਚੌਂਕ ਵਿਖੇ ਆਪਣੀ ਯੋਗਤਾਵਾਂ ਦੇ ਅਸਲ ਸਰਟੀਫਿਕੇਟ ਲੈ ਕੇ ਆਉਣ।

# ਕਟਾਰੀਆਂ ਵਿਖੇ ਸਾਲਾਨਾ ਮੇਲਾ 26-27 ਨੂੰ



**ਬਹਿਰਾਮ (ਅਵਤਾਰ ਕਲੇਰ)** ਡੇਰਾ ਪੀਰ ਸੁਲਤਾਨ ਬਾਬਾ ਲੱਖ ਦਾਤਾ ਜੀ ਕਟਾਰੀਆਂ ਵਿਖੇ ਸਾਲਾਨਾ ਮੇਲਾ ਗੱਦੀਨਸ਼ੀਨ ਸਾਈਂ ਲਖਵੀਰ ਸ਼ਾਹ ਕਾਦਰੀ ਜੀ ਦੀ ਰਹਿਨੁਮਾਈ ਹੇਠ 26 - 27 ਜਨਵਰੀ ਨੂੰ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ । ਪੋਸਟਰ ਜਾਰੀ ਕਰਦਿਆਂ ਸਾਈਂ ਲਖਵੀਰ ਸਾਹ ਕਾਦਰੀ ਨੇ ਦੱਸਿਆ ਕਿ ਇਸ ਦੋ ਦਿਨਾ ਮੇਲੇ ਵਿੱਚ ਵੱਖ ਵੱਖ ਦਰਬਾਰਾਂ ਤੋਂ ਸੰਤ ਮਹਾਂਪੁਰਸ਼ ਸ਼ਿਰਕਤ ਕਰਨਗੇ। ਪਹਿਲੇ ਦਿਨ 26 ਜਨਵਰੀ ਨੂੰ ਪੰਜਾਬੀ ਗਾਇਕ ਕਮਲ ਖਾਨ, ਸੰਗਰਾਮ , ਸੱਤੀ ਖੋਖੇਵਾਲੀਆ, ਜੀ ਸਿੱਧੂ , ਕੌਰ ਸਿਸਟਰਜ ਅਤੇ ਕਮੇਡੀਅਨ ਭੋਟੂ ਸਾਹ ਅਤੇ ਰਾਤ ਨੂੰ ਸਨਾ ਖਾਨ ਫਤਿਹ ਅਲੀ ਖਾਨ , ਨਜਮਾਂ ਬ੍ਰਦਰਜ , ਵਨੀਤ ਖਾਨ, ਰਜਬ ਸ਼ਰੀਫ ਸ਼ਕੀਲ ਸਾਬਰੀ , ਬਖਸ਼ੀ ਕਵਾਲ ਪ੍ਰੇਮ ਕਵਾਲ ਪਨਾਮ, ਸਾਜਦ ਅਲੀ ਮਲੇਰਕੋਟਲਾ , ਸ਼ੌਕਤ ਦੀਵਾਨਾ, ਸਲਾਮਤ ਅਲੀ , ਕੁਲਦੀਪ ਰੁਹਾਨੀ ਕਵਾਲ , ਸੋਨੂੰ ਮੋਨੂੰ ਨਕਾਲ ਪਾਰਟੀ ਹਾਜਰੀਆਂ ਭਰਨਗੇ। ਦੂਸਰੇ ਦਿਨ 27 ਜਨਵਰੀ ਨੂੰ ਦੁਰਗਾ ਰੰਗੀਲਾ , ਬਲਰਾਜ ਬਿਲਗਾ, ਕਮਲ ਕਟਾਣੀਆ, ਨਿਰਮਲਜੀਤ, ਤਰਸੇਮ ਹੀਰਾ ਰਾਜਸਥਾਨੀ, ਸੁਖਦੇਵ ਮਸਤੀ ਅਤੇ ਕਮੇਡੀਅਨ ਚਾਚਾ ਬਿਸ਼ਨਾ ਹਾਜਰੀਆਂ ਭਰਨਗੇ। ਰਾਤ ਨੂੰ ਧਰਮਵੀਰ ਪਰਦੇਸੀ ਨਾਟਕ (ਡਰਾਮਾ) ਪੇਸ਼ ਕਰਨਗੇ। ਬਾਬਾ ਜੀ ਦਾ ਲੰਗਰ ਅਤੁੱਟ ਵਰਤਾਇਆ ਜਾਵੇਗਾ। ਪੋਸਟਰ ਜਾਰੀ ਕਰਨ ਸਮੇਂ ਸਾਂਈਂ ਲਖਵੀਰ ਸ਼ਾਹ ਕਾਦਰੀ , ਰਾਮ ਲਾਲ ਬਬਲੀ, ਰਾਣਾ ਬਾਬਾ ਸੰਸੋਲੀ , ਗੁਰਮੀਤ ਰਾਮ ਪਠਲਾਵਾ, ਅਵਤਾਰ ਸਿੰਘ ਨਵਾਂਸ਼ਹਿਰ , ਕਸ਼ਮੀਰ ਚੰਦ, ਬਲਵੀਰ ਸਿੰਘ ਜੰਡੋਲੀ, ਪਾਲ ਚੰਦ ਗਿੱਲ , ਪ੍ਰਕਾਸ਼ ਚੰਦ ਸਲਾਰਪੁਰ, ਜਸਵੀਰ ਲੱਧੜ ਲੁਧਿਆਣਾ , ਅਮਰਜੀਤ, ਸੱਤਪਾਲ, ਗੁਲਸ਼ਨ ਕੁਮਾਰ, ਰਾਮ ਸਰੂਪ, ਰੋਸ਼ਨ ਲਾਲ, ਗੁਰਪ੍ਰੀਤ ਆਦਿ ਹਾਜਰ ਸਨ।

# ਜਲ ਸਪਲਾਈ ਤੇ ਸੈਨੀਟੇਸ਼ਨ ਵਰਕਰ ਯੂਨੀਅਨ ਵੱਲੋਂ ਰੋਸ ਧਰਨਾ 24 ਨੂੰ

**ਟਾਂਡਾ ਉੜਮੁੜ (ਓਂਕਾਰ ਸਿੰਘ, ਜਸਵਿੰਦਰ ਸੰਧੂ)**

ਜਲ ਸਪਲਾਈ ਅਤੇ ਸੈਨੀਟੇਸ਼ਨ ਵਰਕਰ ਯੂਨੀਅਨ ਪੰਜਾਬ ਰਜਿਸਟਰ ਨੰਬਰ 26 ਦੀ ਬ੍ਰਾਂਚ ਟਾਡਾ ਦੇ ਪ੍ਰਧਾਨ ਕਮਲਜੀਤ ਸਿੰਘ ਜੋੜਾ ਅਤੇ ਬ੍ਰਾਂਚ ਦੇ ਜਨਰਲ ਸਕੱਤਰ ਪ੍ਰਦੀਪ ਸਿੰਘ ਖੱਖ ਨੇ ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਕਿਹਾ ਕਿ ਜਲ ਸਪਲਾਈ ਕਾਰਜਕਾਰੀ ਇੰਜੀਨੀਅਰ ਮੰਡਲ ਨੰਬਰ 2 ਵੱਲੋਂ ਠੇਕਾ ਕਾਮਿਆਂ ਦੀਆ ਮੰਗਾ ਨੂੰ ਲਗਾਤਾਰ ਅਣਗੌਲਿਆ ਕੀਤਾ ਜਾ ਰਿਹਾ ਹੈ, ਜਿਸ ਸਬੰਧੀ ਕਈ ਵਾਰ ਇਸ ਅਧਿਕਾਰੀ ਨਾਲ ਮੀਟਿੰਗ ਵੀ ਕੀਤੀ ਗਈ ਪਰ ਕੋਈ ਵੀ ਮੰਗ ਦਾ ਹੱਲ ਨਹੀ ਕੀਤਾ। ਜਿਸ ਕਾਰਨ ਵਰਕਰਾਂ ਦੇ ਵਿਚ ਰੋਸ ਪਾਇਆ ਜਾ ਰਿਹਾ ਹੈ। ਇਸ ਅਧਿਕਾਰੀ ਵਲੋਂ ਮੰਨੀਆ ਮੰਗਾਂ ਨੂੰ ਵੀ ਲਾਗੂ ਨਹੀ ਕੀਤਾ ਜਾ ਰਿਹਾ ਹੈ। ਦੂਜੇ ਪਾਸੇ ਠੇਕਾ ਵਰਕਰ ਪਹਿਲਾਂ ਹੀ ਨਿਗੂਣੀਆਂ ਤਨਖਾਹਾਂ 'ਤੇ ਪੰਜ ਪੰਜ ਪੋਸਟਾਂ 'ਤੇ ਕੰਮ ਕਰਦੇ ਆ ਰਹੇ ਹਨ, ਜਿਨ੍ਹਾਂ ਦਾ ਲਗਾਤਾਰ ਸੋਸ਼ਣ ਇਸ ਅਧਿਕਾਰੀ ਵਲੋ ਕੀਤਾ ਜਾ ਰਿਹਾ ਹੈ। ਇਸ ਅਧਿਕਾਰੀ ਵਲੋ ਹੈਂਕੜਵਾਜ ਵਤੀਰਾ ਅਪਨਾਇਆ ਗਿਆ ਹੈ ।ਇਸ ਵਲੋ ਕੋਈ ਵੀ ਮੰਗ ਨੂੰ ਮੰਨਣ ਤੋਂ ਸਾਫ ਇਨਕਾਰ ਕੀਤਾ ਗਿਆ ਹੈ। ਦੂਜੇ ਪਾਸੇ ਪੂਰੇ ਪੰਜਾਬ 'ਚ ਦੂਜੇ ਅਧਿਕਾਰੀਆਂ ਵਲੋਂ ਵਰਕਰਾਂ ਨੂੰ 10 ਸਾਲ ਦੇ ਬਣਦੇ ਪੈਸੇ ਦਿੱਤੇ ਜਾ ਰਹੇ ਹਨ। ਇਸ ਲਈ ਜੇਕਰ ਕਿਸੇ ਵੀ ਵਰਕਰ ਦੀ ਤਨਖਾਹ 'ਚ ਦੇਰ ਕੀਤੀ ਜਾਂਦੀ ਹੈ ਤਾਂ ਇਸਦੀ ਸਾਰੀ ਜਿੰਮੇਵਾਰੀ ਇਸ ਅਧਿਕਾਰੀ ਦੀ ਹੋਵੇਗੀ ਕਿਉਂਕਿ ਇਸ ਦਫਤਰ ਦੇ ਕੰਮਾਂ ਦਾ ਬਹੁਤ ਬੁਰਾ ਹਾਲ ਹੋ ਗਿਆ ਹੈ। ਕਈ ਕਈ ਦਿਨ ਵਰਕਰਾਂ ਦੇ ਕੰਮਾਂ ਨੂੰ ਲਟਕਾਇਆ ਜਾਂਦਾ ਹੈ। ਇਸ ਲਈ ਜਥੇਬਦੀ ਨੇ ਫੈਸਲਾ ਕੀਤਾ ਹੈ ਕਿ 24 ਜਨਵਰੀ ਨੂੰ ਇਸ ਅਧਿਕਾਰੀ ਦੇ ਖਿਲਾਫ ਰੋਸ ਧਰਨਾ ਦਿੱਤਾ ਜਾਵੇਗਾ ਜਿਸ ਦੀ ਸਾਰੀ ਜਿੰਮੇਵਾਰੀ ਇਸ ਅਧਿਕਾਰੀ ਦੀ ਹੋਵੇਗੀ। ਇਸ ਸਮੇਂ ਸਾਥੀ ਸੂਬਾ ਖਜਾਨਚੀ ਸੁੱਖਵਿੰਦਰ ਸਿੰਘ ਖਰਲ ਰਮਨ ਸੈਣੀ ਬਲਜਿੰਦਰ ਸੈਣੀ ਗੁਰਮੀਤ ਸਿੰਘ ਮਹਿੰਦਰ ਸਿੰਘ ਰਣਜੀਤ ਸਿੰਘ ਸਿਮਰਨ ਸਿੰਘ ਅਸੋਕ ਕੁਮਾਰ ਆਦਿ ਹਾਜਰ ਸਨ।




# ਪਾਬੰਦੀਸ਼ੁਦਾ ਟੀਕਿਆਂ ਸਮੇਤ ਪਤੀ-ਪਤਨੀ ਤੇ ਪੁੱਤਰ ਗ੍ਰਿਫਤਾਰ

**ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)**-ਸਥਾਨਕ ਪੁਲਸ ਨੇ ਇੱਕ ਨਾਕੇ ਦੌਰਾਨ 27 ਪਾਬੰਦੀਸ਼ੁਦਾ ਟੀਕਿਆਂ ਸਮੇਤ ਪਤੀ-ਪਤਨੀ ਅਤੇ ਉਸ ਦੇ ਪੁੱਤਰ ਨੂੰ ਗ੍ਰਿਫਤਾਰ ਕੀਤਾ ਹੈ। ਜਾਣਕਾਰੀ ਦਿੰਦਿਆਂ ਸਥਾਨਕ ਥਾਣਾ ਮੁਖੀ ਭੁਪਿੰਦਰ ਸਿੰਘ ਨੇ ਦੱਸਿਆ ਕਿ ਜਦੋਂ ਏ ਐਸ ਆਈ ਰਜਿੰਦਰ ਸਿੰਘ ਆਪਣੀ ਪੁਲਸ ਪਾਰਟੀ ਸਮੇਤ ਘਾਹੀਮਾਜਰਾ ਟੀ ਪੁਆਇੰਟ ਲਾਗੇ ਮੌਜੂਦ ਸੀ ਤਾਂ ਮੋਟਰਸਾਈਕਲ ਨੰਬਰ ਪੀਬੀ 23 2179 'ਤੇ ਸਵਾਰ ਹੋ ਕੇ ਦੋ ਵਿਅਕਤੀ ਭੱਦੀ ਸਾਈਡ ਤੋਂ ਨੂਰਪੁਰਬੇਦੀ ਨੂੰ ਆ ਰਹੇ ਸਨ, ਜਿਨ੍ਹਾਂ ਨੇ ਪੁਲਿਸ ਪਾਰਟੀ ਨੂੰ ਦੇਖ ਕੇ ਘਬਰਾ ਕੇ ਆਪਣਾ ਲਫਾਫਾ ਸੜਕ ਦੇ ਨਾਲ ਫੁੱਟ-ਪਾਥ ਤੇ ਸੁੱਟ ਦਿੱਤਾ। ਜਿਨ੍ਹਾਂ ਨੂੰ ਹੋਰ ਸਾਥੀ ਕਰਮਚਾਰੀਆਂ ਦੀ ਮਦਦ ਨਾਲ ਰੋਕ ਕੇ ਕਾਬੂ ਕੀਤਾ ਗਿਆ। ਉਨਾਂ ਵੱਲੋਂ ਸੁੱਟੇ ਹੋਏ ਲਫਾਫੇ ਨੂੰ ਚੈੱਕ ਕਰਨ ਤੇ ਉਨ੍ਹਾਂ ਵਿੱਚੋਂ ਕੁੱਲ 27 ਟੀਕੇ ਬਰਾਮਦ ਹੋਏ। ਪੁੱਛਗਿੱਛ ਤੋਂ ਬਾਅਜ ਮਨਜੀਤ ਕੌਰ ਪਤਨੀ ਬਲਬੀਰ ਸਿੰਘ ਉਰਫ ਫੌਜੀ ਨੂੰ ਵੀ ਨਾਮਜਦ ਕੀਤਾ ਗਿਆ ਅਤੇ ਅਤੇ ਧਾਰਾ 29ਐਨ ਡੀ ਪੀ ਐਸ ਐਕਟ ਦਾ ਵਾਧਾ ਕੀਤਾ ਗਿਆ ਹੈ। ਸਥਾਨਕ ਪੁਲਸ ਨੇ ਪਰਗਟ ਸਿੰਘ ਪੁੱਤਰ ਬਲਵੀਰ ਸਿੰਘ, ਬਲਬੀਰ ਸਿੰਘ ਉਰਫ ਫੌਜੀ ਪੁੱਤਰ ਛੋਟੂ ਰਾਮ ਅਤੇ ਮਨਜੀਤ ਕੌਰ ਪਤਨੀ ਬਲਬੀਰ ਸਿੰਘ ਉਰਫ ਫੌਜੀ ਵਾਸੀ ਪਿੰਡ ਕੋਲਾਪਰ ਵਿਰੁੱਧ ਐਨ ਡੀ ਪੀ ਐਸ 22-61-85 ਤਹਿਤ ਮਾਮਲਾ ਦਰਜ ਕਰਕੇ ਗ੍ਰਿਫਤਾਰ ਕਰ ਲਿਆ ਹੈ।

# ਮਿਹਨਤ ਹੀ ਸਫ਼ਲਤਾ ਦੀ ਕੁੰਜੀ ਹੈ : ਡਾ. ਰਵਜੋਤ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਸਕੂਲ ਸਿੱਖਿਆ ਵਿਭਾਗ, ਪੰਜਾਬ ਵੱਲੋਂ ਮਿਸ਼ਨ 100% ਗਿਵ ਯੂਅਰ ਬੈਸਟ ਤਹਿਤ ਡਾ. ਰਵਜੋਤ ਸਿੰਘ ਵਿਧਾਇਕ ਸ਼ਾਮਚੁਰਾਸੀ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜਨੌੜੀ ਵਿਖੇ ਪ੍ਰੇਰਨਾਮਈ ਦੌਰਾ ਕੀਤਾ ਗਿਆ ਜਿਸ ਵਿੱਚ ਉਨ੍ਹਾਂ ਵਿਦਿਆਰਥੀਆਂ ਨੂੰ ਸਾਲਾਨਾ ਪ੍ਰੀਖਿਆਵਾਂ ਲਈ ਬਿਹਤਰ ਤਿਆਰੀ ਕਰਨ ਲਈ ਨੁਕਤੇ ਸਾਂਝੇ ਕੀਤੇ। ਇਸ ਮੌਕੇ ਉਨ੍ਹਾਂ ਦੇ ਨਾਲ ਪ੍ਰਿੰ. ਸ਼ੈਲੇਂਦਰ ਠਾਕੁਰ ਇੰਚਾਰਜ ਸਕੂਲ ਮੁਲਾਂਕਣ ਤੇ ਸਹਿਯੋਗ ਟੀਮ ਹੁਸ਼ਿਆਰਪੁਰ ਹਾਜਰ ਸਨ। ਡਾ. ਰਵਜੋਤ ਸਿੰਘ ਨੇ ਕਿਹਾ ਕਿ ਆਪਣੀ ਜ਼ਿੰਦਗੀ ਦੇ ਟੀਚੇ ਦੀ ਪ੍ਰਾਪਤੀ ਲਈ ਵਿਦਿਆਰਥੀਆਂ ਨੂੰ ਪੂਰੀ ਦ੍ਰਿੜਤਾ ਅਤੇ ਲਗਨ ਨਾਲ ਮਿਹਨਤ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਫ਼ਲਤਾ ਦਾ ਕੋਈ ਸ਼ਾਰਟ ਕੱਟ ਰਾਹ ਨਹੀਂ ਹੁੰਦਾ ਬਲਕਿ ਇਸ ਲਈ ਬਕਾਇਦਾ ਵਿਉਂਤਬੰਦੀ ਅਤੇ ਸਮਰਪਣ ਭਾਵਨਾ ਦੀ ਲੋੜ ਹੁੰਦੀ ਹੈ। ਉਨ੍ਹਾਂ ਕਿਹਾ ਕਿ ਆਪਣੇ ਸੂਬੇ ਦੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਰਾਜ ਸਰਕਾਰ ਵੱਲੋਂ ਹਰ ਸੰਭਵ ਸਹਿਯੋਗ ਕੀਤਾ ਜਾ ਰਿਹਾ ਹੈ। ਪ੍ਰਿੰ. ਸ਼ੈਲੇਂਦਰ ਠਾਕੁਰ ਇੰਚਾਰਜ ਸਕੂਲ ਮੁਲਾਂਕਣ ਅਤੇ ਸਹਿਯੋਗ ਟੀਮ ਨੇ ਦੱਸਿਆ ਕਿ ਬੋਰਡ ਦੀਆਂ ਜਮਾਤਾਂ ਲਈ 20 ਜਨਵਰੀ ਤੋਂ ਪ੍ਰੀ-ਬੋਰਡ ਪ੍ਰੀਖਿਆਵਾਂ ਸ਼ੁਰੂ ਹੋ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਹ ਪ੍ਰੀਖਿਆਵਾਂ ਵਿਦਿਆਰਥੀਆਂ ਨੂੰ ਸਲਾਨਾ ਪ੍ਰੀਖਿਆ ਦੀ ਤਿਆਰੀ ਲਈ ਬੇਹੱਦ ਲਾਹੇਵੰਦ ਸਾਬਿਤ ਹੁੰਦੀਆਂ ਹਨ। ਸਕੂਲ ਮੁਖੀ ਪ੍ਰਿੰ. ਰਣਜੀਤ ਸਿੰਘ ਵੱਲੋਂ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ ਅਤੇ ਸਕੂਲ ਵਿੱਚ ਚਲ ਰਹੀਆਂ ਅਕਾਦਮਿਕ ਗਤੀਵਿਧੀਆਂ ਅਤੇ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੱਤੀ ਗਈ। ਇਹ ਜਾਣਕਾਰੀ ਸਰਮਜੀਤ ਸਿੰਘ ਜਿਲ੍ਹਾ ਮੀਡੀਆ ਕੁਆਡੀਨੇਟਰ ਅਤੇ ਯੋਗੇਸ਼ਵਰ ਸਲਾਰੀਆ ਜਿਲ੍ਹਾ ਸ਼ੋਸ਼ਲ ਮੀਡੀਆ ਕੁਆਡੀਨੇਟਰ ਵੱਲੋਂ ਦਿੱਤੀ ਗਈ।

# ਚਾਇਨਾ ਡੋਰ ਵੇਚਣ ਵਾਲਿਆਂ ਖਿਲਾਫ਼ ਕੀਤੀ ਜਾਵੇਗੀ ਸਖਤ ਕਾਰਵਾਈ : ਡੀ ਸੀ

**ਜਲੰਧਰ (ਸ਼ੈਲੀ ਐਲਬਰਟ)**

ਲੋਕਾਂ ਤੇ ਪੰਛੀਆਂ ਦੀ ਜਾਨ ਲਈ ਖਤਰਨਾਕ ਸਾਬਿਤ ਹੋ ਰਹੀ ਚਾਇਨਾ ਡੋਰ ਦੀ ਵਿਕਰੀ ਅਤੇ ਵਰਤੋਂ ਦੀ ਰੋਕਥਾਮ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਚਲਾਈ ਜਾ ਰਹੀ ਮੁਹਿੰਮ ਤਹਿਤ ਅੱਜ ਨੂਰਮਹਿਲ ਦੇ ਵੱਖ-ਵੱਖ ਇਲਾਕਿਆਂ ਵਿੱਚ ਪਤੰਗ ਅਤੇ ਡੋਰ ਦੀਆਂ ਦੁਕਾਨਾਂ ਦੀ ਚੈਕਿੰਗ ਕੀਤੀ ਗਈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਚਾਇਨਾ ਡੋਰ ਦੀ ਵਿਕਰੀ ਖਿਲਾਫ ਸਖਤ ਕਾਰਵਾਈ ਦੇ ਆਦੇਸ਼ਾਂ ਦੀ ਪਾਲਣਾ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਚਾਇਨਾ ਡੋਰ ਤੋਂ ਲੋਕਾਂ ਦੀਆਂ ਕੀਮਤੀ ਜਾਨਾਂ ਬਚਾਉਣ ਲਈ ਦਿਹਾਤੀ ਅਤੇ ਸ਼ਹਿਰੀ ਖੇਤਰਾਂ ਵਿੱਚ ਚਾਇਨਾ ਡੋਰ ਦੀ ਵਿਕਰੀ ਦੀ ਰੋਕਥਾਮ ਲਈ ਵਿਸ਼ੇਸ਼ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਚਾਇਨਾ ਡੋਰ ਦੀ ਵਿਕਰੀ ਖਿਲਾਫ ਚਲਾਈ ਗਈ ਮੁਹਿੰਮ ਤਹਿਤ ਮਾਲ ਅਧਿਕਾਰੀਆਂ ਅਤੇ ਨੂਰਮਹਿਲ ਪੁਲਿਸ ਦੀਆਂ ਸਾਂਝੀ ਟੀਮਾਂ ਵੱਲੋਂ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਪਤੰਗ ਅਤੇ ਡੋਰ ਵੇਚਣ ਵਾਲੀਆਂ ਦੁਕਾਨਾਂ ਦੀ ਚੈਕਿੰਗ ਕੀਤੀ ਗਈ, ਜਿਥੇ ਕਿਸੇ ਵੀ ਦੁਕਾਨ ਤੋਂ ਚਾਇਨਾ ਡੋਰ ਬਰਾਮਦ ਨਹੀਂ ਹੋਈ। ਉਨ੍ਹਾਂ ਇਹ ਵੀ ਦੱਸਿਆ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਚਾਇਨਾ ਡੋਰ ਨੂੰ ਸਟੋਰ ਕਰਨ, ਵੇਚਣ ਅਤੇ ਇਸ ਦੀ ਵਰਤੋਂ ਕਰਨ 'ਤੇ ਪਾਬੰਦੀ ਸਬੰਧੀ ਪਹਿਲਾਂ ਹੀ ਧਾਰਾ 144 ਤਹਿਤ 14 ਨਵੰਬਰ 2022 ਨੂੰ ਹੁਕਮ ਜਾਰੀ ਕੀਤੇ ਜਾ ਚੁੱਕੇ ਹਨ ਅਤੇ ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਨ ਵਾਲਿਆਂ ਖਿਲਾਫ਼ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਖ਼ਤ ਤੋਂ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਗੈਰ-ਕਾਨੂੰਨੀ ਕੰਮ ਵਿੱਚ ਸ਼ਾਮਲ ਲੋਕਾਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ।



# ਭਾਜਪਾ ਦੇ ਟਰਾਂਸਪੋਰਟ ਸੈੱਲ ਵੱਲੋਂ ਜ਼ਿਲ੍ਹਾ ਪ੍ਰਧਾਨ ਸਨਮਾਨਤ

**ਟਾਂਡਾ ਉੜਮੁੜ,(ਜਸਵਿੰਦਰ ਸੰਧੂ, ਉਂਕਾਰ ਸਿੰਘ)**-ਦੇਸ਼ ਨੂੰ ਬੁਲੰਦੀਆਂ 'ਤੇ ਲਿਜਾਣ ਵਾਲੀ ਭਾਜਪਾ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਪਹੁੰਚਾਉਣ ਲਈ ਇਕ ਵਿਸ਼ੇਸ਼ ਮੁਹਿੰਮ ਚਲਾਈ ਜਾਵੇਗੀ ਅਤੇ ਇਸ ਮੁਹਿੰਮ ਵਿਚ ਭਾਜਪਾ ਦੀ ਨਵਗਠਿਤ ਜ਼ਿਲ੍ਹਾ ਟੀਮ ਦਾ ਅਹਿਮ ਯੋਗਦਾਨ ਹੋਵੇਗਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਭਾਜਪਾ ਦੇ ਨਵ-ਨਿਯੁਕਤ ਪ੍ਰਧਾਨ ਅਜੇ ਕੌਸ਼ਲ ਸੇਠੂ ਨੇ ਟਾਂਡਾ ਵਿਖੇ ਕੀਤਾ। ਇਸ ਮੌਕੇ ਸਭ ਤੋਂ ਪਹਿਲਾਂ ਭਾਜਪਾ ਜ਼ਿਲ੍ਹਾ ਟਰਾਂਸਪੋਰਟ ਸੈੱਲ ਦੇ ਜ਼ਿਲ੍ਹਾ ਪ੍ਰਧਾਨ ਚਰਨਜੀਤ ਸਿੰਘ ਲਾਡੀ ਦੀ ਅਗਵਾਈ ਵਿੱਚ ਜ਼ਿਲ੍ਹਾ ਪਲਾਨਿੰਗ ਬੋਰਡ ਦੇ ਸਾਬਕਾ ਚੇਅਰਮੈਨ ਜਵਾਹਰ ਖੁਰਾਣਾ, ਜ਼ਿਲ੍ਹਾ ਪ੍ਰੈੱਸ ਸਕੱਤਰ ਅਨਿਲ ਕੁਮਾਰ ਗੋਰਾ, ਬੌਬੀ ਰਾਜਪੁਰ ਸਾਬਕਾ ਜ਼ਿਲ੍ਹਾ ਸਕੱਤਰ, ਸਾਬਕਾ ਕੌਂਸਲਰ ਰਾਜਨ ਸੋਂਧੀ, ਅਸ਼ਵਨੀ ਜਾਜਾ, ਸਾਲੂ ਜਹੂਰਾ ਅਤੇ ਭਰਤ ਸੈਣੀ ਦੀ ਹਾਜਰੀ ਵਿੱਚ ਜ਼ਿਲ੍ਹਾ ਪ੍ਰਧਾਨ ਅਜੈ ਕੌਸ਼ਲ ਦਾ ਭਰਵਾਂ ਤੇ ਨਿੱਘਾ ਸਵਾਗਤ ਕਰਦੇ ਹੋਏ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਚਰਨਜੀਤ ਲਾਡੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜਿੱਥੇ ਦੇਸ਼ ਨੂੰ ਹਰ ਪੱਖੋਂ ਮਜਬੂਤ ਕੀਤਾ ਹੈ ਉਥੇ ਹੀ ਭਾਜਪਾ ਪਾਰਟੀ ਵੀ ਦੇਸ਼ ਦੀ ਪ੍ਰਮੁੱਖ ਪਾਰਟੀ ਵਜੋਂ ਉਭਰ ਕੇ ਸਾਹਮਣੇ ਆਈ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਸੂਬਾ ਪੰਜਾਬ ਵਿਚ ਵੀ ਪਾਰਟੀ ਦੀ ਬਿਹਤਰੀ ਅਤੇ ਚੜ੍ਹਦੀ ਕਲਾ ਲਈ ਦਿਨ ਰਾਤ ਮਿਹਨਤ ਕਰਕੇ ਪਾਰਟੀ ਦਾ ਦਾਇਰਾ ਹੋਰ ਵਧਾਇਆ ਜਾਵੇਗਾ। ਇਸ ਮੌਕੇ ਸਾਬਕਾ ਚੇਅਰਮੈਨ ਜਵਾਹਰ ਖੁਰਾਣਾ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਲੋਕ ਬਾਕੀ ਪਾਰਟੀਆਂ ਨੂੰ ਤੋਂ ਕਿਨਾਰਾ ਕਰਕੇ ਭਾਜਪਾ ਦੇ ਹੱਕ ਵਿੱਚ ਆਉਣਗੇ। ਇਸ ਸਮੇਂ ਨਵ ਨਿਯੁਕਤ ਜ਼ਿਲ੍ਹਾ ਪ੍ਰਧਾਨ ਅਜੈ ਕੁਮਾਰ ਕੌਸ਼ਲ ਨੇ ਸਮੂਹ ਭਾਜਪਾ ਅਹੁਦੇਦਾਰਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਹਲਕਾ ਟਾਂਡਾ ਅੰਦਰ ਪਾਰਟੀ ਵਿਚ ਰਹਿੰਦੀਆਂ ਬਾਕੀ ਨਿਯੁਕਤੀਆਂ ਜਲਦ ਕੀਤੀਆਂ ਜਾਣਗੀਆਂ ਅਤੇ ਪਾਰਟੀ ਦੀਆਂ ਦੇਸ਼ ਉਸਾਰੂ ਨੀਤੀਆਂ ਨੂੰ ਘਰ-ਘਰ ਪਹੁੰਚਾਉਣ ਲਈ ਭਾਜਪਾ ਦੀ ਟੀਮ ਵਿਸ਼ੇਸ਼ ਯਤਨ ਕਰੇਗੀ।



# ਟੀ ਬੀ ਮੁਕਤ ਭਾਰਤ ਮਿਸ਼ਨ ਤਹਿਤ ਸਰਵੇ ਕਰ ਰਹੀਂ ਟੀਮ ਦੇ ਕੰਮ ਦੀ ਸਮੀਖਿਆ



**ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)**

ਟੀਵੀ ਮੁਕਤ ਭਾਰਤ ਮਿਸ਼ਨ ਤਹਿਤ ਟੀਵੀ ਦਾ ਖਾਤਮਾ ਕਰਨ ਲਈ ਸਰਵੇ ਕਰ ਰਹੀ ਟੀਮ ਦੀ ਸਟੇਟ ਟੀਮ ਵੱਲੋਂ ਚੈਕਿੰਗ ਕੀਤੀ ਗਈ। ਇਸ ਦੀ ਜਾਣਕਾਰੀ ਜ਼ਿਲ੍ਹਾ ਤਪਦਿਕ ਅਫਸਰ ਜ਼ਿਲ੍ਹਾ ਰੂਪਨਗਰ ਤੋਂ ਡਾਕਟਰ ਕਮਲਜੀਤ ਕੌਰ ਨੇ ਦੱਸਿਆ ਟੀਵੀ ਮੁਕਤ ਭਾਰਤ ਮਿਸਨ ਤਹਿਤ ਜ਼ਿਲਾ ਰੂਪਨਗਰ ਵਿਖੇ 26 /12/2022 ਤੋਂ ਸਿਵਲ ਸਰਜਨ ਰੂਪਨਗਰ ਡਾਕਟਰ ਪਰਮਿੰਦਰ ਸਿੰਘ ਵੱਲੋਂ ਹਰੀ ਝੰਡੀ ਦੇ ਕੇ ਸਰਵੇ ਸ਼ੁਰੂ ਕਰਵਾਇਆ ਗਿਆ। ਜ਼ਿਲ੍ਹੇ ਦੀਆਂ ਪੰਜ ਟੀਮਾਂ ਸਰਵੇ ਕਰ ਰਹੀਆਂ ਹਨ। ਇਸਦੇ ਤਹਿਤ ਨੂਰਪੁਰ ਬੇਦੀ ਬਲਾਕ ਦੀ ਟੀਮ ਨੰਬਰ 2 ਦੀ ਸਟੇਟ ਟੀਮ ਵੱਲੋਂ ਪਿੰਡ ਕਰਤਾਰਪੁਰ ਵਿਖੇ ਚੈਕਿੰਗ ਕੀਤੀ ਗਈ। ਡਾਕਟਰ ਅਕਸ਼ੇ, ਡਾਕਟਰ ਧਰੁਵੇਂਦੇਰਾ ਟੀਮ ਦੁਆਰ ਸਰਵੇ ਕੀਤੇ ਹੋਏ ਘਰਾਂ ਦੀ ਚੈਕਿੰਗ ਕੀਤੀ ਗਈ ਤੇ ਲੋਕਾਂ ਨੂੰ ਟੀਮ ਵੱਲੋਂ ਟੀਬੀ ਦੀ ਬਿਮਾਰੀ ਦੇ ਲੱਛਣਾਂ ਬਾਰੇ ਪੁੱਛਿਆ ਗਿਆ। ਉਨ੍ਹਾਂ ਲੋਕਾਂ ਨੂੰ ਵੀ ਅਪੀਲ ਕੀਤੀ ਭਾਰਤ ਸਰਕਾਰ ਵੱਲੋਂ ਹਰ ਘਰ ਵਿੱਚ ਟੀਮ ਭੇਜੀ ਜਾ ਰਹੀ ਹੈ ਘਰ ਵਿਚ ਪਰਵਾਰ ਦੇ ਕਿਸੇ ਵੀ ਮੈਂਬਰ ਨੂੰ ਦੋ ਹਫਤੇ ਜ਼ਿਆਦਾ ਖਾਂਸੀ ਹੋਵੇ ਜਾਂ ਵਜਨ ਘੱਟ ਰਿਹਾ ਹੋਵੇ ਛਾਤੀ ਵਿਚ ਦਰਦ ਹੋਵੇ ਤਾਂ ਉਸ ਨੂੰ ਬੁਖਾਰ ਦਾ ਸੈਂਪਲ ਜ਼ਰੂਰ ਦੇਣਾ ਚਾਹੀਦਾ ਹੈ ਤਾਂ ਜੋ ਟੀਬੀ ਦੀ ਬਿਮਾਰੀ ਦਾ ਪਤਾ ਲਗਾਇਆ ਜਾ ਸਕੇ। ਸਰਵੇ ਕਰਨ ਵਾਲੀ ਟੀਮ ਦਾ ਕੰਮ ਤਸੱਲੀਬਖਸ਼ ਪਾਇਆ ਗਿਆ। ਸਟੇਟ ਟੀਮ ਵੱਲੋਂ ਸਰਵੇ ਕਰਨ ਵਾਲੀ ਟੀਮ ਨੰਬਰ-2 ਦੀ ਪ੍ਰਸ਼ੰਸਾ ਕੀਤੀ ਗਈ। ਇਸ ਮੌਕੇ ਸਰਪੰਚ ਹੁਸਨ ਚੰਦ, ਧਰਮਿੰਦਰ ਸਿੰਘ, ਸੁਰਜੀਤ ਸਿੰਘ ਸੀਨੀਅਰ ਟਰੀਟਮੈਂਟ ਸੁਪਰਵਾਈਜਰ ਸਰਵੇ ਟੀਮ ਮੈਂਬਰ, ਜ਼ਿਲਾ ਤਪਦਿਕ ਅਫਸਰ ਡਾਕਟਰ ਕਮਲਦੀਪ ਕੌਰ, ਡਾਕਟਰ ਧਰੁਵੇਂਦੇਰਾ, ਡਾਕਟਰ ਅਕਸ਼ੈ ਵਰਲਡ ਹੈਲਥ ਔਰਗਾਈਨੇਸ਼ਨ ਅਫਸਰ, ਆਸ਼ਾ ਵਰਕਰ ਨੀਲਮ ਕੁਮਾਰੀ ਆਦਿ ਹਾਜਰ ਸਨ।



# ਵਾਰਡ ਨੰਬਰ 2 'ਚ ਪੰਜ ਨਵ-ਜੰਮੀਆਂ ਧੀਆਂ ਦੀ ਲੋਹੜੀ ਮਨਾਈ

**ਮੋਰਿੰਡਾ (ਜੈਜੀ ਸਰਦਾਰ)**-ਬਲਾਕ ਮੋਰਿੰਡਾ ਦੇ ਵਾਰਡ ਨੰਬਰ 2 ਵਿੱਚ ਪੰਜ ਨਵ-ਜੰਮੀਆਂ ਬੱਚੀਆਂ (ਧੀਆਂ) ਦੀ ਲੋਹੜੀ ਮਨਾਈ ਗਈ। ਇਹ ਧੀਆਂ ਦੀ ਲੋਹੜੀ ਪੰਜਾਬ ਸਰਕਾਰ ਦੇ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵੱਲੋਂ 13/1/23 ਤੋਂ 20/1/23 ਤੱਕ ਪੰਜਾਬ ਦੇ ਸਾਰੇ ਆਂਗਨਵਾੜੀ ਸੈਂਟਰਾਂ ਵਿੱਚ ਮਨਾਈਆਂ ਗਈਆਂ ਹਨ। ਇਨ੍ਹਾਂ ਲੋਹੜੀ ਦੇ ਪ੍ਰੋਗਰਾਮਾਂ ਵਿੱਚ ਲੜਕੀਆਂ ਦੇ ਲਿੰਗ ਅਨੁਪਾਤ ਵਿੱਚ ਅਤੇ ਲੜਕੀਆਂ ਦੇ ਸਰਵਪੱਖੀ ਵਿਕਾਸ ਦੀ ਜਾਣਕਾਰੀ ਦਿੱਤੀ ਗਈ। ਇਨ੍ਹਾਂ ਪੰਜ ਨਵ-ਜੰਮੀਆਂ ਧੀਆਂ ਅਮਾਨਤ ਕੌਰ,ਅਨਾਇਆ, ਕਿਰਤੀ ਸਰਮਾ,ਮੰਨਤ ਅਤੇ ਅਨਾਰਾਂ ਗੋਸਵਾਮੀ ਨੂੰ ਲੋਹੜੀ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਸੀ ਡੀ ਪੀ ਓ ਰਜਿੰਦਰਪਾਲ ਕੌਰ, ਰਣਜੀਤ ਕੌਰ ਜਨਰਲ ਸਕੱਤਰ ਮੋਰਿੰਡਾ, ਕੁਲਦੀਪ ਕੌਰ, ਗੁਰਮੀਤ ਕੌਰ ਸਰਕਲ ਸੁਪਰਵਾਈਜਰ, ਮਨਪ੍ਰੀਤ ਕੌਰ ਪੋਸ਼ਣ ਕੋਆਰਡੀਨੇਟਰ, ਮਨਜੀਤ ਕੌਰ ਆਂਗਨਵਾੜੀ, ਸੁਨੀਤਾ ਹਰਬੰਸ ਕੌਰ ਬੱਲਾਂ ਪ੍ਰਧਾਨ ਅਤੇ ਆਂਗਨਵਾੜੀ ਵਰਕਰਾਂ ਵੱਲੋਂ ਭਾਗ ਲਿਆ ਗਿਆ।

# ਸਾਥੀ ਅਮਰਜੀਤ ਚੌਟਾਲਾ ਦੇ ਪਰਵਾਰ ਨਾਲ ਕੀਤਾ ਦੁੱਖ ਦਾ ਪ੍ਰਗਟਾਵਾ

**ਜਲੰਧਰ (ਰਾਜੇਸ਼ ਥਾਪਾ)**

ਪਿਛਲੇ ਦਿਨੀਂ ਪੀ.ਡਬਲਯੂ.ਡੀ.ਫੀਲਡ ਐਂਡ ਵਰਕਸ਼ਾਪ ਯੂਨੀਅਨ ਜ਼ਿਲ੍ਹਾ ਜਲੰਧਰ ਅਤੇ ਪ.ਸ.ਸ.ਫ. ਜ਼ਿਲ੍ਹਾ ਜਲੰਧਰ ਦੇ ਸੰਘਰਸ਼ਸ਼ੀਲ ਜੁਝਾਰੂ ਸਾਥੀ ਅਮਰਜੀਤ ਸਿੰਘ ਚੌਟਾਲਾ ਅਚਨਚੇਤ ਹੀ ਦਿਲ ਦਾ ਦੌਰਾ ਪੈਣ ਕਾਰਨ ਆਪਣੇ ਘੁੱਗ ਵਸਦੇ ਪਰਵਾਰ ਅਤੇ ਸੰਘਰਸ਼ਾਂ ਦੇ ਸਹਿਯੋਗੀ ਜੁਝਾਰੂ ਸਾਥੀਆਂ ਨੂੰ ਸਦਾ ਸਦਾ ਲਈ ਸਦੀਵੀ ਵਿਛੋੜਾ ਦੇ ਗਏ। ਇਸ ਅਤਿ ਦੁੱਖਦਾਈ ਸਮੇਂ ਪਰਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਪੀ.ਡਬਲਯੂ.ਡੀ.ਫੀਲਡ ਐਂਡ ਵਰਕਸਾਪ ਯੂਨੀਅਨ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਪੁਸ਼ਪਿੰਦਰ ਕੁਮਾਰ ਵਿਰਦੀ, ਜਨਰਲ ਸਕੱਤਰ ਅਮਰੀਕ ਸਿੰਘ ਸੇਖੋਂ, ਚੇਅਰਮੈਨ ਅਕਲ ਚੰਦ ਸਿੰਘ, ਬਲਜੀਤ ਸਿੰਘ, ਰਾਜਿੰਦਰ ਮਹਿਤਪੁਰ, ਤਰਲੋਕ ਸਿੰਘ, ਬਲਵੀਰ ਸਿੰਘ ਗੁਰਾਇਆ, ਕਰਮਜੀਤ ਸਿੰਘ,ਪ.ਸ.ਸ.ਫ.ਦੇ ਸੂਬਾ ਜਨਰਲ ਸਕੱਤਰ ਤੀਰਥ ਸਿੰਘ ਬਾਸੀ, ਸੂਬਾ ਕਮੇਟੀ ਮੈਂਬਰ ਤਰਸੇਮ ਮਾਧੋਪੁਰੀ,ਜਨਰਲ ਸਕੱਤਰ ਨਿਰਮੋਲਕ ਸਿੰਘ ਹੀਰਾ, ਪ੍ਰੈੱਸ ਸਕੱਤਰ ਪਰਨਾਮ ਸਿੰਘ ਸੈਣੀ, ਕੁਲਵੰਤ ਰਾਮ ਰੁੜਕਾ,ਮਨੋਜ ਕੁਮਾਰ ਸਰੋਏ ,ਪੁਰਾਣੀ ਪੈਂਨਸ਼ਨ ਬਹਾਲੀ ਸੰਘਰਸ਼ ਕਮੇਟੀ ਦੇ ਕਨਵੀਨਰ ਕੁਲਦੀਪ ਵਾਲੀਆ,ਕੋ ਕਨਵੀਨਰ ਦਿਲਬਾਗ ਸਿੰਘ, ਸੰਦੀਪ ਰਾਜੋਵਾਲ,ਵੇਦ ਰਾਜ, ਪਰੇਮ ਖਲਵਾੜਾ, ਗੌਰਮਿੰਟ ਟੀਚਰਜ ਯੂਨੀਅਨ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਕਰਨੈਲ ਫਿਲੌਰ, ਜਨਰਲ ਸਕੱਤਰ ਗਣੇਸ਼ ਭਗਤ,ਐਕਟਿੰਗ ਸਕੱਤਰ ਸੁਖਵਿੰਦਰ ਸਿੰਘ ਮੱਕੜ,ਵਿੱਤ ਸਕੱਤਰ ਹਰਮਨਜੋਤ ਸਿੰਘ ਆਹਲੂਵਾਲੀਆ, ਪ੍ਰੈੱਸ ਸਕੱਤਰ ਰਗਜੀਤ ਸਿੰਘ, ਪੰਜਾਬ ਪੈਨਸ਼ਨਰ ਵੈੱਲਫੇਅਰ ਐਸੋਸੀਏਸ਼ਨ ਜ਼ਿਲ੍ਹਾ ਜਲੰਧਰ ਦੇ ਆਗ ਕਰਨੈਲ ਸਿੰਘ ਸੰਧੂ, ਕੁਲਦੀਪ ਸਿੰਘ ਕੌੜਾ,ਰਾਮ ਪਾਲ ਮਹੇ, ਰਾਜਿੰਦਰ ਸ਼ਰਮਾ, ਇਸਤਰੀ ਮੁਲਾਜਮਾਂ ਤਾਲਮੇਲ ਕਮੇਟੀ ਜਲੰਧਰ ਦੀ ਪ੍ਰਧਾਨ ਕਮਲਜੀਤ ਕੌਰ,ਜਨਰਲ ਸਕੱਤਰ ਸੁਰਿੰਦਰ ਕੌਰ ਸਹੋਤਾ,ਵਿੱਤ ਸਕੱਤਰ ਮਨਜਿੰਦਰ ਕੌਰ ਹਜਾਰਾ,ਮਿੱਡ ਡੇ ਮੀਲ ਵਰਕਰਜ ਯੂਨੀਅਨ ਦੀਆਂ ਆਗੂ ਸਿਮਰਨਜੀਤ ਪਾਸਲਾ, ਕਸ਼ਮੀਰ ਕੌਰ ਢੇਸੀ,ਸਵੀਟੀ ਤੱਖਰ, ਸੁਖਵਿੰਦਰ ਕੌਰ ਸਰਹਾਲ ਮੁੰਡੀ, ਅਮਰਜੀਤ ਕੌਰ ਨਗਰ, ਜਸਵਿੰਦਰ ਕੌਰ ਟਾਹਲੀ ਆਦਿ ਕਿਹਾ ਕਿ ਜਿੱਥੇ ਪਰਵਾਰ ਨੂੰ ਕਦੇ ਵੀ ਨਾ ਪੂਰਾ ਹੋਣ ਯੋਗ ਘਾਟਾ ਪਿਆ ਹੈ, ਉੱਥੇ ਸੰਘਰਸ਼ਸ਼ੀਲ ਜਥੇਬੰਦੀਆਂ ਵੀ ਇੱਕ ਸੂਝਵਾਨ, ਜੁਝਾਰੂ ਸਾਥੀ ਤੋਂ ਵਿਰਵੀਆਂ ਹੋ ਗਈਆਂ ਹਨ। ਸਾਥੀ ਜਥੇਬੰਦੀ ਦੇ ਹਰ ਸੰਘਰਸ਼ ਵਿੱਚ ਵੱਧ ਚੜ੍ਹ ਕੇ ਯੋਗਦਾਨ ਪਾਉਂਦਾ ਰਿਹਾ ਸੀ।26 ਜਨਵਰੀ ਨੂੰ ਉਹਨਾਂ ਦੀ ਆਤਮਿਕ ਸ਼ਾਂਤੀ ਲਈ ਬਾਰਾਂ ਵਜੇ ਤੋਂ ਦੋ ਵਜੇ ਤੱਕ ਪਿੰਡ ਚੌਟਾਲਾ (ਹੁਸ਼ਿਆਰਪੁਰ) ਵਿਖੇ ਅੰਤਿਮ ਅਰਦਾਸ ਹੋਵੇਗੀ।



# 'ਬੇਟੀ ਬਚਾਓ, ਬੇਟੀ ਪੜ੍ਹਾਓ' ਤਹਿਤ ਬੱਸੀ ਦੌਲਤ ਖਾਂ ਵਿਖੇ ਨਵਜੰਮੀਆਂ 10 ਬੱਚੀਆਂ ਦੀ ਪਾਈ ਲੋਹੜੀ




**ਹੁਸ਼ਿਆਰਪੁਰ, (ਓ ਪੀ ਰਾਣਾ, ਬਲਬੀਰ ਸਿੰਘ ਸੈਣੀ)**

ਡਾਇਰੈਕਟਰ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਚੰਡੀਗੜ੍ਹ ਦੇ ਦਿਸ਼ਾ-ਨਿਰਦੇਸ਼ ਅਤੇ ਜ਼ਿਲ੍ਹਾ ਪ੍ਰੋਗਰਾਮ ਅਫਸਰ ਹੁਸ਼ਿਆਰਪੁਰ ਅਮਰਜੀਤ ਸਿੰਘ ਭੁੱਲਰ ਦੀ ਅਗਵਾਈ ਹੇਠ ਸੀ. ਡੀ. ਪੀ. ਓ ਹੁਸ਼ਿਆਰਪੁਰ-2 ਰਣਜੀਤ ਕੌਰ ਵੱਲੋਂ ਪਿੰਡ ਬੱਸੀ ਦੌਲਤ ਖਾਂ ਵਿਖੇ ਧੀਆਂ ਦੀ ਲੋਹੜੀ ਸਪਤਾਹ ਨੂੰ ਮਨਾਉਂਦੇ ਹੋਏ 10 ਧੀਆਂ ਪ੍ਰਭਨੂਰ, ਜਪਜੀ, ਜਸਮੀਤ, ਮਨਕੀਰਤ, ਰਵਨੀਤ, ਯਸਮੀਤ, ਸਿਮਰਜੋਤ, ਗੁਰਅਸੀਸ,ਅੱਭਿਆ, ਅਤੇ ਜਸਲੀਨ ਦੀ ਲੋਹੜੀ ਪਾਈ ਗਈ। ਇਸ ਮੌਕੇ ਸੀ. ਡੀ. ਪੀ. ਓ ਹੁਸ਼ਿਆਰਪੁਰ-2 ਵੱਲੋਂ ਇਹ ਦੱਸਿਆ ਗਿਆ ਕਿ ਲਿੰਗ ਅਨੁਪਾਤ ਵਿਚ ਸੁਧਾਰ ਲਿਆਉਣ ਲਈ ਬੇਟੀ ਬਚਾਓ ਬੇਟੀ ਪੜ੍ਹਾਓ ਸਕੀਮ ਤਹਿਤ ਜਿੱਥੇ ਬਲਾਕ ਦੇ ਸਾਰੇ ਆਂਗਣਵਾੜੀ ਸੈਂਟਰਾਂ ਵਿੱਚ 13 ਜਨਵਰੀ ਤੋਂ 20 ਜਨਵਰੀ 2023 ਤੱਕ ਧੀਆਂ ਦੀ ਲੋਹੜੀ ਸਪਤਾਹ ਮਨਾਇਆ ਗਿਆ ਹੈ ਉਥੇ ਬਲਾਕ ਦੇ ਸਾਰੇ ਆਂਗਣਵਾੜੀ ਕੇਂਦਰਾਂ ਵਿੱਚ 18 ਜਨਵਰੀ ਤੋਂ 24 ਜਨਵਰੀ 2023 ਤਕ ਕੌਮੀ ਬਾਲੜੀ ਸਪਤਾਹ ਵੀ ਮਨਾਇਆ ਜਾ ਰਿਹਾ ਹੈ। ਉਨ੍ਹਾਂ ਬੱਚੀਆਂ ਦੀਆਂ ਮਾਵਾਂ ਅਤੇ ਲੋਕਾਂ ਨੂੰ ਪ੍ਰੇਰਿਤ ਕੀਤਾ ਕਿ ਧੀਆਂ ਸਾਡੇ ਸਮਾਜ ਦਾ ਇੱਕ ਅਨਿਖੜਵਾਂ ਅੰਗ ਹਨ ਅਤੇ ਲੜਕੀ ਦੀ ਹੋਂਦ ਤੋਂ ਬਿਨਾਂ ਸਮਾਜ ਦੀ ਸਿਰਜਣਾ ਕਰਨਾ ਅਸੰਭਵ ਹੈ। ਉਨ੍ਹਾਂ ਸੱਦਾ ਦਿੱਤਾ ਕਿ ਆਓ ਅਸੀਂ ਆਪਣੀਆਂ ਲੜਕੀਆਂ ਅਤੇ ਲੜਕਿਆਂ ਵਿੱਚ ਫਰਕ ਨਾ ਕਰਦੇ ਹੋਏ ਲੜਕੀਆਂ ਨੂੰ ਵਿੱਦਿਆ, ਖੇਡਾਂ ਵਿੱਚ ਬਰਾਬਰ ਦੇ ਮੌਕੇ ਦੇ ਕੇ ਉਨ੍ਹਾਂ ਦਾ ਸਰਵਪੱਖੀ ਪਾਲਣ-ਪੋਸਣ ਕਰੀਏ ਅਤੇ ਅੱਜ ਧੀਆਂ ਦੀ ਲੋਹੜੀ ਮੌਕੇ ਪ੍ਰਣ ਕਰੀਏ ਕਿ ਅਸੀਂ ਆਪਣੀਆਂ ਧੀਆਂ ਨੂੰ ਹਰ ਖੇਤਰ ਵਿੱਚ ਉਡਾਰੀਆਂ ਮਾਰਨ ਦਾ ਹਰ ਸੰਭਵ ਮੌਕਾ ਪ੍ਰਦਾਨ ਕਰਾਂਗੇ। ਇਸ ਮੌਕੇ ਪ੍ਰਾਇਮਰੀ ਸਕੂਲ ਬੱਸੀ ਦੌਲਤ ਖਾਂ ਦੀਆਂ ਬੱਚੀਆਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਅਤੇ ਪੰਜਾਬੀ ਲੋਕ ਨਾਚ ਗਿੱਧਾ ਪੇਸ਼ ਕੀਤਾ ਗਿਆ। ਨਵਜੰਮੀਆਂ ਬੱਚੀਆਂ ਦੀਆਂ ਮਾਵਾਂ ਨੂੰ ਵਧਾਈ ਦਿੰਦੇ ਹੋਏ ਮਾਰਕਫੈੱਡ ਵੱਲੋਂ ਤਿਆਰ ਕੀਤੇ ਹੋਏ ਗਿਫਟ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਸਕੂਲ ਦੀਆਂ ਬੱਚੀਆਂ ਦੀ ਹੌਸਲਾ ਅਫਜਾਈ ਲਈ ਤੋਹਫੇ ਪ੍ਰਦਾਨ ਕੀਤੇ ਗਏ। ਇਸ ਮੌਕੇ ਸਰਪੰਚ ਚਰਨਜੀਤ ਸਿੰਘ ਅਤੇ ਸਮੂਹ ਪੰਚਾਇਤ ਮੈਂਬਰ, ਸੁਪਰਵਾਈਜਰ ਰੀਟਾ, ਮਿਸ ਅਰਸ਼ਦੀਪ ਕੌਰ, ਰਾਜ ਰਾਣੀ, ਸਰਬਜੀਤ ਕੌਰ, ਪ੍ਰਾਇਮਰੀ ਸਕੂਲ ਸੈਂਟਰ ਟੀਚਰ ਕਿਰਨਾ ਚੰਦੇਲ, ਮੋਨਿਕਾ, ਆਂਗਣਵਾੜੀ ਵਰਕਰ ਕਮਲੇਸ਼ ਰਾਣੀ ਅਤੇ ਸੁਨੀਤਾ ਕੁਮਾਰੀ ਅਤੇ ਹੋਰ ਪਿੰਡ ਵਾਸੀ ਹਾਜਰ ਸਨ।

# ਬਾਬਾ ਜੱਸਾ ਸਿੰਘ ਬਜਵਾੜਾ ਕਲਾਂ ਨਮਿਤ ਅੰਤਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਪਿੰਡ ਬਜਵਾੜਾ ਕਲਾਂ ਵਿਖੇ ਗੁਰਦੁਆਰਾ ਸ੍ਰੀ ਸਭਾ ਸਾਹਿਬ ਛਾਉਣੀ ਨਿਹੰਗ ਸਿੰਘਾਂ ਦੇ ਸੇਵਾਦਾਰ ਬਾਬਾ ਜੱਸਾ ਸਿੰਘ (61) ਪੁੱਤਰ ਸਵ. ਚਰਨ ਸਿੰਘ ਵਾਸੀ ਬਿਲਾਸਪੁਰ ਜ਼ਿਲ੍ਹਾ ਹੁਸ਼ਿਆਰਪੁਰ ਦਾ ਬੀਤੀ ਦਿਨੀਂ ਅਚਾਨਕ ਦੇਹਾਂਤ ਹੋ ਗਿਆ ਸੀ। ਇਸ ਮੌਕੇ ਮੁੱਖ ਸੇਵਾਦਾਰ ਜਥੇਦਾਰ ਬਾਬਾ ਗੁਰਦੇਵ ਸਿੰਘ ਤਰਨਾ ਦਲ ਬਜਵਾੜਾ ਕਲਾਂ ਨੇ ਦੱਸਿਆ ਕਿ ਬਾਬਾ ਜੱਸਾ ਸਿੰਘ ਬਜਵਾੜਾ ਕਲਾਂ ਦੀ ਆਤਮਿਕ ਸ਼ਾਂਤੀ ਲਈ ਸ੍ਰੀ ਸੁਖਮਨੀ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਦੀਵਾਨ ਹਾਲ ਵਿੱਚ ਸ਼ਰਧਾਂਜਲੀ ਦੌਰਾਨ ਜਥੇਦਾਰ ਬਾਬਾ ਗੁਰਦੇਵ ਸਿੰਘ ਤਰਨਾ ਦਲ ਬਜਵਾੜਾ ਕਲਾਂ, ਭਾਈ ਜਸਵਿੰਦਰ ਸਿੰਘ ਹੈਡ ਗ੍ਰੰਥੀ, ਭਾਈ ਅਕਾਸ਼ਦੀਪ ਸਿੰਘ ਕਥਾ ਵਾਚਕ ਦਮਦਮੀ ਟਕਸਾਲ, ਭਾਈ ਸਿਮਰਨਜੀਤ ਸਿੰਘ ਬਜਵਾੜਾ ਕਲਾਂ ਆਦਿ ਵੈਰਾਗਮਈ ਕੀਰਤਨ ਕੀਤਾ। ਜਥੇਦਾਰ ਬਾਬਾ ਗੁਰਦੇਵ ਸਿੰਘ ਤਰਨਾ ਦਲ ਬਜਵਾੜਾ ਕਲਾਂ ਨਾਲ ਇਲਾਕੇ ਭਰ ਵੱਖ ਰਾਜਨੀਤਿਕ ਆਗੂਆਂ, ਧਾਰਮਿਕ ਜਥੇਬੰਦੀਆਂ, ਸਮਜਿਕ ਸੰਸਥਾਵਾਂ ਅਤੇ ਪੱਤਰਕਾਰ ਭਾਈਚਾਰੇ ਨੇ ਦੁੱਖ ਸਾਂਝਾ ਕੀਤਾ। ਸ਼ਰਧਾਂਜਲੀ ਸਮਾਗਮ ਦੌਰਾਨ ਜਥੇਦਾਰ ਬਾਬਾ ਗੁਰਦੇਵ ਸਿੰਘ ਤਰਨਾ ਦਲ ਬਜਵਾੜਾ ਕਲਾਂ,ਸਮਾਜ ਸੇਵਕ ਵਰਿੰਦਰ ਸਿੰਘ ਪਰਹਾਰ, ਭੈਣ ਗੁਰਜੀਤ ਕੌਰ, ਭੈਣ ਮਨਜੀਤ ਕੌਰ, ਭੈਣ ਬਲਜਿੰਦਰ ਕੌਰ, ਭੈਣ ਗੁਰਜੀਤ ਕੌਰ, ਭੈਣ ਹਰਜਿੰਦਰ ਕੌਰ, ਭਾਣਜਾ ਹਰਦੀਪ ਸਿੰਘ, ਸੁਖਦੇਵ ਸਿੰਘ, ਸੁਰਿੰਦਰ ਸਿੰਘ, ਪਰਮਜੀਤ ਸਿੰਘ ਮਹਿਲਾਂਵਾਲੀ, ਹਰਭਜਨ ਸਿੰਘ ਹੁੱਕੜਾ, ਇੰਦਰਜੀਤ ਸਿੰਘ, ਸਿਮਰਨਜੀਤ ਸਿੰਘ ਬਜਵਾੜਾ ਕਲਾਂ, ਮਨਜਿੰਦਰ ਸਿੰਘ ਲੰਗੇਰੀ, ਤਲਵਿੰਦਰ ਸਿੰਘ ਬਾੜੀਆਂ, ਗੁਰਪਾਲ ਸਿੰਘ ਬਜਵਾੜਾ ਕਲਾਂ, ਬਲਵੀਰ ਸਿੰਘ ਹੇੜੀਆ, ਅਜਮੇਰ ਸਿੰਘ ਮੁੱਖਲਿਆਣਾ, ਜਸਪ੍ਰੀਤ ਸਿੰਘ, ਸਿਮਰਨਜੀਤ ਸਿੰਘ ਬਜਵਾੜਾ ਕਲਾਂ, ਜਸਪ੍ਰੀਤ ਸਿੰਘ, ਗੁਰਪ੍ਰੀਤ ਸਿੰਘ, ਅਕਾਸਦੀਪ ਸਿੰਘ ਦਮਦਮੀ ਟਕਸਾਲ, ਸੁਰਿੰਦਰ ਸਿੰਘ ਮਹਿਲਾਂਵਾਲੀ, ਹਰਸਵੀਰ ਸਿੰਘ, ਅਮਨਦੀਪ ਸਿੰਘ ਮੋਠਾਂਵਾਲੀ ਜਲੰਧਰ, ਅਮਰਜੀਤ ਸਿੰਘ ਏ ਐਸ ਆਈ ਆਦਿ ਹਾਜਰ ਸਨ।




# ਕੌਮੀ ਬਾਲੜੀ ਹਫ਼ਤੇ ਤਹਿਤ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਵਿਚਲੇ ਦਫ਼ਤਰਾਂ ਦੇ ਬਾਹਰ ਲਗਾਏ ਜਾਗਰੂਕਤਾ ਸਟਿੱਕਰ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਡਾਇਰੈਕਟਰ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਪੰਜਾਬ ਚੰਡੀਗੜ੍ਹ ਦੇ ਦਿਸ਼ਾ-ਨਿਰਦੇਸ਼ਾਂ ਅਤੇ ਅਮਰਜੀਤ ਸਿੰਘ ਭੁੱਲਰ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਦੀ ਅਗਵਾਈ ਹੇਠ ਅੱਜ ਮੰਜੂ ਬਾਲਾ ਸੀ.ਡੀ.ਪੀ.ਓ. ਹੁਸ਼ਿਆਰਪੁਰ ਦੀ ਟੀਮ ਵਲੋਂ ਡਿਪਟੀ ਕਮਿਸ਼ਨਰ, ਵਧੀਕ ਡਿਪਟੀ ਕਮਿਸ਼ਨਰ ਅਤੇ ਜਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਵਿਚਲੇ ਵੱਖ-ਵੱਖ ਦਫ਼ਤਰਾਂ ਦੇ ਬਾਹਰ 'ਬੇਟੀ ਬਚਾਓ-ਬੇਟੀ ਪੜ੍ਹਾਓ' ਦਾ ਸੁਨੇਹਾ ਦਿੰਦੇ ਜਾਗਰੂਕਤਾ ਸਟਿੱਕਰ ਲਗਾਏ ਗਏ। ਇਸ ਮੌਕੇ ਸੀ.ਡੀ.ਪੀ.ਓ.ਮੰਜੂ ਬਾਲਾ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਦੀ ਰਹਿਨੁਮਾਈ ਹੇਠ ਜ਼ਿਲ੍ਹੇ ਵਿਚਂ 18 ਜਨਵਰੀ ਤੋਂ 24 ਜਨਵਰੀ ਤੱਕ ਕੌਮੀ ਬਾਲੜੀ ਹਫ਼ਤਾ ਮਨਾਉਣ ਹਿੱਤ ਵੱਖ-ਵੱਖ ਪ੍ਰੋਗਰਾਮ ਉਲੀਕੇ ਗਏ ਹਨ। ਉਨ੍ਹਾਂ ਦੱਸਿਆ ਕਿ ਇਸ ਤਹਿਤ ਰੋਜ਼ਾਨਾ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਇਸ ਹਫਤੇ ਦੌਰਾਨ ਲੜਕੀਆਂ ਦੀ ਲੋਹੜੀ ਪਾਈ ਜਾਵੇਗੀ ਅਤੇ ਬੱਚਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ, ਲਿੰਗ ਅਨੁਪਾਤ ਵਿਚ ਸੁਧਾਰ ਲਿਆਉਣ, ਕਿਸ਼ੋਰ ਲੜਕੀਆਂ ਨੂੰ ਕਿੱਤਾ ਮੁਖੀ ਸਿਖਲਾਈ ਦੇ ਕੇ ਜ਼ਿੰਦਗੀ ਦੇ ਯੋਗ ਬਣਾਉਣ ਬਾਰੇ ਜਾਰਗੂਕਤਾ ਪੈਦਾ ਕੀਤੀ ਜਾਵੇਗੀ।

ਇਸੇ ਤਰ੍ਹਾਂ ਲੜਕੀਆਂ ਨੂੰ ਖੇਡਾਂ ਲਈ ਉਤਸ਼ਾਹਿਤ ਕੀਤਾ ਜਾਵੇਗਾ ਅਤੇ ਪੋਸਟਰ ਮੇਕਿੰਗ, ਸਲੋਗਨ ਲਿਖਣ ਅਤੇ ਦੀਵਾਰ 'ਤੇ ਪੇਟਿੰਗ ਆਦਿ ਮੁਕਾਬਲੇ ਕਰਵਾਏ ਜਾਣਗੇ। ਬੇਟੀ ਬਚਾਓ-ਬੇਟੀ ਪੜ੍ਹਾਓ ਮੁਹਿੰਮ ਨੂੰ ਉਤਸ਼ਾਹਿਤ ਕਰਨ ਲਈ ਕਮਿਊਨਿਟੀ 'ਤੇ ਅਧਾਰਤ ਮੀਟਿੰਗਾਂ ਕੀਤੀਆਂ ਜਾਣਗੀਆਂ, ਜਿਸ ਵਿਚ ਲੋਕਲ ਤੇ ਧਾਰਮਿਕ ਆਗੂਆਂ ਨੂੰ ਸ਼ਾਮਿਲ ਕੀਤਾ ਜਾਵੇਗਾ ਅਤੇ ਬਾਲ ਵਿਆਹ ਕੁਰੀਤੀ ਨੂੰ ਖਤਮ ਕਰਨ ਲਈ ਮੁਹਿੰਮ ਚਲਾਈ ਜਾਵੇਗੀ, ਤਾਂ ਜੋ ਸਮਾਜ ਵਿਚ ਲੜਕੀਆਂ ਨੂੰ ਹਰ ਖੇਤਰ ਵਿਚ ਬਰਾਬਰ ਮੌਕੇ ਮਿਲ ਸਕਣ।

# ਸ਼ੂਗਰ ਮਿੱਲ ਦੀ ਸੁਆਹ ਦਾ ਮਸਲਾ : ਜਮਹੂਰੀ ਅਧਿਕਾਰ ਸਭਾ ਵੱਲੋਂ ਜਾਂਚ ਰਿਪੋਰਟ ਜਾਰੀ

**ਨਵਾਂਸ਼ਹਿਰ (ਮਨੋਜ ਲਾਡੀ)**

ਜਮਹੂਰੀ ਅਧਿਕਾਰ ਸਭਾ ਦੀ ਸੱਤ ਮੈਂਬਰੀ ਟੀਮ ਨੇ ਸਹਿਕਾਰੀ ਸ਼ੂਗਰ ਮਿੱਲ ਨਵਾਂਸ਼ਹਿਰ ਦੇ ਸੁਆਹ ਦੇ ਮਸਲੇ ਉੱਪਰ ਤੱਥ ਖੋਜ ਰਿਪੋਰਟ ਜਾਰੀ ਕਰਕੇ ਪਲਾਂਟ ਦੀ ਮੈਨੇਜਮੈਂਟ ਨੂੰ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਮਿਲੀਭੁਗਤ ਨਾਲ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਢਿੱਲੇ ਰਵੱਈਏ ਦਾ ਫ਼ਾਇਦਾ ਉਠਾਕੇ ਸ਼ਹਿਰ ਦੇ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰਨ ਦਾ ਜ਼ਿੰਮੇਵਾਰ ਠਹਿਰਾਇਆ ਹੈ। ਇਹ ਜਾਂਚ ਰਿਪੋਰਟ ਸਭਾ ਦੇ ਸੂਬਾ ਕਮੇਟੀ ਮੈਂਬਰ ਬੂਟਾ ਸਿੰਘ ਵੱਲੋਂ ਜਾਰੀ ਕੀਤੀ ਗਈ। ਇਸ ਮੌਕੇ ਸਭਾ ਦੇ ਜ਼ਿਲ੍ਹਾ ਪ੍ਰਧਾਨ ਗੁਰਨੇਕ ਸਿੰਘ ਅਤੇ ਅਸ਼ੋਕ ਕੁਮਾਰ ਵੀ ਉਹਨਾਂ ਦੇ ਨਾਲ ਸਨ। ਪੱਤਰ ਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਬੂਟਾ ਸਿੰਘ ਨੇ ਦੱਸਿਆ ਕਿ ਸਭਾ ਦੀ ਜਾਂਚ ਟੀਮ, ਜਿਸ ਵਿਚ ਸੂਬਾ ਕਮੇਟੀ ਮੈਂਬਰ ਬੂਟਾ ਸਿੰਘ ਮਹਿਮੂਦਪੁਰ, ਜ਼ਿਲ੍ਹਾ ਪ੍ਰਧਾਨ ਗੁਰਨੇਕ ਸਿੰਘ, ਜ਼ਿਲ੍ਹਾ ਕੈਸ਼ੀਅਰ ਐਡਵੋਕੇਟ ਪਰਮਜੀਤ ਸਿੰਘ ਖਟੜਾ ਅਤੇ ਲੋਕਪੱਖੀ ਸ਼ਖਸੀਅਤਾਂ ਮਾਸਟਰ ਭੁਪਿੰਦਰ ਸਿੰਘ ਵੜੈਚ, ਬਲਵੀਰ ਸਿੰਘ ਖਾਨਪੁਰੀ, ਹੰਸ ਰਾਜ ਗੜ੍ਹਸ਼ੰਕਰ ਅਤੇ ਮਾਸਟਰ ਅਮਰਜੀਤ ਸਿੰਘ ਸ਼ਾਮਲ ਸਨ, ਨੇ ਪਲਾਂਟ ਦੇ ਜੀ ਐੱਮ, ਮਿੱਲ ਦੇ ਸੁਪਰਡੈਂਟ, ਡਿਪਟੀ ਕਮਿਸ਼ਨਰ, ਲੋਕ ਸੰਘਰਸ਼ ਮੰਚ ਦੇ ਆਗੂਆਂ ਅਤੇ ਸ਼ਹਿਰ ਦੇ ਪੀੜਤ ਲੋਕਾਂ ਨਾਲ ਗੱਲਬਾਤ ਕੀਤੀ। ਟੀਮ ਇਸ ਨਤੀਜੇ 'ਤੇ ਪਹੁੰਚੀ ਕਿ ਪਲਾਂਟ ਦੀ ਮੈਨੇਜਮੈਂਟ ਦੀ ਮੁਜਰਮਾਨਾ ਲਾਪ੍ਰਵਾਹੀ ਨੂੰ ਪਹਿਲਾਂ ਹੀ ਨੱਥ ਪਾਈ ਜਾ ਸਕਦੀ ਸੀ ਜੇ ਜ਼ਿਲ੍ਹਾ ਪ੍ਰਸ਼ਾਸਨ ਪਲਾਂਟ ਮੈਨੇਜਮੈਂਟ ਵੱਲੋਂ ਕੀਤੀ ਜਾ ਰਹੀ ਵਾਅਦਾ ਖ਼ਿਲਾਫ਼ੀ ਨੂੰ ਸਖ਼ਤੀ ਨਾਲ ਲੈਂਦਾ ਅਤੇ ਨਾਕਸ ਮਸ਼ੀਨਰੀ



ਤੁਰੰਤ ਸਮਾਂ-ਬੱਧ ਬਦਲਣ ਲਈ ਮੈਨੇਜਮੈਂਟ ਉੱਪਰ ਲੋੜੀਂਦਾ ਦਬਾਅ ਪਾਇਆ ਜਾਂਦਾ। ਪ੍ਰਦੂਸ਼ਣ ਕੰਟਰੋਲ ਬੋਰਡ ਦੀ ਮਿਲੀਭੁਗਤ ਨਾਲ ਮਿੱਲ ਮੈਨੇਜਮੈਂਟ ਖਰਚਾ ਬਚਾਉਣ ਲਈ ਗ਼ਲ ਚੁੱਕੀਆਂ ਪਲੇਟਾਂ ਨਾਲ ਪਲਾਂਟ ਨੂੰ ਚਲਾਉਂਦੀ ਰਹੀ ਅਤੇ ਜ਼ਿਲ੍ਹਾ ਪ੍ਰਸ਼ਾਸਨ ਪਲਾਂਟ ਮੈਨੇਜਮੈਂਟ ਦੀਆਂ ਵਾਰ ਵਾਰ ਵਾਅਦਾ ਖਿਲਾਫ਼ੀਆਂ ਨੂੰ ਨਜ਼ਰਅੰਦਾਜ਼ ਕਰਕੇ ਮੈਨੇਜਮੈਂਟ ਨੂੰ ਨੁਕਸ ਠੀਕ ਕਰਨ ਦੀ ਮੋਹਲਤ ਦੇ ਨਾਂ ਹੇਠ ਪ੍ਰਦੂਸ਼ਨ ਫੈਲਾਉਣ ਲਈ ਸਮਾਂ ਦਿੰਦਾ ਰਿਹਾ। ਜਿਸ ਕਾਰਨ ਸ਼ਹਿਰ ਦੇ ਲੋਕਾਂ ਨੂੰ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ ਅਤੇ ਸੜਕਾਂ ਉੱਪਰ ਆਉਣਾ ਪਿਆ।

ਟੀਮ ਨੇ ਮੰਗ ਕੀਤੀ ਕਿ 17 ਜਨਵਰੀ ਦੀ ਮੀਟਿੰਗ ਵਿਚ ਨਵੀਂ ਮਸ਼ੀਨਰੀ ਲਗਾਉਣ ਦੇ ਕੀਤੇ ਵਾਅਦੇ ਨੂੰ ਸਖ਼ਤੀ ਨਾਲ ਲਾਗੂ ਕਰਾਇਆ ਜਾਵੇ। ਮਨੁੱਖੀ ਜ਼ਿੰਦਗੀਆਂ ਨਾਲ ਖਿਲਵਾੜ ਕਰਨ ਦੀ ਮੁਜਰਮਾਨਾ ਕੋਤਾਹੀ ਲਈ ਪਲਾਂਟ ਦੇ ਅਧਿਕਾਰੀਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ। ਪਲਾਂਟ ਦੀ ਨਾਕਸ ਮਸ਼ੀਨਰੀ ਨੂੰ ਤੁਰੰਤ ਬਦਲ ਕੇ ਪ੍ਰਦੂਸ਼ਣ ਨੂੰ ਪੱਕੇ ਤੌਰ 'ਤੇ ਕੰਟਰੋਲ ਕੀਤਾ ਜਾਵੇ। ਪ੍ਰੋਜੈਕਟ ਦੇ ਇਕਰਾਰਨਾਮੇ ਦੀਆਂ ਸ਼ਰਤਾਂ ਦੀ ਉਲੰਘਣਾ ਕਰਨ ਦੇ ਮੱਦੇਨਜ਼ਰ ਇਸ ਕੰਪਨੀ ਨਾਲ ਇਕਰਾਰਨਾਮਾ ਤੁਰੰਤ ਰੱਦ ਕੀਤਾ ਜਾਵੇ। ਸ਼ੂਗਰ ਮਿੱਲ ਅੰਦਰ ਨਿੱਜੀ ਪੂੰਜੀ-ਨਿਵੇਸ਼ ਬੰਦ ਕੀਤਾ ਜਾਵੇ ਅਤੇ ਇਸ ਨੂੰ ਪੂਰੀ ਤਰ੍ਹਾਂ ਇਸ ਦੇ ਮੂਲ ਸਹਿਕਾਰੀ ਉਦੇਸ਼ ਅਨੁਸਾਰ ਚਲਾਇਆ ਜਾਵੇ। ਸ਼ੂਗਰ ਮਿੱਲ ਨੂੰ ਸ਼ਹਿਰ ਤੋਂ ਬਾਹਰ ਸ਼ਿਫਟ ਕਰਨ ਦੀ ਯੋਜਨਾ ਬਣਾਈ ਜਾਵੇ ਤਾਂ ਜੋ ਸ਼ਹਿਰ ਦੇ ਅੰਦਰ ਪ੍ਰਦੂਸ਼ਣ ਅਤੇ ਆਵਾਜਾਈ ਦੀ ਸਮੱਸਿਆ ਹੱਲ ਹੋ ਸਕੇ। ਪਲਾਂਟ ਦੀ ਮੈਨੇਜਮੈਂਟ ਨਾਲ ਮਿਲੇ ਹੋਏ ਪ੍ਰਦੂਸ਼ਨ ਕੰਟਰੋਲ ਬੋਰਡ ਦੇ ਅਧਿਕਾਰੀਆਂ ਨੂੰ ਕਟਹਿਰੇ ਵਿਚ ਖੜ੍ਹਾ ਕੀਤਾ ਜਾਵੇ ਅਤੇ ਉਨ੍ਹਾਂ ਵਿਰੁੱਧ ਸਖਤ ਵਿਭਾਗੀ ਕਾਰਵਾਈ ਕੀਤੀ ਜਾਵੇ। ਪਲਾਂਟ ਬਾਰੇ ਪ੍ਰਦੂਸ਼ਨ ਕੰਟਰੋਲ ਬੋਰਡ ਦੀ ਰਿਪੋਰਟ ਜਨਤਕ ਕੀਤੀ ਜਾਵੇ। ਸਿਹਤ ਵਿਭਾਗ ਕੋਲੋਂ ਬਾਕਾਇਦਾ ਸਰਵੇਖਣ ਕਰਵਾਇਆ ਜਾਵੇ ਤਾਂ ਜੋ ਇਹ ਪਤਾ ਲੱਗ ਸਕੇ ਕਿ ਇਸ ਪ੍ਰਦੂਸ਼ਨ ਕਾਰਨ ਕਿੰਨੇ ਲੋਕਾਂ ਨੂੰ ਸਿਹਤ ਦੀਆਂ ਸਮੱਸਿਆਵਾਂ ਆਈਆਂ।

# ਲੁੱਟਾਂ-ਖੋਹਾਂ ਕਰਨ ਵਾਲੇ ਗਰੋਹ ਦੇ 2 ਮੈਂਬਰ 3 ਮੋਟਰਸਾਈਕਲਾਂ ਸਮੇਤ ਕਾਬੂ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**-ਥਾਣਾ ਸਦਰ ਨਕੋਦਰ ਦੀ ਪੁਲਸ ਵੱਲੋਂ ਲੁੱਟਾਂ-ਖੋਹਾਂ ਕਰਨ ਵਾਲੇ ਗਰੋਹ ਦੇ 2 ਮੈਂਬਰਾਂ ਨੂੰ ਗ੍ਰਿਫ਼ਤਾਰ ਕਰਕੇ ਉਹਨਾਂ ਪਾਸੋਂ ਖੋਹ ਕੀਤੇ 3 ਮੋਟਰ ਸਾਈਕਲ ਬ੍ਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਗਈ ਹੈ। ਇਸ ਸਬੰਧੀ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਹਰਜਿੰਦਰ ਸਿੰਘ ਪੀ.ਪੀ.ਐਸ ਉਪ-ਪੁਲਿਸ ਕਪਤਾਨ, ਸਬ-ਡਵੀਜ਼ਨ ਨਕੋਦਰ ਨੇ ਦੱਸਿਆ ਕਿ ਅਮਰਜੀਤ ਸਿੰਘ ਥਾਣਾ ਸਦਰ ਨਕੋਦਰ ਸਮੇਤ ਪੁਲਸ ਪਾਰਟੀ ਗਸ਼ਤ ਬਾ ਚੈਕਿੰਗ ਤਹਿਤ ਪੁਲਸ ਦੇ ਸਬੰਧ ਵਿੱਚ ਬੱਸ ਅੱਡਾ ਗਾਂਧਰਾ ਮੌਜੂਦ ਸੀ ਕਿ ਇਕ ਸੇਵਕ ਨੇ ਇਤਲਾਹ ਦਿੱਤੀ ਕਿ ਲਵਪ੍ਰੀਤ ਸਿੰਘ ਉਰਫ਼ ਗੋਲੂ ਪੁੱਤਰ ਸੁਖਦੇਵ ਸਿੰਘ ਵਾਸੀ ਪਿੰਡ ਕੰਨੀਆਂ ਕਲਾਂ ਥਾਣਾ ਸ਼ਾਹਕੋਟ ਜ਼ਿਲ੍ਹਾ ਜਲੰਧਰ ਅਤੇ ਸਰਬਜੀਤ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਪਿੰਡ ਨੂਰਪੁਰ ਚੱਠੀਆਂ ਥਾਣਾ ਧਰਮਕੋਟ ਜ਼ਿਲ੍ਹਾ ਮੋਗਾ ਲੁੱਟਾਂ ਖੋਹਾਂ ਕਰਨ ਦੇ ਆਦੀ ਹਨ, ਜੋ ਲੁੱਟ ਖੋਹ ਕੀਤੇ ਮੋਟਰਸਾਈਕਲ ਮਾਰਕਾ ਹੀਰੋ ਡੀਲਕਸ ਬਿਨਾ ਨੰਬਰੀ ਤੇ ਸਵਾਰ ਹੋ ਕੇ ਮੋਟਰਸਾਈਕਲ ਵੇਚਣ ਲਈ ਮਲਸੀਆਂ ਤੋਂ ਨਕੋਦਰ ਸਾਈਡ ਨੂੰ ਆ ਰਹੇ ਹਨ। ਜੇਕਰ ਇੱਥੇ ਹੀ ਨਾਕਾਬੰਦੀ ਕੀਤੀ ਜਾਵੇ ਤਾਂ ਇਹ ਦੋਵੇਂ ਖੋਹ ਕੀਤੇ ਮੋਟਰਸਾਈਕਲ ਸਮੇਤ ਕਾਬੂ ਆ ਸਕਦੇ ਹਨ। ਜਿਸ 'ਤੇ ਬੱਸ ਅੱਡਾ ਗਾਂਧਰਾ ਵਿਖੇ ਨਾਕਾਬੰਦੀ ਕਰਕੇ ਮੁਲਜ਼ਮ ਨੂੰ ਕਾਬੂ ਕਰਕੇ ਪੁੱਛਗਿੱਛ ਦੌਰਾਨ ਉਹਨਾਂ ਪਾਸੋਂ ਤਿੰਨ ਖੋਹ ਕੀਤੇ ਮੋਟਰ ਸਾਈਕਲ ਮਾਰਕਾ ਹੀਰੋ ਰੰਗ ਲਾਲ-ਕਾਲਾ ਬਿਨਾ ਨੰਬਰੀ, ਮੋਟਰ ਸਾਈਕਲ ਹੀਰੋ ਰੰਗ ਨੀਲਾ-ਕਾਲਾ ਬਿਨਾ ਨੰਬਰੀ, ਮੋਟਰ ਸਾਈਕਲ ਰਾਜ ਬਿਨਾਂ ਨੰਬਰੀ ਬ੍ਰਾਮਦ ਕਰਕੇ ਥਾਣਾ ਸਦਰ ਨਕੋਦਰ ਜ਼ਿਲ੍ਹਾ ਜਲੰਧਰ ਦਰਜ ਕਰਕੇ ਤਫਤੀਸ਼ ਅਮਲ ਵਿੱਚ ਲਿਆਂਦੀ ਗਈ।

# ਪੰਜਾਬ ਜਲ ਸਰੋਤ ਇੰਪਲਾਈਜ਼ ਯੂਨੀਅਨ (ਟੇਵੂ) ਯੂਨਿਟ ਹੁਸ਼ਿਆਰਪੁਰ ਦਾ ਚੋਣ ਅਜਲਾਸ 15 ਫਰਵਰੀ ਨੂੰ

**ਹੁਸ਼ਿਆਰਪੁਰ (ਓ ਪੀ ਰਾਣਾ, ਬਲਵੀਰ ਸਿੰਘ ਸੈਣੀ)** - ਪੰਜਾਬ ਜਲ ਸਰੋਤ ਪ੍ਰਬੰਧਨ ਤੇ ਵਿਕਾਸ ਨਿਗਮ ਅੰਦਰ ਕੰਮ ਕਰਦੇ ਮੁਲਾਜ਼ਮਾਂ ਦੀ ਪ੍ਰਤੀਨਿਧਤਾ ਕਰਦੀ ਜੱਥੇਬੰਦੀ ਪੰਜਾਬ ਜਲ ਸਰੋਤ ਇੰਪਲਾਈਜ਼ ਯੂਨੀਅਨ (ਟੇਵੂ) ਯੂਨਿਟ ਹੁਸ਼ਿਆਰਪੁਰ ਦੀ ਮੀਟਿੰਗ ਯੂਨਿਟ ਪ੍ਰਧਾਨ ਰਾਜ ਕੁਮਾਰ ਦੀ ਪ੍ਰਧਾਨਗੀ ਹੇਠ ਸਰਕਲ ਦਫਤਰ ਵਿਖੇ ਹੋਈ।



ਪ੍ਰੈਸ ਬਿਆਨ ਜਾਰੀ ਕਰਦਿਆਂ ਯੂਨਿਟ ਸਕੱਤਰ ਗਗਨ ਦੀਪ ਅਤੇ ਮੀਟਿੰਗ ਨੂੰ ਸੰਬੋਧਨ ਕਰਨ ਲਈ ਵਿਸ਼ੇਸ਼ ਤੌਰ 'ਤੇ ਪਹੁੰਚੇ ਸੂਬਾ ਪ੍ਰਧਾਨ ਸਤੀਸ਼ ਰਾਣਾ ਨੇ ਦੱਸਿਆ ਕਿ ਪੰਜਾਬ ਸਰਕਾਰ ਮੁਲਾਜ਼ਮਾਂ ਨਾਲ ਚੋਣਾਂ ਤੋਂ ਪਹਿਲਾਂ ਕੀਤੇ ਵਾਅਦਿਆਂ ਤੋਂ ਭੱਜ ਰਹੀ ਹੈ, ਜਿਸ ਕਰਕੇ ਪੰਜਾਬ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵੱਲੋਂ ਪੰਜਾਬ-ਯੂ ਟੀ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ 22 ਜਨਵਰੀ ਨੂੰ ਲੁਧਿਆਣਾ ਵਿਖੇ ਕਨਵੈਨਸ਼ਨ ਕਰਕੇ ਅਗਲੇ ਐਕਸ਼ਨ ਦਾ ਐਲਾਨ ਕੀਤਾ ਜਾਵੇਗਾ। ਇਸ ਮੀਟਿੰਗ ਦੌਰਾਨ ਯੂਨੀਅਨ ਦੇ ਮੈਂਬਰਸ਼ਿਪ ਵਧਾਉਣ ਬਾਰੇ ਫ਼ੈਸਲਾ ਕੀਤਾ ਗਿਆ ਕਿ ਹੁਸ਼ਿਆਰਪੁਰ ਯੂਨਿਟ ਦੀ ਚੋਣ ਕਰਵਾਉਣ ਦਾ ਫੈਸਲਾ ਵੀ ਕੀਤਾ ਗਿਆ। ਇਸ ਤੋਂ ਇਲਾਵਾ ਸ੍ਰੀਮਤੀ ਅਨੀਤਾ ਦੇਵੀ ਸੁਪਰਡੈਂਟ ਸੰਚਾਲਨ ਤੇ ਸੰਭਾਲ ਮੰਡਲ ਦੀ 31 ਜਨਵਰੀ ਨੂੰ ਹੋ ਰਹੀ ਸੇਵਾ ਮੁਕਤੀ ਤੇ ਯੂਨੀਅਨ ਵੱਲੋਂ 31 ਜਨਵਰੀ ਨੂੰ ਵਿਦਾਇਗੀ ਪਾਰਟੀ ਦਿੱਤੀ ਜਾਵੇਗੀ। ਮੀਟਿੰਗ ਦੌਰਾਨ ਮੁਲਾਜਮਾਂ ਦੀਆਂ ਲੋਕਲ ਸਮਸਿਆਵਾਂ ਤੇ ਵੀ ਵਿਚਾਰਾਂ ਕੀਤੀਆਂ ਗਈਆਂ ਤੇ ਉਹਨਾਂ ਨੂੰ ਜਲਦੀ ਹੱਲ ਕਰਨ ਦੇ ਫੈਸਲੇ ਕੀਤੇ। ਮੀਟਿੰਗ ਵਿੱਚ ਉਕਤ ਆਗੂਆਂ ਤੋਂ ਇਲਾਵਾ ਰਕੇਸ਼ ਕੁਮਾਰ, ਪ੍ਰੇਮ ਚੰਦ, ਕੁਲਵਿੰਦਰ ਕੁਮਾਰ, ਜਤਿੰਦਰ ਸਿੰਘ, ਵਰੁਣ ਭਨੋਟ, ਹਰਵਿੰਦਰ ਕੁਮਾਰ, ਰਜੇਸ਼ ਕੁਮਾਰ, ਯੂਗੇਸ਼ ਕੁਮਾਰ, ਨਵਦੀਪ ਕੁਮਾਰ, ਬਰਿਦਰ ਸਿੰਘ, ਅਨੀਤਾ ਦੇਵੀ, ਸੁਖਵਿੰਦਰ ਕੌਰ, ਹਰਪ੍ਰੀਤ ਕੌਰ, ਸ਼ਾਂਤਾ ਦੇਵੀ, ਪਰਮਿੰਦਰ ਕੌਰ ਆਦਿ ਹਾਜ਼ਰ ਸਨ।

# ਏਡਿਡ ਸਕੂਲਾਂ ਦੇ ਅਧਿਆਪਕਾਂ ਤੇ ਪੈਨਸ਼ਨਰਾਂ ਨੂੰ ਛੇਵਾਂ ਤਨਖਾਹ ਕਮਿਸ਼ਨ ਦੇਣ ਸੰਬੰਧੀ ਚਰਚਾ



**ਮੇਹਟੀਆਣਾ(ਜਗਤਾਰ ਸਿੰਘ ਭੁੰਗਰਨੀ)**

ਪੰਜਾਬ ਰਾਜ ਸਰਕਾਰੀ ਸਹਾਇਤਾ ਪ੍ਰਾਪਤ ਅਧਿਆਪਕ ਅਤੇ ਹੋਰ ਕਰਮਚਾਰੀ ਯੂਨੀਅਨ ਅਤੇ ਪੈਨਸ਼ਨਰਜ ਯੂਨੀਅਨ ਦੀ ਇੱਕ ਅਹਿਮ ਮੀਟਿੰਗ ਵਿੱਤ ਮੰਤਰੀ ਪੰਜਾਬ ਹਰਪਾਲ ਸਿੰਘ ਚੀਮਾ ਨਾਲ ਚੰਡੀਗੜ੍ਹ ਵਿਖੇ ਹੋਈ । ਇਸ ਮੀਟਿੰਗ ਵਿੱਚ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਦੇ ਅਧਿਆਪਕਾਂ ਤੇ ਪੈਨਸ਼ਨਰਾਂ ਨੂੰ ਛੇਵਾਂ ਤਨਖਾਹ ਕਮਿਸਨ ਦੇਣ ਸਬੰਧੀ ਚਰਚਾ ਕੀਤੀ ਗਈ। ਮੀਟਿੰਗ ਵਿੱਚ ਯੂਨੀਅਨ ਵੱਲੋਂ ਸੂਬਾ ਪ੍ਰਧਾਨ ਐਨ ਐਨ ਸੈਣੀ, ਸੂਬਾ ਸਰਪ੍ਰਸਤ ਗੁਰਚਰਨ ਸਿੰਘ ਚਾਹਲ ਅਤੇ ਆਮ ਆਦਮੀ ਪਾਰਟੀ ਦੇ ਮੁਲਾਜਮ ਵਿੰਗ ਦੇ ਸੂਬਾ ਪ੍ਰਧਾਨ ਸਾਬਕਾ ਡਿਪਟੀ ਡਾਇਰੈਕਟਰ ਜੇ ਪੀ ਸਿੰਘ ਸ਼ਾਮਲ ਹੋਏ, ਜਦ ਕਿ ਸਿੱਖਿਆ ਵਿਭਾਗ ਵੱਲੋਂ ਡੀਪੀਆਈ ਸੈਕੰਡਰੀ ਤੇਜਦੀਪ ਸਿੰਘ ਸੈਣੀ ਅਤੇ ਸਹਾਇਕ ਡਾਇਰੈਕਟਰ ਮੈਡਮ ਜੋਤਿ ਸੋਨੀ ਨੇ ਮੀਟਿੰਗ ਵਿੱਚ ਭਾਗ ਲਿਆ। ਯੂਨੀਅਨ ਦੇ ਸੂਬਾ ਪ੍ਰਧਾਨੀ ਸੈਣੀ ਵੱਲੋਂ ਛੇਵੇਂ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਏਡਿਡ ਸਕੂਲ ਅਧਿਆਪਕਾਂ ਤੇ ਪੈਨਸ਼ਨਰਾਂ 'ਤੇ ਲਾਗੂ ਕਰਨ ਸਬੰਧੀ ਵਿਸਥਾਰਪੂਰਵਕ ਚਰਚਾ ਕੀਤੀ। ਉਹਨਾਂ ਵਿੱਤ ਮੰਤਰੀ ਨੂੰ ਦੱਸਿਆ ਕਿ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਦੇ ਅਧਿਆਪਕਾਂ ਤੇ ਪੈਨਸਨਰਾਂ ਨੂੰ ਸਰਕਾਰੀ ਸਕੂਲਾਂ ਤੇ ਸਟਾਫ ਵਾਂਗ ਕਾਨੂੰਨੀ ਸਮਾਨਤਾ ਹਾਸਲ ਹੈ ਪਰ ਇਸ ਦੇ ਬਾਵਜੂਦ ਵੀ ਪੰਜਾਬ ਸਰਕਾਰ ਵੱਲੋਂ ਏਡਿਡ ਸਕੂਲਾਂ ਦੇ ਅਧਿਆਪਕਾਂ ਤੇ ਪੈਨਸ਼ਨਰਾਂ ਨੂੰ ਛੇਵੇਂ ਤਨਖਾਹ ਕਮਿਸਨ ਦੇ ਲਾਭ ਨਹੀਂ ਦਿੱਤਾ ਗਿਆ। ਇਸ ਮੌਕੇ ਆਮ ਆਦਮੀ ਪਾਰਟੀ ਦੇ ਮੁਲਾਜਮ ਵਿੰਗ ਦੇ ਸੂਬਾ ਪ੍ਰਧਾਨ ਜੇ ਪੀ ਸਿੰਘ ਵੱਲੋਂ ਵੀ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਦੇ ਸਟਾਫ ਅਤੇ ਪੈਨਸ਼ਨਰਾਂ ਨੂੰ ਦੀਆਂ ਮੰਗਾਂ ਨੂੰ ਜਾਇਜ ਠਹਿਰਾਉਂਦੇ ਹੋਏ ਛੇਵੇਂ ਤਨਖਾਹ ਕਮਿਸਨ ਦਾ ਲਾਭ ਦੇਣ ਦੀ ਮੰਗ ਦਾ ਸਮਰਥਨ ਕੀਤਾ ਗਿਆ। ਜਥੇਬੰਦੀ ਦੇ ਸਰਪ੍ਰਸਤ ਗੁਰਚਰਨ ਸਿੰਘ ਚਾਹਲ ਨੇ ਏਡਿਡ ਤੋਂ ਏਡਿਡ ਸਕੂਲਾਂ ਵਿੱਚ ਬਦਲੀ ਕਰਨ, ਸੀ ਐਂਡ ਵੀ ਅਧਿਆਪਕਾਂ, ਆਪਸ਼ਨਾਂ ਕਾਰਨ ਰੁਕੇ ਅਤੇ ਡੀਪੀਆਈ ਦਫਤਰ ਵਿਖੇ ਡੀ. ਸੀ. ਐਫ. ਏ ਦੀਆਂ ਅਸਾਮੀਆਂ ਖਾਲੀ ਹੋਣ ਦਾ ਮੁੱਦਾ ਵੀ ਚੁੱਕਿਆ। ਚੀਮਾ ਨੇ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਇੱਕ ਹਫਤੇ ਅੰਦਰ ਇਸ ਸਬੰਧੀ ਪੂਰੀ ਰਿਪੋਰਟ ਤਿਆਰ ਕਰਕੇ ਉਨ੍ਹਾਂ ਨੂੰ ਸੌਂਪਣ ਜਦ ਕਿ ਵਿੱਤ ਮੰਤਰੀ ਨੇ ਵਿੱਤ ਵਿਭਾਗ ਦੇ ਅਧਿਕਾਰੀਆਂ ਨੂੰ ਏਡਿਡ ਸਕੂਲ ਅਧਿਆਪਕ ਯੂਨੀਅਨ ਨੂੰ ਫਰਵਰੀ ਮਹੀਨੇ ਦੇ ਪਹਿਲੇ ਹਫਤੇ ਮੁੜ ਮੀਟਿੰਗ ਦੇਣ ਦੇ ਆਦੇਸ਼ ਵੀ ਜਾਰੀ ਕੀਤੇ। ਡੀ ਪੀ ਆਈ ਸਕੈਂਡਰੀ ਪੰਜਾਬ ਵੱਲੋਂ ਯੂਨੀਅਨ ਆਗੂਆਂ ਨਾਲ ਛੇਵੇਂ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਸਬੰਧੀ ਵਿਸਥਾਰ ਵਿਚ ਵਿਚਾਰ ਵਟਾਂਦਰਾ ਕਰਨ ਲਈ 23 ਜਨਵਰੀ ਨੂੰ ਮੀਟਿੰਗ ਦਾ ਸਮਾਂ ਦਿੱਤਾ ਹੈ। ਮੀਟਿੰਗ ਦੌਰਾਨ ਲੁਧਿਆਣਾ ਦੇ ਪ੍ਰਧਾਨ ਗੁਰਮੀਤ ਸਿੰਘ ਮਦਨੀਪੁਰ ਸ਼ਰਨਜੀਤ ਸਿੰਘ ਕੁਰਾਲੀ ਦਲਜੀਤ ਸਿੰਘ ਖਰੜ ਅਨਿਲ ਭਾਰਤੀ ਪਟਿਆਲਾ, ਅਸ਼ਵਨੀ ਮਦਾਨ ਪਟਿਆਲਾ, ਅਰਵਿੰਦ ਬੈਂਸ ਜਲੰਧਰ, ਅਸ਼ੋਕ ਵਡਹੈਰਾ ਫਿਰੋਜ਼ਪੁਰ, ਨਰੇਸ਼ ਜੈਨ, ਸੰਤੋਸ਼ ਕੁਮਾਰ ਸੇਵਾਮੁਕਤ ਅਧਿਆਪਕ ਜੈਨ ਸਕੂਲ ਨਾਭਾ ਹਾਜਰ ਸਨ।

# ਮੁੱਕੇਬਾਜ਼ੀ ਖਿਡਾਰੀਆਂ ਦੇ ਨਵੇਂ ਕਮਰੇ ਦਾ ਉਦਘਾਟਨ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**

ਡਾ. ਕੇ ਆਰ ਆਰੀਆ ਐਮ.ਡੀ. ਆਰੀਆ ਹਸਪਤਾਲ ਮਹਿਤਪੁਰ ਉੱਘੇ ਸਮਾਜ ਸੇਵੀ, ਪ੍ਰਧਾਨ ਸਮਤਾ ਅੰਦੋਲਨ ਹਿਮਾਚਲ ਤੇ ਪੰਜਾਬ ਅਤੇ ਡਾ. ਜਸਵੀਰ ਸਿੰਘ ਪ੍ਰਿੰਸੀਪਲ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਸ੍ਰੀ ਅਨੰਦਪੁਰ ਸਾਹਿਬ ਵੱਲੋਂ ਦਸਮੇਸ਼ ਮਾਰਸ਼ਲ ਆਰਟਸ ਅਤੇ ਸਪੋਰਟਸ ਅਕੈਡਮੀ ਵਿਖੇ ਪਹੁੰਚ ਕੇ ਨਵੇਂ ਮੁੱਕੇਬਾਜੀ (ਬਾਕਸਿੰਗ) ਰੂਮ ਦਾ ਉਦਘਾਟਨ ਸਾਂਝੇ ਤੌਰ 'ਤੇ ਕੀਤਾ ਗਿਆ। ਡਾ. ਕੇ.ਆਰ.ਆਰੀਆ ਨੇ ਕਿਹਾ ਕਿ 'ਬੇਟੀ ਬਚਾਓ ਬੇਟੀ ਪੜ੍ਹਾਓ' ਬੇਟੀਆਂ ਨੂੰ ਖੇਡਾਂ ਵਿੱਚ ਅੱਗੇ ਲਿਆਉਣ ਦਾ ਬਹੁਤ ਵਧੀਆ ਉਪਰਾਲਾ ਹੈ। ਖੇਡਾਂ ਦੇ ਨਾਲ ਨਾਲ ਬੇਟੀਆਂ ਨੂੰ ਮਾਰਸ਼ਲ ਆਰਟ ਦੀ ਵੀ ਸਿਖਲਾਈ ਦਿੱਤੀ ਜਾ ਰਹੀ ਹੈ। ਇਸ ਮੌਕੇ 'ਤੇ ਪ੍ਰਿੰਸੀਪਲ ਡਾ. ਜਸਵੀਰ ਸਿੰਘ ਵੱਲੋਂ ਬਾਕਸਿੰਗ ਖਿਡਾਰਨਾਂ ਨੂੰ ਟਰੈਕ ਸੂਟ ਵੀ ਦਿੱਤੇ ਗਏ। ਇਸ ਤੋਂ ਬਾਦ ਉਹਨਾਂ ਵੱਲੋਂ ਫੁੱਟਬਾਲ ਦੇ ਖਿਡਾਰੀਆਂ ਨਾਲ ਜਾਣ-ਪਹਿਚਾਣ ਕੀਤੀ ਗਈ ਅਤੇ ਉਨ੍ਹਾਂ ਨੂੰ ਅਸ਼ੀਰਵਾਦ ਦਿੱਤਾ। ਪ੍ਰਿੰਸੀਪਲ ਡਾ. ਜਸਵੀਰ ਸਿੰਘ ਤੇ ਬਾਕਸਿੰਗ ਐਸੋਸੀਏਸਨ ਸ੍ਰੀ ਅਨੰਦਪੁਰ ਸਾਹਿਬ ਵੱਲੋਂ ਡਾ. ਕੇ.ਆਰ. ਆਰੀਆ ਦਾ ਸਿਰੋਪਾਓ ਪਾ ਕੇ ਸਨਮਾਨ ਕੀਤਾ ਗਿਆ। ਇਸ ਮੌਕੇ 'ਤੇ ਪ੍ਰਿੰਸੀਪਲ ਡਾ. ਜਸਵੀਰ ਸਿੰਘ ਨੇ ਬਾਕਸਿੰਗ ਕੋਚ ਮੈਡਮ ਗੁਰਜੀਤ ਕੌਰ ਨੂੰ ਵਧਾਈਆਂ ਦਿੱਤੀਆਂ ਅਤੇ ਕਿਹਾ ਕਿ ਇਕ ਦਿਨ ਇਨ੍ਹਾਂ ਖਿਡਾਰੀਆਂ ਕਰਕੇ ਸ੍ਰੀ ਅਨੰਦਪੁਰ ਸਾਹਿਬ ਦਾ ਨਾਂਅ ਦੁਨੀਆ ਦੇ ਨਕਸ਼ੇ +ਤੇ ਚਮਕੇਗਾ ਅਤੇ ਉਹ ਮਾਂ ਬਾਪ ਖੁਸਕਿਸਮਤ ਨੇ ਜਿਨ੍ਹਾਂ ਦੇ ਬੱਚੇ ਖੇਡ ਮੈਦਾਨਾਂ ਵਿੱਚ ਜਾਂਦੇ ਨੇ ਤੇ ਉਹ ਬੱਚੇ ਵੀ ਖੁਸਕਿਸਮਤ ਹੁੰਦੇ ਨੇ ਜੋ ਅੱਜ ਦੇ ਸਮੇਂ ਵਿੱਚ ਖੇਡ ਦੇ ਮੈਦਾਨਾਂ ਵਿੱਚ ਜਾਂਦੇ ਹਨ। ਖੇਡਾਂ ਮਨੁੱਖ



ਦਾ ਸਰਬਪੱਖੀ ਵਿਕਾਸ ਕਰਦੀਆਂ ਹਨ। ਸਾਨੂੰ ਖੇਡ ਅਤੇ ਖਿਡਾਰੀ ਦੀ ਵੱਧ ਤੋਂ ਵੱਧ ਮਦਦ ਕਰਨੀ ਚਾਹੀਦੀ ਹੈ। ਖੇਡਾਂ ਹੀ ਨਸ਼ਿਆਂ ਵਰਗੀਆਂ ਅਲਾਮਤਾਂ ਤੋਂ ਨੌਜਵਾਨਾਂ ਨੂੰ ਬਚਾ ਸਕਦੀਆਂ ਹਨ। ਇਸ ਮੌਕੇ ਅਮਰਜੀਤ ਸਿੰਘ ਫੁੱਟਬਾਲ ਕੋਚ, ਮੈਡਮ ਗੁਰਜੀਤ ਕੌਰ ਬਾਕਸਿੰਗ ਕੋਚ, ਜਗਵੀਰ ਸਿੰਘ ਕੋਚ, ਰਾਜ ਘਈ ਉੱਘੇ ਰੰਗਕਰਮੀ ਅਤੇ ਸਟੇਜ ਸਕੱਤਰ , ਮਾਸਟਰ ਕੁਲਦੀਪ ਸਿੰਘ ਬਰੋਟੂ, ਪਰਮਜੀਤ ਸਿੰਘ ਬਾਸੋਵਾਲ, ਸੁਖਵੀਰ ਸਿੰਘ ਜੱਲਾ,ਰਾਜਵੀਰ ਸਿੰਘ ਘਈ ,ਕਾਲੀਦਾਸ ਸਿੰਘ ਮੈਨੇਜਰ, ਰਾਣਾ ਰਣਬੀਰ ਸਿੰਘ, ਜਸਪਾਲ ਸਿੰਘ ਗੀਹਲ, ਮਨੀਸ ਫਰਵਾਹਾ ਸੀਨੀਅਰ ਪੱਤਰਕਾਰ, ਨਿਖਲ ਟੰਡਨ ਪੱਤਰਕਾਰ, ਮੈਡਮ ਅੰਜੂ ਬਾਲਾ, ਮੈਡਮ ਸੋਨੀਆ ਸਰਮਾ, ਰਾਜਪ੍ਰੀਤ ਕੌਰ, ਰਵਨੀਤ ਕੌਰ, ਪਰੀ,ਤੇਜਸ ਰਾਣਾ, ਅੰਜਲੀ ,ਤਾਨੀਆ ਮਨਪ੍ਰੀਤ ਕੌਰ ਰਹੀਲ, ਨੈਨਾ ਰਾਣਾ, ਭਵਜੀਤ ਕੌਰ, ਮਨਪ੍ਰੀਤ ਕੌਰ ਸਹੋਟਾ, ਆਂਚਲ ਗੀਹਲ, ਮਹਿਕ ਆਦਿ ਹਾਜਰ ਸਨ।

# ਰੁਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਸਕੂਲੀ ਵਿਦਿਆਰਥੀਆਂ ਲਈ ਸਟਾਰਟਅੱਪ ਵਰਕਸ਼ਾਪ

**ਮੁਹਾਲੀ (ਗੁਰਜੀਤ ਬਿੱਲਾ)**- ਜਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ, ਐਸ ਏ ਐਸ ਨਗਰ ਵੱਲੋਂ ਇਨੋਵੇਟਿਵ ਮਿਸ਼ਨ ਪੰਜਾਬ ਨਾਲ ਮਿਲ ਕੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫੇਜ 3ਬੀ1, ਐਸ.ਏ.ਐਸ. ਨਗਰ ਵਿਖੇ ਸਟਾਰਟਅੱਪ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਜਿਸ 'ਚ ਵਿਦਿਆਰਥੀਆਂ ਨੂੰ ਜਾਗਰੂਕ ਕਰਨ ਦੇ ਮੰਤਵ ਨਾਲ ਜਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਦੇ ਡਿਪਟੀ ਸੀ ਈ ਓ ਸ੍ਰੀਮਤੀ ਸੁਖਅਮਨ ਬਾਠ ਅਤੇ ਮਿਸ ਨਬੀਹਾ, ਕੈਰੀਅਰ ਕਾਊਂਸਲਰ ਵੱਲੋਂ ਇਨੋਵੇਸ਼ਨ ਮਿਸ਼ਨ ਪੰਜਾਬ ਦੀ ਆਈ ਹੋਈ ਟੀਮ ਨਾਲ ਮਿਲ ਕੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਨੋਵੇਸਨ ਮਿਸਨ, ਪੰਜਾਬ ਵੱਲੋਂ ਵਿਦਿਆਰਥੀਆਂ ਨੂੰ ਉੱਦਮਤਾ ਦੇ ਖੇਤਰ 'ਚ ਵਧੀਆ ਵਿਚਾਰ ਪੇਸ਼ ਕਰਨ ਲਈ ਉਤਸਾਹਿਤ ਕਰਨ ਲਈ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਗਈਆਂ ਅਤੇ ਵਧੀਆ ਆਈਡੀਆ ਪੇਸ਼ ਕਰਨ ਵਾਲੇ ਵਿਦਿਆਰਥੀਆਂ ਨੂੰ ਪ੍ਰੋਤਸ਼ਾਹਨ ਵਜੋਂ ਗੁੱਡੀ ਬੈਗ ਦਿੱਤੇ ਗਏ। ਇਸ ਮੌਕੇ ਵਿਦਿਆਰਥੀਆਂ ਨੂੰ ਵੱਟ ਐਨ ਆਈਡੀਆ-ਏ ਸਟਾਰਟਅੱਪ ਚੈਲੇਂਜ 'ਚ ਭਾਗ ਲੈਣ ਲਈ ਵੀ ਪ੍ਰੇਰਿਤ ਕੀਤਾ ਗਿਆ। ਉਸ ਬਾਰੇ ਜਾਣਕਾਰੀ ਦਿੰਦਿਆਂ ਅਭਿਸ਼ੇਕ ਪੁਰੋਹਿਤ ਇਨੋਵੇਸ਼ਨ ਪੰਜਾਬ ਨੇ ਦੱਸਿਆ ਕਿ ਉਭਰਦੇ ਉੱਦਮੀ ਉਕਤ ਚੈਲੇਂਜ ਲਈ ਅਰਜੀਆਂ ਪੇਸ਼ ਕਰਨ ਉਪਰੰਤ ਸ਼ਾਰਟ ਲਿਸਟ ਹੋਣ ਤੇ ਜਿਊਰੀ ਦੇ ਸਾਹਮਣੇ ਆਪਣੇ ਪ੍ਰਾਜੈਕਟ ਪੇਸ਼ ਕਰਨਗੇ ਜਿਸ ਵਿੱਚ ਸਿੱਖਿਆ ਸਾਸਤਰੀ, ਵੱਡੇ ਉਦਯੋਗਪਤੀਅਤੇ ਸਫਲ ਉੱਦਮੀ ਸ਼ਾਮਲ ਹਨ।

# ਵਿਸ਼ਾਲ ਰੱਥ ਯਾਤਰਾ 21 ਨੂੰ ਸਜਾਈ ਜਾਵੇਗੀ : ਪਾਸ਼ੀ

**ਫਿਲੌਰ (ਨਿਰਮਲ)**- ਸ੍ਰੀ ਰਾਧਾ ਕ੍ਰਿਸ਼ਨ ਪਾਠਸ਼ਾਲਾ ਮੰਦਰ ਫਿਲੌਰ ਦੀ ਪ੍ਰਬੰਧਕ ਕਮੇਟੀ ਤੇ ਸ਼ਹਿਰ ਵਾਸੀਆਂ ਦੇ ਸਹਿਯੋਗ ਨਾਲ ਬਾਲਾ ਜੀ ਮਹਾਰਾਜ ਦੀ ਚੌਥੀ ਵਿਸ਼ਾਲ ਰੱਥ ਯਾਤਰਾ ਹਨੂੰਮਾਨ ਮੰਦਰ ਤੋਂ ਸਜਾਈ ਜਾਵੇਗੀ। ਇਸ ਦੀ ਜਾਣਕਾਰੀ ਵਾਈਸ ਪ੍ਰਧਾਨ ਰਿੰਕੂ ਪਾਸੀ ਤੇ



ਕਮੇਟੀ ਮੈਂਬਰ ਨੇ ਦਿੰਦਿਆਂ ਦੱਸਿਆ ਕਿ 21 ਜਨਵਰੀ ਨੂੰ ਵਿਸ਼ਾਲ ਯਾਤਰਾ ਦਾ ਆਯੋਜਨ ਹੋਵੇਗਾ ਯਾਤਰਾ ਹਨੂੰਮਾਨ ਮੰਦਰ ਲੱਕੜ ਮੰਡੀ ਤੋਂ ਤਕਰੀਬਨ 2 ਵਜੇ ਤੋਂ ਚੱਲੇਗੀ। ਯਾਤਰਾ ਲੱਕੜ ਮੰਡੀ, ਭਗਵਾਨ ਵਾਲਮੀਕਿ ਚੌਕ, ਸ਼ਹਿਰ ਦੇ ਵੱਖ-ਵੱਖ ਬਜਾਰਾਂ ਤੋਂ ਪ੍ਰਕਿਰਮਾ ਕਰਦੀ ਹੋਈ ਸ੍ਰੀ ਰਾਧਾ ਕ੍ਰਿਸ਼ਨ ਪਾਠਸਾਲਾ ਮੰਦਰ ਸਪੰਨ ਹੋਵੇਗੀ। ਇਸ ਮੌਕੇ ਦਵਿੰਦਰ ਕੁਮਾਰ ਬਿੱਟੂ ਜਨਰਲ ਸਕੱਤਰ, ਡਾਕਟਰ ਕੇਵਲ ਕ੍ਰਿਸ਼ਨ ਚੇਅਰਮੈਨ, ਵਿਸ਼ਾਲ ਕੁਮਾਰ ਸਹਾਇਕ ਖਜਾਨਚੀ ਤੇ ਕਮੇਟੀ ਮੈਂਬਰ ਮੌਜੂਦ ਸਨ।

# ਸਿਹਤ ਤੇ ਪਰਵਾਰ ਭਲਾਈ ਵਿਭਾਗ ਵੱਲੋਂ ਪ੍ਰਦਰਸ਼ਨੀ



**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**

ਡਾਇਰੈਕਟਰ ਸਿਹਤ ਤੇ ਪਰਵਾਰ ਭਲਾਈ ਪੰਜਾਬ ਦੇ ਹੁਕਮਾਂ ਅਤੇ ਡਾ.ਗੋਬਿੰਦ ਟੰਡਨ ਸੀਨੀਅਰ ਮੈਡੀਕਲ ਅਫਸਰ ਸੀ.ਐਚ.ਸੀ ਚਮਕੌਰ ਸਾਹਿਬ ਦੀ ਅਗਵਾਈ ਹੇਠ ਕਮਿਊਨਿਟੀ ਹੈਲਥ ਸੈਂਟਰ ਸ੍ਰੀ ਚਮਕੌਰ ਸਾਹਿਬ ਵਿਖੇ ਕੌਮੀ ਸਿਹਤ ਮਿਸ਼ਨ ਅਧੀਨ ਸਿਹਤ ਪ੍ਰੋਗਰਾਮਾਂ ਅਤੇ ਦਿੱਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਲਈ ਰਾਜ ਪੱਧਰੀ ਸਿਹਤ ਪ੍ਰਦਰਸ਼ਨੀ ਲਗਾਈ ਗਈ। ਜਿਸ ਦਾ ਮੁੱਖ ਉਦੇਸ਼ ਲੋਕਾਂ ਨੂੰ ਕੌਮੀ ਸਿਹਤ ਪ੍ਰੋਗਰਾਮਾਂ ਅਤੇ ਸਿਹਤ ਵਿਭਾਗ ਵੱਲੋਂ ਦਿੱਤੀਆਂ ਜਾ ਰਹੀਆਂ ਸਿਹਤ ਸਹੂਲਤਾਂ ਬਾਰੇ ਜਾਣਕਾਰੀ ਦੇਣਾ ਹੈ। ਪ੍ਰਦਰਸ਼ਨੀ ਸਬੰਧੀ ਵਧੇਰੇ ਜਾਣਕਾਰੀ ਦਿੰਦੇ ਹੋਏ ਡਾ.ਗੋਬਿੰਦ ਟੰਡਨ ਐਸ.ਐਮ.ਓ ਨੇ ਦੱਸਿਆ ਕਿ ਸਿਹਤ ਪ੍ਰਦਰਸ਼ਨੀ ਵਿੱਚ ਜਨਨੀ ਸੁੱਰਖਿਆ ਯੋਜਨਾਂ, ਜਨਨੀ ਸ਼ਿਸ਼ੂ ਸੁੱਰਖਿਆ ਕਾਰਯਕ੍ਰਮ ਅਧੀਨ (ਸਰਕਾਰੀ ਹਸਪਤਾਲਾਂ ਵਿੱਚ ਗਰਭਵਤੀ ਮਹਿਲਾਂਵਾ ਦਾ ਮੁਫ਼ਤ ਜਣੇਪਾ, ਮੁਫ਼ਤ ਟਰਾਂਸਪੋਰਟ ਸੁਵਿਧਾ) ਆਦਿ,ਹਰ ਵਰਗ ਦੀ ਔਰਤ ਨੂੰ ਜਣੇਪੇ ਲਈ ਸਰਕਾਰੀ ਹਸਪਤਾਲ ਤੱਕ ਲੈ ਜਾਣ ਲਈ 108 ਨੰਬਰ ਐਂਬੂਲੈਂਸ ਦੀ ਮੁਫ਼ਤ ਸੇਵਾ, ਸਰਕਾਰੀ ਹਸਪਤਾਲਾਂ ਵਿੱਚ ਮੁਫ਼ਤ ਜਣੇਪਾ ਸੁਵਿਧਾ, ਟੀਕਾਕਰਨ ਸਬੰਧੀ ਦਿੱਤੀਆਂ ਜਾ ਰਹੀਆਂ ਸਹੂਲਤਾਂ, ਬੱਚੀ ਭਰੂਣ ਹੱਤਿਆ ਨੂੰ ਰੋਕਣ ਸਬੰਧੀ, ਗਰਭ ਦੌਰਾਨ ਜਰੂਰੀ ਨੁਕਤਿਆਂ ਬਾਰੇ, ਨਸ਼ਿਆਂ, ਸਵੈ-ਇਛੁੱਕ ਖੂਨ ਦਾਨ, ਕੁਸ਼ਟ ਰੋਗ ਸਬੰਧੀ, ਟੀ.ਬੀ, ਵੈਕਟਰ ਬੋਰਨ ਡਜ਼ੀਜ਼ ਸੰਬੰਧੀ, ਗੈਰ ਸੰਚਾਰੀ ਰੋਗਾਂ ਤੋਂ ਬਚਾਅ ਸਬੰਧੀ, ਅੱਖਾਂ ਦੀ ਸਾਂਭ ਸੰਭਾਲ ਸਬੰਧੀ ਆਦਿ ਨੂੰ ਬਹੁਤ ਹੀ ਪ੍ਰਭਾਵਸ਼ਾਲੀ ਤਰੀਕੇ ਨਾਲ ਪੇਸ਼ ਕੀਤਾ ਗਿਆ ਹੈ। ਇਸ ਮੌਕੇ ਤੇ ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਦਫ਼ਤਰ ਚੰਡੀਗੜ੍ਹ ਤੋਂ ਮਹਿੰਦਰ ਸਿੰਘ ਮਲਟੀਪਰਪਜ਼ ਹੈਲਥ ਸੁਪਰਵਾਈਜਰ ਅਤੇ ਵਿਲੀਅਮ ਮਸੀਹ ਵੱਲੋਂ ਸਿਹਤ ਪ੍ਰਦਰਸ਼ਨੀ ਲਗਾਈ ਗਈ। ਇਸ ਮੌਕੇ ਤੇ ਹਰਵਿੰਦਰ ਸਿੰਘ ਬੀ.ਈ.ਈ, ਜਸਵਿੰਦਰ ਸਿੰਘ ਸੀਨੀਅਰ ਸਹਾਇਕ, ਸੁਰਿੰਦਰਪਾਲ ਸਟੈਨੋ, ਹਰਨਰਾਇਣ ਸਿੰਘ ਓਪਥੈਲਮਿਕ ਅਫਸਰ,ਗਿਆਨ ਚੰਦ, ਨਾਗਰ ਸਿੰਘ,ਅਤਿੰਦਰ ਕੌਰ, ਪਰਵਿੰਦਰ ਕੌਰ, ਰੇਨੂ ਬਾਲਾ, ਸੋਨਿਕਾ ਅਤੇ ਪਤਵੰਤੇ ਸੱਜਣ ਹਾਜਰ ਸਨ।

# ਪੀ ਸੀ ਐਮ ਐਸ ਡੀ ਕਾਲਜ ਦਾ ਨਤੀਜਾ ਸ਼ਾਨਦਾਰ



**ਜਲੰਧਰ (ਇਕਬਾਲ ਸਿੰਘ ਉੱਭੀ)**- ਪੀ ਸੀ ਐਮ ਐਸ ਡੀ ਕਾਲਜ ਫਾਰ ਵੂਮੈਨ ਵਿਖੇ ਪੀ ਜੀ ਡਿਪਲੋਮਾ ਇਨ ਗਾਰਮੈਂਟ ਕੰਸਟਰਕਸਨ ਅਤੇ ਫੈਸ਼ਨ ਡਿਜਾਈਨਿੰਗ ਸਮੈਸਟਰ ਦੂਜੇ ਦਾ ਗੁਰੂ ਨਾਨਕ ਦੇਵ ਯੂਨੀਵਰਸਿਟੀ 2022 ਦਾ ਨਤੀਜਾ ਸ਼ਾਨਦਾਰ ਰਿਹਾ। ਪਰਮਿੰਦਰ ਕੌਰ ਨੇ 670/700 ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਵਿੱਚ ਪਹਿਲਾ ਸਥਾਨ ਹਾਸਲ ਕੀਤਾ ਅਤੇ ਰਮਨਦੀਪ ਕੌਰ ਨੇ 644/700 ਅੰਕ ਹਾਸਲ ਕੀਤੇ। ਇਸ ਮੌਕੇ 'ਤੇ ਪ੍ਰਧਾਨ ਨਰੇਸ਼ ਕੁਮਾਰ ਬੁਧੀਆ, ਸੀਨੀਅਰ ਮੀਤ ਪ੍ਰਧਾਨ ਵਿਨੋਦ ਦਾਦਾ , ਪ੍ਰਬੰਧਕੀ ਕਮੇਟੀ ਦੇ ਹੋਰ ਦਾਨੀ ਮੈਂਬਰ ਅਤੇ ਪ੍ਰਿੰਸੀਪਲ ਡਾ. ਪੂਜਾ ਪਰਾਸ਼ਰ ਨੇ ਵਿਦਿਆਰਥੀਆਂ ਨੂੰ ਪ੍ਰੀਖਿਆ ਵਿੱਚ ਮੱਲਾਂ ਮਾਰਨ ਅਤੇ ਸੰਸਥਾ ਦਾ ਨਾਂਅ ਰੌਸ਼ਨ ਕਰਨ ਲਈ ਵਧਾਈ ਦਿੱਤੀ।

# ਡਾ. ਰਵਜੋਤ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜਨੌੜੀ ਦਾ ਦੌਰਾ



**ਹੁਸ਼ਿਆਰਪੁਰ (ਓ ਪੀ ਰਾਣਾ)**-ਸਕੂਲ ਸਿੱਖਿਆ ਵਿਭਾਗ ਪੰਜਾਬ ਵੱਲੋਂ ਮਿਸ਼ਨ 100% ਗਿਵ ਯੂਅਰ ਬੈਸਟ ਤਹਿਤ ਡਾ. ਰਵਜੋਤ ਸਿੰਘ ਵਿਧਾਇਕ ਸ਼ਾਮਚੁਰਾਸ਼ੀ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜਨੌੜੀ ਵਿਖੇ ਪ੍ਰੇਰਣਾਮਈ ਦੌਰਾ ਕੀਤਾ ਗਿਆ ਜਿਸ ਵਿੱਚ ਉਨ੍ਹਾਂ ਵਿਦਿਆਰਥੀਆਂ ਨੂੰ ਸਾਲਾਨਾ ਪ੍ਰੀਖਿਆਵਾਂ ਲਈ ਬਿਹਤਰ ਤਿਆਰੀ ਕਰਨ ਲਈ ਨੁਕਤੇ ਸਾਂਝੇ ਕੀਤੇ। ਇਸ ਮੌਕੇ ਉਨ੍ਹਾਂ ਦੇ ਨਾਲ ਪ੍ਰਿੰ. ਸੈਲੇਂਦਰ ਠਾਕੁਰ ਇੰਚਾਰਜ ਸਕੂਲ ਮੁਲਾਂਕਣ ਤੇ ਸਹਿਯੋਗ ਟੀਮ ਹੁਸ਼ਿਆਰਪੁਰ ਹਾਜ਼ਰ ਸਨ। ਡਾ. ਰਵਜੋਤ ਸਿੰਘ ਨੇ ਕਿਹਾ ਕਿ ਆਪਣੀ ਜ਼ਿੰਦਗੀ ਦੇ ਟੀਚੇ ਦੀ ਪ੍ਰਾਪਤੀ ਲਈ ਵਿਦਿਆਰਥੀਆਂ ਨੂੰ ਪੂਰੀ ਦ੍ਰਿੜਤਾ ਅਤੇ ਲਗਨ ਨਾਲ ਮਿਹਨਤ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਆਪਣੇ ਸੂਬੇ ਦੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਰਾਜ ਸਰਕਾਰ ਵੱਲੋਂ ਹਰ ਸੰਭਵ ਸਹਿਯੋਗ ਕੀਤਾ ਜਾ ਰਿਹਾ ਹੈ। ਪ੍ਰਿੰ. ਸੈਲੇਂਦਰ ਠਾਕੁਰ ਇੰਚਾਰਜ ਸਕੂਲ ਮੁਲਾਂਕਣ ਅਤੇ ਸਹਿਯੋਗ ਟੀਮ ਨੇ ਦੱਸਿਆ ਕਿ ਬੋਰਡ ਦੀਆਂ ਜਮਾਤਾਂ ਲਈ 20 ਜਨਵਰੀ ਤੋਂ ਪ੍ਰੀ-ਬੋਰਡ ਪ੍ਰੀਖਿਆਵਾਂ ਸ਼ੁਰੂ ਹੋ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਹ ਪ੍ਰੀਖਿਆਵਾਂ ਵਿਦਿਆਰਥੀਆਂ ਨੂੰ ਸਾਲਾਨਾ ਪ੍ਰੀਖਿਆ ਦੀ ਤਿਆਰੀ ਲਈ ਬੇਹੱਦ ਲਾਹੇਵੰਦ ਸਾਬਿਤ ਹੁੰਦੀਆਂ ਹਨ। ਸਕੂਲ ਮੁਖੀ ਪ੍ਰਿੰ. ਰਣਜੀਤ ਸਿੰਘ ਵੱਲੋਂ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ ਅਤੇ ਸਕੂਲ ਵਿੱਚ ਚਲ ਰਹੀਆਂ ਅਕਾਦਮਿਕ ਗਤੀਵਿਧੀਆਂ ਅਤੇ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੱਤੀ ਗਈ। ਇਹ ਜਾਣਕਾਰੀ ਸਰਮਜੀਤ ਸਿੰਘ ਜਿਲ੍ਹਾ ਮੀਡੀਆ ਕੁਆਡੀਨੇਟਰ ਅਤੇ ਯੋਗੇਸ਼ਵਰ ਸਲਾਰੀਆ ਜਿਲ੍ਹਾ ਸੋਸਲ ਮੀਡੀਆ ਕੁਆਡੀਨੇਟਰ ਵੱਲੋਂ ਦਿੱਤੀ ਗਈ।

# ਕੰਨਿਆ ਸਕੂਲ ਦੀਆਂ ਵਿਦਿਆਰਥਣਾਂ ਵੱਲੋਂ ਉਦਯੋਗਿਕ ਬੈਂਕ ਸ਼ਾਖਾ ਦਾ ਦੌਰਾ




**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**-ਸਥਾਨਕ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਦੀਆਂ ਕਾਮਰਸ ਵਿਸ਼ੇ ਦੀਆਂ ਵਿਦਿਆਰਥਣਾਂ ਵੱਲੋਂ ਸਿੱਖਿਆ ਵਿਭਾਗ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਉਦਯੋਗਿਕ ਇਕਾਈ, ਬੈਂਕ ਸ਼ਾਖਾ ਦਾ ਦੌਰਾ ਪ੍ਰਿੰਸੀਪਲ ਜਗਤਾਰ ਸਿੰਘ ਲੌਂਗੀਆ ਦੀ ਪਹਿਲਕਦਮੀ ਉਤੇ ਕੀਤਾ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸੰਸਥਾ ਦੇ ਮੀਡੀਆ ਇੰਚਾਰਜ ਅਧਿਆਪਕ ਗੁਰਪ੍ਰੀਤ ਸਿੰਘ ਹੀਰਾ ਨੇ ਦੱਸਿਆ ਕਿ ਸੰਸਥਾ ਦੇ ਕਾਮਰਸ ਵਿਸ਼ੇ ਦੇ ਲੈਕਚਰਾਰ ਕ੍ਰਮਵਾਰ ਵਿਵੇਕ ਕੁਮਾਰ, ਜਗਤਾਰ ਸਿੰਘ ਫਿਰੋਜ਼ਪੁਰ ਦੀ ਅਗਵਾਈ ਹੇਠ ਸੰਸਥਾ ਦੀਆਂ ਕਾਮਰਸ ਵਿਸ਼ੇ ਦੀਆਂ ਵਿਦਿਆਰਥਣਾਂ ਨੂੰ ਸ੍ਰੀ ਝਾੜ ਸਾਹਿਬ ਵਿਖੇ ਪੰਜਾਬ ਨੈਸ਼ਨਲ ਬੈਂਕ ਸ਼ਾਖਾ ਤੇ ਉਦਯੋਗਿਕ ਇਕਾਈ ਕੇ. ਐਸ. ਡੀ. ਇੱਕੋ ਬਰਿਕਸ ਦਾ ਦੌਰਾ ਕਰਵਾਇਆ ਗਿਆ। ਵਿਦਿਆਰਥਣਾਂ ਨੇ ਜਿੱਥੇ ਬੈਂਕ ਸ਼ਾਖਾ ਵਿੱਚ ਹਰੇਕ ਸੀਟ ਤੇ ਬੈਠੇ ਬੈਂਕ ਕਰਮਚਾਰੀਆਂ ਤੋਂ ਉਹਨਾਂ ਦੀਆਂ ਵੱਖੋ ਵੱਖਰੀਆਂ ਡਿਊਟੀਆਂ ਬਾਰੇ ਜਾਣਿਆ ਉੱਥੇ ਉਦਯੋਗਿਕ ਇਕਾਈ ਵਿਖੇ ਹਿਸਾਬ ਕਿਤਾਬ ਦੇ ਰੱਖ ਰੱਖਾਓ ਦੇ ਰੋਜ਼ਾਨਾ, ਮਹੀਨਾਵਾਰ ਤੇ ਸਾਲਾਨਾ ਰਿਕਾਰਡ ਬਾਰੇ ਵਿਸਥਾਰਤ ਜਾਣਕਾਰੀ ਲਈ। ਗਾਈਡ ਲੈਕਚਰਾਰ ਸਾਹਿਬਾਨ ਵੱਲੋਂ ਮੌਕੇ ਤੇ ਹੀ ਵਿਦਿਆਰਣਾਂ ਵੱਲੋਂ ਉਠਾਏ ਗਏ ਪ੍ਰਸ਼ਨਾਂ ਤੇ ਵਿਸਥਾਰਪੂਰਵਕ ਅਗਵਾਈ ਦਿੱਤੀ ਗਈ। ਇਸ ਉਦਯੋਗਿਕ ਦੌਰੇ ਦੌਰਾਨ ਵਿਦਿਆਰਥਣਾਂ ਲਈ ਰੀਫਰੈਸ਼ਮੈਂਟ ਦਾ ਵੀ ਸੁਚੱਜਾ ਪ੍ਰਬੰਧ ਕੀਤਾ ਗਿਆ। ਇਸ ਮੌਕੇ ਗਾਈਡ ਲੈਕਚਰਾਰ ਕ੍ਰਮਵਾਰ ਵਿਵੇਕ ਕੁਮਾਰ, ਜਗਤਾਰ ਸਿੰਘ ਫਿਰੋਜ਼ਪੁਰ ਤੋਂ ਇਲਾਵਾ ਇੰਚਾਰਜ ਅਧਿਆਪਕਾਵਾਂ ਸ੍ਰੀਮਤੀ ਕਮਲਪ੍ਰੀਤ ਕੌਰ, ਸੁਖਵਿੰਦਰ ਕੌਰ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ

# ਅਮਰਾਲੀ ਵਿਖੇ ਲੋਹੜੀ ਦਾ ਤਿਉਹਾਰ ਮਨਾਇਆ

**ਮੋਰਿੰਡਾ (ਜੈਜੀ ਸਰਦਾਰ)**-ਪਿੰਡ ਅਮਰਾਲੀ ਦੇ ਅਗਣਵਾੜੀ ਸੈਂਟਰ ਵਿੱਚ 1 ਸੀ.ਡੀ.ਪੀ.ਓ ਜਸਪਾਲ ਕੌਰ ਸੁਪਰਵਾਇਜਰ ਕੁਲਦੀਪ ਕੌਰ ਦੀ ਅਗਵਾਈ ਹੇਠ ਧੀਆਂ ਦੀ ਲੋਹੜੀ ਬੜੀ ਖੁਸੀਆਂ ਨਾਲ ਮਨਾਈ ਗਈ। ਇਸ ਮੌਕੇ ਸੁਪਰਵਾਇਜਰ ਆਂਗਣਵਾੜੀ ਕੁਲਦੀਪ ਕੌਰ ਵੱਲੋਂ ਧੀਆਂ ਨੂੰ ਲੋਹੜੀ ਦੀਆਂ ਵਧਾਈਆਂ ਦਿੱਤੀਆਂ। ਇਸ ਮੌਕੇ ਪਰਮਜੀਤ ਕੌਰ, ਅੰਜਨਾ ਸਾਗਰ, ਅਮ੍ਰਿਤਵਤ ਕੌਰ, ਸੰਰਤ ਮੱਲੀ, ਦਿਲਪ੍ਰੀਤ ਕੌਰ, ਜਸਜੀਤ ਕੌਰ, ਅਨੀਤ ਕੌਰ,ਗੁਰਸਿ ਕੌਰ,ਆਇਆ, ਹਰਿ, ਕਲਾ, ਹਰਲੀਨ ਕੌਰ ਦੀ ਲੋਹੜੀ ਮਨਾਈ ਗਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜਸਵੀਰ ਕੌਰ, ਅਮਰਜੀਤ ਕੌਰ ਤੇ ਪਿੰਡ ਦੀਆਂ ਹੋਰ ਔਰਤਾਂ ਦੀ ਸ਼ਾਮਲ ਸਨ।

# ਪ੍ਰੀ-ਪ੍ਰਾਇਮਰੀ ਕਲਾਸ ਦੇ ਬੱਚਿਆਂ ਨੂੰ ਵੰਡੀਆਂ ਕਿੱਟਾਂ




**ਭਲਾਣ (ਹਰਭਜਨ ਢਿੱਲੋਂ)**- ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਖੇੜਾ ਕਲਮੋਟ ਵਿਖੇ ਸਾਬਕਾ ਸਰਪੰਚ ਬਨਵਾਰੀ ਲਾਲ ਮਹਿੰਦਪੁਰ ਨੇ ਪ੍ਰੀ-ਪ੍ਰਾਇਮਰੀ ਦੇ ਬੱਚਿਆਂ ਨੂੰ ਕਿੱਟ ਬੈਗ ਤੇ ਲਿਖਣ ਸਮਗਰੀ ਵੰਡੀ। ਇਸ ਮੌਕੇ ਉਨ੍ਹਾ ਨੇ ਬੱਚਿਆਂ ਦੀਆਂ ਹੋਰ ਲੋੜਾਂ ਦੀ ਪੂਰਤੀ ਲਈ 2100 ਰੁਪਏ ਤੇ ਮਹਿਲਾ ਮੰਡਲ ਨੇ 1100 ਰੁਪਏ ਸਕੂਲ ਇੰਚਾਰਜ ਸ੍ਰੀਮਤੀ ਅਮਨਦੀਪ ਨੂੰ ਬੱਚਿਆਂ ਦੀ ਸਹਾਇਤਾ ਵਜੋਂ ਦਿੱਤੇ। ਇਸ ਮੌਕੇ ਪ੍ਰੇਮ ਕੁਮਾਰ ਕਾਰਜਕਾਰੀ ਪ੍ਰਿੰਸੀਪਲ ਸ. ਸ . ਸ . ਸਕੂਲ ਖੇੜਾ ਕਲਮੋਟ ਨੇ ਕਿਹਾ ਕਿ ਬਨਵਾਰੀ ਲਾਲ ਹਮੇਸ਼ਾ ਅਜਿਹੇ ਕਾਰਜਾਂ ਲਈ ਸਹਿਯੋਗ ਦਿੰਦੇ ਰਹਿੰਦੇ ਹਨ। ਇਸ ਮੌਕੇ ਅਮਰੀਕ ਸਿੰਘ ਦਿਆਲ ਪੰਜਾਬੀ ਲੇਖਕ, ਗੁਵਿੰਦਰ ਸਿੰਘ, ਅਰਵਿੰਦ ਸ਼ਰਮਾ, ਮੀਤਕ ਸ਼ਰਮਾ, ਪਲਵਿੰਦਰ ਸਿੰਘ, ਮੈਡਮ ਅਮਨ, ਸੁਮਨ ਲਤਾ, ਸੁਰੇਸ਼ ਕੁਮਾਰੀ, ਰਮਨ, ਆਸ਼ਾ ਰਾਣੀ, ਕਮਲੇਸ਼ ਰੁਪਿੰਦਰ, ਸਤਨਾਮ, ਸ਼ਹਿਨਾਜ, ਕਾਂਤਾ ਅਤੇ ਪਰਮਜੀਤ ਹਾਜ਼ਰ ਸਨ।

# ਗੁਰਿੰਦਰਜੀਤ ਯਾਦਗਾਰੀ ਕੁਸ਼ਤੀ ਮੁਕਾਬਲੇ ਸ਼ਾਨੋ-ਸ਼ੌਕਤ ਨਾਲ ਸੰਪੰਨ

**ਮੇਹਲੀ, ਫਗਵਾੜਾ (ਗੁਰਨਾਮ, ਜਸਵਿੰਦਰ ਢੱਡਾ)**

ਇਥੋਂ ਨਜਦੀਕ ਪਿੰਡ ਮੇਹਲੀ ਵਿਖੇ ਹਰ ਸਾਲ ਦੀ ਤਰ੍ਹਾਂ ਗੁਰਿੰਦਰਜੀਤ ਯਾਦਗਾਰੀ ਦੋ ਰੋਜਾ ਕੁਸ਼ਤੀ ਮੁਕਾਬਲੇ ਗੁਰਿੰਦਰਜੀਤ ਮੈਮੋਰੀਅਲ ਸਪੋਰਟਸ ਕਲੱਬ ਅਤੇ ਯੰਗ ਸਪੋਰਟਸ ਕਲੱਬ ਮੇਹਲੀ ਵਲੋਂ ਰਾਏਪੁਰ ਡੱਬਾ ਓਲੰਪਿਕ ਰੈਸਲਿੰਗ ਅਕੈਡਮੀ ਤੋਂ ਇਲਾਵਾ ਸਮੂਹ ਨਗਰ ਨਿਵਾਸੀਆਂ ਤੇ ਐਨ.ਆਰ.ਆਈ. ਵੀਰਾਂ ਦੇ ਸਹਿਯੋਗ ਨਾਲ ਕਰਵਾਏ ਗਏ। ਇਸ ਦੌਰਾਨ ਜੇਤੂ ਪਹਿਲਵਾਨਾਂ ਨੂੰ ਸਤਾਰਾ-ਏ-ਪੰਜਾਬ, ਸ਼ਾਨ-ਏ-ਪੰਜਾਬ, ਸ਼ੇਰ-ਏ-ਪੰਜਾਬ ਅਤੇ ਸ਼ਾਨ-ਏ-ਪੰਜਾਬ (ਲੜਕੀਆਂ) ਖਿਤਾਬ ਨਾਲ ਨਵਾਜਿਆ ਗਿਆ। ਇਹਨਾਂ ਕੁਸ਼ਤੀ ਮੁਕਾਬਲਿਆਂ ਦੇ ਸੰਚਾਲਕ ਤੇ ਅੰਤਰਰਾਸ਼ਟਰੀ ਪਹਿਲਵਾਨ ਅਮਰੀਕ ਸਿੰਘ ਮੇਹਲੀ ਅਤੇ ਉਹਨਾਂ ਦੇ ਸਹਿਯੋਗੀ ਇੰਟਰਨੈਸ਼ਨਲ ਕੁਸ਼ਤੀ ਕੋਚ ਪੀ.ਆਰ. ਸੌਂਧੀ ਤੇ ਆਰ.ਐਸ. ਕੁੰਡੂ ਜਨਰਲ ਸਕੱਤਰ ਪੰਜਾਬ ਰੈਸਲਿੰਗ ਐਸੋਸੀਏਸ਼ਨ ਨੇ ਦੱਸਿਆ ਕਿ ਇਹਨਾਂ ਕੁਸ਼ਤੀ ਮੁਕਾਬਲਿਆਂ ਵਿਚ ਪੰਜਾਬ ਭਰ ਤੋਂ ਕਰੀਬ 200 ਪਹਿਲਵਾਨਾਂ ਨੇ ਹਿੱਸਾ ਲਿਆ ਅਤੇ 75 ਕਿਲੋਗ੍ਰਾਮ ਭਾਰ ਵਰਗ ਵਿਚ ਵਿਸ਼ਾਲ ਆਰ.ਪੀ.ਡੀ. ਕਲੱਬ ਫਗਵਾੜਾ, 85 ਕਿਲੋਗ੍ਰਾਮ ਭਾਰ ਵਰਗ ਵਿਚ ਸੰਦੀਪ ਸਿੰਘ ਖੰਨਾ, 65 ਕਿਲੋਗ੍ਰਾਮ ਭਾਰ ਵਰਗ ਵਿਚ ਜਸਕਰਨ ਸਿੰਘ ਪਟਿਆਲਾ ਤੋਂ ਇਲਾਵਾ ਲੜਕੀਆਂ ਦੇ ਕੁਸ਼ਤੀ ਮੁਕਾਬਲੇ 'ਚ ਮਨਦੀਪ ਕੌਰ ਬਰਿਆਣਾ (ਫਿਰੋਜਪੁਰ) ਜੇਤੂ ਰਹੇ। ਮੁੱਖ ਮਹਿਮਾਨ ਵਜੋਂ ਹਰਮਨ ਬਸਰਾ ਯੂ.ਐਸ.ਏ. ਤੇ ਅਵਤਾਰ ਸਿੰਘ ਬਸਰਾ ਕਨੇਡਾ ਸ਼ਾਮਲ ਹੋਏ। ਉਹਨਾਂ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ। ਇਸ ਦੌਰਾਨ ਆਯੋਜਿਤ ਸਮਾਗਮ ਦੌਰਾਨ ਨੈਸ਼ਨਲ ਕੁਸ਼ਤੀ ਕੋਚ ਗੋਬਿੰਦ ਸਿੰਘ ਸੰਧੂ ਨੂੰ ਗੁਰਿੰਦਰਜੀਤ ਮੈਮੋਰੀਅਲ ਅਵਾਰਡ ਨਾਲ ਨਵਾਜਿਆ ਗਿਆ। ਇਸ ਮੌਕੇ ਸਤੀਸ਼ ਕੁਮਾਰ ਐਸ.ਪੀ. ਟੂ ਸੀ.ਐਮ. ਸਕਿਉਰਿਟੀ, ਸਤੀਸ਼ ਕੁਮਾਰ ਡੀ.ਐਸ.ਪੀ., ਮਲਕੀਤ ਪੰਚ, ਮੈਨੇਜਰ ਭਗਤ ਰਾਮ, ਪਰਵਿੰਦਰ ਸਿੰਘ ਨੰਬਰਦਾਰ, ਨੀਲਮ ਸਰਪੰਚ ਮੰਢਾਲੀ, ਰਮਨ ਕੁਮਾਰ ਸਾਬਕਾ ਇੰਸਪੈਕਟਰ, ਕਮਲਜੀਤ ਸਿੰਘ, ਡਾ. ਬਲਵਿੰਦਰ ਸਿੰਘ, ਚਰਨਜੀਤ ਸਿੰਘ, ਰਵਿੰਦਰ ਸਿੰਘ ਨੰਬਰਦਾਰ, ਬਲਦੇਵ ਸਿੰਘ, ਮਹਿੰਦਰ ਸਿੰਘ, ਹਰਦੇਵ ਕਨੇਡਾ, ਨਰਿੰਦਰ ਕੁਮਾਰ ਡੀ.ਪੀ.ਈ, ਸ਼ੀਤਲ ਸਿੰਘ ਡੀ.ਪੀ.ਈ, ਜਸਵਿੰਦਰ ਸਿੰਘ ਪਹਿਲਵਾਨ, ਰੁਪਿੰਦਰ ਮੰਢਾਲੀ, ਬਲਜੀਤ ਸਿੰਘ, ਗੁਰਮੇਲ ਸਿੰਘ ਕੋਚ, ਸ਼ੁਕਲਾ ਕੋਚ, ਸਾਜਨ ਕੋਚ, ਬੀਰਾ ਬਾਹੜੋਵਾਲ ਕੋਚ, ਕਰਨ ਸ਼ਰਮਾ ਕੋਚ ਅੰਮ੍ਰਿਤਸਰ, ਰਵਿੰਦਰ ਨਾਥ ਕੋਚ, ਵਿਸ਼ਾਲ ਨੰਨ੍ਹਾ ਡਡਵਾਲ, ਸੱਬਾ ਸੰਘਾ, ਯੁਵਰਾਜ, ਗੀਤ ਪ੍ਰੀਤ ਪਾਲ ਸਿੰਘ ਪੀ.ਆਰ.ਓ. ਪੰਜਾਬ ਰੈਸਲਿੰਗ ਐਸੋਸੀਏਸ਼ਨ ਤੋਂ ਇਲਾਵਾ ਹਰਨੇਕ ਸਿੰਘ ਮੇਹਲੀ, ਅਮਰਪ੍ਰੀਤ ਸਿੰਘ ਮੇਹਲੀ, ਜਗਤਾਰ ਸਿੰਘ ਸ਼ੌਕਰ ਸਰਪੰਚ ਮਜਾਰੀ, ਮਾਸਟਰ ਗੁਰਨਾਮ ਰਾਮ ਭਰੋਮਜਾਰਾ, ਕੋਚ ਬਲਵੀਰ ਸੌਂਧੀ, ਹਰਮੇਸ਼ ਲਾਲ, ਸਨੀ ਸੋਹਲ ਬਿਜਲੀ ਬੋਰਡ, ਮਾਸਟਰ ਗੁਲਜਾਰ ਸਿੰਘ, ਬਲਿਹਾਰ ਸਿੰਘ, ਮਾਸਟਰ ਜੋਗਿੰਦਰ ਸਿੰਘ ਆਦਿ ਹਾਜਰ ਸਨ।



# ਪੀਰ ਬਾਬਾ ਜ਼ਿੰਦਾ ਸ਼ਹੀਦ ਅਸਥਾਨ 'ਤੇ ਲਗਾਇਆ ਫ੍ਰੀ ਮੈਡੀਕਲ ਕੈਂਪ

**ਨੂਰਪੁਰ ਬੇਦੀ(ਸੁਰਜੀਤ ਸਿੰਘ ਕਾਹਲੋਂ)**

ਬਿਜੇਂਦਰਾ ਹਸਪਤਾਲ ਰੂਪਨਗਰ ਦੀ ਟੀਮ ਵੱਲੋਂ ਨੂਰਪੁਰਬੇਦੀ ਪੀਰ ਬਾਬਾ ਜਿੰਦਾ ਸ਼ਹੀਦ ਅਸਥਾਨ ਨੂਰਪੁਰ ਬੇਦੀ ਵਿਖੇ ਫ੍ਰੀ ਮੈਡੀਕਲ ਕੈਂਪ ਦਾ ਆਯੋਜਨ ਕੀਤਾ ਗਿਆ। ਉਦਘਾਟਨ ਥਾਣਾ ਨੂਰਪੁਰਬੇਦੀ



ਮੁਖੀ ਭੁਪਿੰਦਰ ਸਿੰਘ ਗਿੱਲ ਤੇ ਸਮਾਜ ਸੇਵੀ ਗੌਰਵ ਰਾਣਾ ਵੱਲੋਂ ਸਮੂਹਿਕ ਰੂਪ ਵਿੱਚ ਕੀਤਾ ਗਿਆ। ਕੈਂਪ ਦੌਰਾਨ ਇੱਥੇ ਦੁਪਹਿਰ ਤਕ 700 ਤੋਂ ਵੱਧ ਲੋਕਾਂ ਵੱਲੋਂ ਆਪਣੀਆਂ ਵੱਖ-ਵੱਖ ਸਮੱਸਿਆਵਾਂ ਨੂੰ ਲੈ ਕੇ ਮੈਡੀਕਲ ਚੈਕਅੱਪ ਕਰਵਾਇਆ ਤੇ ਲੋੜਵੰਦ ਲੋਕਾਂ ਨੂੰ ਮੌਕੇ 'ਤੇ ਹੀ ਫਰੀ ਦਵਾਈਆਂ ਦਿੱਤੀਆਂ ਗਈਆਂ। ਜਿੱਥੇ ਕੁਝ ਮਰੀਜਾਂ ਦੀ ਸਮੱਸਿਆ ਨੂੰ ਦੇਖਦੇ ਹੋਏ, ਉਨ੍ਹਾਂ ਦੇ ਫਰੀ ਸੈਂਪਲ ਲਏ ਗਏ। ਕੈਂਪ ਨੂੰ ਸੰਬੋਧਨ ਕਰਦਿਆਂ ਥਾਣਾ ਮੁਖੀ ਭੁਪਿੰਦਰ ਸਿੰਘ ਤੇ ਸਮਾਜ ਸੇਵੀ ਗੌਰਵ ਰਾਣਾ ਨੇ ਕਿਹਾ ਕਿ ਹਜਾਰਾਂ ਸੰਗਤਾਂ ਵੱਲੋਂ ਇਸ ਫਰੀ ਮੈਡੀਕਲ ਕੈਂਪ ਦਾ ਫਾਇਦਾ ਲਿਆ ਗਿਆ ਤੇ ਬਿਜੇਂਦਰਾ ਹਸਪਤਾਲ ਦੀ ਤਰਜ 'ਤੇ ਹੀ ਬਾਕੀ ਸੰਸਥਾਵਾਂ ਨੂੰ ਵੀ ਅਜਿਹੇ ਉਪਰਾਲੇ ਕਰਦੇ ਰਹਿਣਾ ਚਾਹੀਦਾ ਹੈ। ਇੱਥੇ ਕੈਂਪ ਦੀ ਅਗਵਾਈ ਕਰ ਰਹੇ ਸਮਾਜ ਸੇਵੀ ਡਾਕਟਰ ਦਵਿੰਦਰ ਬਜਾੜ ਤੇ ਵਿਜੈਪਾਲ ਸਿੰਘ ਪ੍ਰਧਾਨ ਭਾਰਤੀ ਮਜਦੂਰ ਸੰਘ ਵੱਲੋਂ ਥਾਣਾ ਮੁਖੀ ਭੁਪਿੰਦਰ ਸਿੰਘ ਗਿੱਲ ਤੇ ਸਮਾਜ ਸੇਵੀ ਗੌਰਵ ਤੇ ਰਾਜ ਕੁਮਾਰ ਬਾਵਾ ਵੱਲੋਂ ਕੈਂਪ ਦੇ ਸਫਲ ਆਯੋਜਨ ਲਈ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ। ਕੈਂਪ ਦੌਰਾਨ ਇੱਥੇ ਮਰੀਜਾਂ ਦੀ ਜਾਂਚ ਕਰਨ ਲਈ ਡਾਕਟਰ ਨਿਤੇਸ਼ ਗੌਤਮ, ਡਾਕਟਰ ਕੰਚਨ, ਨਰਸਿੰਗ ਸਟਾਫ ਦੀਪਾ ਤੇ ਮਨੀਸ਼ਾ ਨੇ ਲੈਬ ਸਟਾਫ ਸਾਧਨਾ, ਐਡਮਿੰਨ ਗੁਰਵਿੰਦਰ ਸਿੰਘ, ਸ਼ਿਵਜੋਤ ਸਮੇਤ ਸਮੂਹ ਹਸਪਤਾਲ ਦੇ ਲੋਕ ਹਾਜਰ ਸਨ।

# ਸ਼੍ਰੋਮਣੀ ਅਕਾਲੀ ਦਲ (ਅ) ਦੇ ਸੀਨੀਅਰ ਆਗੂ ਮੁਖਤਿਆਰ ਸਿੰਘ ਸੋਢੀ ਨੂੰ ਸਦਮਾ, ਸਹੁਰੇ ਦਾ ਦਿਹਾਂਤ

**ਸੁਲਤਾਨਪੁਰ ਲੋਧੀ, (ਬਲਵਿੰਦਰ ਸਿੰਘ ਧਾਲੀਵਾਲ)** ਵਿਧਾਨ ਸਭਾ ਹਲਕਾ ਸੁਲਤਾਨਪੁਰ ਲੋਧੀ ਦੇ ਹਲਕਾ ਇੰਚਾਰਜ ਅਤੇ ਸ਼੍ਰੋਮਣੀ ਅਕਾਲੀ ਦਲ (ਅ) ਜ਼ਿਲ੍ਹਾ ਯੂਥ ਪ੍ਰਧਾਨ ਕਪੂਰਥਲਾ ਮੁਖਤਿਆਰ ਸਿੰਘ ਸੋਢੀ (ਡਡਵਿੰਡੀ) ਨੂੰ ਉਸ ਵੇਲੇ ਗਹਿਰਾ ਸਦਮਾ ਲੱਗਾ ਜਦੋਂ ਉਹਨਾਂ ਦੇ ਸਹੁਰਾ ਸੁਰਿੰਦਰ ਸਿੰਘ ਪੁੱਤਰ ਗੰਗਾ ਸਿੰਘ ਵਾਸੀ ਪਿੰਡ ਜੱਬੋਵਾਲ ਵਿਖੇ ਦਿਹਾਂਤ ਹੋ ਗਿਆ। ਉਹਨਾਂ ਦਾ ਅੰਤਿਮ ਸੰਸਕਾਰ ਪਿੰਡ ਜੱਬੋਵਾਲ ਦੇ ਸ਼ਮਸ਼ਾਨ ਘਾਟ ਵਿਚ ਕੀਤਾ ਗਿਆ। ਹਲਕਾ ਵਿਧਾਇਕ ਇੰਦਰ ਪ੍ਰਤਾਪ ਸਿੰਘ ਰਾਣਾ, ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਸੱਜਣ ਸਿੰਘ ਚੀਮਾ, ਸਾਬਕਾ ਵਿਧਾਇਕ ਨਵਤੇਜ ਸਿੰਘ ਚੀਮਾ, ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਕੈਪਟਨ ਹਰਮਿੰਦਰ ਸਿੰਘ, ਐਸ ਜੀ ਪੀ ਸੀ ਦੇ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ, ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਇੰਜ. ਸਵਰਨ ਸਿੰਘ, ਐਸ ਜੀ ਪੀ ਸੀ ਮੈਂਬਰ ਬੀਬੀ ਗੁਰਪ੍ਰੀਤ ਕੌਰ ਰੂਹੀ, ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰੈੱਸ ਕਲੱਬ ਸੁਲਤਾਨਪੁਰ ਲੋਧੀ ਦੇ ਪ੍ਰਧਾਨ ਵਰੁਣ ਸ਼ਰਮਾ, ਚੇਅਰਮੈਨ ਸੁਰਿੰਦਰ ਪਾਲ ਸਿੰਘ ਸੋਢੀ ਨੰਬਰਦਾਰ, ਅਤੇ ਸਮੂਹ ਅਹੁਦੇਦਾਰ ਅਤੇ ਮੈਂਬਰ ਪ੍ਰੈੱਸ ਕਲੱਬ ਸੁਲਤਾਨਪੁਰ ਲੋਧੀ, ਸਾਹਿਤ ਸਭਾ ਸੁਲਤਾਨਪੁਰ ਲੋਧੀ ਦੇ ਪ੍ਰਧਾਨ ਡਾਕਟਰ ਸਵਰਨ ਸਿੰਘ, ਸਰਪ੍ਰਸਤ ਨਰਿੰਦਰ ਸਿੰਘ ਸੋਨੀਆ, ਮੁਖਤਾਰ ਸਿੰਘ ਚੰਦੀ, ਭਾਰਤੀ ਕਿਸਾਨ ਯੂਨੀਅਨ ਦੇ ਮੈਂਬਰ ਅਤੇ ਕਿਸਾਨ ਮਜਦੂਰ ਸੰਘਰਸ ਕਮੇਟੀ ਤੇ ਹੋਰ ਕਿਸਾਨ ਜਥੇਬੰਦੀਆਂ ਅਤੇ ਵੱਖ ਵੱਖ ਧਾਰਮਕ ਅਤੇ ਰਾਜਸੀ ਸ਼ਖਸੀਅਤਾਂ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ।

# ਵਿਧਾਇਕਾਂ ਤੇ ਡਿਪਟੀ ਕਮਿਸ਼ਨਰ ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ ਪ੍ਰਕਾਸ਼ ਦਿਹਾੜੇ 'ਤੇ ਸ਼ੋਭਾ ਯਾਤਰਾ ਦੀਆਂ ਤਿਆਰੀਆਂ ਦੀ ਸਮੀਖਿਆ

**ਜਲੰਧਰ, (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**

ਜਲੰਧਰ ਪੱਛਮੀ ਤੋਂ ਵਿਧਾਇਕ ਸ਼ੀਤਲ ਅੰਗੂਰਾਲ, ਜਲੰਧਰ ਕੇਂਦਰੀ ਤੋਂ ਵਿਧਾਇਕ ਰਮਨ ਅਰੋੜਾ, ਕਰਤਾਰਪੁਰ ਤੋਂ ਵਿਧਾਇਕ ਬਲਕਾਰ ਸਿੰਘ, ਡਿਪਟੀ ਕਮਿਸ਼ਨਰ ਜਸਪ੍ਰੀਤ ਸਿੰਘ ਅਤੇ ਪੁਲਸ ਕਮਿਸ਼ਨਰ ਐਸ. ਭੂਪਤੀ ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 5 ਫਰਵਰੀ ਨੂੰ ਪ੍ਰਕਾਸ਼ ਦਿਹਾੜੇ ਅਤੇ 4 ਫਰਵਰੀ ਨੂੰ ਕੱਢੀ ਜਾਣ ਵਾਲੀ ਵਿਸ਼ਾਲ ਸ਼ੋਭਾ ਯਾਤਰਾ ਦੀਆਂ ਤਿਆਰੀਆਂ ਅਤੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਸ੍ਰੀ ਗੁਰੂ ਰਵਿਦਾਸ ਸਭਾਵਾਂ ਦੇ ਨੁਮਾਇੰਦਿਆਂ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ। ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਮੀਟਿੰਗ ਦੌਰਾਨ ਵਿਧਾਇਕਾਂ ਅਤੇ ਡਿਪਟੀ ਕਮਿਸ਼ਨਰ ਨੇ ਪ੍ਰਕਾਸ਼ ਦਿਹਾੜੇ ਸੰਬੰਧੀ ਸਮਾਗਮ ਨੂੰ ਨਿਰਵਿਘਨ ਅਤੇ ਧਾਰਮਿਕ ਰੀਤੀ-ਰਿਵਾਜ਼ਾਂ ਅਨੁਸਾਰ ਮਨਾਉਣ ਲਈ ਸਮੂਹ ਵਿਭਾਗਾਂ ਦੇ ਸੀਨੀਅਰ ਅਧਿਕਾਰੀਆਂ ਨੂੰ ਵਿਸਥਾਰਪੂਰਵਕ ਹਦਾਇਤਾਂ ਜਾਰੀ ਕੀਤੀਆਂ। ਉਨ੍ਹਾਂ ਅਧਿਕਾਰੀਆਂ ਨੂੰ ਵਿਅਕਤੀਗਤ ਤੌਰ 'ਤੇ ਸਮੁੱਚੇ ਪ੍ਰਬੰਧਾਂ ਦੀ ਨਿਗਰਾਨੀ ਨੂੰ ਯਕੀਨੀ ਬਣਾਉਣ ਲਈ ਕਿਹਾ ਤਾਂ ਜੋ ਸਮਾਗਮਾਂ ਵਿੱਚ ਸ਼ਾਮਲ ਹੋਣ ਵਾਲੇ ਸ਼ਰਧਾਲੂਆਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਪੁਲਸ ਅਧਿਕਾਰੀਆਂ ਨੂੰ ਸਹਿਰ ਦੀਆਂ ਸੜਕਾਂ 'ਤੇ ਆਉਣ-ਜਾਣ ਵਾਲੇ ਲੋਕਾਂ ਦੀ ਸਹੂਲਤ ਲਈ ਆਵਾਜਾਈ ਰੂਟ ਪਲਾਨ ਤਿਆਰ ਤੋਂ ਇਲਾਵਾ ਵਿਆਪਕ ਸੁਰੱਖਿਆ ਪ੍ਰਬੰਧ ਵੀ ਯਕੀਨੀ ਬਣਾਉਣ ਲਈ ਕਿਹਾ। ਡਿਪਟੀ ਕਮਿਸ਼ਨਰ ਨੇ ਵਿਧਾਇਕਾਂ ਅਤੇ ਸ੍ਰੀ ਗੁਰੂ ਰਵਿਦਾਸ ਸਭਾਵਾਂ ਦੇ ਨੁਮਾਇੰਦਿਆਂ ਨੂੰ ਭਰੋਸਾ ਦਿਵਾਇਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਮਾਗਮ ਤੇ ਸ਼ੋਭਾ ਯਾਤਰਾ ਸਬੰਧੀ ਸਾਰੇ ਪੁਖਤਾ ਪ੍ਰਬੰਧ ਯਕੀਨੀ ਬਣਾਏ ਜਾਣਗੇ, ਜਿਸ ਸੰਬੰਧੀ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਜ਼ਿੰਮੇਵਾਰੀਆਂ ਸੌਂਪ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਪ੍ਰਬੰਧਾਂ ਪੱਖੋਂ ਕੋਈ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ।

# ਸਰਕਾਰੀ ਮਾਡਲ ਸਕੂਲ ਜਲੰਧਰ ਤੇ ਕਿਸ਼ਤਿਜ਼ ਹਾਈ ਸਕੂਲ ਜਮਸ਼ੇਦਪੁਰ ਸੈਮੀਫਾਈਨਲ 'ਚ

**ਜਲੰਧਰ (ਸ਼ੈਲੀ ਐਲਬਰਟ)**

ਸਰਕਾਰੀ ਮਾਡਲ ਸਕੂਲ ਜਲੰਧਰ ਅਤੇ ਕਿਸ਼ਤਿਜ਼ ਹਾਈ ਸਕੂਲ ਜਮਸ਼ੇਦਪੁਰ ਦੀਆਂ ਟੀਮਾਂ 16ਵੇਂ ਬਲਵੰਤ ਸਿੰਘ ਕਪੂਰ ਹਾਕੀ ਟੂਰਨਾਮੈਂਟ (ਅੰਡਰ 19 ਸਕੂਲੀ ਲੜਕੇ) ਦੇ ਸੈਮੀਫਾਇਨਲ 'ਚ ਪਹੁੰਚ ਗਈਆਂ ਹਨ। ਸਥਾਨਕ ਉਲੰਪੀਅਨ ਸੁਰਜੀਤ ਹਾਕੀ ਸਟੇਡੀਅਮ ਵਿੱਚ ਖੇਡੇ ਗਏ ਕੁਆਰਟਰ ਫਾਇਨਲ ਮੁਕਾਬਲਿਆਂ 'ਚ ਸਰਕਾਰੀ ਮਾਡਲ ਸਕੂਲ ਜਲੰਧਰ ਨੇ ਮਾਲਵਾ ਖਾਲਸਾ ਸਕੂਲ ਲੁਧਿਆਣਾ ਨੂੰ 3-1 ਦੇ ਫਰਕ ਨਾਲ ਅਤੇ ਕਿਸ਼ਤਿਜ਼ ਹਾਈ ਸਕੂਲ ਜਮਸ਼ੇਦਪੁਰ ਨੇ ਆਰਮੀ ਬੁਆਏਜ਼ ਸਪੋਰਟਸ ਕੰਪਨੀ ਨੂੰ 4-1 ਦੇ ਫਰਕ ਨਾਲ ਹਰਾਇਆ। ਪਹਿਲੇ ਕੁਆਰਟਰ ਫਾਇਨਲ 'ਚ ਸਰਕਾਰੀ ਮਾਡਲ ਸਕੂਲ ਜਲੰਧਰ ਨੂੰ ਮਾਲਵਾ ਖਾਲਸਾ ਸਕੂਲ ਨੇ ਸਖਤ ਟੱਕਰ ਦਿੱਤੀ ਪਰ ਦੂਜੇ ਕੁਆਰਟਰ ਦੇ 24ਵੇਂ ਮਿੰਟ 'ਚ ਜਲੰਧਰ ਦੇ ਗੁਰਪ੍ਰੀਤ ਸਿੰਘ ਨੇ ਪੈਨਲਟੀ ਸਟਰੋਕ ਨੂੰ ਗੋਲ 'ਚ ਬਦਲ ਕੇ ਖਾਤਾ ਖੋਲ੍ਹਿਆ। ਖੇਡ ਦੇ 30ਵੇਂ ਮਿੰਟ ਵਿੱਚ ਜਲੰਧਰ ਦੇ ਕਪਤਾਨ ਰਾਜਿੰਦਰ ਸਿੰਘ ਨੇ ਪੈਨਲਟੀ ਕਾਰਨਰ ਰਾਹੀਂ ਗੋਲ ਕਰਕੇ ਸਕੋਰ 2-0 ਕੀਤਾ। ਖੇਡ ਦੇ 50ਵੇਂ ਮਿੰਟ 'ਚ ਜਲੰਧਰ ਦੇ ਦਿਲਰਾਜ ਸਿੰਘ ਨੇ ਮੈਦਾਨੀ ਗੋਲ ਕਰਕੇ ਸਕੋਰ 3-0 ਕੀਤਾ। ਖੇਡ ਦੇ ਆਖਰੀ ਮਿੰਟ ਵਿੱਚ ਲੁਧਿਆਣਾ ਦੇ ਅਰਸ਼ਦੀਪ ਸਿੰਘ ਨੇ ਗੋਲ ਕਰਕੇ ਸਕੋਰ 1-3 ਕੀਤਾ, ਪਰ ਹਾਰ ਤੋਂ ਨਾ ਬਚ ਸਕੇ।



ਦੂਜੇ ਕੁਆਰਟਰ ਫਾਇਨਲ 'ਚ ਕਿਸ਼ਤਿਜ਼ ਸਕੂਲ ਜਮਸ਼ੇਦਪੁਰ ਨੇ ਬੇਹਤਰੀਨ ਖੇਡ ਦਾ ਪ੍ਰਦਰਸ਼ਨ ਕੀਤਾ। ਖੇਡ ਦੇ 8ਵੇਂ ਮਿੰਟ ਵਿੱਚ ਜਮਸ਼ੇਦ ਪੁਰ ਦੇ ਸ਼ਿਵਮ ਸਿੰਘ ਨੇ ਗੋਲ ਕਰਕੇ ਖਾਤਾ ਖੋਲ੍ਹਿਆ। ਖੇਡ ਦੇ 14ਵੇਂ ਮਿੰਟ 'ਚ ਕਪਤਾਨ ਦੀਪਕ ਸੁਰੇਂਗ ਨੇ ਗੋਲ ਕਰਕੇ ਸਕੋਰ 2-0 ਕੀਤਾ। ਖੇਡ ਦੇ 28ਵੇਂ ਮਿੰਟ ਵਿੱਚ ਜਮਸ਼ੇਦਪੁਰ ਦੇ ਕੁਨਾਲ ਯਾਦਵ ਨੇ ਗੋਲ ਕਰਕੇ ਸਕੋਰ 3-0 ਕੀਤਾ। ਖੇਡ ਦੇ ਤੀਜੇ ਕਵਾਰਟਰ ਦੇ 50ਵੇਂ ਮਿੰਟ 'ਚ ਆਰਮੀ ਬੁਆਏਜ਼ ਦੇ ਦਯਾਰਾਮ ਨੇ ਗੋਲ ਕਰਕੇ ਸਕੋਰ 1-3 ਕੀਤਾ। ਖੇਡ ਦੇ 59ਵੇਂ ਮਿੰਟ ਵਿੱਚ ਜਮਸ਼ੇਦਪੁਰ ਦੇ ਦੀਪਕ ਸੁਰੇਂਗ ਨੇ ਗੋਲ ਸਕੋਰ 4-1 ਕਰਕੇ ਮੈਚ ਜਿੱਤ ਕੇ ਸੈਮੀਫਾਇਨਲ ਵਿੱਚ ਸਥਾਨ ਬਣਾਇਆ।

ਮੈਚਾਂ ਦੇ ਮੁੱਖ ਮਹਿਮਾਨ ਉਲੰਪੀਅਨ ਸੁਰਿੰਦਰ ਸਿੰਘ ਸੋਢੀ. ਉਲੰਪੀਅਨ ਕਰਨਲ ਬਲਬੀਰ ਸਿੰਘ, ਸੁੱਚਾ ਸਿੰਘ ਅੰਤਰਰਾਸ਼ਟਰੀ ਅਥਲੀਟ ਅਤੇ ਦੇਵ ਰਾਜ ਬਾਂਸਲ ਰਿਜਨਲ ਮੈਨੇਜਰ ਬੈਂਕ ਆਫ ਬੜੋਦਾ ਨੇ ਟੀਮਾਂ ਨਾਲ ਜਾਣ ਪਛਾਣ ਕੀਤੀ। ਇਸ ਮੌਕੇ ਦਿਗ ਵਿਜੈ ਨੇਗੀ ਚੀਫ ਮੈਨੇਜਰ ਬੈਂਕ ਆਫ ਬੜੋਦਾ, ਗੁਰਸ਼ਰਨ ਸਿੰਘ ਕਪੂਰ, ਮਨਜੀਤ ਸਿੰਘ ਕਪੂਰ, ਤੀਰਥ ਸਿੰਘ ਕਪੂਰ, ਹਰਦੀਪ ਸਿੰਘ ਕਪੂਰ, ਗੁਨਦੀਪ ਸਿੰਘ ਕਪੂਰ, ਦੀਪਇੰਦਰ ਸਿੰਘ, ਕੀਰਤ ਸਿੰਘ, ਸੁਮਨਦੀਪ ਸਿੰਘ ਰਾਣਾ, ਡਾਕਟਰ ਮਨੁ ਸੂਦ, ਜਗਦੀਪ ਸਿੰਘ ਗਿੱਲ, ਤੇਜਾ ਸਿੰਘ, ਦਰਜੀਤ ਸਿੰਘ ਢਿਲੋਂ, ਗੁਰਪ੍ਰੀਤ ਸਿੰਘ, ਗੁਰਿੰਦਰ ਸਿੰਘ ਸੰਘਾ, ਕੰਚਨ, ਧਰਮਪਾਲ ਸਿਮਘ, ਸਰਬਤੇਜ ਸਿੰਘ, ਰਵਿੰਦਰ ਸਿੰਘ, ਕ੍ਰਿਪਾਲ ਸਿੰਘ ਮਠਾਰੂ, ਰਿਪੁਦਮਨ ਕੁਮਾਰ ਸਿੰਘ, ਉਲੰਪੀਅਨ ਸੰਜੀਵ ਕੁਮਾਰ, ਗੁਰਦੀਪ ਸਿੰਘ ਸੰਘਾ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

21-JAN-PAGE-1.qxd 1/20/2023 10:36 PM Page 2



## ਆਈ ਸੀ ਆਈ ਸੀ ਆਈ ਬੈਂਕ 'ਚ ਗੁਰੂ ਗ੍ਰੰਥ ਸਾਹਿਬ 'ਵਰਸਿਟੀ ਦੇ 13 ਵਿਦਿਆਰਥੀ ਨਿਯੁਕਤ




ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਦੀਪ ਭਾਰਦਵਾਜ)-ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਦੇ ਮੈਨੇਜਮੈਂਟ ਤੇ ਕਾਮਰਸ ਦੇ ਅੰਤਿਮ ਸਮੈਸਟਰ ਦੇ 13 ਵਿਦਿਆਰਥੀਆਂ ਨੂੰ ਆਈ ਸੀ ਆਈ ਸੀ ਆਈ ਬੈਂਕ ਵਿੱਚ "ਰਿਲੇਸ਼ਨਸ਼ਿਪ ਮੈਨੇਜਰ" ਦੇ ਅਹੁਦੇ ਲਈ ਚੁਣਿਆ ਗਿਆ। ਉਹ ਵਾਧੂ ਲਾਭਾਂ ਦੇ ਨਾਲ ਲਗਭਗ 3 ਲੱਖ ਦੇ ਸਾਲਾਨਾ ਤਨਖਾਹ ਪੈਕੇਜ 'ਤੇ ਆਈ ਸੀ ਆਈ ਸੀ ਆਈ ਦੇ ਸਿਖਲਾਈ ਭਾਈਵਾਲ ਦੁਆਰਾ ਕਰਵਾਏ ਗਏ ਇੱਕ ਮਹੀਨੇ ਦੇ ਸਿਖਲਾਈ ਪ੍ਰੋਗਰਾਮ ਤੋਂ ਬਾਅਦ ਆਈ ਸੀ ਆਈ ਸੀ ਆਈ ਦੀਆਂ ਵੱਖ-ਵੱਖ ਸਥਾਨਕ ਸ਼ਾਖਾਵਾਂ ਵਿੱਚ ਸ਼ਾਮਲ ਹੋਣਗੇ। ਵਿਦਿਆਰਥੀ ਚੋਣ ਲਈ 17 ਜਨਵਰੀ, 2023 ਨੂੰ ਕੈਂਪਸ ਵਿੱਚ ਸਾਈਕੋਮੈਟ੍ਰਿਕ ਟੈਸਟ, ਲਿਖਤੀ ਅੰਗਰੇਜ਼ੀ ਮੁਲਾਂਕਣ, ਇੰਟਰਵਿਊ ਤੇ ਯੋਗਤਾ ਟੈਸਟ 'ਚ ਚਾਰ-ਪੱਧਰੀ ਮੁਲਾਂਕਣ ਪ੍ਰਕਿਰਿਆ ਵਿੱਚੋਂ ਗੁਜ਼ਰੇ। ਵਿਦਿਆਰਥੀਆਂ ਨੂੰ ਵਾਈਸ-ਚਾਂਸਲਰ, ਪ੍ਰੋ: ਪ੍ਰਿਤਪਾਲ ਸਿੰਘ, ਪ੍ਰੋ: ਇੰਚਾਰਜ ਟ੍ਰੇਨਿੰਗ ਤੇ ਪਲੇਸਮੈਂਟ, ਪ੍ਰੋ: ਸੀ. ਰਾਜੇਸ਼ ਤੇ ਵਿਭਾਗ ਦੇ ਸੀਨੀਅਰ ਫੈਕਲਟੀ ਦੀ ਮੌਜੂਦਗੀ ਵਿੱਚ ਸ੍ਰੀ ਯੋਗੇਸ਼ਵਰ ਸਿੰਘ ਵੱਲੋਂ ਨਿਯੁਕਤੀ ਪੱਤਰ ਪ੍ਰਦਾਨ ਕੀਤੇ ਗਏ। ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਵਾਈਸ-ਚਾਂਸਲਰ ਨੇ ਉਨ੍ਹਾਂ ਦੀ ਚੋਣ 'ਤੇ ਉਨ੍ਹਾਂ ਨੂੰ ਵਧਾਈ ਦਿੱਤੀ ਤੇ ਉਨ੍ਹਾਂ ਦੇ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ। ਉਨ੍ਹਾਂ ਵਿਦਿਆਰਥੀਆਂ ਨੂੰ ਸਖਤ ਮਿਹਨਤ ਕਰਨ ਤੇ ਆਪਣੇ ਖੇਤਰ ਵਿੱਚ ਅੱਗੇ ਵਧਣ ਤੇ ਸੰਸਥਾ ਦਾ ਮਾਣ ਵਧਾਉਣ ਦੇ ਨਾਲ-ਨਾਲ ਆਪਣੇ ਜੂਨੀਅਰਾਂ ਲਈ ਮਿਸਾਲ ਕਾਇਮ ਕਰਨ ਲਈ ਪ੍ਰੇਰਿਤ ਕੀਤਾ।

## ਜੈਨੇਸਿਸ ਡੈਂਟਲ ਕਾਲਜ ਤੇ ਹਸਪਤਾਲ ਵਿਖੇ ਚਿੱਟੇ ਕੋਟ ਦੀ ਰਸਮ ਦਾ ਆਯੋਜਨ



ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਫਿਰੋਜ਼ਪੁਰ ਮੋਗਾ ਰੋਡ 'ਤੇ ਸਥਿਤ ਜੈਨੇਸਿਸ ਡੈਂਟਲ ਕਾਲਜ ਤੇ ਹਸਪਤਾਲ ਵਿਖੇ ਚਿੱਟੇ ਕੋਟ ਦੀ ਰਸਮ ਦਾ ਆਯੋਜਨ ਕੀਤਾ ਗਿਆ। ਸਮਾਗਮ ਦੀ ਸ਼ੁਰੂਆਤ ਸ਼ਮ੍ਹਾਂ ਰੌਸ਼ਨ ਕਰਕੇ ਕੀਤੀ ਗਈ।ਇਸ ਪ੍ਰੋਗਰਾਮ ਵਿੱਚ ਸਾਰੇ ਬੱਚਿਆਂ ਨੇ ਡਾਂਸ ਤੇ ਗੀਤ ਗਾ ਕੇ ਆਪਣੀ ਅਦਾਕਾਰੀ ਦੇ ਜੌਹਰ ਦਿਖਾਏ।ਜਾਣਕਾਰੀ ਦਿੰਦਿਆਂ ਕਾਲਜ ਦੇ ਚੇਅਰਮੈਨ ਸੀ ਏ ਵਰਿੰਦਰ ਮੋਹਨ ਸਿੰਘਲਾ ਨੇ ਦੱਸਿਆ ਕਿ ਸਮਾਗਮ ਦਾ ਮੰਤਵ ਬੀ ਡੀ ਐੱਸ ਵਿਦਿਆਰਥੀਆਂ ਨੂੰ ਜੀ ਆਇਆਂ ਕਹਿੰਦਿਆਂ ਸਮਾਜ ਸੇਵਾ ਲਈ ਪ੍ਰੇਰਿਤ ਕਰਨਾ ਸੀ। ਚੇਅਰਮੈਨ ਸੀ ਏ ਵਰਿੰਦਰ ਮੋਹਨ ਸਿੰਘਲ ਨੇ ਕਿਹਾ ਕਿ ਚਿੱਟਾ ਕੋਟ ਪਹਿਨਣਾ ਕਿੱਤੇ ਤੇ ਸਮਾਜ ਪ੍ਰਤੀ ਨੈਤਿਕ ਜ਼ਿੰਮੇਵਾਰੀ ਹੈ।ਉਨ੍ਹਾ ਵਿਦਿਆਰਥੀਆਂ ਨੂੰ ਕਿੱਤੇ ਨੂੰ ਪੂਰੀ ਇਮਾਨਦਾਰੀ ਨਾਲ ਅਪਣਾਉਣ ਦੀ ਅਪੀਲ ਕੀਤੀ ਤੇ ਵਿਦਿਆਰਥੀਆਂ ਨੂੰ ਸਮਾਜ ਦੀ ਸੇਵਾ ਲਈ ਹਰ ਉਸਾਰੂ ਢੰਗ ਨਾਲ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ।ਇਸ ਦੇ ਨਾਲ ਹੀ ਇਸ ਕਿੱਤੇ ਨੂੰ ਪੂਰੀ ਇਮਾਨਦਾਰੀ ਤੇ ਨਿਮਰਤਾ ਨਾਲ ਅਪਣਾਉਣ ਦੀ ਅਪੀਲ ਕੀਤੀ।ਕਾਲਜ ਦੇ ਪ੍ਰਿੰਸੀਪਲ ਡਾ. ਪ੍ਰਸ਼ੋਤਮ ਜਸੂਜਾ ਨੇ ਵਿਦਿਆਰਥੀਆਂ ਨੂੰ ਚਿੱਟੇ ਕੋਟ ਦੇ ਨਾਲ ਆਉਂਦੀਆਂ ਜ਼ਿੰਮੇਵਾਰੀਆਂ ਤੋਂ ਜਾਣੂ ਕਰਵਾਇਆ ਤੇ ਵਿਦਿਆਰਥੀਆਂ ਨੂੰ ਆਪਣੇ ਹਾਣੀਆਂ ਅਤੇ ਅਧਿਆਪਕਾਂ ਨਾਲ ਚੰਗੇ ਸਬੰਧ ਬਣਾਉਣ ਤੇ ਇਸ ਵੱਕਾਰੀ ਸੰਸਥਾ ਦਾ ਹਿੱਸਾ ਬਣਨ ਲਈ ਧੰਨਵਾਦੀ ਹੋਣ ਲਈ ਪ੍ਰੇਰਿਤ ਕੀਤਾ। ਇਸ ਪ੍ਰੋਗਰਾਮ ਵਿੱਚ ਡਾਕਟਰ ਤੇ ਵਿਦਿਆਰਥੀ ਹਾਜ਼ਰ ਸਨ।

## ਜ਼ੀਰਾ ਮੋਰਚੇ ਦੀ ਜਿੱਤ ਏਕੇ ਤੇ ਸੰਘਰਸ਼ ਦਾ ਨਤੀਜਾ : ਗੋਇਲ



ਮਾਨਸਾ (ਆਤਮਾ ਸਿੰਘ ਪਮਾਰ)-ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦੇ ਸੂਬਾ ਪ੍ਰਧਾਨ ਧੰਨਾ ਮੱਲ ਗੋਇਲ, ਸਕੱਤਰ ਗੁਰਮੇਲ ਸਿੰਘ ਮਾਛੀਕੇ, ਵਿੱਤ ਸਕੱਤਰ ਐੱਚ ਐੱਸ ਰਾਣੂ ਤੇ ਸਰਪ੍ਰਸਤ ਸੁਰਜੀਤ ਸਿੰਘ ਲੁਧਿਆਣਾ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ "ਜ਼ੀਰਾ ਸਾਂਝੇ ਮੋਰਚੇ" ਵਿੱਚ ਸ਼ਾਮਲ ਸਮੁੱਚੀ ਕਮੇਟੀ ਤੇ ਸੰਯੁਕਤ ਕਿਸਾਨ ਮੋਰਚੇ ਨੂੰ ਮਿਸਾਲੀ ਜਿੱਤ 'ਤੇ ਵਧਾਈ ਦਿੱਤੀ ਅਤੇ ਕਿਹਾ ਕਿ ਸਮੁੱਚੀ ਕਮੇਟੀ ਅੰਦੋਲਨ ਨੂੰ ਲਗਾਤਾਰ, ਸ਼ਾਂਤਮਈ ਤੇ ਠਰੰਮੇ ਨਾਲ ਚਲਾਉਣ ਵਿੱਚ ਸਫਲ ਰਹੀ। ਪੰਜਾਬ ਦੇ ਜੁਝਾਰੂ ਤੇ ਚੇਤਨ ਲੋਕਾਂ ਵੱਲੋਂ ਕਿਸਾਨ ਅੰਦੋਲਨ ਤੋਂ ਬਾਅਦ ਮੁੜ ਆਪਣਾ ਮੋਹਰੀ ਰੋਲ ਨਿਭਾਇਆ ਹੈ, ਜਿਸ ਲਈ ਸਮੁੱਚੇ ਪੰਜਾਬੀ ਵਧਾਈ ਦੇ ਪਾਤਰ ਹਨ। ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਵੱਲੋਂ ਜ਼ੀਰਾ ਸ਼ਰਾਬ ਫੈਕਟਰੀ ਬੰਦ ਕਰਨ ਸਬੰਧੀ ਦਿੱਤੇ ਬਿਆਨ ਦੀ ਸ਼ਲਾਘਾ ਕਰਦਿਆਂ ਪੰਜਾਬ ਵਿਧਾਨ ਸਭਾ ਵਿੱਚ 2010 ਦੀ ਰਿਪੋਰਟ ਨੂੰ ਧਿਆਨ ਵਿੱਚ ਰੱਖਦਿਆਂ ਪ੍ਰਦੂਸ਼ਣ ਫੈਲਾ ਰਹੀਆਂ ਸ਼ਰਾਬ ਫੈਕਟਰੀਆਂ ਜਾਂ ਇਸ ਤਰ੍ਹਾਂ ਦੇ ਹੋਰ ਅਦਾਰੇ, ਜੋ ਕੁਤਾਹੀਆਂ ਕਰ ਰਹੇ ਹਨ ਤੇ ਧਰਤੀ ਹਵਾ ਪਾਣੀ ਨੂੰ ਪ੍ਰਦੂਸ਼ਤ ਕਰ ਰਹੇ ਹਨ, ਦਾ ਤਰੁੰਤ ਨੋਟਿਸ ਲਿਆ ਜਾਵੇ ਅਤੇ ਬੰਦ ਪਏ ਵਾਟਰ ਟਰੀਟਮੈਂਟ ਪਲਾਂਟਾਂ ਨੂੰ ਤਰੁੰਤ ਚਾਲੂ ਕਰਵਾਇਆ ਜਾਵੇ। ਪਾਣੀ ਦੇ ਕੁਦਰਤੀ ਸੋਮਿਆਂ ਨੂੰ ਪ੍ਰਦੂਸ਼ਤ ਹੋਣ ਤੋਂ ਬਚਾਇਆ ਜਾਵੇ ਅਤੇ ਅੰਦੋਲਨਕਾਰੀਆਂ 'ਤੇ ਦਰਜ ਕੀਤੇ ਪਰਚੇ ਰੱਦ ਕੀਤੇ ਜਾਣ। ਹਰਭਜਨ ਲਾਲ ਕੰਬੋਜ, ਰਾਕੇਸ ਮਹਿਤਾ, ਜਸਵਿੰਦਰ ਸਿੰਘ ਭੋਗਲ, ਆਤਮਾ ਸਿੰਘ, ਹਰਬੰਸ ਸਿੰਘ, ਸੰਤੋਖ ਸਿੰਘ ਨੇ ਕਿਹਾ ਕਿ ਹੋਏ ਜਾਨੀ ਨੁਕਸਾਨ ਦਾ ਮੁਆਵਜ਼ਾ ਤੇ ਮਾਲੀ ਨੁਕਸਾਨ ਦੀ ਭਰਪਾਈ ਕੀਤੀ ਜਾਵੇ। ਸਾਂਝੇ ਮੋਰਚੇ ਜ਼ੀਰਾ ਦੀ ਸਮੁੱਚੀ ਕਮੇਟੀ ਨੂੰ ਵਿਸ਼ਵਾਸ ਦਿਵਾਇਆ ਕਿ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਹਮੇਸ਼ਾ ਇਸ ਸੰਘਰਸ਼ ਦੀ ਹਮਾਇਤ ਵਿੱਚ ਪਹਿਲਾਂ ਦੀ ਤਰ੍ਹਾਂ ਡਟੀ ਰਹੇਗੀ।

## ਮਾਤਾ ਦੇਵਕੀ ਕੌਰ ਨੂੰ ਸ਼ਰਧਾਂਜਲੀਆਂ




ਮਹਿਲ ਕਲਾਂ (ਬਲਵਿੰਦਰ ਸਿੰਘ ਵਜੀਦਕੇ, ਪ੍ਰਦੀਪ ਲੋਹਗੜ੍ਹ)-ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਜਰਨਲ ਸਕੱਤਰ ਰਣਜੀਤ ਸਿੰਘ ਪਿੰਡ ਕਰਮਗੜ੍ਹ ਦੀ ਮਾਤਾ ਦੇਵਕੀ ਕੌਰ ਦੀ ਅੰਤਿਮ ਅਰਦਾਸ ਉਪਰੰਤ ਵਿਸ਼ਾਲ ਸ਼ਰਧਾਂਜਲੀ ਸਮਾਗਮ ਗੁਰਦੁਆਰਾ ਸਾਹਿਬ ਪਿੰਡ ਕਰਮਗੜ੍ਹ ਵਿਖੇ ਹੋਇਆ। ਇਸ ਸਮੇਂ ਵੱਡੀ ਗਿਣਤੀ 'ਚ ਇਲਾਕੇ ਭਰ ਤੋਂ ਲੋਕਾਂ ਨੇ ਪਹੁੰਚ ਕੇ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਭਾਈ ਜਸਪਾਲ ਸਿੰਘ ਦੇ ਰਾਗੀ ਜਥੇ ਨੇ ਵੈਰਾਗਮਈ ਕੀਰਤਨ ਕੀਤਾ। ਪ੍ਰੈੱਸ ਕਲੱਬ ਮਹਿਲ ਕਲਾਂ ਦੇ ਖਜ਼ਾਨਚੀ ਪ੍ਰਦੀਪ ਸਿੰਘ ਚਹਿਲ, ਮਾਨ ਦਲ ਕਿਸਾਨ ਵਿੰਗ ਦੇ ਪ੍ਰਧਾਨ ਡਾ: ਕੁਲਵਿੰਦਰ ਸਿੰਘ ਕਰਮਗੜ੍ਹ, ਇਕਾਈ ਪ੍ਰਧਾਨ ਭੋਲਾ ਸਿੰਘ ਆਦਿ ਆਗੂਆਂ ਨੇ ਪੀੜਤ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਭਾਕਿਯੂ ਡਕੌਂਦਾ ਦੇ ਬਲਾਕ ਪ੍ਰਧਾਨ ਜਗਰਾਜ ਸਿੰਘ ਹਰਦਾਸਪੁਰਾ, ਸੁਰਜੀਤ ਸਿੰਘ ਕਰਮਗੜ੍ਹ, ਅਮਰਜੀਤ ਸਿੰਘ ਮਹਿਲ ਖੁਰਦ ਨੇ ਮਾਤਾ ਜੀ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਉਨ੍ਹਾਂ ਦੇ ਜੀਵਨ 'ਤੇ ਚਾਨਣਾ ਪਾਇਆ। ਅਖੀਰ ਵਿੱਚ ਪਰਿਵਾਰ ਵੱਲੋਂ ਪਿੰਡ ਦੇ ਵੱਖ ਵੱਖ ਧਾਰਮਿਕ ਅਸਥਾਨਾਂ ਲਈ ਮਾਤਾ ਦੇਵਕੀ ਕੌਰ ਦੀ ਯਾਦ ਵਿੱਚ ਸਹਾਇਤਾ ਰਾਸ਼ੀ ਭੇਟ ਕੀਤੀ ਗਈ।

## ਸਫਾਈ ਸੇਵਕ ਯੂਨੀਅਨ ਦੇ ਨਵੇਂ ਦਫ਼ਤਰ ਦਾ ਉਦਘਾਟਨ



ਜਗਰਾਉਂ (ਅਮਿਤ ਖੰਨਾ)-ਜਗਰਾਓਂ ਨਗਰ ਕੌਂਸਲ ਵਿਖੇ ਸਫ਼ਾਈ ਸੇਵਕ ਯੂਨੀਅਨ ਦੇ ਨਵੇਂ ਦਫ਼ਤਰ ਦਾ ਆਗਾਜ਼ ਹੋਇਆ। ਇਸ ਦੇ ਉਦਘਾਟਨੀ ਸਮਾਗਮ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਛਤਰ ਛਾਇਆ ਹੇਠ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਵਾਇਆ ਗਿਆ। ਸਮਾਗਮ ਵਿੱਚ ਸਮੂਹ ਸਿਆਸੀ ਪਾਰਟੀਆਂ ਦੇ ਆਗੂ, ਪੁਲਸ ਪ੍ਰਸ਼ਾਸਨਕ ਅਧਿਕਾਰੀ, ਜਥੇਬੰਦੀਆਂ ਦੇ ਨੁਮਾਇੰਦੇ ਤੇ ਸ਼ਖਸੀਅਤਾਂ ਨੇ ਸ਼ਿਰਕਤ ਕੀਤੀ। ਵਿਧਾਇਕਾ ਸਰਵਜੀਤ ਕੌਰ ਮਾਣੂੰਕੇ, ਸਫਾਈ ਕਰਮਚਾਰੀ ਕਮਿਸ਼ਨ ਦੇ ਚੇਅਰਮੈਨ ਗੇਜਾ ਰਾਮ, ਸਾਬਕਾ ਵਿਧਾਇਕ ਐੱਸ ਆਰ ਕਲੇਰ, ਐੱਸ ਡੀ ਐੱਮ ਵਿਕਾਸ ਹੀਰਾ, ਤਹਿਸੀਲਦਾਰ ਮਨਮੋਹਨ ਕੁਮਾਰ ਕੌਸ਼ਿਕ, ਡੀ ਐੱਸ ਪੀ ਸਤਵਿੰਦਰ ਸਿੰਘ ਵਿਰਕ ਨੇ ਨਵੇਂ ਦਫ਼ਤਰ ਦੇ ਉਦਘਾਟਨ ਮੌਕੇ ਜਥੇਬੰਦੀ ਦੇ ਸਮੂਹ ਅਹੁਦੇਦਾਰਾਂ ਤੇ ਮੈਂਬਰਾਂ ਨੂੰ ਵਧਾਈ ਦਿੱਤੀ। ਇਸ ਮੌਕੇ ਐੱਸ ਐੱਚ ਓ ਇੰਦਰਜੀਤ ਸਿੰਘ, ਕੌਂਸਲਰ ਅਮਰਜੀਤ ਮਾਲਵਾ, ਅਮਨ ਕਪੂਰ ਬੌਬੀ, ਵਿਕਰਮ ਜੱਸੀ, ਸਤੀਸ਼ ਕੁਮਾਰ ਪੱਪੂ, ਰਮੇਸ਼ ਸਹੋਤਾ, ਅਨਮੋਲ ਗੁਪਤਾ, ਗੁਰਪ੍ਰੀਤ ਕੌਰ ਤਤਲਾ, ਜਰਨੈਲ ਸਿੰਘ ਲੋਹਟ, ਕੰਵਰਪਾਲ ਸਿੰਘ, ਹਿਮਾਂਸ਼ੂ ਮਲਿਕ, ਪਰਮਿੰਦਰ ਕੌਰ ਕਲਿਆਣ, ਰਾਜ ਭਾਰਦਵਾਜ, ਦਵਿੰਦਰਜੀਤ ਸਿੰਘ ਸਿੱਧੂ, ਵਰਿੰਦਰ ਕਲੇਰ, ਬ੍ਰਾਂਡ ਅੰਬੈਸਡਰ ਕੈਪਟਨ ਨਰੇਸ਼ ਵਰਮਾ, ਨਵਜੀਤ ਕੌਰ, ਹਰੀਸ਼ ਕੁਮਾਰ ਆਦਿ ਹਾਜ਼ਰ ਸਨ।

## ਮਲਕੀਤ ਸਿੰਘ ਚਾਂਗਲੀ ਚੇਅਰਮੈਨ ਤੇ ਦਿਨੇਸ਼ ਕੁਮਾਰ ਸਿੰਗਲਾ ਪ੍ਰਧਾਨ ਬਣੇ



ਧੂਰੀ (ਸੁਖਦੇਵ ਧੂਰੀ)-ਅਖਿਲ ਭਾਰਤੀਯ ਤਰੁਣ ਸੰਗਮ ਦੇ ਅਹੁਦੇਦਾਰਾਂ ਦੀ ਚੋਣ ਕੀਤੀ ਗਈ। ਮੀਟਿੰਗ ਵਿੱਚ ਅਗਲੇ 2 ਸਾਲਾਂ ਲਈ ਮਲਕੀਤ ਸਿੰਘ ਚਾਂਗਲੀ ਚੇਅਰਮੈਨ ਤੇ ਦਿਨੇਸ਼ ਕੁਮਾਰ ਸਿੰਗਲਾ ਪ੍ਰਧਾਨ ਚੁਣੇ ਗਏ। ਇਸ ਦੇ ਨਾਲ ਹੀ ਪਵਨ ਸਿੰਗਲਾ ਤੇ ਸੁਰੇਸ਼ ਬਾਂਸਲ ਨੂੰ ਸਰਪ੍ਰਸਤ ਬਣਾਇਆ ਗਿਆ ਤੇ ਵਿਸ਼ਾਲ ਜੈਨ ਤੇ ਵਿਵੇਕ ਗੁਪਤਾ ਨੂੰ ਮੁੱਖ ਪ੍ਰਬੰਧਕ ਵਜੋਂ ਜ਼ਿੰਮੇਵਾਰੀ ਸੌਂਪੀ ਗਈ। ਇਸੇ ਤਰ੍ਹਾਂ ਡਾਕਟਰ ਦੇਵ ਰਾਜ ਤੇ ਸੁਰੇਸ਼ ਸਿੰਗਲਾ ਨੂੰ ਮੀਤ ਪ੍ਰਧਾਨ, ਜਦੋਂ ਕਿ ਮਨਜੀਤ ਸਿੰਘ ਬਖਸ਼ੀ ਨੂੰ ਜਨਰਲ ਸਕੱਤਰ ਤੇ ਵਿਪਨ ਅਰੋੜਾ ਨੂੰ ਸਕੱਤਰ ਨਿਯੁਕਤ ਕੀਤਾ ਗਿਆ। ਕੈਸ਼ੀਅਰ ਦੀ ਡਿਊਟੀ ਮਾਸਟਰ ਤਰਸੇਮ ਮਿੱਤਲ ਨੂੰ ਸੌਂਪੀ ਗਈ। ਇਸੇ ਤਰ੍ਹਾਂ ਹੀ ਯਸ਼ ਬਾਂਸਲ, ਧਨਪਤ ਰਾਏ, ਅਮਨਪ੍ਰੀਤ, ਪੁਰਸ਼ੋਤਮ ਗੋਇਲ, ਜੈ ਗੋਪਾਲ ਵਿਜੇ ਜੈਨ ਤੇ ਬਲਵਿੰਦਰ ਵਿੱਕੀ ਨੂੰ ਕਾਰਜਕਾਰਨੀ ਦੇ ਮੈਂਬਰਾਨ ਵਜੋਂ ਨਿਯੁਕਤ ਕੀਤਾ ਗਿਆ। ਨਵ ਨਿਯੁਕਤ ਚੇਅਰਮੈਨ ਮਲਕੀਤ ਸਿੰਘ ਚਾਂਗਲੀ ਤੇ ਪ੍ਰਧਾਨ ਦਿਨੇਸ਼ ਕੁਮਾਰ ਸਿੰਗਲਾ ਨੇ ਨਵੀਂ ਚੁਣੀ ਟੀਮ ਨੂੰ ਮੁਬਾਰਕਬਾਦ ਦਿੰਦੇ ਹੋਏ ਕਿਹਾ ਕਿ ਇਸ ਸਾਲ ਸਮਾਜ ਭਲਾਈ ਦੇ ਕੰਮਾਂ ਨੂੰ ਵਧੇਰੇ ਤਰਜ਼ੀਹ ਦਿੱਤੀ ਜਾਵੇਗੀ ਤੇ ਸੰਗਮ ਲਈ ਨਵੇਂ ਮੈਂਬਰਾਂ ਦੀ ਨਿਯੁਕਤੀ ਵੀ ਕੀਤੀ ਜਾਵੇਗੀ।

## ਸ਼ਿਵ ਸੈਨਾ ਯੂਥ ਪ੍ਰਧਾਨ ਰਮਨ ਵਡੇਰਾ ਨੂੰ ਸਦਮਾ

ਸਮਰਾਲਾ (ਸੁਰਜੀਤ ਸਿੰਘ)-ਸ਼ਿਵ ਸੈਨਾ ਦੇ ਯੂਥ ਵਿੰਗ ਦੇ ਪੰਜਾਬ ਪ੍ਰਧਾਨ ਰਮਨ ਵਡੇਰਾ ਨੂੰ ਉਸ ਵੇਲੇ ਗਹਿਰਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਦਾਦੀ ਲੀਲਾ ਵੰਤੀ ਸੰਖੇਪ ਬਿਮਾਰੀ ਤੋਂ ਬਾਅਦ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦੀ ਬੇਵਕਤੀ ਮੌਤ 'ਤੇ ਸਮਾਜ ਦੇ ਵੱਖ ਵੱਖ ਖੇਤਰਾਂ ਵਿੱਚ ਵਿਚਰ ਰਹੀਆਂ ਸ਼ਖਸੀਅਤਾਂ ਨੇ ਡੂੰਘੇ ਅਫਸੋਸ ਦਾ ਇਜ਼ਹਾਰ ਕੀਤਾ ਹੈ। ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਸ੍ਰੀ ਗਰੁੜ ਪੁਰਾਣ ਦਾ ਭੋਗ 25 ਜਨਵਰੀ ਨੂੰ ਸਥਾਨਕ ਦੁਰਗਾ ਮੰਦਿਰ ਵਿੱਚ ਦੁਪਹਿਰ ਇੱਕ ਵਜੇ ਤੋਂ ਦੋ ਵਜੇ ਤੱਕ ਪਾਇਆ ਜਾਵੇਗਾ।

## ਅੱਜ ਬਿਜਲੀ ਬੰਦ ਰਹੇਗੀ

ਮਮਦੋਟ (ਹਰਪਾਲ ਸਿੰਘ ਸੋਢੀ)-21 ਜਨਵਰੀ ਨੂੰ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਬਿਜਲੀ ਬੰਦ ਰਹੇਗੀ। ਸਬ ਡਵੀਜ਼ਨ ਦੇ ਐਸ ਡੀ ਓ ਭੁਪਿੰਦਰ ਸਿੰਘ ਨੇ ਦੱਸਿਆ ਕਿ ਸਾਦਿਕ 220 ਕੇ. ਵੀ ਬਿਜਲੀ ਘਰ ਵਿਖੇ ਲੱਗੇ ਵੱਡੇ ਉਪਕਰਣਾਂ ਦੀ ਸਾਂਭ ਸੰਭਾਲ ਅਤੇ ਰੱਖ ਰਖਾਵ ਅਤੇ ਖਪਤਕਾਰਾਂ ਨੂੰ ਨਿਰਵਿਘਨ ਸਪਲਾਈ ਲਈ ਮੁਰੰਮਤ ਕੀਤੀ ਜਾ ਰਹੀ ਹੈ। ਸਬ ਡਵੀਜ਼ਨ ਮਮਦੋਟ, ਸਬ ਡਵੀਜ਼ਨ ਝੋਕ ਟਹਿਲ ਸਿੰਘ, ਸਬ ਡਵੀਜ਼ਨ ਹਾਮਦ, ਸਬ ਡਵੀਜ਼ਨ ਰਾਊ ਕੇ ਦੇ ਅਧੀਨ ਆਉਂਦੇ ਪਿੰਡਾਂ ਵਿੱਚ ਘਰੇਲੂ ਅਤੇ ਖੇਤੀ ਸੈਕਟਰ ਵਾਲੀ ਬਿਜਲੀ ਬੰਦ ਰਹੇਗੀ। ਉਨ੍ਹਾਂ ਨੇ ਦੱਸਿਆ ਕਿ ਇਹ ਅਗਾਊਂ ਜਾਣਕਾਰੀ ਇਸ ਲਈ ਦਿੱਤੀ ਜਾ ਰਹੀ ਹੈ ਕਿ ਖਪਤਕਾਰਾਂ ਨੂੰ ਕਿਸੇ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ।

# ਨਕੋਦਰ ਦੇ ਸੀਵਰੇਜ ਦਾ ਕੰਮ ਜਲਦ ਮੁਕੰਮਲ ਹੋਵੇਗਾ

### ਗੁਰੂ ਨਾਨਕ ਦੇਵ ਕਾਲਜ ਦੀ ਇਮਾਰਤ ਲਈ 2 ਕਰੋੜ 22 ਲੱਖ ਰੁਪਏ ਜਾਰੀ : ਇੰਦਰਜੀਤ ਮਾਨ



ਨਕੋਦਰ (ਨਵਾਂ ਜ਼ਮਾਨਾ ਸਰਵਿਸ)-ਆਮ ਆਦਮੀ ਪਾਰਟੀ ਦੀ ਹਲਕਾ ਨਕੋਦਰ ਤੋਂ ਵਿਧਾਇਕ ਇੰਦਰਜੀਤ ਕੌਰ ਮਾਨ ਦੇ ਵਿਸ਼ੇਸ਼ ਉਪਰਾਲੇ ਨਾਲ ਨਕੋਦਰ ਨਾਲ ਸਬੰਧਤ ਕਈ ਪੈਂਡਿੰਗ ਕੰਮ ਪੂਰੇ ਕੀਤੇ ਗਏ ਹਨ। ਵਿਧਾਇਕਾ ਇੰਦਰਜੀਤ ਕੌਰ ਮਾਨ ਨੇ ਦੱਸਿਆ ਕਿ ਨਕੋਦਰ ਸ਼ਹਿਰ ਦੇ ਸੀਵਰੇਜ ਦਾ ਕੰਮ ਜੋ ਸਾਲ 2015 ਵਿੱਚ ਸ਼ੁਰੂ ਹੋਇਆ ਸੀ ਅਤੇ 2016 ਵਿੱਚ ਮੁਕੰਮਲ ਹੋਣਾ ਸੀ ਪਰ ਸੱਤ ਸਾਲ ਬੀਤ ਜਾਣ ਦੇ ਬਾਵਜੂਦ ਇਹ ਕੰਮ ਪੂਰਾ ਨਹੀਂ ਹੋ ਸਕਿਆ। ਉਨ੍ਹਾਂ ਦੱਸਿਆ ਕਿ ਸਬੰਧਤ ਠੇਕੇਦਾਰ ਕੰਮ ਛੱਡ ਕੇ ਚਲਾ ਗਿਆ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਵਿਸ਼ੇਸ਼ ਯਤਨਾਂ ਨਾਲ ਸੀਵਰੇਜ ਦਾ ਕੰਮ ਪੂਰਾ ਕਰਵਾਇਆ ਜਾਵੇਗਾ। ਵਿਧਾਇਕ ਮਾਨ ਨੇ ਦੱਸਿਆ ਕਿ ਸ੍ਰੀ ਗੁਰੂ ਨਾਨਕ ਦੇਵ ਕਾਲਜ ਦੀ ਇਮਾਰਤ ਦਾ ਕੰਮ ਵੀ ਪਿਛਲੇ ਲੰਮੇ ਸਮੇਂ ਤੋਂ ਮੁਕੰਮਲ ਨਹੀਂ ਹੋਇਆ, ਜਿਸ ਕਾਰਨ ਵਿਦਿਆਰਥੀ ਕਾਲਜ ਵਿੱਚ ਪੂਰੀ ਸਮਰੱਥਾ ਅਨੁਸਾਰ ਦਾਖਲਾ ਨਹੀਂ ਲੈ ਸਕਦੇ ਸੀ। ਉਨ੍ਹਾਂ ਦੱਸਿਆ ਕਿ ਇਸ ਦੇ ਲਈ ਉਨ੍ਹਾਂ ਨੇ ਵਿਸੇਸ ਉਪਰਾਲੇ ਕਰ ਕਾਲਜ ਦੀ ਬਿਲਡਿੰਗ ਦੀ ਦੂਜੀ ਮੰਜ਼ਲ ਦੀ ਉਸਾਰੀ ਅਤੇ ਟਾਇਲਾਂ ਲਗਾਉਣ ਦੇ ਲਈ ਸਰਕਾਰ ਤੋਂ ਦੋ ਕਰੋੜ 22 ਲੱਖ 17 ਹਾਜਰ ਰੁਪਏ ਜਾਰੀ ਕਰਵਾ ਲਏ ਨੇ ਤਾਂ ਜੋ ਇਮਾਰਤ ਦੀ ਉਸਾਰੀ ਮੁਕੰਮਲ ਹੋਣ ਤੋਂ ਬਾਅਦ ਵੱਧ ਤੋਂ ਵੱਧ ਵਿਦਿਆਰਥੀ ਦਾਖਲਾ ਲੈ ਸਕਣ। ਇਸ ਤੋਂ ਇਲਾਵਾ ਉਨ੍ਹਾਂ ਨੇ ਨੂਰਮਹਿਲ ਦੀ ਮੰਡੀ ਵਿੱਚ ਸੈੱਡ ਬਣਾਉਣ ਅਤੇ ਹੋਰ ਮੰਡੀਆਂ ਵਿੱਚ ਪਖਾਨਿਆਂ, ਚਾਰਦਵਾਰੀ ਅਤੇ ਹੋਰ ਮੁਰੰਮਤ ਦੇ ਕੰਮਾਂ ਲਈ ਪੰਜਾਬ ਮੰਡੀ ਬੋਰਡ ਨੂੰ ਪੱਤਰ ਲਿਖਿਆ ਸੀ, ਜਿਸ ਲਈ ਦੋ ਕਰੋੜ ਸੱਤ ਲੱਖ ਰੁਪਏ ਦੀ ਰਾਸ਼ੀ ਮਨਜ਼ੂਰ ਹੋ ਗਈ ਹੈ। ਵਿਧਾਇਕ ਇੰਦਰਜੀਤ ਕੌਰ ਮਾਨ ਨੇ ਨਕੋਦਰ ਸਿਵਲ ਹਸਪਤਾਲ ਦਾ ਦੌਰਾ ਕੀਤਾ ਅਤੇ ਉੱਥੇ ਚੱਲ ਰਹੇ ਕੰਮਾਂ ਦਾ ਜਾਇਜ਼ਾ ਲਿਆ। ਵਿਧਾਇਕਾ ਨੇ ਕਿਹਾ ਕਿ ਉਨ੍ਹਾਂ ਨੂੰ ਉਥੇ ਉਸਾਰੇ ਜਾ ਰਹੇ ਐਮਸੀਐਚ ਜਣੇਪਾ ਘਰ ਦੀ ਇਮਾਰਤ ਵਿੱਚ ਕਈ ਊਣਤਾਈਆਂ ਪਾਈਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਹਸਪਤਾਲ ਵਿੱਚ ਬਣ ਰਹੀ ਐਮਸੀਐਚ ਦੀ ਇਮਾਰਤ ਦਾ ਕੰਮ ਚਾਰ ਸਾਲਾਂ ਵਿੱਚ ਮੁਕੰਮਲ ਕੀਤਾ ਜਾਣਾ ਸੀ ਪਰ ਸੱਤ ਸਾਲ ਬੀਤ ਜਾਣ 'ਤੇ ਵੀ ਇਹ ਕੰਮ ਪੂਰਾ ਨਹੀਂ ਹੋਇਆ। ਉਨ੍ਹਾਂ ਦੱਸਿਆ ਕਿ ਇਸ ਵਿਭਾਗ ਨੂੰ ਪਹਿਲਾਂ ਹੀ ਤਿਆਰ ਕੀਤੇ ਗਏ ਬੈੱਡ ਅਤੇ ਜਨਰੇਟਰ ਆਦਿ ਦੇ ਆਰਡਰ ਦਿੱਤੇ ਜਾ ਚੁੱਕੇ ਹਨ, ਜੋ ਉਥੇ ਹੀ ਪਏ ਖਰਾਬ ਹੋ ਗਏ ਹਨ। ਵਿਧਾਇਕ ਨੇ ਦੱਸਿਆ ਕਿ ਇਸ ਸਬੰਧੀ ਉਨ੍ਹਾਂ ਪੰਜਾਬ ਦੇ ਸਿਹਤ ਮੰਤਰੀ ਡਾ: ਬਲਵੀਰ ਸਿੰਘ ਨਾਲ ਗੱਲ ਕੀਤੀ ਹੈ ਅਤੇ ਉਨ੍ਹਾਂ ਮਾਮਲੇ ਦੀ ਜਾਂਚ ਕਰਵਾਉਣ ਦਾ ਭਰੋਸਾ ਦਿੱਤਾ ਹੈ। ਡਾ। ਬਲਵੀਰ ਨੇ ਕਿਹਾ ਕਿ ਜੋ ਵੀ ਦੋਸੀ ਪਾਇਆ ਗਿਆ ਉਸ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਵਿਧਾਇਕ ਇੰਦਰਜੀਤ ਕੌਰ ਮਾਨ ਨੇ ਦੱਸਿਆ ਕਿ ਐਨ.ਆਰ.ਆਈ ਹਰਜੀਤ ਸਿੰਘ ਦੁਬਈ ਵਾਲੇ ਨੇ ਨਕੋਦਰ ਸਿਵਲ ਹਸਪਤਾਲ ਨੂੰ 20 ਲੱਖ ਰੁਪਏ ਦੀ ਲਾਗਤ ਨਾਲ ਡਾਇਲਸਿਸ ਮਸ਼ੀਨ ਅਤੇ ਹੋਰ ਸਮਾਨ ਮੁਹੱਈਆ ਕਰਵਾਇਆ ਹੈ। ਉਨ੍ਹਾਂ ਦੱਸਿਆ ਕਿ ਹਸਪਤਾਲ ਵਿੱਚ ਮਸ਼ੀਨ ਲਗਾ ਦਿੱਤੀ ਗਈ ਹੈ।

## ਫੁੱਟਬਾਲ ਖਿਡਾਰੀ ਗੋਪੀ ਵੱਲੋਂ ਆਲ ਇੰਡੀਆ ਇੰਟਰਵਰਸਿਟੀ ਖੇਡਾਂ 'ਚ ਸ਼ਾਨਦਾਰ ਪ੍ਰਦਰਸ਼ਨ



ਮਹਿਲ ਕਲਾਂ (ਬਲਵਿੰਦਰ ਸਿੰਘ ਵਜੀਦਕੇ)-ਜ਼ਿਲ੍ਹਾ ਬਰਨਾਲਾ ਦੇ ਕਸਬਾ ਮਹਿਲ ਕਲਾਂ ਨਾਲ ਸਬੰਧਤ ਫੁੱਟਬਾਲ ਦੇ ਹੋਣਹਾਰ ਖਿਡਾਰੀ ਗੁਰਦੀਪ ਸਿੰਘ ਗੋਪੀ ਪੁੱਤਰ ਕੁਲਦੀਪ ਸਿੰਘ ਸਹਿਜੜਾ ਨੇ ਰਾਜਸਥਾਨ ਵਿਖੇ ਹੋਈਆਂ ਆਲ ਇੰਡੀਆ ਇੰਟਰਵਰਸਿਟੀ ਖੇਡਾਂ ਦੌਰਾਨ ਸ਼ਾਨਦਾਰ ਪ੍ਰਦਰਸ਼ਨ ਕਰਕੇ ਮਾਪਿਆਂ ਅਤੇ ਪਿੰਡ ਦਾ ਨਾਂਅ ਰੌਸ਼ਨ ਕੀਤਾ ਹੈ। ਜੀ.ਐੱਚ.ਜੀ. ਖਾਲਸਾ ਕਾਲਜ ਸੁਧਾਰ ਵਿਖੇ ਬੀ.ਏ.ਦੀ ਪੜ੍ਹਾਈ ਕਰ ਰਹੇ ਖਿਡਾਰੀ ਗੁਰਦੀਪ ਸਿੰਘ ਨੇ ਇਨ੍ਹਾਂ ਖੇਡਾਂ ਦੌਰਾਨ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਤਰਫੋਂ ਭਾਗ ਲਿਆ। ਚੰਗੇ ਪ੍ਰਦਰਸ਼ਨ ਦੇ ਸਦਕਾ ਉਨ੍ਹਾਂ ਟੀਮ ਨੇ ਆਲ ਇੰਡੀਆ ਇੰਟਰਵਰਸਿਟੀ ਮੁਕਾਬਲਿਆਂ 'ਚੋਂ ਪਹਿਲਾ ਸਥਾਨ ਹਾਸਲ ਕੀਤਾ। ਪ੍ਰਬੰਧਕਾਂ ਵੱਲੋਂ ਖਿਡਾਰੀ ਗੁਰਦੀਪ ਸਿੰਘ ਤੇ ਸਮੁੱਚੀ ਟੀਮ ਨੂੰ ਜੇਤੂ ਟਰਾਫ਼ੀ ਤੇ ਗੋਲਡ ਮੈਡਲਾਂ ਨਾਲ ਸਨਮਾਨਤ ਕੀਤਾ ਗਿਆ। ਪਿੰਡ ਸਹਿਜੜਾ ਦੇ ਇਕ ਦਲਿਤ ਪਰਵਾਰ ਜਨਮੇ ਖਿਡਾਰੀ ਗੁਰਦੀਪ ਸਿੰਘ ਦੀ ਪ੍ਰਤਿਭਾ ਨੂੰ ਪਛਾਣਦਿਆਂ ਕੋਚ ਹਰਜੀਤ ਸਿੰਘ ਵੱਲੋਂ 2016 ਵਿੱਚ ਸਪੋਰਟਸ ਸਕੂਲ ਘੁੱਦਾ 'ਚ ਦਾਖਲ ਕਰਾਇਆ ਗਿਆ, ਜਿੱਥੇ ਉਸ ਨੇ ਲਗਾਤਾਰ 5 ਸਾਲ ਸਪੋਰਟਸ ਸਕੂਲ ਘੁੱਦਾ ਵੱਲੋਂ ਖੇਡਦਿਆਂ ਖੇਡ ਦੀ ਬਰੀਕੀ ਨਾਲ ਸਿਖਲਾਈ ਪ੍ਰਾਪਤ ਕੀਤੀ। ਉਹ ਅੰਡਰ 17 ਸਾਲ ਵਿੱਚ ਪੰਜਾਬ ਸਟੇਟ ਵਲੋਂ ਰਾਸ਼ਟਰੀ ਖੇਡ ਮੁਕਾਬਲਿਆਂ 'ਚ ਵਿੱਚ ਭਾਗ ਲੈ ਚੁੱਕਾ ਹੈ। ਗੁਰਦੀਪ ਸਿੰਘ ਦੇ ਪਿਤਾ ਕੁਲਦੀਪ ਸਿੰਘ ਮਹਿਲ ਕਲਾਂ ਵਿਖੇ ਇੱਕ ਆਟੋ ਮਕੈਨਿਕ ਵਜੋਂ ਕੰਮ ਕਰਦੇ ਹਨ। ਇਸ ਪ੍ਰਾਪਤੀ 'ਤੇ ਖ਼ੁਸ਼ੀ ਪ੍ਰਗਟ ਕਰਦਿਆਂ ਪਿਤਾ ਕੁਲਦੀਪ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਮਿਹਨਤ ਮਜ਼ਦੂਰੀ ਕਰਕੇ ਆਪਣੇ ਬੱਚਿਆਂ ਨੂੰ ਇੱਥੋਂ ਤੱਕ ਪੁਚਾਉਣ 'ਚ ਕਾਮਯਾਬ ਹੋਏ ਹਨ।

## ਸਬ ਡਵੀਜ਼ਨਲ ਹਸਪਤਾਲ 'ਚ 3 ਹੋਰ ਮਾਹਰ ਡਾਕਟਰਾਂ ਦੀ ਨਿਯੁਕਤੀ

ਤਪਾ ਮੰਡੀ (ਅਰੁਣ ਗੋਇਲ, ਮੁਨੀਸ਼ ਬਾਂਸਲ)-ਪੰਜਾਬ ਸਰਕਾਰ ਵੱਲੋਂ ਸਬ ਡਵੀਜ਼ਨਲ ਹਸਪਤਾਲ ਵਿਖੇ 3 ਹੋਰ ਮਾਹਰ ਡਾਕਟਰਾਂ ਦੀ ਨਿਯੁਕਤੀ ਕੀਤੀ ਗਈ ਹੈ। ਮੁੱਖ ਮੰਤਰੀ ਭਗਵੰਤ ਮਾਨ ਤੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਸਪੈਸ਼ਲਿਸਟ ਡਾਕਟਰਾਂ ਨੂੰ ਨਿਯੁਕਤੀ ਪੱਤਰ ਸੌਂਪੇ ਗਏ ਹਨ। ਉਨ੍ਹਾਂ ਵਿਚੋਂ ਹਲਕਾ ਭਦੌੜ ਦੇ ਵਿਧਾਇਕ ਲਾਭ ਸਿੰਘ ਉਗੋਕੇ ਦੇ ਯਤਨਾਂ ਸਦਕਾ ਸਬ ਡਵੀਜ਼ਨਲ ਹਸਪਤਾਲ ਵਿਖੇ ਕੰਨ, ਨੱਕ ਤੇ ਗਲੇ ਦੇ ਮਾਹਰ ਡਾ. ਗਰਿਮਾ ਬਾਂਸਲ, ਅੱਖਾਂ ਦੇ ਮਾਹਰ ਡਾ. ਦੀਪਤੀ ਤੇ ਹੱਡੀਆਂ ਦੇ ਮਾਹਰ ਡਾ.ਗੁਰਸਾਗਰਦੀਪ ਸਿੰਘ ਦੀ ਨਿਯੁਕਤੀ ਕੀਤੀ ਗਈ ਹੈ। ਸੀਨੀਅਰ ਮੈਡੀਕਲ ਅਫਸਰ ਡਾ. ਨਵਜੋਤਪਾਲ ਸਿੰਘ ਭੁੱਲਰ ਨੇ ਦੱਸਿਆ ਕਿ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ, ਪ੍ਰਿੰਸੀਪਲ ਸਕੱਤਰ ਸਿਹਤ ਤੇ ਹਲਕਾ ਵਿਧਾਇਕ ਲਾਭ ਸਿੰਘ ਉਗੋਕੇ ਦੀਆਂ ਕੋਸ਼ਿਸ਼ਾਂ ਸਦਕਾ ਇੰਨ੍ਹਾਂ ਮਾਹਰ ਡਾਕਟਰਾਂ ਦੀਆਂ ਪੋਸਟਾਂ ਭਰੀਆਂ ਗਈਆਂ ਹਨ,ਜਿਸ ਨਾਲ ਇਲਾਕੇ ਨੂੰ ਕਾਫੀ ਫ਼ਾਇਦਾ ਹੋਵੇਗਾ। ਡਾ. ਭੁੱਲਰ ਨੇ ਦੱਸਿਆ ਕਿ ਸਿਵਲ ਸਰਜਨ ਡਾ. ਜਸਬੀਰ ਸਿੰਘ ਔਲਖ ਦੀ ਅਗਵਾਈ ਵਿੱਚ ਸਬ ਡਵੀਜ਼ਨਲ ਹਸਪਤਾਲ ਮੋਹਰੀ ਹੋ ਕੇ ਸੇਵਾਵਾਂ ਦਾ ਰਿਹਾ ਹੈ। ਸਬ ਡਵੀਜ਼ਨਲ ਹਸਪਤਾਲ ਤਪਾ ਵਿਖੇ 20 ਬਿਸਤਰਿਆਂ ਵਾਲੇ ਵੱਖਰੇ ਜੱਚਾ-ਬੱਚਾ ਹਸਪਤਾਲ, ਬਲੱਡ ਬੈਂਕ, ਜਨ ਔਸ਼ਧੀ, ਮੋਰਚਰੀ ਤੇ ਕੰਟੀਨ ਦੀ ਇਮਾਰਤ ਛੇਤੀ ਮੁਕੰਮਲ ਹੋਣ ਜਾ ਰਹੀ ਹੈ। ਬਲਾਕ ਐਕਸਟੈਨਸ਼ਨ ਐਜੂਕੇਟਰ ਗੌਤਮ ਰਿਸ਼ੀ ਨੇ ਦੱਸਿਆ ਕਿ ਸਬ ਡਵੀਜ਼ਨਲ ਹਸਪਤਾਲ ਦੇ ਐਸਐਮਓ ਡਾ. ਨਵਜੋਤਪਾਲ ਸਿੰਘ ਭੁੱਲਰ ਛਾਤੀ ਤੇ ਟੀ.ਬੀ.ਰੋਗ ਦੇ ਮਾਹਰ ਡਾਕਟਰ ਹਨ। ਹਸਪਤਾਲ ਵਿੱਚ ਮੈਡੀਸਨ ਮਾਹਰ ਡਾਕਟਰ ਕੰਵਲਜੀਤ ਸਿੰਘ ਬਾਜਵਾ, ਅਪ੍ਰੇਸ਼ਨਾਂ ਦੇ ਮਾਹਰ ਡਾ. ਗੁਰਪ੍ਰੀਤ ਸਿੰਘ ਮਾਹਲ, ਔਰਤ ਰੋਗਾਂ ਦੇ ਮਾਹਰ ਡਾ. ਸ਼ੀਤਲ ਬਾਂਸਲ ਤੇ ਡਾ. ਅਮਨਦੀਪ ਕੌਰ, ਪੈਥੋਲਜੀ ਮਾਹਰ ਡਾ. ਸ਼ਿਖਾ ਅਗਰਵਾਲ, ਦਿਮਾਗ਼ੀ ਤੇ ਮਾਨਸਿਕ ਰੋਗਾਂ ਦੇ ਮਾਹਰ ਡਾ. ਤਨੂੰ ਸਿੰਗਲਾ, ਦੰਦਾਂ ਦੇ ਡਾਕਟਰ ਗੁਰਪ੍ਰੀਤ ਕੌਰ ਧਾਲੀਵਾਲ ਸੇਵਾਵਾਂ ਨਿਭਾਅ ਰਹੇ ਹਨ।

# ਸਰਕਾਰ ਕੇਸ ਵਾਪਸ ਲੈ ਕੇ ਡੇਰਾ ਬੱਲਾਂ ਸ਼ਰਧਾਲੂਆਂ ਨੂੰ ਰਿਹਾਅ ਕਰਵਾਏ : ਸਾਂਪਲਾ



ਜਲੰਧਰ (ਨ ਜ਼ ਸ)-ਬੁੱਧ ਵਿਹਾਰ ਸੋਫੀ ਪਿੰਡ (ਜਲੰਧਰ) ਵਿਖੇ ਬੁੱਧ ਵਿਹਾਰ ਦੇ ਸ਼ਰਧਾਲੂ ਇਕੱਠੇ ਹੋਏ ਤੇ ਸਾਰਿਆਂ ਦੀ ਖੁਸ਼ਹਾਲੀ ਅਤੇ ਸ਼ਾਂਤੀ ਵਾਸਤੇ ਪ੍ਰਾਰਥਣਾ ਕੀਤੀ ਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਜੋ ਝੂਠੇ ਮੁਕੱਦਮੇ ਸ੍ਰੀ ਗੁਲਜਾਰ ਸਿੰਘ, ਸ਼ਿੰਗਾਰਾ ਸਿੰਘ, ਕੌਂਸਲਰ ਮਨਦੀਪ ਜਸਲ ਤੇ ਹੋਰ ਪੰਜ ਵਿਅਕਤੀਆਂ ਉੱਪਰ ਸਾਲ 2009 ਵਿੱਚ ਦਰਜ ਕੀਤੇ ਸਨ, ਉਨ੍ਹਾਂ ਮੁਕੱਦਮਿਆਂ ਨੂੰ ਵਾਪਸ ਲਿਆ ਜਾਵੇ ਅਤੇ ਡੇਰਾ ਬੱਲਾਂ ਜਲੰਧਰ ਦੇ ਇਨ੍ਹਾਂ ਪੰਜ ਸ਼ਰਧਾਲੂਆਂ ਨੂੰ ਜਲਦ ਤੋਂ ਜਲਦ ਰਿਹਾਅ ਕਰਵਾਇਆ ਜਾਵੇ। ਇਸ ਮੌਕੇ ਮਾਸਟਰ ਰਾਮ ਲਾਲ ਖਜ਼ਾਨਚੀ ਸ੍ਰੀ ਗੁਰੂ ਰਵਿਦਾਸ ਸਭਾ ਜਲੰਧਰ ਛਾਉਣੀ, ਮੰਗਲ ਸਿੰਘ ਤੇ ਐਡਵੋਕੇਟ ਹਰਭਜਨ ਸਾਂਪਲਾ ਪ੍ਰਧਾਨ ਪੰਜਾਬ ਬੁੱਧਿਸਟ ਸੋਸਾਇਟੀ ਰਜਿਸਟਰਡ ਪੰਜਾਬ ਨੇ ਕਿਹਾ ਕਿ ਆਸਟਰੀਆ ਦੇ ਬਿਆਨਾ ਸ਼ਹਿਰ 'ਚ ਸੰਤ ਨਿਰੰਜਨ ਦਾਸ ਤੇ ਸੰਤ ਰਾਮਾਂਨਦ ਜੀ ਉੱਪਰ ਕੁਝ ਵਿਅਕਤੀਆਂ ਨੇ ਬੇਵਜ੍ਹਾ ਗੋਲੀਆਂ ਚਲਾਈਆਂ ਸਨ, ਜਿਸ 'ਚ ਸੰਤ ਰਾਮਾਨੰਦ ਜੀ ਸ਼ਹੀਦ ਹੋ ਗਏ।

ਇਸ ਮੰਦਭਾਗੀ ਘਟਨਾ ਤੋਂ ਦੁਖੀ ਹੋ ਕੇ ਪੂਰੇ ਪੰਜਾਬ ਦੇ ਸ਼ਰਧਾਲੂਆਂ ਵਿੱਚ ਗੁੱਸੇ ਦੀ ਲਹਿਰ ਦੌੜ ਗਈ। ਇਸ ਘਟਨਾ ਦਾ ਵਿਰੋਧ ਕਰਨ ਲਈ ਉਕਤ ਵਿਅਕਤੀ ਸ੍ਰੀ ਗੁਰੂ ਰਵਿਦਾਸ ਮੰਦਰ ਕਾਕੀ ਪਿੰਡ ਵਿਖੇ ਸ਼ਾਂਤਮਈ ਤਰੀਕੇ ਨਾਲ ਧਰਨੇ 'ਤੇ ਬੈਠੇ ਸਨ। ਇਸ ਲਈ ਇਨ੍ਹਾਂ ਉਪਰ ਪੁਲਸ ਨੇ ਝੂਠੇ ਮੁਕੱਦਮੇ ਦਰਜ ਕਰ ਦਿੱਤੇ ਅਤੇ ਹੁਣ ਕੁਝ ਦਿਨ ਪਹਿਲਾਂ ਇਨ੍ਹਾਂ ਪੰਜ ਵਿਅਕਤੀਆਂ ਨੂੰ ਮਾਣਯੋਗ ਅਦਾਲਤ ਨੇ ਪੰਜ-ਪੰਜ ਸਾਲ ਲਈ ਜੇਲ੍ਹ ਭੇਜ ਦਿੱਤਾ, ਜਦਕਿ ਪੰਜਾਬ ਸਰਕਾਰ ਨੇ ਸੰਤ ਡੇਰਾ ਬੱਲਾਂ ਵਾਲਿਆਂ ਨੂੰ ਭਰੋਸਾ ਦਿੱਤਾ ਸੀ ਕਿ ਇਹ ਸਾਰੇ ਮੁਕੱਦਮੇ ਸਰਕਾਰ ਵਾਪਸ ਲੈ ਲਵੇਗੀ, ਜੋ ਕਿ ਪੰਜਾਬ ਸਰਕਾਰ ਨੇ ਵਾਪਸ ਨਹੀਂ ਲਏ। ਬੁੱਧ ਵਿਹਾਰ ਸੋਫੀ ਪਿੰਡ 'ਚ ਇਕੱਠੀਆਂ ਹੋਈਆਂ ਸਗਤਾਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਉਕਤ ਪੰਜ ਵਿਅਕਤੀਆਂ ਨੂੰ ਜਲਦ ਤੋਂ ਜਲਦ ਰਿਹਾਅ ਕਰਵਾਇਆ ਜਾਵੇ ਅਤੇ ਉਨ੍ਹਾਂ ਉਪਰ ਕੀਤੇ ਝੂਠੇ ਮੁਕੱਦਮੇ ਵਾਪਸ ਲਏ ਜਾਣ ਤਾਂ ਜੋ ਇਨ੍ਹਾਂ ਗਰੀਬ ਵਿਅਕਤੀਆਂ ਨਾਲ ਇਨਸਾਫ ਕੀਤਾ ਜਾ ਸਕੇ। ਇਸ ਮੌਕੇ ਮਾਸਟਰ ਰਾਮ ਲਾਲ, ਮੰਗਲ ਸਿੰਘ, ਮਾਸਟਰ ਚਮਨ ਦਾਸ ਸਾਂਪਲਾ, ਡਾ. ਅਵਿਨਾਸ਼ ਚੰਦਰ, ਗੌਤਮ ਸਾਂਪਲਾ, ਹਰਭਜਨ ਸਾਂਪਲਾ, ਸ਼੍ਰੀਮਤੀ ਸੀਤਾ ਦੇਵੀ, ਰਾਣੀ ਦੇਵੀ, ਕ੍ਰਿਸ਼ਨਾ, ਨੂਰ, ਹਰੀ, ਕੁਲਦੀਪ ਕੌਰ, ਬਲਦੀਸ਼ ਕੌਰ, ਸਿਮਰੋ, ਸ਼ਿੰਦੋ, ਸਕੁੰਤਲਾ ਤੇ ਹੋਰ ਬਹੁਤ ਸਾਰੇ ਸ਼ਰਧਾਲੂ ਹਾਜ਼ਰ ਸਨ।

## ਭਾਈ ਮਰਦਾਨਾ ਸੁਸਾਇਟੀ ਕਰੇਗੀ ਲੋੜਵੰਦ ਲੜਕੀਆਂ ਦੇ ਸਮੂਹਕ ਵਿਆਹ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਵਿਸ਼ਵ ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਸੁਸਾਇਟੀ ਵੱਲੋਂ ਫਰਵਰੀ ਮਹੀਨੇ ਕਰਵਾਏ ਜਾ ਰਹੇ ਰਬਾਬੀ ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਮੌਕੇ 26 ਫਰਵਰੀ ਨੂੰ ਲੋੜਵੰਦ ਗਰੀਬ ਲੜਕੀਆਂ ਦੇ ਸਮੂਹਕ ਵਿਆਹ ਕੀਤੇ ਜਾਣਗੇ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਭਾਈ ਮਰਦਾਨਾ ਸੁਸਾਇਟੀ ਦੇ ਪ੍ਰਧਾਨ ਹਰਪਾਲ ਸਿੰਘ ਭੁੱਲਰ ਨੇ ਦੱਸਿਆ ਕਿ ਲੜਕੀਆਂ ਦੇ ਵਿਆਹਾਂ ਸਬੰਧੀ ਹਰੀਪਾਲ ਸਿੰਘ ਸਰਾਂ ਤੇ ਸਰਬਜੀਤ ਸਿੰਘ ਛਾਬੜਾ ਕਮੇਟੀ ਦੇ ਇੰਚਾਰਜ ਬਣਾਏ ਗਏ ਹਨ। ਉਨ੍ਹਾਂ ਦੱਸਿਆ ਕਿ ਵਿਆਹਾਂ ਮੌਕੇ ਲੜਕੇ ਤੇ ਲੜਕੀ ਦੀ ਉਮਰ ਜਨਮ/ਸਕੂਲ ਸਰਟੀਫਿਕੇਟ ਜਾਂ ਆਧਾਰ ਕਾਰਡ ਅਨੁਸਾਰ ਪੂਰੀ ਹੋਣੀ ਚਾਹੀਦੀ ਹੈ, ਉਮਰ ਸਬੰਧੀ ਕਿਸੇ ਤਰ੍ਹਾਂ ਦੀ ਕੋਈ ਸਿਫ਼ਾਰਸ਼ ਨਹੀਂ ਮੰਨੀ ਜਾਵੇਗੀ। ਭੁੱਲਰ ਨੇ ਦੱਸਿਆ ਕਿ ਅਗਲੇ ਸਾਲ ਤੋਂ ਗਰੀਬ ਪਰਵਾਰਾਂ ਦੇ ਬੱਚਿਆਂ ਦੀ ਪੜ੍ਹਾਈ ਬਾਰੇ ਵੀ ਸੁਸਾਇਟੀ ਵੱਲੋਂ ਵਿਚਾਰ ਕੀਤੀ ਜਾ ਰਹੀ ਹੈ।

# ਲਾਰੈਂਸ ਸਕੂਲ ਨੇ ਚਾਇਨਾ ਡੋਰ ਵਿਰੋਧੀ ਮੁਹਿੰਮ ਦਾ ਸਾਥ ਦੇਣ ਦਾ ਲਿਆ ਅਹਿਦ : ਪ੍ਰਿੰ. ਮਨੋਜ ਕੁਮਾਰ



ਬਾਘਾ ਪੁਰਾਣਾ (ਮਨੀ ਸਿੰਗਲਾ)

ਪੰਜਾਬ ਦੇ ਸਮੂਹ ਸਕੂਲਾਂ ਦੀ ਨੁਮਾਇੰਦਗੀ ਕਰਦੀ ਫੈਡਰੇਸ਼ਨ ਆਫ਼ ਪ੍ਰਾਈਵੇਟ ਸਕੂਲ ਐਂਡ ਐਸੋਸੀਏਸ਼ਨ ਆਫ ਪੰਜਾਬ ਵੱਲੋਂ ਚਾਇਨਾ ਡੋਰ ਨਾਲ ਵਧਦੀਆਂ ਘਟਨਾਵਾਂ ਨੂੰ ਦੇਖ ਕੇ ਇਸ ਖਿਲਾਫ਼ ਸ਼ੁਰੂ ਕੀਤੀ ਗਈ ਮੁਹਿੰਮ ਵਿੱਚ ਲਾਰੈਂਸ ਸਕੂਲ ਪੂਰਾ ਯੋਗਦਾਨ ਦੇਵੇਗਾ।

ਸਕੂਲ ਪ੍ਰਿੰਸੀਪਲ ਮਨੋਜ ਕੁਮਾਰ ਤੇ ਮੈਡਮ ਜੀਨਮ ਗਰਗ ਨੇ ਸਵੇਰ ਦੀ ਬਾਲ ਸਭਾ ਵਿੱਚ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਚਾਇਨਾ ਡੋਰ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਉਨ੍ਹਾਂ ਦੱਸਿਆ ਕਿ ਚਾਇਨਾ ਡੋਰ ਦੀ ਵਰਤੋਂ ਕਾਰਨ ਰੋਜ਼ਾਨਾ ਬਹੁਤ ਸਾਰੀਆਂ ਦੁਰਘਟਨਾਵਾਂ ਵਾਪਰਦੀਆਂ ਹਨ, ਬਹੁਤ ਸਾਰੇ ਲੋਕਾਂ ਦੇ ਗਲ਼, ਨੱਕ ਤੇ ਕੰਨ ਕੱਟੇ ਜਾ ਚੁੱਕੇ ਹਨ ਅਤੇ ਅਨੇਕਾਂ ਪੰਛੀ ਜ਼ਖ਼ਮੀ ਹੋ ਗਏ ਹਨ। ਉਨ੍ਹਾਂ ਨੇ ਵਿਦਿਆਰਥੀਆ ਨੂੰ ਬਸੰਤ ਪੰਚਮੀ ਦੇ ਤਿਉਹਾਰ 'ਤੇ ਚਾਇਨਾ ਡੋਰ ਨਾ ਵਰਤਣ ਦੀ ਸਹੁੰ ਚੁਕਾਈ ਤੇ ਉਨ੍ਹਾਂ ਦੇ ਮਾਪਿਆਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਦਾ ਪਤੰਗਬਾਜ਼ੀ ਕਰਦੇ ਸਮੇਂ ਵਿਸ਼ੇਸ਼ ਤੌਰ 'ਤੇ ਧਿਆਨ ਰੱਖਣ ਤਾਂ ਜੁ ਉਨ੍ਹਾਂ ਨਾਲ ਕੋਈ ਹਾਦਸਾ ਨਾ ਵਾਪਰ ਜਾਵੇ। ਉਨ੍ਹਾਂ ਵਿਦਿਆਰਥੀਆਂ ਨੂੰ ਚਾਇਨਾ ਡੋਰ ਵਿਰੋਧੀ ਮੁਹਿੰਮ ਦਾ ਪੂਰਾ ਸਾਥ ਦੇਣ ਤੇ ਆਪਣੇ ਆਸ-ਪਾਸ ਦੇ ਲੋਕਾਂ ਨੂੰ ਇਸ ਮੁਹਿੰਮ ਬਾਰੇ ਜਾਗਰੂਕ ਕਰਦੇ ਹੋਏ ਚਾਇਨਾ ਡੋਰ ਨਾ ਵਰਤਣ ਦੀ ਅਪੀਲ ਕਰਨ ਲਈ ਕਿਹਾ।

# ਕਿਰਤੀ ਕਿਸਾਨ ਯੂਨੀਅਨ ਵੱਲੋਂ 15 ਮੈਂਬਰੀ ਕਮੇਟੀ ਦਾ ਗਠਨ



ਜਲਾਲਾਬਾਦ (ਜੀਤ ਕੁਮਾਰ)-ਕਿਰਤੀ ਕਿਸਾਨ ਯੂਨੀਅਨ ਵੱਲੋਂ ਪਿੰਡ ਚੱਕ ਕਬਰ ਵਾਲਾ ਵਿਖੇ ਮੀਟਿੰਗ ਕੀਤੀ ਗਈ। ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਡਾ. ਸੁਖਚੈਨ ਸਿੰਘ, ਕੁਲਵਿੰਦਰ ਸਿੰਘ ਤੇ ਮਨਦੀਪ ਸਿੰਘ ਨੇ ਕਿਹਾ ਕਿ ਫੈਕਟਰੀਆਂ ਦਾ ਗੰਦਾ ਪਾਣੀ ਲਗਾਤਾਰ ਦਰਿਆਵਾਂ ਵਿੱਚ ਸੁੱਟਿਆ ਜਾ ਰਿਹਾ ਹੈ, ਜਿਸ ਨਾਲ ਨਹਿਰੀ ਪਾਣੀ ਵੀ ਪੀਣਯੋਗ ਨਹੀਂ ਰਿਹਾ। ਕਾਰਪੋਰੇਟ ਆਪਣੇ ਮੁਨਾਫੇ ਦੀ ਹਵਸ 'ਚ ਇਥੋਂ ਤੱਕ ਅੰਨ੍ਹੇ ਹੋ ਚੁੱਕੇ ਹਨ ਕਿ ਉਨ੍ਹਾਂ ਨੇ ਇਸ ਧਰਤੀ ਦਾ ਪਾਣੀ, ਹਵਾ ਤੇ ਮਿੱਟੀ ਪਲੀਤ ਕਰਕੇ ਰੱਖ ਦਿੱਤਾ ਹੈ, ਜਿਸ ਦੀ ਤਾਜ਼ਾ ਉਦਾਹਰਨ ਮਨਸੂਰਵਾਲ ਮਾਲਬਰੋਜ ਸ਼ਰਾਬ ਫੈਕਟਰੀ, ਜਿਸ ਨੇ ਇਲਾਕੇ ਦੇ 35 ਤੋਂ 40 ਪਿੰਡਾਂ ਦੇ ਧਰਤੀ ਹੇਠਲਾ ਪਾਣੀ ਖਰਾਬ ਕਰਕੇ ਰੱਖ ਦਿੱਤਾ ਹੈ, ਜਿਸ ਨਾਲ ਇਲਾਕੇ 'ਚ ਲਗਾਤਾਰ ਭਿਆਨਕ ਬਿਮਾਰੀਆਂ ਦਾ ਪਸਾਰਾ ਵਧ ਰਿਹਾ ਹੈ। ਮੌਜੂਦਾ ਸਰਕਾਰ ਵੀ ਸ਼ਰਾਬ ਫੈਕਟਰੀ ਮਾਲਕਾਂ ਦੇ ਪੱਖ 'ਚ ਖੜੀ ਦਿਖਾਈ ਦੇ ਰਹੀ ਸੀ ਤੇ ਅਖੀਰ ਲੋਕ ਸੰਘਰਸ਼ ਦੇ ਰੌਂਅ ਅੱਗੇ ਝੁਕਦਿਆਂ ਸਰਕਾਰ ਨੂੰ ਆਪਣਾ ਫੈਸਲਾ ਵਾਪਸ ਲੈਣਾ ਪਿਆ ਤੇ ਫੈਕਟਰੀ ਨੂੰ ਤੁਰੰਤ ਪ੍ਰਭਾਵ ਨਾਲ ਬੰਦ ਕਰਨ ਦੇ ਹੁਕਮ ਦੇਣੇ ਪਏ। ਇਸ ਮੌਕੇ ਪਿੰਡ ਚੱਕ ਕਬਰ ਵਾਲਾ ਵਿਖੇ ਕਿਰਤੀ ਕਿਸਾਨ ਯੂਨੀਅਨ ਦੀ 15 ਮੈਂਬਰੀ ਕਮੇਟੀ ਦੀ ਚੋਣ ਕੀਤੀ ਗਈ, ਜਿਸ ਵਿੱਚ ਸਰਬ ਸੰਮਤੀ ਨਾਲ ਸਰਿੰਦਰ ਕੁਮਾਰ ਪ੍ਰਧਾਨ, ਉੱਪ ਪ੍ਰਧਾਨ ਗੁਰਪ੍ਰੀਤ ਸਿੰਘ, ਖਜ਼ਾਨਚੀ ਜਗਦੀਸ਼ ਕੁਮਾਰ, ਸੈਕਟਰੀ ਲਵਪ੍ਰੀਤ ਸਿੰਘ, ਪ੍ਰੈੱਸ ਸਕੱਤਰ ਲਵਪ੍ਰੀਤ ਨਿਝੰਜ ਨੂੰ ਚੁਣਿਆ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਾਜ ਕੁਮਾਰ, ਪ੍ਰੇਮ ਕੁਮਾਰ, ਮਨੀਸ਼, ਰਾਮ ਚੰਦ, ਰਾਹੁਲ, ਸਰਿੰਦਰ ਕੁਮਾਰ, ਬਲਵੰਤ ਸਿੰਘ, ਸੁਭਾਸ਼ ਚੰਦਰ ਆਦਿ ਹਾਜ਼ਰ ਸਨ।

## ...ਸ.ਫ਼ਾ 3 ਦੇ ਬਾਕੀ

...ਸ.ਫ਼ਾ 3 ਦੇ ਬਾਕੀ

### ਸਿੱਖਿਆ ਬੋਰਡ ਕਰਮਚਾਰੀ...

ਗਰੁੱਪ ਦੇ 2 ਮੈਂਬਰ ਜੇਤੂ ਰਹੇ। 7 ਕਾਰਜਕਾਰਨੀ ਮੈਂਬਰ 467 ਵੋਟ ਲੈ ਕੇ ਬਰਾਬਰ ਰਹੇ। ਚੋਣ ਕਮਿਸ਼ਨ ਦੇ ਅਜੀਤਪਾਲ ਸਿੰਘ ਦਾ ਕਹਿਣਾ ਹੈ ਕਿ ਦੋਵੇਂ ਗਰੁੱਪਾਂ ਨੂੰ ਕਿਹਾ ਗਿਆ ਹੈ ਕਿ ਕਿ ਉਹ ਬੈਠ ਕੇ ਫੈਸਲਾ ਕਰ ਲੈਣ ਕਿ ਪਹਿਲੇ 6 ਮਹੀਨੇ ਵਿੱਚ ਕਿਹੜੇ ਗਰੁੱਪ ਦੇ 3 ਮੈਂਬਰ ਤੇ ਕਿਹੜੇ ਬਾਅਦ ਦੇ 6 ਮਹੀਨੇ ਲਈ ਕੰਮ ਕਰਨਗੇ। ਇਸ ਸਾਲ ਖੇਤਰੀ ਦਫਤਰ ਦੇ ਕਰਮਚਾਰੀਆਂ ਦੀਆਂ ਵੋਟਾਂ ਖੰਗੂੜਾ ਗਰੁੱਪ ਲਈ ਵਰਦਾਨ ਸਾਬਤ ਹੋਈਆਂ। ਜਲੰਧਰ ਜ਼ੋਨ ਦੀਆਂ 23 ਵੋਟਾਂ ਦਾ ਫਰਕ ਸਰਬਸਾਂਝਾ-ਕਾਹਲੋਂ ਰਾਣੂੰ ਗਰੁੱਪ ਦੇ ਜੋੜਾਂ ਵਿੱਚ ਘੁਣ ਵਾਂਗ ਲੱਗਾ ਰਿਹਾ ਤੇ ਉਹ ਇਹ ਫਰਕ ਕਵਰ ਨਹੀਂ ਕਰ ਸਕਿਆ। ਸੱਤ ਵੋਟਾਂ ਨੂੰ ਮੰਨਣ ਯੋਗ ਨਿਕਲਣ ਕਾਰਨ ਸਰਬਸਾਂਝਾ-ਕਾਹਲੋਂ ਰਾਣੂੰ ਗਰੁੱਪ ਦੇ ਜਨਰਲ ਸਕੱਤਰ ਦੇ ਉਮੀਦਵਾਰ ਸੁਨੀਲ ਅਰੋੜਾ ਅਤੇ ਜੂਨੀਅਰ ਮੀਤ ਪ੍ਰਧਾਨ ਜਸਕਰਨ ਸਿੰਘ ਬਰਾੜ ਦੇ ਜੇਤੂ ਰੱਥ ਨੂੰ ਬਰੇਕਾਂ ਲਾ ਦਿੱਤੀਆਂ। ਚੋਣ ਕਮਿਸ਼ਨਰ ਦੇ ਅਜੀਤਪਾਲ ਸਿੰਘ, ਹਰਪਾਲ ਸਿੰਘ ਅਤੇ ਗੁਲਾਬ ਚੰਦ ਨੇ ਦੱਸਿਆ ਕਿ ਇਸ ਸਾਲ ਕੁੱਲ 1005 ਵੋਟਾਂ ਵਿੱਚੋਂ 973 ਵੋਟਾਂ ਪੋਲ ਹੋਈਆਂ, ਜਿਸ ਦੀ ਪ੍ਰਤੀਸ਼ਤਤਾ 96.81 ਰਹੀ ਹੈ।

ਉਨ੍ਹਾਂ ਦੱਸਿਆ ਕਿ ਪ੍ਰਧਾਨਗੀ ਦੇ ਅਹੁਦੇ ਲਈ ਖੰਗੂੜਾ ਗਰੁੱਪ ਦੇ ਪਰਵਿੰਦਰ ਸਿੰਘ ਖੰਗੂੜਾ ਨੂੰ 490 ਵੋਟਾਂ ਮਿਲੀਆਂ ਜਦੋਂ ਕਿ ਸਰਬਸਾਂਝਾ-ਕਾਹਲੋਂ ਰਾਣੂੰ ਗਰੁੱਪ ਦੀ ਉਮੀਦਵਾਰ ਰਮਨਦੀਪ ਕੌਰ ਗਿੱਲ ਨੂੰ 464 ਵੋਟਾਂ ਮਿਲੀਆਂ। ਸੀਨੀਅਰ ਪ੍ਰਧਾਨ ਦੇ ਅਹੁਦੇ ਲਈ ਖੰਗੂੜਾ ਗਰੁੱਪ ਦੇ ਗੁਰਚਰਨ ਸਿੰਘ ਤਰਮਾਲਾ ਨੂੰ 489 ਵੋਟਾਂ ਪ੍ਰਾਪਤ ਹੋਈਆਂ ਜਦੋਂ ਕਿ ਸਰਬਸਾਂਝਾ-ਕਾਹਲੋਂ ਰਾਣੂੰ ਗਰੁੱਪ ਦੇ ਗੌਰਵ ਸਾਂਪਲਾ ਨੂੰ 456 ਵੋਟਾਂ ਪ੍ਰਾਪਤ ਹੋਈਆਂ, ਮੀਤ ਪ੍ਰਧਾਨ 1 ਲਈ ਸਰਬਸਾਂਝਾ-ਕਾਹਲੋਂ ਰਾਣੂੰ ਗਰੁੱਪ ਦੇ ਬਲਜਿੰਦਰ ਸਿੰਘ ਬਰਾੜ ਨੂੰ 492 ਵੋਟਾਂ ਅਤੇ ਖੰਗੂੜਾ ਗਰੁੱਪ ਦੀ ਸੀਮਾ ਸੂਦ ਨੂੰ 459 ਵੋਟਾਂ ਪ੍ਰਾਪਤ ਹੋਈਆਂ, ਮੀਤ ਪ੍ਰਧਾਨ 2 ਲਈ ਸਰਬਸਾਂਝਾ-ਕਾਹਲੋਂ ਰਾਣੂੰ ਗਰੁੱਪ ਦੇ ਗੁਰਪ੍ਰੀਤ ਸਿੰਘ ਕਾਹਲੋਂ ਨੂੰ 484 ਵੋਟਾਂ ਅਤੇ ਖੰਗੂੜਾ ਗਰੁੱਪ ਦੀ ਅੰਮ੍ਰਿਤ ਕੌਰ ਨੂੰ 452 ਵੋਟਾਂ ਪ੍ਰਾਪਤ ਹੋਈਆਂ, ਜੂਨੀਅਰ ਮੀਤ ਪ੍ਰਧਾਨ ਲਈ ਖੰਗੂੜਾ ਗਰੁੱਪ ਦੇ ਗੁਰਮੀਤ ਸਿੰਘ ਝੂਰੜ ਨੂੰ 470 ਵੋਟਾਂ ਅਤੇ ਸਰਬਸਾਂਝਾ-ਕਾਹਲੋਂ ਰਾਣੂੰ ਗਰੁੱਪ ਦੇ ਜਸਕਰਨ ਸਿੰਘ ਸਿੱਧੂ ਨੂੰ 469 ਵੋਟਾਂ ਪਾਪਤ ਹੋਈਆਂ, ਜਨਰਲ ਸਕੱਤਰ ਦੇ ਅਹੁਦੇ ਲਈ ਖੰਗੂੜਾ ਗਰੁੱਪ ਦੇ ਪਰਮਜੀਤ ਸਿੰਘ ਬੈਨੀਪਾਲ ਨੂੰ 473 ਵੋਟਾਂ ਅਤੇ ਸਰਬਸਾਂਝਾ-ਕਾਹਲੋਂ ਰਾਣੂੰ ਗਰੁੱਪ ਦੇ ਸੁਨੀਲ ਕੁਮਾਰ ਅਰੋੜਾ ਨੂੰ 472 ਵੋਟਾਂ ਪ੍ਰਾਪਤ ਹੋਈਆਂ। ਸਕੱਤਰ ਦੇ ਅਹੁਦੇ ਲਈ ਸਰਬਸਾਂਝਾ-ਕਾਹਲੋਂ ਰਾਣੂੰ ਗਰੁੱਪ ਦੇ ਸੁਖਚੈਨ ਸਿੰਘ ਸੈਣੀ ਨੂੰ 495 ਵੋਟਾਂ, ਖੰਗੂੜਾ ਗਰੁੱਪ ਦੇ ਸਤਨਾਮ ਸਿੰਘ ਨੂੰ 451 ਵੋਟਾਂ ਪ੍ਰਾਪਤ ਹੋਈਆਂ। ਸੰਯੁਕਤ ਸਕੱਤਰ ਦੇ ਅਹੁਦੇ ਲਈ ਸਰਬਸਾਂਝਾ- ਕਾਹਲੋਂ ਰਾਣੂੰ ਗਰੁੱਪ ਦੇ ਬਲਵਿੰਦਰ ਸਿੰਘ ਚਨਾਰਥ ਨੂੰ 485 ਵੋਟਾਂ ਅਤੇ ਖੰਗੂੜਾ ਗਰੁੱਪ ਦੇ ਗੁਰਜੀਤ ਸਿੰਘ ਬੀਦੋਵਾਲ ਨੂੰ 454 ਪ੍ਰਾਪਤ ਹੋਈਆਂ, ਵਿੱਤ ਸਕੱਤਰ ਦੇ ਅਹੁਦੇ ਲਈ ਸਰਬ ਸਾਂਝਾ-ਕਾਹਲੋਂ ਰਾਣੂੰ ਗਰੁੱਪ ਦੇ ਮਨੋਜ ਰਾਣਾ ਨੂੰ 482 ਵੋਟਾਂ ਅਤੇ ਖੰਗੂੜਾ ਗਰੁੱਪ ਦੇ ਹਰਮਨਦੀਪ ਸਿੰਘ ਬੋਪਾਰਾਏ ਨੂੰ 460 ਵੋਟਾਂ ਪ੍ਰਾਪਤ ਹੋਈਆਂ। ਦਫਤਰ ਸਕੱਤਰ ਲਈ ਸਰਬਸਾਂਝਾ-ਕਾਹਲੋਂ ਰਾਣੂੰ ਗਰੁੱਪ ਦੇ ਪਰਮਜੀਤ ਸਿੰਘ ਰੰਧਾਵਾ ਨੂੰ 476 ਵੋਟਾਂ ਅਤੇ ਖੰਗੂੜਾ ਗਰੁੱਪ ਦੇ ਕੁਲਦੀਪ ਸਿੰਘ ਮੰਡੇਰ ਨੂੰ 464 ਵੋਟਾਂ ਪ੍ਰਾਪਤ ਹੋਈਆਂ, ਸੰਗਠਨ ਸਕੱਤਰ ਦੇ ਲਈ ਸਰਬਸਾਂਝਾ- ਕਾਹਲੋਂ ਰਾਣੂੰ ਗਰੁੱਪ ਦੇ ਪ੍ਰਭਦੀਪ ਸਿੰਘ ਬੋਪਾਰਾਏ ਨੂੰ 471 ਵੋਟਾਂ ਅਤੇ ਖੰਗੂੜਾ ਗਰੁੱਪ ਦੇ ਸਵਰਨ ਸਿੰਘ ਤਿਊੜ ਨੂੰ 468 ਵੋਟਾਂ ਪ੍ਰਾਪਤ ਹੋਈਆਂ ਅਤੇ ਪ੍ਰੈਸ ਸਕੱਤਰ ਦੇ ਅਹੁਦੇ ਲਈ ਖੰਗੂੜਾ ਗਰੁੱਪ ਦੇ ਜਸਪ੍ਰੀਤ ਸਿੰਘ ਗਿੱਲ ਨੂੰ 474 ਵੋਟਾਂ ਅਤੇ ਸਰਬਸਾਂਝਾ- ਕਾਹਲੋਂ ਰਾਣੂੰ ਗਰੁੱਪ ਦੇ ਗੁਰਇਕਬਾਲ ਸਿੰਘ ਸੋਢੀ ਨੂੰ 467 ਵੋਟਾਂ ਪ੍ਰਾਪਤ ਹੋਈਆਂ। ਕਾਰਜਕਾਰਨੀ ਮੈਂਬਰਾਂ ਲਈ ਸਰਬਸਾਂਝਾ-ਕਾਹਲੋਂ ਰਾਣੂੰ ਗਰੁੱਪ ਦੇ ਬਲਜਿੰਦਰ ਸਿੰਘ ਮਾਂਗਟ ਨੂੰ 478 ਵੋਟਾਂ, ਹਰਮਿੰਦਰ ਸਿੰਘ ਕਾਕਾ ਨੂੰ 476, ਲਛਮੀ ਦੇਵੀ ਨੂੰ 475 ਵੋਟਾਂ, ਖੰਗੂੜਾ ਗਰੁੱਪ ਦੇ ਅਮਰਨਾਥ ਨੂੰ 472 ਵੋਟਾਂ, ਸਰਬਸਾਂਝਾ- ਕਾਹਲੋਂ ਰਾਣੂੰ ਗਰੁੱਪ ਦੀ ਕੁਸ਼ੱਲਿਆ ਦੇਵੀ ਨੂੰ 472 ਵੋਟਾਂ, ਖੰਗੂੜਾ ਗਰੁੱਪ ਦੀ ਰੁਪਿੰਦਰ ਕੌਰ ਨੂੰ 471 ਵੋਟਾਂ, ਰਜੀਵ ਕੁਮਾਰ ਨੂੰ 471 ਵੋਟਾਂ, ਸਰਬਸਾਂਝਾ- ਕਾਹਲੋਂ ਰਾਣੂੰ ਗਰੁੱਪ ਦੇ ਜਗਦੇਵ ਸਿੰਘ ਨੂੰ 471 ਵੋਟਾਂ, ਅਜੈਬ ਸਿੰਘ ਨੂੰ 470 ਵੋਟਾਂ, ਹਰਪ੍ਰੀਤ ਸਿੰਘ ਨੂੰ 469 ਵੋਟਾਂ ਅਤੇ ਖੰਗੂੜਾ ਗਰੁੱਪ ਦੇ ਚਰਨਜੀਤ ਸਿੰਘ ਨੂੰ 468 ਵੋਟਾਂ ਪ੍ਰਾਪਤ ਹੋਈਆਂ।

ਖੰਗੂੜਾ ਗਰੁੱਪ ਦੇ ਦਵਿੰਦਰ ਸਿੰਘ ਨੂੰ 467, ਸਰਬਜੀਤ ਸਿੰਘ ਨੂੰ 467 ਵੋਟਾਂ, ਜੋਗਿੰਦਰ ਸਿੰਘ ਨੂੰ 467 ਵੋਟਾਂ ਅਤੇ ਸਰਬਸਾਂਝਾ-ਕਾਹਲੋਂ ਰਾਣੂੰ ਗਰੁੱਪ ਦੇ ਜਗਤਾਰ ਸਿੰਘ ਨੂੰ 467 ਵੋਟਾਂ, ਬਿਕਰਮਜੀਤ ਸਿੰਘ ਨੂੰ 467 ਵੋਟਾਂ, ਜਸਵੀਰ ਕੌਰ ਨੂੰ 467 ਵੋਟਾਂ ਅਤੇ ਗੁਰਪ੍ਰੀਤ ਸਿੰਘ ਗਰੇਵਾਲ ਨੂੰ 467 ਵੋਟਾਂ ਪ੍ਰਾਪਤ ਹੋਈਆਂ। ਅੰਤ ਵਿੱਚ ਚੋਣ ਕਮਿਸ਼ਨ ਨੇ ਚੇਅਰਮੈਨ ਪੰਜਾਬ ਸਕੂਲ ਸਿੱਖਿਆ ਬੋਰਡ, ਸਿਕਓਰਟੀ ਸਟਾਫ, ਮੁਹਾਲੀ ਪੁਲਸ ਦਾ ਪੂਰਨ ਸਹਿਯੋਗ ਅਤੇ ਸਮੁੱਚੇ ਕਰਮਚਾਰੀਆਂ ਦਾ ਸ਼ਾਂਤੀਪੂਰਨ ਢੰਗ ਨਾਲ ਚੋਣਾਂ ਨੇਪਰੇ ਚਾੜ੍ਹਨ ਲਈ ਧੰਨਵਾਦ ਕੀਤਾ। ਅੰਤ ਵਿੱਚ ਦੋਵੇਂ ਗਰੁੱਪਾਂ ਨੇ ਆਪਣੇ ਆਪਣੇ ਉਮੀਦਵਾਰ ਨੂੰ ਹਾਰ ਪਹਿਨਾ ਕੇ ਭੰਗੜੇ ਪਾਏ ਤੇ ਜਲੂਸ ਦੀ ਸ਼ਕਲ ਵਿੱਚ ਆਪਣੇ ਆਪਣੇ ਟਿਕਾਣੇ ਕੀਤੇ ਸ਼ਾਮ ਦੇ ਪ੍ਰਬੰਧਾਂ ਵਿੱਚ ਸ਼ਾਮਲ ਹੋਏ।

### ਪੁਰਾਣੇ ਹੁਕਮਰਾਨ ਆਪਣੇ...

ਭਾਦਸੋਂ ਰੋਡ 'ਤੇ ਟਿਵਾਣਾ ਚੌਂਕ ਵਿਖੇ ਮਾਡਲ ਟਾਊਨ ਡਰੇਨ ਦੇ ਨਵੀਨੀਕਰਨ ਦੇ ਨੀਂਹ ਪੱਥਰ ਰੱਖਣ ਮੌਕੇ ਅਤੇ ਸਰਕਟ ਹਾਊਸ ਵਿਖੇ ਲੋਕ ਮਿਲਣੀ ਦੌਰਾਨ ਸੂਬੇ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਅਤੇ ਬਾਗਬਾਨੀ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਸਮੇਤ ਵਿਧਾਇਕ ਅਜੀਤਪਾਲ ਸਿੰਘ ਕੋਹਲੀ, ਗੁਰਲਾਲ ਘਨੌਰ ਤੇ ਨੀਨਾ ਮਿੱਤਲ ਵੀ ਮੌਜੂਦ ਸਨ। ਸਰਕਟ ਹਾਊਸ ਵਿਖੇ ਮੁੱਖ ਮੰਤਰੀ ਦੀ ਲੋਕ ਮਿਲਣੀ ਦੌਰਾਨ ਮੈਡੀਕਲ ਕਿੱਤੇ ਸਮੇਤ ਹੋਰ ਵਰਗਾਂ ਅਤੇ ਵਪਾਰੀਆਂ ਅਤੇ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦੇ ਵੀ ਵੱਡੀ ਗਿਣਤੀ 'ਚ ਪੁੱਜੇ ਹੋਏ ਸਨ।

## ਥਾਣਾ ਸਿਟੀ ਐੱਸ ਐੱਚ ਓ ਦਾ ਨਿੱਘਾ ਸਵਾਗਤ



ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਥਾਣਾ ਸਿਟੀ ਸਮਾਣਾ ਵਿਖੇ ਨਵੇਂ ਐੱਸ.ਐੱਚ.ਓ. ਗੁਰਇਕਾਬਲ ਸਿੰਘ ਸਿਕੰਦ ਵੱਲੋਂ ਅਹੁਦਾ ਸੰਭਾਲਣ 'ਤੇ ਸਮਾਜ ਸੇਵੀ ਲਖਵਿੰਦਰ ਸਿੰਘ ਕਾਕਾ ਜਵੰਦਾ ਤੇ ਐੱਨ ਆਰ ਆਈ ਗੁਰਪ੍ਰੀਤ ਚੰਡੀਗੜ੍ਹੀਆ ਵੱਲੋਂ ਉਨ੍ਹਾਂ ਨੂੰ ਫੁੱਲਾਂ ਦਾ ਬੁੱਕਾ ਦਿੰਦੇ ਹੋਏ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਇੰਚਾਰਜ ਸਿਕੰਦ ਨੇ ਕਿਹਾ ਕਿ ਪੰਜਾਬ ਪੁਲਸ ਹਰੇਕ ਫਰਿਆਦੀ ਨੂੰ ਇਨਸਾਫ਼ ਦਿਵਾਉਣ ਦੇ ਨਾਲ-ਨਾਲ ਇਲਾਕੇ ਅੰਦਰ ਅਮਨ-ਸ਼ਾਂਤੀ ਬਣਾਏ ਰੱਖਣ ਤੇ ਗਲਤ ਅਨਸਰਾਂ ਖ਼ਿਲਾਫ਼ ਕਾਨੂੰਨੀ ਸ਼ਿਕੰਜਾ ਕੱਸਣ ਪ੍ਰਤੀ ਵਚਨਬੱਧ ਹੈ। ਉਨ੍ਹਾ ਕਿਹਾ ਕਿ ਐੱਸ.ਐੱਸ.ਪੀ. ਪਟਿਆਲਾ ਦੀਆਂ ਹਦਾਇਤਾਂ ਦੀ ਪਾਲਣਾ ਕਰਦਿਆਂ ਇਲਾਕੇ ਅੰਦਰ ਅਮਨ-ਸ਼ਾਂਤੀ ਬਹਾਲ ਰੱਖਣ ਲਈ ਗਲਤ ਸਮਾਜ ਵਿਰੋਧੀ ਲੋਕਾਂ ਖ਼ਿਲਾਫ਼ ਕਾਨੂੰਨੀ ਸ਼ਿਕੰਜਾ ਹੋਰ ਕੱਸਿਆ ਜਾਵੇਗਾ।

## ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਦੇ 13ਵੇਂ ਕੋਰਸ ਲਈ ਲਿਖਤੀ ਪ੍ਰੀਖਿਆ ਭਲਕੇ

ਐਸ ਏ ਐਸ ਨਗਰ (ਗੁਰਜੀਤ ਬਿੱਲਾ)

ਮਾਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ ਪ੍ਰੈਪਰੇਟਰੀ ਇੰਸਟੀਚਿਊਟ ਮੋਹਾਲੀ ਵਿੱਚ ਦਾਖਲੇ ਲਈ ਲਿਖਤੀ ਪ੍ਰੀਖਿਆ 22 ਜਨਵਰੀ 2023 ਨੂੰ ਹੋ ਰਹੀ ਹੈ। ਇਹ ਪ੍ਰੀਖਿਆ ਰਾਹੀਂ ਹਥਿਆਰਬੰਦ ਸੈਨਾਵਾਂ ਵਿੱਚ ਨੈਸ਼ਨਲ ਡਿਫੈਂਸ ਅਕੈਡਮੀ ਵਿੱਚ ਭਰਤੀ ਹੋਣ ਲਈ ਸਿਖਲਾਈ ਲਈ ਉਮੀਦਵਾਰਾਂ ਦੀ ਚੋਣ ਕਰਨ ਲਈ ਰੱਖੀ ਜਾਂਦੀ ਹੈ ਅਤੇ ਇਹ ਪ੍ਰੋਗਰਾਮ ਪੰਜਾਬ ਸਰਕਾਰ ਦੀ ਅਗਵਾਈ ਹੇਠ ਚਲਾਇਆ ਜਾ ਰਿਹਾ ਹੈ। ਇਸ ਟੈਸਟ ਰਾਹੀਂ, ਇੰਸਟੀਚਿਊਟ ਦੇ ਸਮਰਪਿਤ ਸਟਾਫ ਦੀ ਨਿਗਰਾਨੀ ਹੇਠ ਸਿਖਲਾਈ ਲਈ ਪੰਜਾਬ ਭਰ ਵਿੱਚੋਂ 48 ਉਮੀਦਵਾਰਾਂ ਦੀ ਚੋਣ ਕੀਤੀ ਜਾਵੇਗੀ, ਜਿਨ੍ਹਾਂ ਨੇ 2011 ਵਿੱਚ ਇਸ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਲਗਭਗ 200 ਲੜਕਿਆਂ ਨੂੰ ਹਥਿਆਰਬੰਦ ਸੈਨਾਵਾਂ ਵਿੱਚ ਭੇਜਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਇਸ ਸਾਲ, 22 ਜਨਵਰੀ 23 ਦਿਨ ਐਤਵਾਰ ਨੂੰ ਤਿੰਨ ਕੇਂਦਰਾਂ-ਮੋਹਾਲੀ, ਬਠਿੰਡਾ ਅਤੇ ਜਲੰਧਰ ਵਿਖੇ ਹੋਣ ਵਾਲੇ ਟੈਸਟ ਲਈ ਰਿਕਾਰਡ ਗਿਣਤੀ (3129) ਲੜਕਿਆਂ ਨੇ ਆਪਣੇ ਆਪ ਨੂੰ ਰਜਿਸਟਰ ਕੀਤਾ ਹੈ। ਸਫਲ ਉਮੀਦਵਾਰਾਂ ਵਿੱਚੋਂ ਚੋਟੀ ਦੇ 150 ਨੂੰ ਫਾਈਨਲ ਲਈ ਬੁਲਾਇਆ ਜਾਵੇਗਾ।

ਬਾਅਦ ਦੀ ਮਿਤੀ 'ਤੇ ਚੋਣ ਪ੍ਰਕਿਰਿਆ ਇੰਸਟੀਚਿਊਟ ਦੇ ਡਾਇਰੈਕਟਰ ਮੇਜਰ ਜਨਰਲ ਅਜੈ ਐਚ ਚੌਹਾਨ, ਵੀ.ਐੱਸ.ਐੱਮ. ਦਾ ਕਹਿਣਾ ਹੈ ਕਿ ਇਹ ਚੰਗਾ ਹੁੰਗਾਰਾ ਮੁੱਖ ਤੌਰ 'ਤੇ ਸਰਕਾਰ ਦੇ ਯਤਨਾਂ ਅਤੇ ਇਸ ਸੰਸਥਾ ਦੀ ਉੱਚ ਸਫਲਤਾ ਦਰ ਦੇ ਕਾਰਨ ਪਿਛਲੇ ਸਾਲਾਂ ਦੌਰਾਨ ਪ੍ਰਾਪਤ ਕੀਤੇ ਸਕਾਰਾਤਮਕ ਪ੍ਰਚਾਰ ਦੇ ਕਾਰਨ ਹੈ।

### ਗਦਰੀ ਭਾਈ ਸੰਤੋਖ ਸਿੰਘ...

ਹਿਤੈਸ਼ੀ ਪੱਤਰਕਾਰੀ ਦੀ ਅਸਲ ਭੂਮਿਕਾ ਅਤੇ ਦਾਇਰੇ ਨੂੰ ਹੋਰ ਵੀ ਵਸੀਹ ਕੀਤਾ ਹੈ। ਇਪਸਾ ਇਸ ਜੋੜੀ ਦੇ ਸਮੁੱਚੇ ਕਾਰਜਾਂ ਦੀ ਸਨਦ ਅਤੇ ਸ਼ਲਾਘਾ ਕਰਦਿਆਂ ਸੁਸ਼ੀਲ ਦੁਸਾਂਝ ਅਤੇ ਕਮਲ ਦੁਸਾਂਝ ਦੇ ਨਾਂਅ ਸਾਲ 2023 ਲਈ ਗਦਰੀ ਭਾਈ ਸੰਤੋਖ ਸਿੰਘ ਧਰਦਿਓ ਪੁਰਸਕਾਰਾਂ ਲਈ ਨਾਮਜ਼ਦ ਕਰਦੀ ਹੋਈ ਬਹੁਤ ਮਾਣ ਮਹਿਸੂਸ ਕਰਦੀ ਹੈ। ਸਾਹਿਤ ਕਲਾ ਕੇਂਦਰ ਜਲੰਧਰ ਦੀ ਦੇਖ ਰੇਖ ਤਹਿਤ ਦਿੱਤਾ ਜਾਣ ਵਾਲਾ ਇਹ ਵੱਕਾਰੀ ਪੁਰਸਕਾਰ ਗਦਰੀ ਬਾਬਿਆਂ ਦੀ ਇਨਕਲਾਬੀ ਸੋਚ ਅਤੇ ਦੇਸ਼ ਪ੍ਰਤੀ ਕੁਰਬਾਨੀ ਦੀ ਅਡੋਲ ਭਾਵਨਾ ਨੂੰ ਸਮਰਪਤ ਹੈ। ਇਸ ਪੁਰਸਕਾਰ ਲਈ ਰੱਖੀ ਗਈ ਚੋਣ ਕਸੌਟੀ ਹੀ ਨਹੀਂ, ਇਸ ਦਾ ਨਾਂਅ ਵੀ ਇਸ ਦੀ ਹੋਰਨਾਂ ਪੁਰਸਕਾਰਾਂ ਦੀ ਕਤਾਰ ਵਿੱਚੋਂ ਅਲੱਗ ਹੋਂਦ ਨੂੰ ਤਸਦੀਕ ਕਰਦਾ ਹੈ। ਇਸ ਐਵਾਰਡ ਵਿਚ ਦੋਵਾਂ ਹਸਤੀਆਂ ਨੂੰ ਦੋ ਦੁਸ਼ਾਲੇ, ਦੋ ਸੋਵੀਨਾਰ ਅਤੇ 21-21 ਹਜ਼ਾਰ ਰੁਪਏ ਦੀ ਰਾਸ਼ੀ ਨਾਲ ਨਿਵਾਜਿਆ ਜਾਵੇਗਾ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਇਹ ਪੁਰਸਕਾਰ ਸਮਰੱਥ ਗਜ਼ਲਗੋ ਪ੍ਰੋ. ਜਸਪਾਲ ਘਈ, ਦੂਰਦਰਸ਼ਨ ਦੀ ਸਾਬਕਾ ਡਾਇਰੈਕਟਰ ਕੁਲਵਿੰਦਰ ਬੁੱਟਰ, ਨਾਮਵਰ ਆਲੋਚਕ ਅਤੇ ਚਿੰਤਕ ਡਾ. ਭੀਮਇੰਦਰ ਸਿੰਘ, ਗੁਰਮਤਿ ਸੰਗੀਤ ਮਾਹਰ ਡਾ. ਨਿਵੇਦਿਤਾ ਸਿੰਘ ਨੂੰ ਦਿੱਤਾ ਜਾ ਚੁੱਕਾ ਹੈ। ਇਹ ਸਨਮਾਨ ਸਮਾਰੋਹ ਮਿਤੀ 29 ਜਨਵਰੀ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਆਯੋਜਿਤ ਹੋਵੇਗਾ।

### ਮੁੱਖ ਮੰਤਰੀ ਵੱਲੋਂ ਪੀ ਆਰ...

ਸਕਣ। ਪੀ ਆਰ ਟੀ ਸੀ ਵਿੱਚ 300 ਨਵੀਆਂ ਬੱਸਾਂ ਆਪਣੀ ਮਾਲਕੀ ਵਾਲੀਆਂ ਪਾਉਣ ਲਈ ਜ਼ੋਰ ਦੇ ਕੇ ਆਖਿਆ ਗਿਆ, 1992 ਦੀ ਪੈਨਸ਼ਨ ਸਕੀਮ ਤੋਂ ਵਾਂਝੇ ਰਹਿ ਗਏ ਵਰਕਰਾਂ ਨੂੰ ਪੈਨਸ਼ਨ ਦਾ ਲਾਭ ਦੇਣ ਦਾ ਮਸਲਾ ਬੜੀ ਗੰਭੀਰਤਾ ਨਾਲ ਚੁੱਕਿਆ ਗਿਆ ਅਤੇ ਇਸ ਮੰਗ ਵੱਲ ਮੁੱਖ ਮੰਤਰੀ ਦਾ ਵਿਸ਼ੇਸ਼ ਧਿਆਨ ਦਿਵਾਇਆ ਗਿਆ, ਪ੍ਰਾਈਵੇਟਾਂ ਦੀਆਂ ਗੈਰ-ਕਾਨੂੰਨੀ ਚੱਲਦੀਆਂ ਬੱਸਾਂ ਸਮੇਤ ਵੋਲਵੋ ਬੱਸਾਂ ਦੇ 73 ਪਰਮਿਟ ਰੱਦ ਕਰਨ ਸੰਬੰਧੀ ਵਿਸ਼ੇਸ਼ ਚਰਚਾ ਕੀਤੀ ਗਈ। 1990 ਦੀ ਟਰਾਂਸਪੋਰਟ ਪਾਲਸੀ ਮੂਲ ਰੂਪ ਵਿੱਚ ਲਾਗੂ ਕਰਨਾ, ਘੱਟੋ-ਘੱਟ ਉਜਰਤ 26000 ਰੁਪਏ ਪ੍ਰਤੀ ਮਹੀਨਾ ਅਤੇ ਪੀ ਆਰ ਟੀ ਸੀ ਕੰਟਰੈਕਟ ਅਤੇ ਆਊਟਸੋਰਸ ਵਰਕਰਾਂ ਦੀ ਤਨਖਾਹ ਵਿੱਚ ਇਕਸਾਰਤਾ ਲਿਆਉਣਾ ਆਦਿ ਮਸਲੇ ਪੂਰੀ ਤਰ੍ਹਾਂ ਵਿਸਥਾਰ ਵਿੱਚ ਮੁੱਖ ਮੰਤਰੀ ਨਾਲ ਗੰਭੀਰ ਚਰਚਾ ਕਰਦੇ ਹੋਏ ਉਠਾਏ ਗਏ। ਮੁੱਖ ਮੰਤਰੀ ਨੇ ਪੂਰਾ ਸਮਾਂ ਦੇ ਕੇ ਐਕਸ਼ਨ ਕਮੇਟੀ ਨੂੰ ਧਿਆਨਪੂਰਵਕ ਸੁਣਿਆ ਅਤੇ ਮਸਲੇ ਹੱਲ ਕਰਨ ਦਾ ਭਰੋਸਾ ਦਿੱਤਾ। ਮੁੱਖ ਮੰਤਰੀ ਨਾਲ ਮੀਟਿੰਗ ਸਮੇਂ ਐਕਸ਼ਨ ਕਮੇਟੀ ਦੇ ਜਿਹੜੇ ਹੋਰ ਆਗੂ ਸ਼ਾਮਲ ਸਨ, ਉਨ੍ਹਾਂ ਵਿੱਚ ਸਰਵਸ੍ਰੀ ਗੁਰਵਿੰਦਰ ਸਿੰਘ ਗੋਲਡੀ, ਤੇਜਿੰਦਰ ਸਿੰਘ ਭਿੰਡਰ, ਹਰਪ੍ਰੀਤ ਸਿੰਘ ਖਟੜਾ, ਸੁਖਦੇਵ ਸਿੰਘ, ਇੰਦਰਪਾਲ ਸਿੰਘ ਅਤੇ ਰਮੇਸ਼ ਕੁਮਾਰ ਸਨ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134
Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri
ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

20-JAN-PAGE- 11.qxd 1/20/2023 9:20 PM Page 1



## 26 ਜਨਵਰੀ ਕਾਲੇ ਦਿਨ ਦੇ ਰੂਪ 'ਚ ਮਨਾਏਗੀ ਖਾਲਸਾ ਪੰਚਾਇਤ



**ਕਲਾਨੌਰ, (ਮਨਦੀਪ ਕੋਹਲੀ)**-ਅੱਜ ਕਲਾਨੌਰ ਵਿੱਚ ਖਾਲਸਾ ਪੰਚਾਇਤ ਦੇ ਪ੍ਰਧਾਨ ਭਾਈ ਰਜਿੰਦਰ ਸਿੰਘ ਭੰਗੂ ਦੀ ਪ੍ਰਧਾਨਗੀ ਹੇਠ ਇੱਕ ਅਹਿਮ ਮੀਟਿੰਗ ਕੀਤੀ ਗਈ ਜਿਸ ਵਿਚ ਆਉਣ ਵਾਲੀ 26 ਜਨਵਰੀ ਨੂੰ ਕਾਲੇ ਦਿਨ ਦੇ ਰੂਪ ਵਿੱਚ ਮਨਾਉਣ ਦਾ ਫੈਸਲਾ ਕੀਤਾ ਗਿਆ। ਮੀਟਿੰਗ ਵਿੱਚ ਬੋਲਦਿਆਂ ਭਾਈ ਰਾਜਿੰਦਰ ਸਿੰਘ ਭੰਗੂ ਨੇ ਕਿਹਾ ਕਿ ਜਿਸ ਤਰ੍ਹਾਂ 26 ਜਨਵਰੀ ਵਾਲੇ ਦਿਨ ਸਰਕਾਰਾਂ ਵੱਲੋਂ ਸਾਰਿਆਂ ਨੂੰ ਸਮਾਨਤਾ ਦਾ ਪਾਠ ਪੜ੍ਹਾਇਆ ਜਾਂਦਾ ਹੈ ਪਰ ਓਥੇ ਹੀ ਸਿੱਖ ਕੌਮ ਨੂੰ ਦੂਜੀਆਂ ਕੌਮਾਂ ਨਾਲੋਂ ਵੱਖ ਨਜ਼ਰ ਨਾਲ ਦੇਖਿਆ ਜਾਂਦਾ ਹੈ ਜਿਸ ਤਰ੍ਹਾਂ ਚੰਡੀਗੜ੍ਹ ਵਿਚ ਬੰਦੀ ਸਿੰਘਾਂ ਦੀ ਰਿਹਾਈ ਲਈ ਮੋਰਚਾ ਲੱਗਾ ਹੋਇਆ ਹੈ ਬੰਦੀ ਸਿੰਘਾਂ ਵੱਲੋਂ ਡਬਲ ਸਜ਼ਾਵਾਂ ਕੱਟਣ ਤੋਂ ਬਾਅਦ ਵੀ ਸਰਕਾਰ ਉਨ੍ਹਾਂ ਨੂੰ ਰਿਹਾਅ ਨਹੀਂ ਕਰ ਰਹੀ ਪਰ ਕਈਆਂ ਨੂੰ ਖਤਰਨਾਕ ਕੰਮ ਕਰਨ ਤੋਂ ਬਾਅਦ ਵੀ ਰਿਹਾਅ ਕਰ ਦਿੱਤਾ ਜਾਂਦਾ ਹੈ ਜੋ ਸਰਕਾਰਾਂ ਵੱਲੋਂ ਸਿੱਖ ਕੌਮ ਨਾਲ ਦੋਹਰਾ ਮਾਪਦੰਡ ਕੀਤਾ ਜਾ ਰਿਹਾ ਹੈ ਇਸ ਦੇ ਵਿਰੋਧ ਵਿੱਚ ਆਉਣ ਵਾਲੀ 26 ਜਨਵਰੀ ਨੂੰ ਖਾਲਸਾ ਪੰਚਾਇਤ ਕਲਾਨੌਰ ਅਤੇ ਹੋਰ ਜਥੇਬੰਦੀਆਂ ਵੱਲੋਂ ਸਾਂਝੇ ਤੌਰ 'ਤੇ ਆਜ਼ਾਦੀ ਦਿਹਾੜੇ ਨੂੰ ਕਾਲੇ ਦਿਨ ਦੇ ਰੂਪ ਵਿੱਚ ਮਨਾਇਆ ਜਾਵੇਗਾ ਅਤੇ ਸਰਕਾਰਾਂ ਖਿਲਾਫ ਪ੍ਰਦਰਸ਼ਨ ਵੀ ਕੀਤਾ ਜਾਵੇਗਾ। ਕਾਲੀਆਂ ਝੰਡੀਆਂ ਨਾਲ ਇਹ ਪ੍ਰਦਰਸ਼ਨ ਕਲਾਨੌਰ ਦੇ ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਤੋਂ ਸ਼ੁਰੂ ਹੋ ਕੇ ਕੌਮੀ ਮਾਰਗ ਹੁੰਦਾ ਹੋਇਆ ਟੀ-ਪੁਆਇੰਟ ਤੱਕ ਜਾਏਗਾ ਅਤੇ ਬੰਦੀ ਸਿੰਘਾਂ ਦੀ ਰਿਹਾਈ ਸਬੰਧੀ ਪ੍ਰਸ਼ਾਸਨ ਨੂੰ ਮੰਗ ਪੱਤਰ ਦਿੱਤਾ ਜਾਵੇਗਾ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਭਾਈ ਦਲਵਿੰਦਰ ਸਿੰਘ ਬਿੱਟੂ, ਭਾਈ ਰਣਜੀਤ ਸਿੰਘ ਖਾਲਸਾ, ਰਜਿੰਦਰ ਸਿੰਘ ਲਾਡੀ, ਕੈਪਟਨ ਜਸਪਿੰਦਰ ਸਿੰਘ, ਗੁਰਮੇਜ ਸਿੰਘ ਪੱਡਾ, ਜਤਿੰਦਰ ਸਿੰਘ ਸਿੱਧੂ, ਸੂਬੇਦਾਰ ਵੀਰ ਸਿੰਘ, ਬਿਕਰਮਜੀਤ ਸਿੰਘ ਭੱਟੀ, ਸੂਬੇਦਾਰ ਸਤਨਾਮ ਸਿੰਘ, ਸੁਖਵਿੰਦਰ ਸਿੰਘ ਮੱਲ੍ਹੀ, ਗੁਰਨਾਮ ਸਿੰਘ ਖਾਲਸਾ ਅਤੇ ਬਲਵਿੰਦਰ ਸਿੰਘ ਆਦਿ ਵੀ ਹਾਜ਼ਰ ਸਨ।

## ਗਣਤੰਤਰ ਦਿਵਸ ਸਮਾਗਮ ਦੀ ਪਹਿਲੀ ਰਿਹਰਸਲ



**ਗੁਰਦਾਸਪੁਰ, (ਜਨਕ ਮਹਾਜਨ)**-ਸ਼ਹੀਦ ਲੈਫਟੀਨੈਂਟ ਨਵਦੀਪ ਸਿੰਘ ਸਟੇਡੀਅਮ ਗੁਰਦਾਸਪੁਰ ਵਿਖੇ ਅੱਜ ਗਣਤੰਤਰ ਦਿਵਸ ਸਮਾਗਮ ਦੀ ਪਹਿਲੀ ਰਿਹਰਸਲ ਕਰਵਾਈ ਗਈ। ਰਿਹਰਸਲ ਦੌਰਾਨ ਸਹਾਇਕ ਕਮਿਸ਼ਨਰ (ਜ) ਡਾ. ਵਰੁਣ ਕੁਮਾਰ ਨੇ ਰਿਹਰਸਲ ਦੌਰਾਨ ਤਿਰੰਗਾ ਝੰਡਾ ਲਹਿਰਾ ਕੇ ਪਰੇਡ ਦਾ ਮੁਆਇਨਾ ਕੀਤਾ। ਇਸ ਮੌਕੇ ਪੰਜਾਬ ਪੁਲਸ ਦੇ ਜਵਾਨਾਂ, ਮਹਿਲਾ ਪਲਟੂਨ, ਪੰਜਾਬ ਹੋਮਗਾਰਡ ਅਤੇ ਐੱਨਸੀਸੀ ਕੈਡਿਟਾਂ ਵੱਲੋਂ ਸ਼ਾਨਦਾਰ ਪਾਰਚ ਪਾਸਟ ਕੀਤਾ ਗਿਆ। ਇਸ ਤੋਂ ਬਾਅਦ ਭਾਰਤੀ ਫੌਜ ਦੀ 8-ਜਾਟ ਰੈਜੀਮੈਂਟ ਦੇ ਜਵਾਨਾਂ ਵੱਲੋਂ ਬੈਂਡ ਦੀ ਸ਼ਾਨਦਾਰ ਪ੍ਰਸਤੂਤੀ ਕੀਤੀ। ਉਪਰੰਤ ਵੱਖ-ਵੱਖ ਸਕੂਲੀ ਵਿਦਿਆਰਥੀਆਂ ਵੱਲੋਂ ਮਾਸ ਪੀ. ਟੀ. ਸ਼ੋਅ ਅਤੇ ਪੰਜਾਬੀ ਸੱਭਿਆਚਾਰ ਤੇ ਦੇਸ਼ ਭਗਤੀ ਨਾਲ ਲਬਰੇਜ਼ ਪ੍ਰੋਗਰਾਮ ਪੇਸ਼ ਕੀਤਾ ਗਿਆ। ਗਣਤੰਤਰ ਦਿਵਸ ਸਮਾਗਮ ਦੀ ਅਗਲੀ ਰਿਹਰਸਲ 23 ਜਨਵਰੀ ਅਤੇ ਫੁੱਲ ਡਰੈੱਸ ਰਿਹਰਸਲ 24 ਜਨਵਰੀ ਨੂੰ ਹੋਵੇਗੀ, ਜਦਕਿ 26 ਜਨਵਰੀ ਨੂੰ ਪੂਰੇ ਉਤਸ਼ਾਹ ਨਾਲ ਗਣਤੰਤਰ ਦਿਵਸ ਸਮਾਗਮ ਮਨਾਇਆ ਜਾਵੇਗਾ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਗਣਤੰਤਰ ਦਿਵਸ ਸਮਾਗਮ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ ਗਿਆ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਨਿਧੀ ਕੁਮੁਦ ਬਾਮਬਾ, ਐੱਸਡੀਐੱਮ ਗੁਰਦਾਸਪੁਰ ਅਮਨਦੀਪ ਕੌਰ ਘੁੰਮਣ, ਜੀ. ਏ. ਡਾ. ਵਰੁਣ ਕੁਮਾਰ ਅਤੇ ਵੱਖ-ਵੱਖ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀ ਵੀ ਹਾਜ਼ਰ ਸਨ। ਗਣਤੰਤਰ ਦਿਵਸ ਸਮਾਗਮ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਮੌਕੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਆਪਣੇ ਜਿੰਮੇ ਆਈ ਡਿਊਟੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣ ਅਤੇ ਦਿੱਤੇ ਗਏ ਕੰਮ ਨੂੰ ਨਿਰਧਾਰਤ ਸਮੇਂ ਅੰਦਰ ਪੂਰਾ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਗਣਤੰਤਰ ਦਿਵਸ ਸਮਾਗਮ ਮੌਕੇ ਪੇਸ਼ ਕੀਤੀਆਂ ਜਾਣ ਵਾਲੀਆਂ ਝਾਕੀਆਂ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਵਿਕਾਸ ਨੂੰ ਦਰਸਾਇਆ ਜਾਵੇ। ਉਨ੍ਹਾਂ ਸਮੂਹ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਗਣਤੰਤਰ ਦਿਵਸ ਸਮਾਗਮ ਵਿੱਚ ਸਾਰੇ ਸਰਕਾਰੀ ਅਧਿਕਾਰੀਆਂ ਤੇ ਕਰਮਚਾਰੀਆਂ ਦੀ ਹਾਜ਼ਰੀ ਲਾਜ਼ਮੀ ਹੈ ਅਤੇ ਸਾਰੇ ਆਪਣਾ ਫ਼ਰਜ਼ ਸਮਝਦੇ ਹੋਏ ਗਣਤੰਤਰ ਦਿਵਸ ਸਮਾਗਮ ਵਿੱਚ ਸ਼ਾਮਲ ਹੋਣ। ਡਿਪਟੀ ਕਮਿਸ਼ਨਰ ਨੇ ਇਸਦੇ ਨਾਲ ਹੀ ਸਮੂਹ ਜ਼ਿਲ੍ਹਾ ਵਾਸੀਆਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਗਣਤੰਤਰ ਦਿਵਸ ਸਮਾਗਮ ਵਿੱਚ ਸ਼ਾਮਲ ਹੋ ਕੇ ਸਮਾਗਮ ਦੀਆਂ ਰੌਣਕਾਂ ਨੂੰ ਵਧਾਉਣ।

## 12.50 ਕਰੋੜ ਦੀ ਲਾਗਤ ਨਾਲ ਜੰਡਿਆਲਾ ਗੁਰੂ ਦਾ ਹੋਵੇਗਾ ਸੁੰਦਰੀਕਰਨ : ਈ ਟੀ ਓ



**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**: ਪੰਜਾਬ ਦੇ ਕੈਬਨਿਟ ਮੰਤਰੀ ਹਰਭਜਨ ਸਿੰਘ ਈ. ਟੀ. ਓ. ਦੀ ਅਗਵਾਈ ਹੇਠ ਅੱਜ ਜੰਡਿਆਲਾ ਸ਼ਹਿਰ ਦੇ ਸੁੰਦਰੀਕਰਨ ਅਤੇ ਬਾਬਾ ਹੰਦਾਲ ਤੋਂ ਜੀ. ਟੀ. ਰੋਡ ਤੱਕ ਸ਼ਹਿਰ ਦੀਆਂ ਸਾਰੀਆਂ ਸੜਕਾਂ ਦੇ ਨਵੀਨੀਕਰਨ ਦੇ ਕੰਮ ਦਾ ਉਦਘਾਟਨ ਸੰਤ ਬਾਬਾ ਪਰਮਾਨੰਦ ਦੇ ਰਿਬਨ ਕੱਟ ਕੇ ਕੀਤਾ। ਇਸ ਮੌਕੇ ਗੱਲਬਾਤ ਕਰਦੇ ਹੋਏ ਕੈਬਨਿਟ ਮੰਤਰੀ ਹਰਭਜਨ ਸਿੰਘ ਈ. ਟੀ. ਓ. ਨੇ ਕਿਹਾ ਕਿ ਜੰਡਿਆਲਾ ਕਸਬੇ ਵਿੱਚ ਪਿਛਲੇ ਕਾਫੀ ਸਮੇਂ ਤੋਂ ਵਿਕਾਸ ਕਾਰਜ ਅਧੂਰੇ ਪਏ ਹਨ। ਬਾਬਾ ਹੰਦਾਲ ਅਤੇ ਪੀਰ ਬਾਬਾ ਘੋੜੇ ਸ਼ਾਹ ਤੋਂ ਜੀ. ਟੀ. ਰੋਡ ਨੂੰ ਜਾਂਦੀ ਸੜਕ ਦੀ ਹਾਲਤ ਬਹੁਤ ਮਾੜੀ ਹੈ। ਜੰਡਿਆਲਾ ਗੁਰੂ ਨੂੰ ਵੱਡੀ ਸੜਕ ਨਾਲ ਜੋੜਨ ਵਾਲੀ ਲਿੰਕ ਸੜਕ ਦਾ ਕੰਮ ਸ਼ੁਰੂ ਹੋ ਗਿਆ ਹੈ। ਇਸ ਸੜਕ ਦੀ ਉਸਾਰੀ ਤਪ ਅਸਥਾਨ ਬਾਬਾ ਹੰਦਾਲ ਦੇ ਸੰਚਾਲਕ ਬਾਬਾ ਹਰਪਾਲ, ਸੰਤ ਬਾਬਾ ਪਰਮਾਨੰਦ ਅਤੇ ਪੀਰ ਬਾਬਾ ਘੋੜੇ ਸ਼ਾਹ ਦੀ ਗੱਦੀ ਦੇ ਅਸ਼ੀਰਵਾਦ ਨਾਲ ਹੋਈ। ਇਹ ਜਲਦੀ ਹੀ ਬਣ ਜਾਵੇਗਾ ਅਤੇ ਇਲਾਕਾ ਨਿਵਾਸੀਆਂ ਨੂੰ ਵੱਡੀ ਰਾਹਤ ਮਿਲੇਗੀ। ਇਸੇ ਤਰ੍ਹਾਂ ਸ੍ਰੀ ਗੁਰੂ ਅਰਜਨ ਦੇਵ ਮਾਰਗ ਤੋਂ ਬਾਬਾ ਸਾਮ ਸਿੰਘ ਮੋਰੀ ਗੇਟ ਨੂੰ ਜਾਣ ਵਾਲੀ ਸੜਕ ਵੀ ਪੂਰੀ ਤਰ੍ਹਾਂ ਬਣ ਜਾਵੇਗੀ। ਉਨ੍ਹਾਂ ਦੱਸਿਆ ਕਿ ਜੰਡਿਆਲਾ ਸ਼ਹਿਰ ਦੇ ਸੁੰਦਰੀਕਰਨ ਲਈ ਅੰਤ ਰੋਡ ਬਣਾਏ ਜਾਣਗੇ, ਜਿਸ 'ਤੇ ਕਰੀਬ 12.50 ਕਰੋੜ ਰੁਪਏ ਦੀ ਲਾਗਤ ਆਵੇਗੀ। ਇਸ ਮੌਕੇ ਉਨ੍ਹਾਂ ਦੇ ਨਾਲ ਸਰਬਜੀਤ ਸਿੰਘ ਡਿੰਪੀ ਸਹਿਰੀ ਪ੍ਰਧਾਨ, ਨਰੇਸ਼ ਪਾਠਕ, ਹਰਪਾਲ ਸਿੰਘ ਚੌਹਾਨ, ਜਗਦੀਪ ਸਿੰਘ ਜੱਜ, ਸਤਿੰਦਰ ਸਿੰਘ, ਸੁਨੈਨਾ ਰੰਧਾਵਾ, ਸੂਬੇਦਾਰ ਚਣਖ ਸਿੰਘ ਐੱਸਈਪੀਡਬਲਿਊਡੀ ਇੰਦਰਜੀਤ ਸਿੰਘ, ਐਕਸੀਅਨ ਇੰਦਰਜੀਤ ਸਿੰਘ, ਐਕਸੀਅਨ ਦਿਆਲ ਚੰਦ ਸ਼ਰਮਾ, ਓਮਕਾਰ ਸਿੰਘ ਕੰਡਾ ਅਤੇ ਹੋਰ ਹਾਜ਼ਰ ਸਨ।

## ਸੂਬਾ ਪ੍ਰਧਾਨ ਗੁਰਵੇਲ ਬੱਲਪੁਰੀਆਂ ਦੀ ਅਗਵਾਈ ਹੇਠ ਫੈਡਰੇਸ਼ਨ ਦੀ ਵਿਸ਼ੇਸ਼ ਕੌਂਸਲ ਹੋਈ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਬਿਜਲੀ ਮੁਲਾਜ਼ਮਾਂ ਦੀ ਪ੍ਰਮੁੱਖ ਜਥੇਬੰਦੀ ਇੰਪਲਾਈਜ਼ ਫੈਡਰੇਸ਼ਨ ਪੰਜਾਬ ਰਾਜ ਬਿਜਲੀ ਬੋਰਡ ਹੁਣ ਪਾਵਰਕਾਮ/ਟਰਾਂਸਕੋ ਪੰਜਾਬ. (ਕੇਸਰੀ ਝੰਡਾ) ਪੰਜਾਬ ਦੇ ਸੂਬਾ ਪ੍ਰਧਾਨ ਗੁਰਵੇਲ ਸਿੰਘ ਬੱਲਪੁਰੀਆਂ, ਸਰਕਲ. ਪ੍ਰਧਾਨ ਗੁਰਦਾਸਪੁਰ ਸਰਵਣ.ਸਿੰਘ ਡੱਲਾ ਦੀ ਪ੍ਰਧਾਨਗੀ ਹੇਠ ਇਕ.ਵਿਸ਼ੇਸ਼ ਜਨਰਲ ਕੌਂਸਲ ਹੋਈ। ਇਸ ਮੌਕੇ ਸਰਕਲ ਗੁਰਦਾਸਪੁਰ ਅਧੀਨ ਆਉਂਦੇ 8 ਮੰਡਲਾਂ ਦੇ ਚੁਣੇ ਹੋਏ ਸੀਨੀਆਰ ਆਗੂ ਸ਼ਮਿਲ.ਹੋਏ। ਇਸ ਮੌਕੇ ਫੈਡਰੇਸ਼ਨ ਦਾ ਨਵੇਂ ਸਾਲ 2023 ਦਾ ਕੈਲੰਡਰ ਵੀ ਜਾਰੀ ਕੀਤਾ ਗਿਆ। ਇਸ ਮੌਕੇ ਪ੍ਰਧਾਨ ਗੁਰਵੇਲ ਸਿੰਘ ਬਲਪੁਰੀਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਬਿਜਲੀ.ਮੁਲਾਜ਼ਮਾਂ ਦੀਆਂ ਮੰਗਾਂ ਲਾਗੂ ਕਰਵਾਉਣ ਸਬੰਧੀ 22/11/2022 ਨੂੰ ਮੈਨੇਜਮੈਂਟ ਨਾਲ ਅਹਿਮ ਵਿਚਾਰ ਵਟਾਂਦਰਾ ਕੀਤਾ ਗਿਆ। ਉਨ੍ਹਾਂ ਕਿਹਾ ਜੇਕਰ ਮੰਨੀਆਂ ਮੰਗਾਂ ਤੁਰੰਤ ਲਾਗੂ ਨਾ.ਕੀਤੀਆਂ.ਤਾਂ ਬਿਜਲੀ ਮੁਲਾਜ਼ਮ ਤਿੱਖਾ ਸੰਘਰਸ.ਕਰਨ ਲਈ ਮਜਬੂਰ ਹੋਣਗੇ। ਅੱਜ ਇਸ ਜਨਰਲ ਕੌਂਸਲ ਵਿੱਚ ਸ਼ਹਿਰੀ ਮੰਡਲ ਪਠਾਨਕੋਟ.ਦੇ ਪ੍ਰਧਾਨ ਵਿਨੋਦ ਠਾਕੁਰ, ਸਕੱਤਰ ਪ੍ਰਕਾਸ਼ ਚੰਦ ਦਿਹਾਤੀ ਮੰਡਲ ਪਠਾਨਕੋਟ ਸਲਵਿੰਦਰ ਕੁਮਾਰ, ਗੁਰਦਾਸਪੁਰ ਮੰਡਲ ਦੇ ਪ੍ਰਧਾਨ ਸੁਖਦੇਵ ਸਿੰਘ ਖੁੰਡਾ, ਸਕੱਤਰ ਤਰਸੇਮ.ਲਾਲ, ਸੀਨੀਅਰ ਆਗੂ ਮਨਜੀਤ ਸਿੰਘ ਸੈਣੀ, ਧਾਰੀਵਾਲ ਮੰਡਲ ਦੇ ਸੀਨੀਅਰ ਆਗੂ ਮਨਜੀਤ ਸਿੰਘ ਕਲੇਰ, ਕ੍ਰਿਸ਼ਨ ਲਾਲ ਸਕੱਤਰ, ਕਾਦੀਆਂ ਮੰਡਲ ਦੇ ਪ੍ਰਧਾਨ ਬਲਜਿੰਦਰ ਬਾਜਵਾ, ਸਕੱਤਰ ਸੰਦੀਪ ਸਿੰਘ ਬਾਜਵਾ, ਦਿਹਾਤੀ ਮੰਡਲ ਬਟਾਲਾ ਦੇ ਪ੍ਰਧਾਨ ਰਜੇਸ਼ ਕੁਮਾਰ, ਗੁਰਦਾਸਪੁਰ ਪੀ ਐਂਡ ਐੱਮ ਪ੍ਰਧਾਨ ਜੇਮਜ ਭੱਟੀ, ਸ਼ਹਿਰੀ ਮੰਡਲ ਬਟਾਲਾ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਮੱਲ੍ਹੀ ਆਦਿ ਸਮੇਤ ਹੋਰ ਵੀ ਸੀਨੀਅਰ ਆਗੂ ਸ਼ਾਮਲ ਸਨ।

## ਐੱਨ ਐੱਸ ਐੱਸ ਯੂਨਿਟ ਵੱਲੋਂ ਬੱਠੇਭੈਣੀ 'ਚ 7 ਰੋਜ਼ਾ ਸਪੈਸ਼ਲ ਕੈਂਪ



**ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਪੱਟੀ ਵਿਖੇ ਕਾਲਜ ਦੇ ਐੱਨਐੱਸਐੱਸ ਯੂਨਿਟ ਵੱਲੋਂ ਸੱਤ ਰੋਜ਼ਾ ਸਪੈਸ਼ਲ ਕੈਂਪ ਦੇ ਤਹਿਤ ਗੋਦ ਲਏ ਪਿੰਡ ਬੱਠੇ ਭੈਣੀ ਵਿਖੇ ਕੈਂਪ ਲਾਇਆ ਗਿਆ, ਜਿਸ ਵਿੱਚ ਵਲੰਟੀਅਰਾਂ ਵੱਲੋਂ ਪਿੰਡ ਦੇ ਗਰਾਊਂਡਾਂ ਦੀ ਸਫਾਈ ਕੀਤੀ ਗਈ ਅਤੇ ਪੌਦੇ ਲਗਾਏ ਗਏ। ਸਫਾਈ ਮੁਹਿੰਮ ਦੌਰਾਨ ਪਿੰਡ ਵਿਚਲੇ ਮੇਜਰ ਹਰਭਜਨ ਸਿੰਘ (ਮਹਾਂਵੀਰ ਚੱਕਰ ਵਿਜੇਤਾ) ਸਟੇਡੀਅਮ ਦੀ ਗਰਾਊਂਡ ਦੀ ਸਫਾਈ ਕੀਤੀ ਗਈ। ਕਾਲਜ ਦੇ ਪ੍ਰਿੰਸੀਪਲ ਡਾ. ਰਜਿੰਦਰ ਕੁਮਾਰ ਮਰਵਾਹ ਨੇ ਕਿਹਾ ਕਿ ਸਾਨੂੰ ਸਮਾਜ ਸੇਵਾ ਦੇ ਕੰਮਾਂ ਵਿੱਚ ਵਧ-ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਵਿਦਿਅਰਥੀਆਂ ਵਿੱਚ ਸਮਾਜ ਅਤੇ ਦੇਸ਼ ਸੇਵਾ ਦੀ ਲਗਨ ਪੈਦਾ ਹੁੰਦੀ ਹੈ। ਪ੍ਰੋਗਰਾਮ ਅਫਸਰ ਜਸਦੇਵ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਮਾਜ ਸੇਵਾ ਅਤੇ ਵਾਤਾਵਰਨ ਦੀ ਸੰਭਾਲ ਕਰਨੀ ਸਾਡਾ ਸਾਰਿਆਂ ਦਾ ਫਰਜ਼ ਹੈ ਅਤੇ ਇਹ ਨੌਜਵਾਨਾਂ ਨੂੰ ਚੰਗੇ ਨਾਗਰਿਕ ਬਣਨ ਲਈ ਪ੍ਰੇਰਿਤ ਕਰਦਾ ਹੈ। ਇਸ ਮੌਕੇ ਸੁਖਜਿੰਦਰ ਸਿੰਘ ਸਾਬਕਾ ਸਰਪੰਚ, ਮੇਜਰ ਹਰਭਜਨ ਸਿੰਘ (ਮਹਾਂਵੀਰ ਚੱਕਰ ਵਿਜੇਤਾ) ਹਾਈ ਸਕੂਲ, ਬੱਠੇ ਭੈਣੀ ਦਾ ਸਟਾਫ, ਪ੍ਰੋ. ਅਵਤਾਰ ਸਿੰਘ, ਹਰਪ੍ਰੀਤ ਸਿੰਘ, ਗੁਰਵਿੰਦਰ ਸਿੰਘ ਅਤੇ ਐੱਨ ਐੱਸ ਐੱਸ ਵਲੰਟੀਅਰ ਹਾਜ਼ਰ ਸਨ।

## ਖ਼ੁਦ ਇਲਾਜ ਨੂੰ ਤਰਸ ਰਿਹੈ ਕਸਬਾ ਖਾਲੜਾ 'ਚ ਸਥਿਤ ਆਮ ਆਦਮੀ ਕਲੀਨਿਕ



**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ, ਰਣਬੀਰ ਸਿੰਘ ਗੋਲਣ)**-ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਸੂਬੇ 'ਚ ਆਮ ਆਦਮੀ ਕਲੀਨਿਕ ਖੋਲ ਕੇ ਲੋਕਾਂ ਨੂੰ ਬੁਨਿਆਦੀ ਸਿਹਤ ਸਹੂਲਤਾਂ ਦੇਣ ਦੇ ਵੱਡੇ ਵੱਡੇ ਦਾਅਵੇ ਕਰਦੇ ਨਹੀਂ ਥੱਕਦੇ, ਪਰ ਉਨ੍ਹਾਂ ਦਾਅਵਿਆਂ ਦੇ ਖੋਖਲੇਪਣ ਦੀ ਮਿਸਾਲ ਜ਼ਿਲ੍ਹਾ ਤਰਨਤਾਰਨ ਅਧੀਨ ਪੈਂਦੇ ਕਸਬਾ ਖਾਲੜਾ 'ਚ ਸਥਿਤ ਆਦਮੀ ਕਲੀਨਿਕ ਤੋਂ ਮਿਲਦੀ ਹੈ। ਕਸਬਾ ਖਾਲੜਾ 'ਚ ਲੋਕਾਂ ਦੇ ਇਲਾਜ ਲਈ ਬਣਾਇਆ ਆਮ ਆਦਮੀ ਕਲੀਨਿਕ ਖੁਦ ਇਲਾਜ ਨੂੰ ਤਰਸ ਰਿਹਾ ਹੈ। ਇੱਥੇ ਇਹ ਦੱਸਣਾ ਬੇਹੱਦ ਜਰੂਰੀ ਹੈ ਕਿ ਕਲੀਨਿਕ ਦਾ ਆਲਾ-ਦੁਆਲਾ ਘਾਹ ਬੂਟੀ ਨਾਲ ਘਿਰਿਆ ਹੋਇਆ ਹੈ, ਬਾਥਰੂਮਾਂ ਦੀ ਹਾਲਤ ਤਰਸਯੋਗ ਹੈ, ਬੈਠਣ ਵਾਲੇ ਬੈਂਚਾਂ ਦੀ ਹਾਲਤ ਖਸਤਾ ਹੈ ਅਤੇ ਕਲੀਨਿਕ ਦੀਆਂ ਪਾਣੀ ਵਾਲੀਆਂ ਟੂਟੀਆਂ ਥਾਂ-ਥਾਂ ਤੋਂ ਲੀਕ ਹਨ। ਕਲੀਨਿਕ ਦੀ ਖਸਤਾ ਅਤੇ ਅਸ਼ੁੱਧ ਹਾਲਤ ਤੋਂ ਇਕ ਗੱਲ ਸਪੱਸ਼ਟ ਹੁੰਦੀ ਹੈ ਕਿ ਇੱਥੇ ਆਉਣ ਵਾਲੇ ਮਰੀਜ ਠੀਕ ਹੋਣ ਦੀ ਬਜਾਏ ਉਲਟਾ ਹੋਰ ਬੀਮਾਰੀਆਂ ਘਰ ਲੈ ਕੇ ਜਾਂਦੇ ਹਨ। ਜ਼ਿਕਰਯੋਗ ਹੈ ਕਿ ਮਾਨ ਸਰਕਾਰ ਵੱਲੋਂ ਇਨ੍ਹਾਂ ਕਲੀਨਿਕਾਂ ਦੀ ਸ਼ੁਰੂਆਤ 15 ਅਗਸਤ 2022 ਨੂੰ ਕੀਤੀ ਗਈ ਸੀ, ਪਰ ਸਾਇਦ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਇਸ ਗੱਲ ਤੋਂ ਵਾਕਿਫ ਨਹੀਂ ਕਿ ਇਕੱਲੇ ਕਲੀਨਿਕ ਖੋਲ੍ਹਣ ਨਾਲ ਸੂਬੇ ਦੀ ਸਿਹਤ 'ਚ ਸੁਧਾਰ ਨਹੀਂ ਲਿਆਂਦਾ ਜਾ ਸਕਦਾ। ਇਨ੍ਹਾਂ ਕਲੀਨਿਕਾਂ 'ਚ ਮਿਆਰੀ ਦਵਾਈਆਂ, ਟੈਸਟ ਕਿੱਟਾਂ ਅਤੇ ਹੋਰ ਜ਼ਰੂਰੀ ਸਮਾਨ ਦੀ ਸਪਲਾਈ ਨੂੰ ਯਕੀਨੀ ਬਣਾਉਣਾ ਵੀ ਸੂਬਾ ਸਰਕਾਰ ਦਾ ਮੁੱਢਲਾ ਫਰਜ਼ ਹੈ। ਇਸ ਮੌਕੇ ਕਲੀਨਿਕ 'ਚ ਆਸ-ਪਾਸ ਦੇ ਪਿੰਡਾਂ ਤੋਂ ਇਲਾਜ ਕਰਵਾਉਣ ਲਈ ਪਹੁੰਚੇ ਲੋਕਾਂ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਲੀਨਿਕ 'ਚ ਸੂਗਰ ਟੈਸਟ ਕਰਨ ਵਾਲੀਆਂ ਸੂਈਆਂ ਪਿਛਲੇ ਕਰੀਬ ਇਕ ਮਹੀਨੇ ਤੋਂ ਖਤਮ ਹਨ, ਜਿਸ ਕਾਰਨ ਉਹ ਨਿੱਜੀ ਹਸਪਤਾਲ 'ਚੋਂ ਮਹਿੰਗੇ ਰੇਟ 'ਤੇ ਟੈਸਟ ਕਰਵਾਉਣ ਲਈ ਮਜਬੂਰ ਹਨ। ਉੱਧਰ ਜਦੋਂ ਇਸ ਮਾਮਲੇ ਸੰਬੰਧੀ ਹਲਕਾ ਖੇਮਕਰਨ ਤੋਂ 'ਆਪ' ਵਿਧਾਇਕ ਸਰਵਨ ਸਿੰਘ ਧੁੰਨ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਦਾ ਪਹਿਲਾ ਜਵਾਬ ਸੀ ਕਿ ਇਹ ਮਾਮਲਾ ਮੇਰੇ ਧਿਆਨ ਵਿੱਚ ਨਹੀਂ ਹੈ, ਪ੍ਰੰਤੂ ਜਦੋਂ ਵਿਧਾਇਕ ਤੋਂ ਆਮ ਆਦਮੀ ਕਲੀਨਿਕ ਦੇ ਪਬਲਿਕ ਬਾਥਰੂਮਾਂ ਅੰਦਰ ਮੌਜੂਦ ਜ਼ਹਿਰੀਲੇ ਕੀੜਿਆਂ ਸੰਬੰਧੀ ਸਵਾਲ ਪੁੱਛਿਆ ਗਿਆ ਤਾਂ ਉਨ੍ਹਾਂ ਪੱਤਰਕਾਰਾਂ ਦੇ ਕੀਤੇ ਸਵਾਲਾਂ 'ਤੇ ਮੁਸਕਰਾਉਂਦਿਆਂ ਜਵਾਬ ਦਿੱਤਾ ਕਿ ਸਾਨੂੰ ਆਪਣੇ ਕੀੜੇ ਆਪ ਹੀ ਮਾਰਨੇ ਪੈਣਗੇ। ਏਸੇ ਤਰ੍ਹਾਂ ਜਦੋਂ ਇਸ ਮਾਮਲੇ ਸਬੰਧੀ ਸਿਵਲ ਸਰਜਨ ਡਾ. ਦਿਲਬਾਗ ਸਿੰਘ ਗੰਡੀਵਿੰਡ ਨਾਲ ਫੋਨ 'ਤੇ ਰਾਬਤਾ ਕਾਇਮ ਕਰਨਾ ਚਾਹਿਆ ਤਾਂ ਉਨ੍ਹਾਂ ਨੇ ਫੋਨ ਨਹੀਂ ਚੁੱਕਿਆ।

## ਲੋਕ ਮਸਲਿਆਂ ਦੇ ਹੱਲ ਸਬੰਧੀ ਪਿੰਡ ਰੁਲਿਆਣਾ 'ਚ ਲੱਗਾ ਕੈਂਪ



**ਕਲਾਨੌਰ (ਮਨਦੀਪ ਕੋਹਲੀ)**-ਪੰਜਾਬ ਸਰਕਾਰ ਵੱਲੋਂ ਅਧਿਕਾਰੀਆਂ ਨੂੰ ਪਿੰਡਾਂ/ਸ਼ਹਿਰਾਂ ਵਿੱਚ ਜਾ ਕੇ ਲੋਕ ਮਸਲਿਆਂ ਦਾ ਹੱਲ ਕਰਨ ਦੀਆਂ ਦਿੱਤੀਆਂ ਹਦਾਇਤਾਂ ਤਹਿਤ ਜ਼ਿਲਾ ਪ੍ਰਸ਼ਾਸਨ ਵੱਲੋਂ ਅੱਜ ਤਹਿਸੀਲ ਕਲਾਨੌਰ ਦੇ ਪਿੰਡ ਰੁਲਿਆਣਾ ਵਿਖੇ ਵਿਸ਼ੇਸ਼ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਨਾਇਬ ਤਹਿਸੀਲਦਾਰ ਕਮਲਜੀਤ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੇ ਹਾਜ਼ਰੀ ਭਰੀ। ਕੈਂਪ ਦੌਰਾਨ ਅਧਿਕਾਰੀਆਂ ਨੇ ਪਿੰਡ ਰੁਲਿਆਣਾ ਅਤੇ ਆਸ-ਪਾਸ ਦੇ ਪਿੰਡਾਂ ਦੇ ਵਸਨੀਕਾਂ ਦੀਆਂ ਮੁਸ਼ਕਲਾਂ ਨੂੰ ਸੁਣਿਆ ਅਤੇ ਉਨ੍ਹਾਂ ਦੇ ਹੱਲ ਲਈ ਯੋਗ ਕਾਰਵਾਈ ਕਰਨ ਦਾ ਭਰੋਸਾ ਦਿੱਤਾ। ਇਸ ਦੌਰਾਨ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਵੱਲੋਂ ਕੈਂਪ ਵਿੱਚ ਸ਼ਾਮਲ ਹੋਏ ਲੋਕਾਂ ਨੂੰ ਪੰਜਾਬ ਸਰਕਾਰ ਦੀਆਂ ਵੱਖ-ਵੱਖ ਭਲਾਈ ਸਕੀਮਾਂ ਦੀ ਜਾਣਕਾਰੀ ਦਿੱਤੀ ਅਤੇ ਯੋਗ ਲਾਭਪਾਤਰੀਆਂ ਨੂੰ ਉਨ੍ਹਾਂ ਸਕੀਮਾਂ ਦਾ ਲਾਭ ਵੀ ਦਿੱਤਾ।

ਨਾਇਬ ਤਹਿਸੀਲਦਾਰ ਕਮਲਜੀਤ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਤੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਦੀ ਯੋਗ ਅਗਵਾਈ ਹੇਠ ਜ਼ਿਲਾ ਪ੍ਰਸ਼ਾਸਨ ਵੱਲੋਂ ਵੱਖ-ਵੱਖ ਪਿੰਡਾਂ ਵਿੱਚ ਇਹ ਕੈਂਪ ਲਗਾਏ ਜਾ ਰਹੇ ਹਨ ਜਿਸ ਦਾ ਲੋਕਾਂ ਨੂੰ ਬਹੁਤ ਫਾਇਦਾ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਪਿੰਡ ਰੁਲਿਆਣਾ ਵਿਖੇ ਲੱਗੇ ਅੱਜ ਦੇ ਕੈਂਪ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਨੇ ਭਾਗ ਲੈ ਕੇ ਸਰਕਾਰ ਦੀਆਂ ਵੱਖ-ਵੱਖ ਭਲਾਈ ਯੋਜਨਾਵਾਂ ਦਾ ਲਾਭ ਉਠਾਇਆ ਹੈ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਵੀ ਅਜਿਹੇ ਕੈਂਪ ਜਾਰੀ ਰਹਿਣਗੇ।ਕੈਂਪ ਦੌਰਾਨ ਬੀ. ਐੱਸ. ਐੱਫ. ਦੇ ਕੰਪਨੀ ਕਮਾਂਡਰ ਇੰਦਰਜੀਤ ਸਿੰਘ, ਸੀ. ਡੀ. ਪੀ. ਓ. ਦਫ਼ਤਰ ਤੋਂ ਅਮਰੀਕ ਕੌਰ, ਸੁਖਰਾਜ ਕੌਰ, ਨੀਲਮ, ਵਿਨੈ ਕੁਮਾਰੀ, ਪੰਚਾਇਤ ਵਿਭਾਗ ਤੋਂ ਪੰਚਾਇਤ ਸਕੱਤਰ ਸੰਤੋਖ ਸਿੰਘ, ਪੰਚਾਇਤ ਸਕੱਤਰ ਰਾਜਬੀਰ ਸਿੰਘ, ਪੰਚਾਇਤ ਸਕੱਤਰ ਜਸਪਾਲ ਸਿੰਘ, ਪੰਚਾਇਤ ਸਕੱਤਰ ਗੁਰਪ੍ਰੀਤ ਸਿੰਘ , ਵੀ.ਆਰ.ਐੱਸ ਜੋਬਨਪ੍ਰੀਤ ਸਿੰਘ, ਜਸਪਾਲ ਸਿੰਘ, ਏ.ਪੀ.ਓ. ਰਾਕੇਸ਼ ਕੁਮਾਰ, ਮਾਲ ਵਿਭਾਗ ਤੋਂ ਕਾਨੂੰਗੋ ਭੁਪਿੰਦਰ ਸਿੰਘ, ਤਰਸੇਮ ਸਿੰਘ ਪਟਵਾਰੀ, ਜਸਕਰਨ ਸਿੰਘ ਰੰਧਾਵਾ ਪਟਵਾਰੀ, ਐੱਸ. ਡੀ. ਓ. ਪਾਵਰਕਾਮ ਇੰਜੀ: ਖਜ਼ਾਨ ਸਿੰਘ, ਖੇਤੀਬਾੜੀ ਵਿਸਥਾਰ ਅਫ਼ਸਰ ਰਵਿੰਦਰ ਕੌਰ, ਹਰਦੀਪ ਸਿੰਘ, ਗੁਰਮੀਤ ਸਿੰਘ, ਮਲਕੀਅਤ ਸਿੰਘ, ਬੀ. ਪੀ. ਈ. ਓ. ਸੁਦੇਸ਼ ਖੰਨਾ, ਲੋਕ ਨਿਰਮਾਣ ਵਿਭਾਗ ਦੇ ਜੇ. ਈ. ਅਨਿਲ ਕੁਮਾਰ, ਸੈਨੀਟੇਸ਼ਨ ਵਿਭਾਗ ਦੇ ਏ. ਈ. ਹਰਜੀਤ ਸਿੰਘ, ਭੂਮੀ ਰੱਖਿਆ ਵਿਭਾਗ ਤੋਂ ਜੋਬਨਜੀਤ ਸਿੰਘ ਸਮੇਤ ਪਿੰਡ ਵਾਸੀ ਕੇਵਲ ਸਿੰਘ, ਸਤਪਾਲ ਸਿੰਘ, ਲਖਵਿੰਦਰ ਸਿੰਘ ਸਮੇਤ ਹੋਰ ਇਲਾਕਾ ਨਿਵਾਸੀ ਵੀ ਹਾਜ਼ਰ ਸਨ।

## ਪੀ ਐੱਚ ਸੀ ਥਰੀਏਵਾਲ ਵਿਖੇ ਯੂ ਡੀ ਆਈ ਡੀ ਕੈਂਪ



**ਮਜੀਠਾ (ਸੋਇਮ ਆਨੰਦ)** : ਮਾਣਯੋਗ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਅਤੇ ਸਿਵਲ ਸਰਜਨ ਅੰਮ੍ਰਿਤਸਰ ਦੀਆਂ ਹਦਾਇਤਾਂ ਅਨੁਸਾਰ ਲੋਕ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਯੂਡੀਆਈਡੀ (ਅੰਗਹੀਣ ਸਰਟੀਫਿਕੇਟ) ਬਣਾਉਣ ਦਾ ਬਲਾਕ ਪੱਧਰੀ ਮੈਗਾ ਕੈਂਪ ਅੱਜ ਪੀਐੱਚਸੀ ਥਰੀਏਵਾਲ ਵਿਖੇ ਸਫਲਤਾਪੂਰਵਕ ਸੰਪੰਨ ਹੋਇਆ। ਇਸ ਕੈਂਪ ਵਿੱਚ ਨੱਕ, ਕੰਨ, ਗਲਾ, ਅੱਖਾਂ, ਹੱਡੀਆਂ ਤੇ ਮਾਨਸਿਕ ਰੋਗਾਂ ਦੇ ਮਾਹਰ ਡਾਕਟਰਾਂ ਨੇ ਲਗਭਗ 220 ਤੋਂ ਉਪਰ ਮਰੀਜ਼ਾਂ ਦੀ ਅਸੈਸਮੈਂਟ ਕੀਤੀ ਅਤੇ ਉਨ੍ਹਾਂ ਦੇ ਯੂਡੀਆਈਡੀ ਸਰਟੀਫਿਕੇਟ ਬਣਾਉਣ ਲਈ ਰੈਫਰ ਕੀਤਾ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੀਨੀਅਰ ਮੈਡੀਕਲ ਅਧਿਕਾਰੀ ਡਾ. ਹਰਕੰਵਲਜੀਤ ਸਿੰਘ ਨੇ ਦੱਸਿਆ ਕਿ ਇਸ ਬਲਾਕ ਪੱਧਰੀ ਕੈਂਪ ਵਿੱਚ ਆਉਣ ਵਾਲੇ ਹਰ ਲਾਭਪਾਤਰੀਆਂ ਨੂੰ ਕੈਂਪ ਦਾ ਲਾਭ ਹੋਇਆ ਹੈ। ਆਉਣ ਵਾਲੇ ਲਾਭਪਾਤਰੀਆਂ ਦੀ ਅਸੈਸਮੈਂਟ ਅੱਜ ਮਾਹਰ ਡਾਕਟਰਾਂ ਦੀ ਟੀਮ ਵੱਲੋਂ ਕੀਤੀ ਗਈ ਹੈ ਅਤੇ ਇਨ੍ਹਾਂ ਦੇ ਨਾਲ ਹੀ ਆਨਲਾਈਨ ਵੀ ਕੀਤਾ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਲੋਕਾਂ ਦੀ ਸੁਵਿਧਾ ਵਾਸਤੇ ਕੈਂਪਾਂ ਦਾ ਆਯੋਜਨ ਕੀਤਾ ਜਾਵੇਗਾ। ਇਸ ਮੌਕੇ ਬਲਾਕ ਭੌਂ ਐਕਸਟੈਨਸ਼ਨ ਐਜੂਕੇਟਰ ਰਣਜੀਤ ਕੁਮਾਰ, ਡਾ. ਕਨੀਕਾ ਮਹਾਜਨ, ਜਸਵਿੰਦਰ ਸਿੰਘ, ਐੱਸਆਈ ਅਮਨਪਾਲ ਸਿੰਘ, ਸਤਪਾਲ ਸਿੰਘ, ਸਾਹਿਲ ਮੱਟੂ ਅਤੇ ਹੋਰ ਪੈਰਾ-ਮੈਡੀਕਲ ਸਟਾਫ ਮੌਜੂਦ ਸੀ।

## ਦਿਆਲਗੜ੍ਹ ਸੜਕ ਤੇ ਹੰਸਲੀ ਡਰੇਨ ਪੁਲ ਨੂੰ ਚੌੜਾ ਕਰਨ ਦਾ ਰੱਖਿਆ ਨੀਂਹ ਪੱਥਰ



**ਧਾਰੀਵਾਲ/ਨੌਸ਼ਹਿਰਾ ਮੱਝਾ ਸਿੰਘ, (ਮਨਦੀਪ ਸਿੰਘ ਵਿੱਕੀ)**-ਬਲਬੀਰ ਸਿੰਘ ਪਨੂੰ ਚੇਅਰਮੈਨ ਪਨਸਪ ਪੰਜਾਬ ਤੇ ਇੰਚਾਰਜ ਵਿਧਾਨ ਸਭਾ ਹਲਕਾ ਫਤਿਹਗੜ੍ਹ ਚੂੜੀਆਂ ਵਲੋਂ ਪਠਾਨਕੋਟ-ਅੰਮ੍ਰਿਤਸਰ ਨੈਸ਼ਨਲ ਹਾਈਵੇ ਤੋਂ ਪਿੰਡ ਦਿਆਲਗੜ੍ਹ ਨੂੰ ਜਾਂਦੀ ਸੜਕ ਤੇ ਹੰਸਲੀ ਡਰੇਨ ਪੁਲ ਨੂੰ ਚੌੜਾ ਕਰਨ ਦਾ ਨੀਂਹ ਪੱਥਰ ਰੱਖਿਆ ਗਿਆ। ਇਸ ਮੌਕੇ ਐੱਸਡੀਓ ਨਿਰਮਲ ਸਿੰਘ, ਯੂਥ ਪ੍ਰਧਾਨ ਗੁਰਵਿੰਦਰ ਸਿੰਘ, ਆਪ ਪਾਰਟੀ ਦੇ ਆਗੂ ਤੇ ਵਰਕਰ ਵੱਡੀ ਗਿਣਤੀ ਵਿੱਚ ਮੌਜੂਦ ਸਨ। ਇਸ ਮੌਕੇ ਗੱਲ ਕਰਦਿਆਂ ਚੇਅਰਮੈਨ ਪਨੂੰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਅੰਦਰ ਵਿਕਾਸ ਕਾਰਜਾਂ ਤੇਜ਼ਗਤੀ ਨਾਲ ਚੱਲ ਰਹੇ ਹਨ, ਜਿਸਦੇ ਚੱਲਦਿਆਂ ਫਤਿਹਗੜ੍ਹ ਚੂੜੀਆਂ ਹਲਕੇ ਅੰਦਰ ਵਿਕਾਸ ਕਰਾਜ ਤੇਜ਼ੀ ਨਾਲ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਹਲਕੇ ਦੇ ਸ਼ਹਿਰੀ ਤੇ ਪੇਂਡੂ ਖੇਤਰ ਵਿੱਚ ਜਿਥੇ ਲੋਕਾਂ ਦੀਆਂ ਮੁਸ਼ਕਿਲਾਂ ਹੱਲ ਕੀਤੀਆਂ ਜਾ ਰਹੀਆਂ ਹਨ, ਉਸ ਦੇ ਨਾਲ-ਨਾਲ ਹਲਕੇ ਅੰਦਰ ਚਹੁੰਪੱਖੀ ਵਿਕਾਸ ਕੰਮ ਵੀ ਤੇਜ਼ੀ ਨਾਲ ਚੱਲ ਰਹੇ ਹਨ। ਉਨ੍ਹਾਂ ਅੱਗੇ ਕਿਹਾ ਕਿ ਆਪ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਲੋਂ ਲੋਕਾਂ ਨਾਲ ਜੋ ਗਰੰਟੀਆਂ ਦਿੱਤੀਆਂ ਗਈਆਂ ਸਨ, ਉਨ੍ਹਾਂ ਨੂੰ ਇਕ-ਇਕ ਕਰਕੇ ਪੂਰਾ ਕੀਤਾ ਜਾ ਰਿਹਾ ਹੈ ਤੇ ਹਰ ਗਰੰਟੀ ਪੂਰੀ ਕੀਤੀ ਜਾਵੇਗੀ। ਉਨਾਂ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਸਿੱਖਿਆ, ਸਿਹਤ, ਖੇਤੀਬਾੜੀ ਸਮੇਤ ਹਰ ਵਰਗ ਦੇ ਹਿੱਤ ਵਿੱਚ ਇਤਿਹਾਸਕ ਫੈਸਲੇ ਲਏ ਗਏ ਹਨ ਅਤੇ ਲੋਕ ਆਪ ਪਾਰਟੀ ਦੀਆਂ ਨੀਤੀਆਂ ਤੋਂ ਖੁਸ਼ ਹਨ।

## ਧਾਰੀਵਾਲ ਕਲਾਂ ਤੋਂ ਕਾਂਗਰਸੀ ਵਰਕਰਾਂ ਦ ਕਾਫਲਾ ਰਾਹੁਲ ਗਾਂਧੀ ਦੀ ਰੈਲੀ ਲਈ ਰਵਾਨਾ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਵਿਧਾਨ ਸਭਾ ਹਲਕਾ ਕਾਦੀਆਂ ਦੇ ਵਿਧਾਇਕ ਅਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦੇ ਦਿਸਾ ਨਿਰਦੇਸ਼ਾਂ ਅਨੁਸਾਰ ਬਲਾਕ ਧਾਰੀਵਾਲ ਦੇ ਵੱਖ-ਵੱਖ ਪਿੰਡਾਂ ਤੋਂ ਕਾਂਗਰਸ ਪਾਰਟੀ ਦੇ ਵੱਡੇ ਕਾਫਲੇ ਅੱਜ ਸਵੇਰੇ ਕਾਂਗਰਸ ਪਾਰਟੀ ਦੇ ਨੈਸ਼ਨਲ ਆਗੂ ਰਾਹੁਲ ਗਾਂਧੀ ਵਲੋਂ ਦੇਸ਼ ਵਿੱਚ ਸ਼ੁਰੂ ਕੀਤੀ 'ਭਾਰਤ ਜੋੜੋ ਯਾਤਰਾ' ਤਹਿਤ ਅੱਜ ਪਠਾਨਕੋਟ ਵਿਖੇ ਹੋ ਰਹੀ ਕਾਂਗਰਸ ਪਾਰਟੀ ਦੀ ਵਿਸ਼ਾਲ ਰੈਲੀ ਵਿੱਚ ਸ਼ਾਮਲ ਹੋਣ ਲਈ ਰਵਾਨਾ ਹੋਏ।

ਇਸ ਮੌਕੇ ਪਿੰਡ ਧਾਰੀਵਾਲ ਕਲਾਂ ਤੋਂ ਸਰਪੰਚ ਗੁਰਮੁੱਖ ਸਿੰਘ ਪੰਧੇਰ ਅਤੇ ਬਾਬਾ ਅਜੈਬ ਸਿੰਘ ਚੀਮਾ ਦੀ ਅਗਵਾਈ ਹੇਠ ਕਸ਼ਮੀਰ ਸਿੰਘ ਡਰਾਇਵਰ, ਸਵਰਾਜ ਸਿੰਘ ਫੌਜੀ, ਸਰਬਜੀਤ ਸਿੰਘ, ਗੁਰਦੀਪ ਸਿੰਘ, ਸਤਨਾਮ ਸਿੰਘ, ਨਿਰਮਲ ਸਿੰਘ, ਜੋਗਿੰਦਰ ਸਿੰਘ, ਬਲਦੇਵ ਸਿੰਘ,ਕਸ਼ਮੀਰ ਸਿੰਘ ਚੌਕੀਦਾਰ, ਮੰਗਲ ਸਿੰਘ, ਬਲਵਿੰਦਰ ਸਿੰਘ, ਲਸ਼ਕਰ ਸਿੰਘ, ਗੁਲਜਾਰ ਸੰਘ, ਰਾਜੂ, ਸੱਖਾ, ਦੇਬਾ ਆਦਿ ਸਮੇਤ ਕਾਂਗਰਸੀ ਵਰਕਰਾਂ ਦੀਆਂ ਦੋ ਬੱਸਾਂ ਪਠਾਨਕੋਟ ਰਾਹੁਲ ਗਾਂਧੀ ਦੀ ਰੈਲੀ ਲਈ ਰਵਾਨਾ ਹੋਈਆਂ। ਇਸੇ ਤਰ੍ਹਾਂ ਪਿੰਡ ਖਾਨਮਲੱਕ ਤੋਂ ਸਰਪੰਚ ਜੱਗਬੀਰ ਸਿੰਘ ਦੀ ਅਗਵਾਈ ਹੇਠ ਕਾਂਗਰਸੀ ਵਰਕਰਾਂ ਦਾ ਵੱਡਾ ਕਾਫਲਾ ਰਵਾਨਾ ਹੋਇਆ।

## ਚਾਈਨਾ ਡੋਰ ਨਾ ਵਰਤਣ ਦਾ ਲਿਆ ਪ੍ਰਣ

**ਸਰਹਾਲੀ ਕਲਾਂ (ਹਰਪ੍ਰੀਤ ਸਿੰਘ ਚੰਬਾ)**-ਸ਼ਾਹ ਹਰਬੰਸ ਸਿੰਘ ਇੰਟਰਨੈਸ਼ਨਲ ਪਬਲਿਕ ਸਕੂਲ ਰਾਣੀਵਲਾਹ ਵਿਖੇ ਚਾਈਨਾ ਡੋਰ ਨਾ ਵੇਚਣ 'ਤੇ ਨਾ ਖਰੀਦਣ ਦਾ ਪ੍ਰਣ ਲਿਆ ਗਿਆ। ਵਿਦਿਆਰਥੀਆਂ ਨਾਲ ਵਿਚਾਰ ਸਾਂਝੇ ਕਰਦਿਆਂ ਦੱਸਿਆ ਗਿਆ ਕਿ ਜਿੱਥੇ ਪਤੰਗਾਂ ਉਡਾਉਣ ਦੇ ਸ਼ੌਕੀਨ ਚਾਈਨਾ ਡੋਰ ਦੀ ਖੂਬ ਵਰਤੋਂ ਕਰ ਰਹੇ ਹਨ। ਉੱਥੇ ਹੀ ਇਹ ਡੋਰ ਮਨੁੱਖਾਂ ਤੇ ਪਸ਼ੂ ਪੰਛੀਆਂ ਦੀਆਂ ਕੀਮਤਾਂ ਜਾਨਾਂ ਵੀ ਲੈ ਰਹੀ ਹੈ। ਇਸ ਡੋਰ ਨਾਲ ਹੋਏ ਜ਼ਖਮਾਂ ਦੀ ਤਾਬ ਨਾ ਝੱਲਦੇ ਹੋਏ ਕਈ ਜਾਨਾਂ ਗਵਾ ਚੁੱਕੇ ਹਨ।

ਮਾਣਯੋਗ ਮੁੱਖ ਮੰਤਰੀ ਸਾਹਿਬ ਨੂੰ ਇਸ ਸੰਬੰਧੀ ਪੱਤਰ ਲਿਖ ਕੇ ਅਧਿਆਪਕਾਂ ਤੇ ਵਿਦਿਆਰਥੀਆਂ ਦੇ ਦਸਤਖਤ ਕਰਵਾ ਕੇ ਭੇਜਿਆ ਗਿਆ ਹੈ ਤੇ ਪੁਰਜ਼ੋਰ ਮੰਗ ਕੀਤੀ ਗਈ ਹੈ ਕਿ ਸਰਕਾਰ ਵੱਲੋਂ ਸਖਤ ਕਦਮ ਚੁੱਕ ਕੇ ਬਾਜ਼ਾਰ ਵਿੱਚੋਂ ਇਸ ਦੀ ਖਰੀਦ ਅਤੇ ਵੇਚਣ ਤੇ ਪਾਬੰਦੀ ਲਗਾਈ ਜਾਵੇ। ਪੱਕੇ ਤੌਰ 'ਤੇ ਇਸਦੀ ਬਾਜ਼ਾਰ ਵਿੱਚੋਂ ਹੋਂਦ ਖਤਮ ਕੀਤੀ ਜਾਵੇ ਤਾਂ ਕਿ ਕੀਮਤੀ ਜਾਨਾਂ ਦਾ ਨੁਕਸਾਨ ਨਾ ਹੋਵੇ।



## ਗਣਤੰਤਰ ਦਿਵਸ ਮਨਾਉਣ ਸੰਬੰਧੀ ਐੱਸ ਡੀ ਐੱਮ ਗੋਰਾਇਆ ਵੱਲੋਂ ਵਿਸ਼ੇਸ਼ ਮੀਟਿੰਗ



**ਦੀਨਾਨਗਰ ਬਲਵਿੰਦਰ ਸਿੰਘ ਬਿੱਲਾ)**-ਗਣਤੰਤਰ ਦਿਵਸ ਮਨਾਉਣ ਸਬੰਧੀ ਤਹਿਸੀਲਦਾਰ-ਕਮ-ਐੱਸਡੀਐੱਮ ਪਰਮਪ੍ਰੀਤ ਸਿੰਘ ਗੋਰਾਇਆ ਦੀ ਪ੍ਰਧਾਨਗੀ ਹੇਠ ਐੱਸਡੀਐੱਮ ਦੀਨਾਨਗਰ ਦੇ ਦਫਤਰ ਵਿਖੇ ਮੀਟਿੰਗ ਕੀਤੀ ਗਈ। ਇਸ ਮੌਕੇ ਵੱਖ-ਵੱਖ ਸਕੂਲਾਂ ਅਤੇ ਕਾਲਜਾਂ ਦੇ ਪ੍ਰਿੰਸੀਪਲਾ ਸਣੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ। ਮੀਟਿੰਗ ਵਿੱਚ ਗਣਤੰਤਰ ਦਿਵਸ ਨੂੰ ਸੁਚੱਜੇ ਢੰਗ ਨਾਲ ਮਨਾਉਣ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ। ਇਸ ਮੌਕੇ ਐੱਸਡੀਐੱਮ ਗੋਰਾਇਆ ਨੇ ਕਿਹਾ ਕਿ ਗਣਤੰਤਰ ਦਿਵਸ ਨੂੰ ਸਫਲਤਾਪੂਰਵਕ ਮਨਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਉਨ੍ਹਾਂ ਕਿਹਾ ਕਿ ਸਾਰੇ ਅਧਿਕਾਰੀ ਆਪਣੀ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਉਣ। ਉਨ੍ਹਾਂ ਕਿਹਾ ਕਿ ਡਿਊਟੀ ਸਬੰਧੀ ਕਿਸੇ ਵੀ ਤਰ੍ਹਾਂ ਦੀ ਅਣਗਹਿਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਇਸ ਮੌਕੇ ਪ੍ਰਿੰਸੀਪਲ ਜਸਕਰਨ ਸਿੰਘ, ਪ੍ਰਿੰਸੀਪਲ ਰਾਜੇਸ ਸੈਣੀ, ਪ੍ਰਿੰਸੀਪਲ ਰਾਜਵਿੰਦਰ ਕੌਰ, ਐੱਸਡੀਓ ਰਮਨ ਮਹਾਜਨ, ਪ੍ਰੋ: ਪ੍ਰਬੋਧ ਗਰੋਵਰ, ਐੱਨਸੀਸੀ ਅਫਸਰ ਪ੍ਰੋ: ਅੰਜਨਾ ਮਲਹੋਤਰਾ, ਮਨੋਹਰ ਲਾਲ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਸਕੂਲਾਂ ਕਾਲਜਾਂ ਦੇ ਪ੍ਰਿੰਸੀਪਲ ਹਾਜ਼ਰ ਸਨ। .

## ਆਲ ਇੰਡੀਆ ਆਸ਼ਾ ਵਰਕਰਜ਼ ਯੂਨੀਅਨ ਪੰਜਾਬ ਦੀ ਜ਼ਰੂਰੀ ਮੀਟਿੰਗ



**ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਆਲ ਇੰਡੀਆ ਆਸ਼ਾ ਵਰਕਰਜ਼ ਯੂਨੀਅਨ ਪੰਜਾਬ ਦੀ ਵਿਸ਼ੇਸ਼ ਮੀਟਿੰਗ ਨਹਿਰੀ ਵਿਸ਼ਰਾਮ ਘਰ ਹਰੀਕੇ ਵਿਖੇ ਹੋਈ। ਜਿਲ੍ਹਾ ਪ੍ਰਧਾਨ ਮਨਜਿੰਦਰ ਕੌਰ ਹਰੀਕੇ ਦੀ ਅਗਵਾਈ 'ਚ ਹੋਈ। ਮੀਟਿੰਗ ਦੌਰਾਨ ਵੱਖ-ਵੱਖ ਪਿੰਡਾਂ ਤੋ ਆਸ਼ਾ ਵਰਕਰਾਂ ਨੇ ਸ਼ਮੂਲੀਅਤ ਕੀਤੀ। ਸੰਬੋਧਨ ਕਰਦਿਆਂ ਮਨਜਿੰਦਰ ਕੌਰ ਨੇ ਕਿਹਾ ਕਿ 29 ਜਨਵਰੀ ਨੂੰ ਮੁੱਖ ਮੰਤਰੀ ਭਗਵੰਤ ਮਾਨ ਦੀ ਰਿਹਾਇਸ਼ ਦੇ ਘਿਰਾਉ ਲਈ ਜ਼ਿਲ੍ਹਾ ਤਰਨਤਾਰਨ ਤੋਂ ਆਸ਼ਾ ਵਰਕਰਜ਼ ਦਾ ਵੱਡਾ ਕਾਫਲਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਵੱਖ-ਵੱਖ ਵਿਭਾਗਾਂ ਵਿੱਚ ਕੰਮ ਕਰਦੇ ਸਮੂਹ ਕੱਚੇ, ਆਊਟ ਸੋਰਸ, ਠੇਕਾ ਅਧਾਰਿਤ, ਸਕੀਮ ਵਰਕਰਾਂ, ਰੈਗੂਲਰ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਲੰਬੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਹੱਕੀ ਮੰਗਾਂ ਦੇ ਨਿਪਟਾਰੇ ਲਈ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੈਸ਼ਨ ਦੇ ਸੱਦੇ 'ਤੇ ਮੁੱਖ ਮੰਤਰੀ ਪੰਜਾਬ ਦੀ ਸੰਗਰੂਰ ਰਿਹਾਇਸ਼ ਦਾ ਘਿਰਾਉ ਕੀਤਾ ਜਾਵੇਗਾ ਜਿਸ ਦਾ ਆਸ਼ਾ ਵਰਕਰਜ਼ ਯੂਨੀਅਨ ਤਰਨਤਾਰਨ ਵੱਲੋਂ ਪੂਰਾ ਸਮਰਥਨ ਕੀਤਾ ਜਾਵੇਗਾ। ਮਨਜਿੰਦਰ ਕੌਰ ਨੇ ਦੱਸਿਆ ਕਿ ਆਸ਼ਾ ਵਰਕਰਜ਼ ਵੀ ਆਪਣੀਆਂ ਮੰਗਾਂ ਲਈ ਪਹਿਲਾਂ ਤੋਂ ਹੀ ਸੰਘਰਸ਼ ਦੇ ਮੈਦਾਨ ਵਿੱਚ ਹਨ ਜਿਸ ਕਰਕੇ ਕਾਂਗਰਸ ਸਰਕਾਰ ਵਰਦੀ ਅਤੇ ਮਾਣ ਭੱਤਾ ਲਾਗੂ ਕਰ ਚੁੱਕੀ ਹੈ। ਉਨ੍ਹਾਂ ਕਿਹਾ ਕਿ ਆਪ ਸਰਕਾਰ ਦੇ ਇਕ ਸਾਲ ਦੇ ਕਰੀਬ ਕਾਰਜਕਾਲ ਮਗਰੋਂ ਵੀ ਆਸ਼ਾ ਵਰਕਰਾਂ ਦੀਆਂ ਮੰਗਾਂ ਮੰਨਣ ਦੀ ਕੋਈ ਤਜਵੀਜ਼ ਨਹੀ ਬਣ ਸਕੀ ਜਿਸ ਕਰਕੇ ਮੁੜ ਸੰਘਰਸ਼ ਵਿੱਢਣ ਦਾ ਖਾਕਾ ਉਲੀਕਿਆ ਜਾ ਰਿਹਾ ਹੈ। ਇਸ ਮੌਕੇ ਚੇਅਰਮੈਨ ਰਾਜਬੀਰ ਕੌਰ, ਮੀਤ ਪ੍ਰਧਾਨ ਸਰਬਜੀਤ ਕੌਰ, ਬਲਾਕ ਪ੍ਰਧਾਨ ਹਰਜੀਤ ਕੌਰ ਚੂਸਲੇਵੜ੍ਹ, ਸੈਕਟਰੀ ਵੀਰਪਾਲ ਕੌਰ, ਰਾਜਵਿੰਦਰ ਕੌਰ, ਪਰਮਜੀਤ ਕੌਰ ਭੱਗੂਪੁਰ, ਅਮਨਦੀਪ ਕੌਰ ਤਲਵੰਡੀ, ਪ੍ਰਮਿੰਦਰ ਕੌਰ, ਅਨੂਬੀਰ ਕੌਰ, ਮਮਤਾ ਰਾਣੀ, ਊਸ਼ਾ ਰਾਣੀ, ਰਾਜਬੀਰ ਕੌਰ, ਕ੍ਰਿਸ਼ਨਾ ਰਾਣੀ ਅਤੇ ਰਜਵੰਤ ਕੌਰ ਆਦਿ ਹਾਜ਼ਰ ਸਨ।

## ਅਵਾਂਖਾ ਤੇ ਨੇੜਲੇ ਘਰਾਂ ਨੂੰ ਪੀਣਯੋਗ ਸ਼ੁੱਧ ਪਾਣੀ ਮੁਹੱਈਆ ਕਰਵਾਂਵਾਗੇ : ਸ਼ਮਸ਼ੇਰ ਸਿੰਘ



**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਪਿੰਡਾਂ ਦੇ ਲੋਕਾਂ ਨੂੰ ਪੀਣਯੋਗ ਸ਼ੁੱਧ ਪਾਣੀ ਮੁਹੱਈਆ ਕਰਵਾਉਣ ਦੇ ਮੰਤਵ ਨਾਲ ਪੰਜਾਬ ਵਾਟਰ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਵੱਲੋਂ ਪਿੰਡ ਅਵਾਂਖਾ ਵਿੱਚ ਸ਼ੁਰੂ ਕੀਤੇ ਗਏ ਵਾਟਰ ਸਪਲਾਈ ਦੇ ਕੰਮ ਦਾ ਨਿਰੀਖਣ ਕਰਨ ਲਈ ਅੱਜ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਉਚੇਚੇ ਤੌਰ ਤੇ ਪਹੁੰਚੇ। ਇਸ ਮੌਕੇ ਤੇ ਉਨ੍ਹਾਂ ਦੇ ਨਾਲ ਵਾਟਰ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਐਸਡੀਓ ਪ੍ਰਸ਼ੋਤਮ ਸਿੰਘ ਹੁੰਦਲ ਅਤੇ ਜੇਈ ਮੋਹਿਤ ਕੁਮਾਰ ਵੀ ਮੌਜੂਦ ਸਨ।

ਚੱਲ ਰਹੇ ਕੰਮ ਦਾ ਨਿਰੀਖਣ ਕਰਨ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਨੂੰ ਪੀਣਯੋਗ ਸ਼ੁੱਧ ਪਾਣੀ ਮੁਹੱਈਆ ਕਰਵਾਉਣ ਲਈ ਪੂਰੀ ਸੁਹਿਰਦਤਾ ਨਾਲ ਕੰਮ ਕਰ ਰਹੀ ਹੈ ਅਤੇ ਇਸੇ ਲੜੀ ਹੇਠ ਹੀ ਪੰਜਾਬ ਸਰਕਾਰ ਵੱਲੋਂ ਪਿੰਡ ਅਵਾਂਖਾ ਵਿਖੇ 1.78 ਕਰੋੜ ਰੁਪਏ ਦੀ ਲਾਗਤ ਨਾਲ ਵਾਟਰ ਸਪਲਾਈ ਯੂਨਿਟ ਸਥਾਪਿਤ ਕੀਤਾ ਜਾ ਰਿਹਾ ਹੈ। ਉਹਨਾਂ ਦੱਸਿਆ ਕਿ ਇਸ ਪ੍ਰਜੈਕਟ ਲਈ ਡੂੰਘੇ ਬੋਰ ਦਾ ਕੰਮ ਮੁਕੰਮਲ ਹੋ ਚੁੱਕਿਆ ਹੈ ਅਤੇ ਹੁਣ ਡੇਢ ਲੱਖ ਲੀਟਰ ਭੰਡਾਰਨ ਸਮਰੱਥਾ ਵਾਲੀ ਪਾਣੀ ਦੀ ਟੈਂਕੀ ਦਾ ਕੰਮ ਸ਼ੁਰੂ ਕੀਤਾ ਗਿਆ ਹੈ। ਉਹਨਾਂ ਦੱਸਿਆ ਕਿ ਆਉਂਦੇ ਇਕ ਸਾਲ ਦੇ ਅੰਦਰ ਅੰਦਰ ਇਹ ਪ੍ਰਜੈਕਟ ਮੁਕੰਮਲ ਹੋ ਜਾਵੇਗਾ ਅਤੇ ਇਸ ਪ੍ਰਜੈਕਟ ਦੇ ਮੁਕੰਮਲ ਹੋਣ ਦੇ ਨਾਲ ਪਿੰਡ ਅਵਾਂਖਾ ਦੇ ਇਲਾਵਾ ਆਹਲੂਵਾਲ, ਡੇਰੇ ਜੱਟਾਂ ਅਤੇ ਅਵਾਂਖਾ ਕਲੋਨੀ ਦੇ 1668 ਘਰਾਂ ਨੂੰ ਸ਼ੁੱਧ ਪਾਣੀ ਮੁਹੱਈਆ ਕਰਵਾਇਆ ਜਾਵੇਗਾ। ਜਿਸ ਲਈ ਲਈ ਤੀਹ ਕਿਲੋਮੀਟਰ ਲੰਮੀ ਪਾਈਪ ਲਾਈਨ ਵੀ ਵਿਛਾਈ ਜਾਵੇਗੀ।

ਉਨ੍ਹਾਂ ਨੇ ਕਾਂਗਰਸ ਅਤੇ ਅਕਾਲੀ-ਭਾਜਪਾ ਦੀਆਂ ਸਰਕਾਰਾਂ ਦੀਆਂ ਨੀਤੀਆਂ ਖਿਲਾਫ ਭੜਾਸ ਕੱਢਦਿਆਂ ਕਿਹਾ ਕਿ ਬੜੇ ਹੀ ਅਫਸੋਸ ਦੀ ਗੱਲ ਹੈ ਕਿ ਦੇਸ਼ ਉੱਤੇ ਸੱਤ ਦਹਾਕਿਆਂ ਤੋਂ ਵੱਧ ਸਮਾਂ ਰਾਜ ਕਰਨ ਵਾਲੀਆਂ ਉਕਤ ਰਵਾਇਤੀ ਪਾਰਟੀਆਂ ਦੀਆਂ ਸਰਕਾਰਾਂ ਅਪਣੇ ਨਾਗਰਿਕਾਂ ਨੂੰ ਮੁੱਢਲੀਆਂ ਸਹੂਲਤਾਂ ਮੁਹੱਈਆ ਕਰਵਾਉਣ ਵਿੱਚ ਪੂਰੀ ਤਰ੍ਹਾਂ ਨਕਾਮ ਰਹੀਆਂ ਹਨ ਪਰ ਹੁਣ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਮਗਰੋਂ ਸੂਬੇ ਦੀ ਜਨਤਾ ਨੂੰ ਉਮੀਦ ਬੱਝੀ ਹੈ ਕਿ ਉਨ੍ਹਾਂ ਦਾ ਜੀਵਨ ਸੁਖਾਲਾ ਹੋਵੇਗਾ। ਇਸ ਮੌਕੇ ਤੇ ਪ੍ਰਦੀਪ ਠਾਕੁਰ, ਰਾਜ ਕੁਮਾਰ ਅਵਾਂਖਾ, ਚਮਨ ਲਾਲ, ਸੋਨੂੰ ਠਾਕੁਰ, ਰੋਜ਼ੀ ਠਾਕੁਰ ਅਤੇ ਲੰਬੜਦਾਰ ਸ਼ਮਸ਼ੇਰ ਸਿੰਘ, ਧੀਰਜ ਸਲਾਰੀਆ, ਰੋਹਿਤ ਹੰਸ, ਚਮਨ ਲਾਲ, ਅਸ਼ੋਕ ਕੁਮਾਰ ਸਣੇ ਵੱਡੀ ਗਿਣਤੀ ਵਿੱਚ ਅਵਾਂਖਾ ਪਿੰਡ ਦੇ ਵਸਨੀਕ ਹਾਜ਼ਰ ਸਨ।

## ਐਡਵੋਕੇਟ ਧਾਮੀ 'ਤੇ ਹਮਲੇ ਦੀ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨੇ ਕੀਤੀ ਨਿਖੇਧੀ

### ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਘਟਨਾ ਦੀ ਜਾਂਚ ਕਰਵਾਉਣ ਦੀ ਅਪੀਲ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਮੋਹਾਲੀ ਵਿਖੇ ਕੌਮੀ ਇਨਸਾਫ ਮੋਰਚੇ ਦੌਰਾਨ ਸ਼ਮੂਲੀਅਤ ਮਗਰੋਂ ਵਾਪਸ ਜਾਣ ਸਮੇਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ 'ਤੇ ਕੁਝ ਲੋਕਾਂ ਵੱਲੋਂ ਕੀਤੇ ਗਏ ਹਮਲੇ ਦੀ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨੇ ਸਖ਼ਤ ਨਿੰਦਾ ਕੀਤੀ ਹੈ। ਅੱਜ ਇਥੇ ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਸਕੱਤਰ ਪ੍ਰਤਾਪ ਸਿੰਘ ਦੀ ਅਗਵਾਈ ਵਿਚ ਹੋਈ ਅਧਿਕਾਰੀਆਂ ਦੀ ਮੀਟਿੰਗ ਵਿਚ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ 'ਤੇ ਹਮਲੇ ਨੂੰ ਮੰਦਭਾਗਾ ਕਰਾਰ ਦਿੰਦਿਆਂ ਇਸ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਦਖਲ ਦੇਣ ਦੀ ਅਪੀਲ ਕੀਤੀ ਗਈ। ਸ. ਪ੍ਰਤਾਪ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਮੁੱਚੀ ਕੌਮ ਦੀ ਨੁਮਾਇੰਦਾ ਜਥੇਬੰਦੀ ਦੇ ਆਗੂ ਹੋਣ ਕਰਕੇ ਕਿਸੇ ਇਕ ਧਿਰ ਦੇ ਨਹੀਂ, ਸਗੋਂ ਸਮੁੱਚੀ ਕੌਮ ਦੇ ਸਾਂਝੇ ਹਨ। ਉਹ ਨਿੱਜੀ ਤੌਰ 'ਤੇ ਵੀ ਪੰਥਕ ਸੰਘਰਸ਼ ਦੌਰਾਨ ਜੇਲ੍ਹਾਂ ਵਿਚ ਜਾਣ ਵਾਲਿਆਂ ਦੇ ਕੇਸਾਂ ਦੀ ਪੈਰਵਾਈ ਕਰਦਿਆਂ ਜ਼ਿਕਰਯੋਗ ਕਾਨੂੰਨੀ ਸੇਵਾਵਾਂ ਨਿਭਾ ਚੁੱਕੇ ਹਨ ਅਤੇ ਮੌਜੂਦਾ ਸਮੇਂ ਪ੍ਰਤੀਨਿਧ ਸਿੱਖ ਸੰਸਥਾ ਦੇ ਪ੍ਰਧਾਨ ਹੁੰਦਿਆਂ ਵੀ ਬੰਦੀ ਸਿੰਘਾਂ ਦੀ ਰਿਹਾਈ ਲਈ ਲਗਾਤਾਰ ਕਾਰਜਸ਼ੀਲ ਹਨ। ਅਜਿਹੀ ਪੰਥਕ ਸ਼ਖ਼ਸੀਅਤ 'ਤੇ ਹਮਲਾ ਕਰਨ ਵਾਲਿਆਂ ਨੇ ਬੰਦੀ ਸਿੰਘਾਂ ਦੀ ਰਿਹਾਈ ਲਈ ਚੱਲ ਰਹੇ ਸੰਘਰਸ਼ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਹੈ, ਜਿਸ ਦੀ ਸ਼੍ਰੋਮਣੀ ਕਮੇਟੀ ਦੇ ਸਮੂਹ ਮੁਲਾਜ਼ਮ ਕਰੜੀ ਨਿੰਦਾ ਕਰਦੇ ਹਨ। ਉਨ੍ਹਾਂ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਪੂਰੀ ਕੌਮ ਦੀ ਮੰਗ ਹੈ, ਕਿਸੇ ਇਕ ਧਿਰ ਦੀ ਨਹੀਂ ਹੈ। ਇਸ ਲਈ ਸੰਘਰਸ਼ ਦੀ ਹਮਾਇਤ ਕਰਨ ਵਾਲਿਆਂ ਦਾ ਵਿਰੋਧ ਕਰਨ ਵਾਲੇ ਕਿਸੇ ਵਿਅਕਤੀ ਦਾ ਨਹੀਂ, ਸਗੋਂ ਸੰਘਰਸ਼ ਦਾ ਵਿਰੋਧ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਮੋਰਚੇ ਦੇ ਪ੍ਰਬੰਧਕਾਂ ਨੂੰ ਦੋਸ਼ੀ ਵਿਅਕਤੀਆਂ ਦੀ ਪਛਾਣ ਕਰਕੇ ਕਰਵਾਈ ਕਰਨੀ ਚਾਹੀਦੀ ਹੈ। ਪ੍ਰਤਾਪ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਨੂੰ ਵੀ ਅਪੀਲ ਹੈ ਕਿ ਉਹ ਇਸ ਘਟਨਾ ਦੀ ਆਪਣੇ ਤੌਰ 'ਤੇ ਜਾਂਚ ਕਰਵਾਉਣ ਤਾਂ ਜੋ ਪੰਥਕ ਏਕਤਾ ਨੂੰ ਕਮਜ਼ੋਰ ਕਰਨ ਵਾਲੇ ਲੋਕਾਂ ਦੀ ਪਛਾਣ ਹੋ ਸਕੇ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਕੁਲਵਿੰਦਰ ਸਿੰਘ ਰਮਦਾਸ, ਬਲਵਿੰਦਰ ਸਿੰਘ ਕਾਹਲਵਾਂ, ਬਿਜੈ ਸਿੰਘ, ਹਰਜੀਤ ਸਿੰਘ ਲਾਲੂਘੁੰਮਣ, ਮੀਤ ਸਕੱਤਰ ਗੁਰਦਿਆਲ ਸਿੰਘ, ਗੁਰਚਰਨ ਸਿੰਘ ਕੁਹਾਲਾ, ਕੁਲਦੀਪ ਸਿੰਘ ਰੋਡੇ, ਜਸਵਿੰਦਰ ਸਿੰਘ ਜੱਸੀ, ਮੈਨੇਜਰ ਸ. ਸਤਨਾਮ ਸਿੰਘ ਮਾਂਗਾਸਰਾਏ ਅਤੇ ਸੁਪਰਡੈਂਟ ਮਲਕੀਤ ਸਿੰਘ ਬਹਿੜਵਾਲ ਆਦਿ ਮੌਜੂਦ ਸਨ।

## ਕਵੀਸ਼ਰ ਸਰਵਣ ਸਿੰਘ ਨੇਪਾਲ ਨੂੰ ਸਦਮਾ, ਭਣੇਵੇਂ ਦਾ ਦਿਹਾਂਤ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**-ਪੰਜਾਬ ਦੇ ਪ੍ਰਸਿੱਧ ਕਵੀਸ਼ਰ ਅਤੇ ਸ੍ਰੀ ਹੇਮਕੁੰਟ ਸਾਹਿਬ ਲੰਗਰ ਸੇਵਾ ਸੁਸਾਇਟੀ ਦੇ ਪ੍ਰਧਾਨ ਸਰਵਣ ਸਿੰਘ ਨੇਪਾਲ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਭਣੇਵੇਂ ਜਸਕਰਨ ਸਿੰਘ ਭਰੀ ਜਵਾਨੀ ਵਿਚ ਸਦੀਵੀ ਵਿਛੋੜਾ ਦੇ ਗਏ। ਜਸਕਰਨ ਸਿੰਘ ਆਪਣੇ ਪਿੱਛੇ ਆਪਣੀ ਪਤਨੀ, ਇਕ ਬੇਟਾ ਅਤੇ ਇਕ ਬੇਟੀ ਨੂੰ ਰੋਂਦੇ ਕੁਰਲਾਉਂਦੇ ਛੱਡ ਗਏ। ਜਸਕਰਨ ਸਿੰਘ ਇਸ ਸਮੇਂ ਕੋਆਪ੍ਰੇਟਿਵ ਸੁਸਾਇਟੀ ਵਿਚ ਬਤੌਰ ਸੈਕਟਰੀ ਸੇਵਾ ਕਰ ਰਹੇ ਸਨ। ਇਸ ਮੌਕੇ ਸੁਸਾਇਟੀ ਦੇ ਸਰਪ੍ਰਸਤ ਅਮਰਦੀਪ ਸਿੰਘ ਬਾਜਵਾ ਅਤੇ ਖਜ਼ਾਨਚੀ ਵਿਜੇ ਕੁਮਾਰ ਅਰੋੜਾ ਨੇ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਪਾਠ ਦਾ ਭੋਗ 28.01.2023. ਦਿਨ ਸ਼ਨੀਵਾਰ ਨੂੰ ਉਨ੍ਹਾਂ ਦੇ ਗ੍ਰਹਿ ਪਿੰਡ ਢੰਡਾਲ ਵਿਖੇ ਦੁਪਹਿਰ 12.00 ਤੋਂ 01:00 ਵਜੇ ਤੱਕ ਹੋਵੇਗਾ। ਇਸ ਦੁੱਖ ਦੀ ਘੜੀ ਵਿਚ ਬਾਬਾ ਮਹਿੰਦਰ ਸਿੰਘ ਸੂਰੇਪੁਰ, ਭਗਵੰਤ ਸਿੰਘ ਗੁੱਜਰਪੁਰਾ, ਰਸ਼ਪਾਲ ਸਿੰਘ ਕੋਟਲਾ ਕਾਜ਼ੀਆਂ, ਜਸਬੀਰ ਸਿੰਘ ਢਿੱਲੋਂ, ਪਰਮਜੀਤ ਸਿੰਘ ਪੰਮਾ ਅਤੇ ਤਜਿੰਦਰ ਸਿੰਘ ਸੋਨੂੰ ਆਦਿ ਹਾਜ਼ਰ ਸਨ।

# ਮੁੱਖ ਮੰਤਰੀ ਵੱਲੋਂ ਲਏ ਸੁਫਨੇ ਨੂੰ ਪੂਰਾ ਕਰੇਗੀ ਨਵੀਂ ਖੇਡ ਨੀਤੀ : ਮੀਤ ਹੇਅਰ



**ਚੰਡੀਗੜ੍ਹ, (ਗੁਰਜੀਤ ਬਿੱਲਾ)**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪੰਜਾਬ ਨੂੰ ਖੇਡਾਂ ਵਿੱਚ ਮੁੜ ਦੇਸ਼ ਦਾ ਮੋਹਰੀ ਸੂਬਾ ਬਣਾਉਣ ਦਾ ਲਏ ਸੁਫਨੇ ਨੂੰ ਪੂਰਾ ਕਰਨ ਲਈ ਖੇਡ ਵਿਭਾਗ ਵੱਲੋਂ ਬਣਾਈ ਜਾ ਰਹੀ ਨਵੀਂ ਖੇਡ ਨੀਤੀ ਵਿੱਚ ਵੱਡੇ ਵਿਆਪਕ ਸੁਧਾਰਾਂ ਉਤੇ ਜ਼ੋਰ ਦਿੱਤਾ ਗਿਆ ਹੈ। ਇਹ ਗੱਲ ਪੰਜਾਬ ਦੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਖੇਡ ਨੀਤੀ ਦੇ ਖਰੜੇ ਉਤੇ ਵਿਚਾਰਾਂ ਕਰਨ ਲਈ ਬਣਾਈ ਮਾਹਿਰਾਂ ਦੀ ਕਮੇਟੀ ਨਾਲ ਇਥੇ ਪੰਜਾਬ ਭਵਨ ਵਿਖੇ ਹੋਈ ਮੀਟਿੰਗ ਉਪਰੰਤ ਜਾਰੀ ਪ੍ਰੈਸ ਬਿਆਨ ਵਿੱਚ ਕਹੀ। ਮੀਤ ਹੇਅਰ ਨੇ ਕਿਹਾ ਕਿ ਨਵੀਂ ਖੇਡ ਨੀਤੀ ਨੂੰ ਅਮਲੀ ਜਾਮਾ ਪਹਿਨਾਏ ਜਾਣ ਨਾਲ ਮੁੱਖ ਮੰਤਰੀ ਦਾ ਸੁਫਨਾ ਪੂਰਾ ਹੋਵੇਗਾ। ਇਹ ਫੈਸਲਾ ਲਿਆ ਗਿਆ ਕਿ ਖਿਡਾਰੀਆਂ ਦੀ ਚੋਣ ਲਈ ਹੁਨਰ ਦੀ ਸ਼ਨਾਖਤ ਵਾਸਤੇ ਵਿਗਿਆਨਕ ਵਿਧੀ ਅਪਨਾਈ ਜਾਵੇ। ਸੂਬੇ ਦੇ ਖਿਡਾਰੀਆਂ ਦੇ ਪ੍ਰਦਰਸ਼ਨ ਦਾ ਡਾਟਾ ਇਕੱਤਰ ਕਰਕੇ ਉਸ ਦਾ ਵਿਸਲੇਸ਼ਣ ਕੀਤਾ ਜਾਵੇ। ਸੂਬੇ ਵਿੱਚ ਵੱਖ-ਵੱਖ ਖੇਡਾਂ ਦੇ ਵਿਸ਼ੇਸ਼ੀਕ੍ਰਿਤ ਸਥਾਨਾਂ ਦੀ ਸ਼ਨਾਖਤ ਕਰਕੇ ਉਥੇ ਸਬੰਧਤ ਖੇਡ ਉਤੇ ਧਿਆਨ ਕੇਂਦਰਿਤ ਜਾਵੇ। ਗਰੇਡੇਸ਼ਨ ਨੀਤੀ ਨੂੰ ਤਰਕਸੰਗਤ ਬਣਾਇਆ ਜਾਵੇ। ਸਕੂਲ ਸਿੱਖਿਆ, ਉਚੇਰੀ ਸਿੱਖਿਆ, ਤਕਨੀਕੀ ਸਿੱਖਿਆ ਅਤੇ ਮੈਡੀਕਲ ਸਿੱਖਿਆ ਵਿਭਾਗਾਂ ਨਾਲ ਮਿਲ ਕੇ ਖੇਡ ਵਿਭਾਗ ਸਾਂਝਾ ਖੇਡ ਕੈਲੰਡਰ ਬਣਾਏ ਤਾਂ ਜੋ ਖਿਡਾਰੀਆਂ ਦੇ ਟੂਰਨਾਮੈਂਟ ਵਿੱਚ ਤਰੀਕਾਂ ਨਾ ਮਿਲਣ। ਮੀਟਿੰਗ ਵਿੱਚ ਪ੍ਰਮੁੱਖ ਸਕੱਤਰ ਰਾਜ ਕਮਲ ਚੌਧਰੀ, ਡਾਇਰੈਕਟਰ ਅਮਿਤ ਤਲਵਾੜ, ਖੇਡ ਮਾਹਿਰਾਂ ਵਜੋਂ ਸ਼ਾਮਲ ਅਰਜੁਨਾ ਐਵਾਰਡੀ ਹਾਕੀ ਓਲੰਪੀਅਨ ਸੁਰਿੰਦਰ ਸਿੰਘ ਸੋਢੀ, ਦਰੋਣਾਚਾਰੀਆ ਐਵਾਰਡੀ ਤੇ ਸਾਬਕਾ ਕੌਮੀ ਮੁੱਕੇਬਾਜ਼ੀ ਕੋਚ ਗੁਰਬਖ਼ਸ਼ ਸਿੰਘ ਸੰਧੂ ਅਤੇ ਮਹਾਰਾਜਾ ਭੁਪਿੰਦਰ ਸਿੰਘ ਖੇਡ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਲੈਫਟੀਨੈਂਟ ਜਨਰਲ (ਸੇਵਾ ਮੁਕਤ) ਜੇ.ਐਸ.ਚੀਮਾ ਵੀ ਹਾਜ਼ਰ ਸਨ।

# ਸੜਕ ਹਾਦਸਿਆਂ ਦੇ ਪੀੜਤਾਂ ਲਈ ਸਰਕਾਰ ਦੀ ਫਰਿਸ਼ਤੇ ਸਕੀਮ ਵਰਦਾਨ ਸਾਬਤ ਹੋਵੇਗੀ : ਗੌਰਵ ਪੁਰੀ

**ਜਲੰਧਰ (ਨਵਾਂ ਜ਼ਮਾਨਾ ਸਰਵਿਸ)**



ਆਮ ਆਦਮੀ ਪਾਰਟੀ ਵਪਾਰ ਮੰਡਲ ਦੇ ਜ਼ਿਲ੍ਹਾ ਪ੍ਰਧਾਨ ਗੌਰਵ ਪੁਰੀ ਨੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਸ਼ੁਰੂ ਕੀਤੀ ਫਰਿਸ਼ਤੇ ਸਕੀਮ ਦੀ ਸ਼ਲਾਘਾ ਕਰਦਿਆਂ ਇਸ ਨੂੰ ਸੜਕ ਹਾਦਸੇ ਦੇ ਪੀੜਤਾਂ ਲਈ ਵਰਦਾਨ ਕਰਾਰ ਦਿੱਤਾ ਹੈ। ਉਨ੍ਹਾਂ ਸਰਕਾਰ ਦੀ ਇਸ ਸਕੀਮ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਸਕੀਮ ਤਹਿਤ ਸਰਕਾਰ ਵੱਲੋਂ 2000 ਰੁਪਏ ਦਿੱਤੇ ਜਾਣਗੇ। ਇਸ ਤੋਂ ਇਲਾਵਾ ਉਨ੍ਹਾਂ ਕਿਹਾ ਕਿ ਹਾਦਸੇ ਵਿੱਚ ਜ਼ਖਮੀ ਹੋਏ ਵਿਅਕਤੀ ਦੇ ਇਲਾਜ ਦਾ ਪੂਰਾ ਖਰਚਾ ਵੀ ਪੰਜਾਬ ਸਰਕਾਰ ਚੁੱਕੇਗੀ। ਯੋਜਨਾ ਦੀ ਸ਼ਲਾਘਾ ਕਰਦਿਆਂ ਗੌਰਵ ਪੁਰੀ ਨੇ ਕਿਹਾ ਕਿ ਇਹ ਜਿੱਥੇ ਜਖਮੀ ਵਿਅਕਤੀ ਨੂੰ ਸਹੀ ਸਮੇਂ 'ਤੇ ਹਸਪਤਾਲ ਪਹੁੰਚਾਉਣ 'ਚ ਸਹਾਈ ਹੋਵੇਗਾ, ਉੱਥੇ ਮਰੀਜ ਦਾ ਇਲਾਜ ਵੀ ਮੁਫਤ ਹੋਵੇਗਾ। ਉਨ੍ਹਾਂ ਕਿਹਾ ਕਿ ਲੋਕ ਸੜਕ ਹਾਦਸਿਆਂ ਦੌਰਾਨ ਜਖਮੀਆਂ ਨੂੰ ਹਸਪਤਾਲ ਲਿਜਾਣ ਤੋਂ ਝਿਜਕਦੇ ਹਨ ਪਰ ਸਰਕਾਰ ਦੀ ਇਸ ਯੋਜਨਾ ਤਹਿਤ ਲੋਕ ਜਖਮੀਆਂ ਨੂੰ ਹਸਪਤਾਲ ਪਹੁੰਚਾਉਣਗੇ। ਉਨ੍ਹਾਂ ਕਿਹਾ ਕਿ ਸਰਕਾਰ ਦੀ ਫਰਿਸ਼ਤੇ ਸਕੀਮ ਤਹਿਤ ਕਈ ਕੀਮਤੀ ਜਾਨਾਂ ਬਚਾਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਪਿਛਲੀ ਸਰਕਾਰ ਨੇ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ ਪਰ ਮੌਜੂਦਾ ਸਰਕਾਰ ਨੇ ਇਹ ਕੰਮ ਬਾਖੂਬੀ ਕੀਤਾ ਹੈ।

# ਪੁਰਾਣੀ ਪੈਨਸ਼ਨ ਪ੍ਰਾਪਤੀ ਫ਼ਰੰਟ ਨੇ ਕੇਂਦਰ ਸਰਕਾਰ ਦਾ ਪੁਤਲਾ ਫੂਕਿਆ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਪੰਜਾਬ ਦੇ ਦਿੱਤੇ ਸੱਦੇ ਦਸੂਹਾ ਵਿਖੇ ਮੁਲਾਜ਼ਮਾਂ ਨੇ ਮੋਦੀ, ਕੇਂਦਰੀ ਮੰਤਰੀਆਂ ਅਤੇ ਨੀਤੀਕਾਰਾਂ ਦੇ ਪੁਤਲੇ ਫੂਕੇ ਗਏ। ਇਸ ਅਰਥੀ ਫੂਕ ਮੁਜ਼ਾਹਰੇ ਦੀ ਅਗਵਾਈ ਕਰਦਿਆਂ ਡੈਮੋਕਰੈਟਿਕ ਮੁਲਾਜ਼ਮ ਫੈਡਰੇਸ਼ਨ ਦੇ ਜ਼ਿਲ੍ਹਾ ਪ੍ਰਧਾਨ ਪ੍ਰਮੋਦ ਗਿੱਲ, ਡੈਮੋਕਰੈਟਿਕ ਟੀਚਰਜ਼ ਫਰੰਟ ਦੇ ਆਗੂ ਇੰਦਰ ਸੁਖਦੀਪ ਸਿੰਘ ਓਢਰਾ, ਮਨਜੀਤ ਸਿੰਘ ਦਸੂਹਾ, ਕਸ਼ਮੀਰ ਸਿੰਘ ਅਤੇ ਸੁਰਿੰਦਰ ਕੁਮਾਰ ਸ਼ਾਹੂ ਦਾ ਪਿੰਡ ਆਦਿ ਨੇ ਕਿਹਾ ਕਿ ਪਿਛਲੇ ਦਿਨੀਂ ਜਿੱਥੇ ਕਿ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ, ਹੋਰ ਕੇਂਦਰੀ ਮੰਤਰੀਆਂ ਅਤੇ ਕੇਂਦਰ ਸਰਕਾਰ ਦੇ ਆਰਥਿਕ ਨੀਤੀਕਾਰਾਂ ਵਲੋਂ ਪੁਰਾਣੀ ਪੈਨਸ਼ਨ ਸੰਬੰਧੀ ਕੀਤੇ ਕੂੜਪ੍ਰਚਾਰ ਨੇ ਇਹਨਾਂ ਨੇਤਾਵਾਂ ਤੇ ਨੀਤੀਕਾਰਾਂ ਨੇ ਦੇਸ਼ ਦੇ ਲੱਖਾਂ ਮੁਲਾਜ਼ਮਾਂ ਖ਼ਿਲਾਫ਼ ਭੁਗਤ ਕੇ ਆਪਣਾ ਕਾਰਪੋਰੇਟਾਂ ਦੇ ਦਲਾਲ ਹੋਣ ਦਾ ਸਬੂਤ ਦਿੱਤਾ ਹੈ ਅਤੇ ਮੁਲਾਜਮ ਦਾ ਐਨ.ਪੀ.ਐਸ. ਵਿੱਚ ਲੱਗਾ ਅਰਬਾਂ ਰੁਪੱਈਆ ਵਾਪਸ ਨਾ ਕਰਨ ਦਾ ਐਲਾਨ ਕੀਤਾ ਹੈ, ਉਥੇ ਹੀ ਪੰਜਾਬ ਸਰਕਾਰ ਵਲੋਂ ਦੋ ਮਹੀਨੇ ਪਹਿਲਾਂ ਗੁਜਰਾਤ ਅਤੇ ਹਿਮਾਚਲ ਪ੍ਰਦੇਸ਼ ਦੀਆਂ ਵੋਟਾਂ ਲੈਣ ਖਾਤਰ ਪੁਰਾਣੀ ਪੈਨਸ਼ਨ ਲਾਗੂ ਕਰਨ ਦਾ ਢੌਂਗ ਰਚਿਆ ਜਿਸਦਾ ਸ਼ੁਰੂ ਵਿੱਚ ਹੀ ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਵਲੋਂ ਖਦਸ਼ਾ ਜਾਹਰ ਕਰ ਦਿੱਤਾ ਸੀ ਕਿਉਂਕਿ ਹੁਣ ਨਵੀਆਂ ਭਰਤੀਆਂ ਵਿੱਚ ਵੀ ਨਵੀਂ ਪੈਨਸ਼ਨ ਵਾਲੀਆਂ ਮੱਦਾਂ ਹੀ ਲਾਗੂ ਕਰਨ ਦੀਆਂ ਸ਼ਰਤਾਂ ਰੱਖੀਆਂ ਹਨ। ਫ਼ਰੰਟ ਦੇ ਨੇਤਾਵਾਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਉਹ 1972 ਦੇ ਪੈਨਸ਼ਨ ਐਕਟ ਤਹਿਤ ਪੂਰੇ ਲਾਭਾਂ ਵਾਲਾ ਨੋਟੀਫਿਕੇਸ਼ਨ ਜਾਰੀ ਕਰੇ। ਗੁਰਜਿੰਦਰ ਸਿੰਘ ਮੰਝਪੁਰ ਨੂੰ ਪੁਰਾਣੀ ਪੈਨਸ਼ਨ ਪ੍ਰਾਪਤੀ ਫ਼ਰੰਟ ਦਾ ਜ਼ਿਲ੍ਹਾ ਕਨਵੀਨਰ ਨਿਯੁਕਤ ਕਰਦਿਆਂ ਪੁਰਾਣੀ ਪੈਨਸ਼ਨ ਪ੍ਰਾਪਤੀ ਦੀ ਲੜਾਈ ਸ਼ੁਰੂ ਕਰਨ ਵਾਲੇ ਮਰਹੂਮ ਸਾਥੀ ਅਜੀਬ ਦਿਵੇਦੀ ਨੂੰ ਵੀ ਯਾਦ ਕੀਤਾ ਗਿਆ। ਇਸ ਸਮੇਂ ਰਾਕੇਸ਼ ਕੁਮਾਰ, ਵਰਿੰਦਰ ਸੈਣੀ, ਨਿਰਮਲ ਸਿੰਘ ਨਿਹਾਲਪੁਰ, ਜਸਵੀਰ ਸਿੰਘ, ਨਰਿੰਦਰ ਸਿੰਘ, ਸੁਨੀਲ ਕੁਮਾਰ, ਜਸਵੀਰ ਬੋਦਲ, ਦਲਜੀਤ ਸਿੰਘ, ਕਮਲਜੀਤ ਸਿੰਘ, ਦਲਜਿੰਦਰ ਸਿੰਘ, ਮਨਜੀਤ ਸਿੰਘ ਬਾਬਾ, ਜਸਵਿੰਦਰ ਝਿੰਗੜ, ਬਲਕਾਰ ਸਿੰਘ ਪੁਰੀਕਾ, ਗੁਰਜਿੰਦਰ ਸਿੰਘ ਮੰਝਪੁਰ, ਯਸ਼ਪਾਲ ਸਿੰਘ, ਦੀਪਕ ਮਲਹੋਤਰਾ ਅਤੇ ਗੁਰਦੀਪ ਸਿੰਘ ਆਦਿ ਵੀ ਹਾਜ਼ਰ ਸਨ।



## ਜਨਮ ਦਿਨ ਮੁਬਾਰਕ



ਅਨਾਹਤ, ਪਿੰਡ ਕੰਧਾਲਾ ਜੱਟਾਂ

# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਾ ਮੁੱਦਾ ਲਿਆਂਦਾ ਜਿੰਪਾ ਦੇ ਧਿਆਨ 'ਚ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**



ਨੂਰਮਹਿਲ ਦੇ ਨਿਰਮਾਣ ਅਧੀਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਾ ਮੁੱਦਾ ਪੰਜਾਬ ਸਰਕਾਰ ਦੇ ਸਹੀ ਹੱਥਾਂ ਵਿੱਚ ਪਹੁੰਚ ਗਿਆ ਹੈ। ਨੰਬਰਦਾਰ ਯੂਨੀਅਨ ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਲਾਇਨ ਅਸ਼ੋਕ ਸੰਧੂ ਨੰਬਰਦਾਰ ਨੂਰਮਹਿਲ ਨੇ ਦੱਸਿਆ ਕਿ ਨੂਰਮਹਿਲ ਦਾ ਸਰਕਾਰੀ ਸਕੂਲ ਚੰਦ ਕੁ ਭ੍ਰਿਸ਼ਟ ਲੋਕਾਂ ਨੇ "ਹਾਈ-ਜੈਕ" ਕਰ ਲਿਆ ਹੈ ਅਤੇ ਉਹਨਾਂ ਦੇ ਚੁੰਗਲ 'ਚੋਂ ਛੁਡਾਉਣ ਲਈ ਸਕੂਲ ਬਣਵਾਉਣ ਲਈ ਪੰਜਾਬ ਸਰਕਾਰ ਦੀ ਹਾਈਕਮਾਂਡ ਨਾਲ ਗੱਲ ਕਰਨੀ ਜਰੂਰੀ ਹੋ ਗਈ ਸੀ। ਨਤੀਜੇ ਵਜੋਂ ਪੰਜਾਬ ਦੇ ਮਾਲ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨਾਲ ਮੁਲਾਕਾਤ ਕਰਕੇ ਜ਼ਿਲ੍ਹਾ ਪ੍ਰਧਾਨ ਅਸ਼ੋਕ ਸੰਧੂ, ਜਨਰਲ ਸਕੱਤਰ ਸੁਰਿੰਦਰ ਸਿੰਘ, ਕੈਸ਼ੀਅਰ ਰਾਮ ਦਾਸ ਬਾਲੂ, ਪ੍ਰੈਸ ਸਕੱਤਰ ਤਰਸੇਮ ਲਾਲ, ਜੁਝਾਰੂ ਨੰਬਰਦਾਰ ਰਾਮ ਗੋਪਾਲ, ਲਾਇਨ ਬਬਿਤਾ ਸੰਧੂ, ਸਮਾਜ ਸੇਵੀ ਸੀਤਾ ਰਾਮ ਸੋਖਲ, ਲਾਇਨ ਦਿਨਕਰ ਸੰਧੂ ਅਤੇ ਹੋਰ ਨੰਬਰਦਾਰਾਂ ਨੇ ਸਕੂਲ ਦੀ ਨਾਜ਼ੁਕ ਸਥਿਤੀ ਤੋਂ ਜਾਣੂੰ ਕਰਵਾਉਂਦਿਆਂ ਦੱਸਿਆ ਕਿ ਲਗਭਗ ਦੋ ਦਹਾਕਿਆਂ ਤੋਂ ਨੂਰਮਹਿਲ ਦੇ ਗਰੀਬ ਬੱਚੇ ਆਪਣੇ ਵਿੱਦਿਆ ਦੇ ਮੰਦਰ ਲਈ ਤਰਸ ਰਹੇ ਹਨ, ਜੋ ਮਜਬੂਤ ਬਿਲਡਿੰਗ ਬਣੀ ਹੋਈ ਹੈ ਉਹ ਅਯਾਸ਼ੀ ਦਾ ਅੱਡਾ ਬਣ ਚੁੱਕੀ ਹੈ, ਗਲ-ਸੜ ਰਹੀ ਹੈ, ਖੰਡਰ ਬਣ ਰਹੀ ਹੈ ਅਤੇ ਪਾਣੀ ਵਿੱਚ ਡੁੱਬੀ ਪਈ ਹੈ। ਇਹ ਸਭ ਸੁਣਕੇ ਮੰਤਰੀ ਜਿੰਪਾ ਜੀ ਬੇ-ਹਾਲ ਹੋ ਗਏ। ਉਹਨਾਂ ਨੇ ਜ਼ਿਲ੍ਹਾ ਜਲੰਧਰ ਦੇ ਪ੍ਰਸ਼ਾਸਨ ਤੋਂ ਸਕੂਲ ਨਿਰਮਾਣ ਹੋਣ 'ਚ ਦੇਰੀ ਹੋਣ ਸੰਬੰਧੀ ਜਾਣਕਾਰੀ ਮੰਗੀ ਤਾਂ ਪ੍ਰਸ਼ਾਸਨ ਠੋਸ ਜਾਣਕਾਰੀ ਦੇਣ ਵਿੱਚ ਅਸਮਰਥ ਰਿਹਾ। ਵਰਨਣਯੋਗ ਹੈ ਸਕੂਲ ਦੀ ਅਧੂਰੀ ਪਈ ਬਿਲਡਿੰਗ 'ਤੇ ਸਰਕਾਰ ਦੇ 57 ਲੱਖ ਰੁਪਏ ਖਰਚ ਹੋਇਆਂ ਨੂੰ ਸਾਲਾਂਬੱਧੀ ਹੋ ਗਏ ਹਨ। ਨਿੱਤ ਅਖਬਾਰਾਂ, ਟੈਲੀਵਿਜਨ, ਸੋਸ਼ਲ ਮੀਡੀਆ 'ਤੇ ਅਧੂਰੀ ਬਿਲਡਿੰਗ ਨੂੰ ਪੂਰਾ ਕਰਨ ਲਈ ਜੋਰਦਾਰ ਚਰਚਾ ਛਿੜੀ ਰਹਿੰਦੀ ਹੈ। 26 ਜਨਵਰੀ ਗਣਤੰਤਰ ਦਿਵਸ ਦੇ ਪਾਵਨ ਦਿਵਸ 'ਤੇ ਮਜਬੂਰਨ ਰੋਸ ਵਜੋਂ ਪੁਤਲਾ ਫੂਕਣ ਦਾ ਐਲਾਨ ਹੋ ਚੁੱਕਾ ਹੈ ਪਰ ਜ਼ਿਲ੍ਹਾ ਪ੍ਰਸ਼ਾਸਨ ਅਤੇ ਹਲਕੇ ਦੇ ਜਿੰਮੇਵਾਰ ਨੁਮਾਇੰਦੇ ਚੁੱਪੀ ਧਾਰ ਕੇ ਬੈਠੇ ਹੋਏ ਹਨ। ਮਾਲ ਮੰਤਰੀ ਜਿੰਪਾ ਦੇ ਦਖਲ ਤੋਂ ਬਾਅਦ ਹੁਣ ਦੇਖਣਾ ਇਹ ਹੋਵੇਗਾ ਪੰਜਾਬ ਸਰਕਾਰ ਦੇ ਆਈ.ਏ.ਐਸ ਅਤੇ ਪੀ.ਸੀ.ਐਸ ਅਫਸਰ ਸਕੂਲ ਨੂੰ ਵਿੱਦਿਆ ਦਾ ਮੰਦਰ ਬਣਵਾਉਣ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਸਰਕਾਰ ਦਾ ਮਾਣ ਰੱਖਦੇ ਹਨ ਜਾਂ ਫਿਰ ਘਾਣ ਕਰਦੇ ਹਨ।

# ਜਵਾਹਰ ਨਵੋਦਿਆ ਵਿਦਿਆਲਿਆ ਫਲਾਹੀ 'ਚ ਛੇਵੀਂ ਜਮਾਤ ਦੇ ਦਾਖਲੇ ਲਈ ਆਨਲਾਈਨ ਰਜਿਸਟਰੇਸ਼ਨ ਸ਼ੁਰੂ

**ਹੁਸ਼ਿਆਰਪੁਰ, (ਓ ਪੀ ਰਾਣਾ )**

ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਦੱਸਿਆ ਕਿ ਜ਼ਿਲ੍ਹੇ ਦੇ ਨਿਵਾਸੀ ਅਤੇ ਇਸ ਜ਼ਿਲ੍ਹੇ ਵਿਚ ਪੰਜਵੀਂ ਜਮਾਤ ਵਿਚ ਪੜ੍ਹ ਰਹੇ ਵਿਦਿਆਰਥੀ ਜਵਾਹਰ ਨਵੋਦਿਆ ਵਿਦਿਆਲਿਆ ਫਲਾਹੀ ਵਿਚ ਅਗਲੇ ਵਿਦਿਅਕ ਸੈਸ਼ਨ ਵਿਚ ਛੇਵੀਂ ਜਮਾਤ ਵਿਚ ਦਾਖਲਾ ਲੈਣ ਲਈ ਆਨਲਾਈਨ ਰਜਿਸਟਰੇਸ਼ਨ 31 ਜਨਵਰੀ 2023 ਤੱਕ ਕਰਵਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਵਿਦਿਆਰਥੀ ਹੁਸ਼ਿਆਰਪੁਰ ਜ਼ਿਲ੍ਹੇ ਦਾ ਸਥਾਈ ਨਿਵਾਸੀ ਹੋਵੇ, ਜਮਾਤ ਤੀਜੀ ਅਤੇ ਚੌਥੀ ਕਿਸੇ ਸਰਕਾਰੀ/ਸਰਕਾਰੀ ਮਾਨਤਾ ਪ੍ਰਾਪਤ ਸਕੂਲ ਵਿਚ ਪੂਰਾ ਵਿਦਿਅਕ ਸਾਲ ਲਗਾ ਕੇ ਪਾਸ ਕੀਤੀ ਹੋਵੇ ਅਤੇ ਉਸ ਦਾ ਜਨਮ 1-5-2011 ਤੋਂ 30-4-2013 (ਦੋਵੇਂ ਮਿਤੀਆਂ ਸ਼ਾਮਿਲ) ਦੇ ਦਰਮਿਆਨ ਹੋਵੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਭਾਰਤ ਸਰਕਾਰ ਦੇ ਸਿੱਖਿਆ ਵਿਭਾਗ ਤਹਿਤ ਚੱਲ ਰਿਹਾ ਨਵੋਦਿਆ ਵਿਦਿਆਲਿਆ ਕੋ-ਐਜੂਕੇਸ਼ਨ ਰਿਹਾਇਸ਼ੀ ਸਕੂਲ ਹੈ। ਉਨ੍ਹਾਂ ਦੱਸਿਆ ਕਿ ਇਹ ਸਕੂਲ ਪੜ੍ਹਾਈ, ਰਹਿਣ, ਪੜ੍ਹਨ ਸਮੱਗਰੀ, ਖਾਣੇ ਦੀ ਮੁਫ਼ਤ ਸੁਵਿਧਾ, ਮਾਈਗ੍ਰੇਸ਼ਨ ਸਕੀਮ ਤਹਿਤ ਏਕਤਾ ਭਾਵਨਾ ਪ੍ਰਫੁਲਿਤ ਕਰਨ ਲਈ ਸੰਸਕ੍ਰਿਤਿਕ ਅਦਾਨ-ਪ੍ਰਦਾਨ, ਖੇਡ, ਰਾਸ਼ਟਰੀ ਕੈਡਿਟ ਕੋਰ, ਰਾਸ਼ਟਰੀ ਸੇਵਾ ਸਕੀਮ, ਸਕਾਊਟ ਤੇ ਗਾਈਡ, ਕੰਪਿਊਟਰ ਸਿੱਖਿਆ ਤੇ ਆਧੁਨਿਕ ਬੁਨਿਆਦੀ ਸਿੱਖਿਆ ਦੇਣ ਵਾਲਾ ਭਾਰਤ ਦਾ ਪ੍ਰਮੁੱਖ ਵਿਦਿਅਕ ਸੰਸਥਾਨ ਹੈ। ਡਿਪਟੀ ਕਮਿਸ਼ਨਰ ਨੇ ਸਕੂਲ ਮੁਖੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਉਹ ਵੱਧ ਤੋਂ ਵੱਧ ਵਿਦਿਆਰਥੀਆਂ ਤੋਂ ਫਾਰਮ ਭਰਵਾਉਣ, ਤਾਂ ਜੋ ਭਾਰਤ ਸਰਕਾਰ ਦੀ ਇਸ ਸਕੀਮ ਦਾ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਲਾਭ ਮਿਲ ਸਕੇ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਵਿਸਥਾਰ ਨਾਲ ਜਾਣਕਾਰੀ ਜ਼ਿਲ੍ਹੇ ਦੇ ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਵਿਚ ਪਹੁੰਚਾ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਵਿਦਿਆਰਥੀ . www.navodaya.gov.in ਲੰਕ 'ਤੇ ਆਨਲਾਈਨ ਰਜਿਸਟਰੇਸ਼ਨ ਕਰਵਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਚੋਣ ਪ੍ਰੀਖਿਆ ਜ਼ਿਲ੍ਹੇ ਦੇ ਵੱਖ-ਵੱਖ ਕੇਂਦਰਾਂ ਵਿਚ 29 ਅਪ੍ਰੈਲ 2023 ਨੂੰ ਹੋਵੇਗੀ।

# ਚੋਰਾਂ ਨੂੰ ਫੜਨ ਦੀ ਕੀਤੀ ਮੰਗ



**ਕਰਤਾਰਪੁਰ (ਹਰਮੇਸ਼ ਦੱਤ)**- ਸ਼ਹਿਰ ਵਿੱਚ ਲਗਾਤਾਰ ਹੋ ਰਹੀਆਂ ਚੋਰੀਆਂ ਦੀਆਂ ਘਟਨਾਵਾਂ ਤੋਂ ਪ੍ਰੇਸ਼ਾਨ ਹੋ ਕੇ ਦੁਕਾਨਦਾਰਾਂ ਨੇ ਵੀਰਵਾਰ ਨੂੰ ਕਰਤਾਰਪੁਰ ਦੇ ਵਿਧਾਇਕ ਬਲਕਾਰ ਸਿੰਘ ਨਾਲ ਗੱਲਬਾਤ ਕੀਤੀ ਤੇ ਹੋ ਰਹੀਆਂ ਚੋਰੀਆਂ 'ਤੇ ਨਕੇਲ ਕੱਸਣ ਲਈ ਤੁਰੰਤ ਹੀ ਚੋਰਾਂ ਨੂੰ ਫੜਨ ਦੀ ਮੰਗ ਕੀਤੀ। ਵਿਧਾਇਕ ਨੇ ਦੁਕਾਨਦਾਰਾਂ ਨੂੰ ਪੂਰੀ ਸੁਰੱਖਿਆ ਦਾ ਭਰੋਸਾ ਦਿੱਤਾ। ਦੁਕਾਨਦਾਰ ਨੀਰਜ ਸੂਰੀ, ਅਮਰਜੀਤ ਸਿੰਘ, ਜੁਗਿੰਦਰਪਾਲ, ਰਾਜਿੰਦਰ ਕਾਲੀਆ, ਮਾਸਟਰ ਅਮਰੀਕ ਸਿੰਘ, ਕੌਂਸਲਰ ਬਾਲ ਮੁਕੰਦ ਬਾਲੀ, ਜਗਦੀਸ ਜਗ੍ਗਾ, ਹਰਮਨ ਸਿੰਘ, ਰਕੇਸ਼ ਕੁਮਾਰ, ਮਨੀਸ਼ ਓਹਰੀ, ਪਰਦੀਪ ਭੰਡਾਰੀ, ਕਾਲਾ ਸੂਰੀ, ਮਨਦੀਪ ਸਿੰਘ,ਮਲਹੋਤਰਾ, ਮਨੂੰ ਛਾਬੜਾ, ਸਬ ਡਵੀਜਨ ਡੀਐੱਸਪੀ ਸੁਰਿੰਦਰਪਾਲ ਧੋਗੜੀ ਨੂੰ ਮਿਲੇ ਅਤੇ ਲਗਾਤਾਰ ਹੋ ਰਹੀਆਂ ਚੋਰੀਆਂ ਦੇ ਸਬੰਧ ਵਿੱਚ ਗੱਲਬਾਤ ਕੀਤੀ ਅਤੇ ਡੀਐਸਪੀ ਸੁਰਿੰਦਰਪਾਲ ਧੋਗੜੀ ਨੇ ਕਿਹਾ ਕਿ ਜਲਦੀ ਹੀ ਕਰਤਾਰਪੁਰ ਸ਼ਹਿਰ ਵਿਚ ਰਾਤ ਨੂੰ ਗਸ਼ਤ ਵਧਾ ਕੇ ਚੋਰਾਂ ਨੂੰ ਕਾਬੂ ਕੀਤਾ ਜਾਵੇਗਾ।

## ਬੁਲਟ ਮੋਟਰਸਾਈਕਲਾਂ ਦੇ ਚਲਾਨ ਕੱਟੇ

**ਫਿਲੌਰ (ਬੀ ਐਸ ਕੈਨੇਡੀ)**— ਇੱਥੇ ਲੱਕੜ ਮੰਡੀ ਨਵਾਂਸ਼ਹਿਰ ਰੋਡ 'ਤੇ ਵਿਸ਼ੇਸ਼ ਨਾਕਾਬੰਦੀ ਦੌਰਾਨ ਐਸ ਐਚ ਓ ਸੁਰਿੰਦਰ ਕੁਮਾਰ ਏ ਐਸ ਆਈ ਵਿਜੈ ਕੁਮਾਰ ਨੇ ਬੁਲੇਟ ਮੋਟਰਸਾਇਕਲਾਂ ਦੇ ਚਲਾਨ ਕੱਟੇ, ਜਿਹੜੇ ਸ਼ਹਿਰ 'ਚ ਪਟਾਕੇ ਚਲਾਉਂਦੇ ਸਨ। ਐਸ ਐਚ ਓ ਨੇ ਦਸਿਆ ਕਿ 26 ਜਨਵਰੀ ਨੂੰ ਮੁੱਖ ਰੱਖਦੇ ਹੋਏ ਇਹ ਨਾਕੇ ਲਗਾਏ ਜਾ ਰਹੇ ਹਨ ਪਰ ਇਹ ਨਾਕੇ ਲਗਾਤਾਰ ਜਾਰੀ ਰਹਿਣਗੇ। ਉਹਨਾਂ ਦੱਸਿਆ ਕਿ ਕੁਝ ਮੋਟਰਸਾਇਕਲਾਂ ਨੂੰ ਬਾਉਂਡ ਵੀ ਕੀਤਾ ਗਿਆ ਹੈ। ਉਹਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਛੋਟੇ ਬੱਚੇ ਨੂੰ ਵਹੀਕਲ ਨਾ ਫੜਾਉਣ ਤੇ ਆਪਣੇ ਕਾਗਜ ਪੂਰੇ ਰੱਖਣ।



## ਕੀਰਤਨ ਦਰਬਾਰ ਤੇ ਮੁਫਤ ਮੈਡੀਕਲ ਕੈਂਪ 31 ਨੂੰ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਇਤਿਹਾਸਕ ਪਿੰਡ ਭੁੰਗਰਨੀ ਵਿਖੇ ਗੁਰਦੁਆਰਾ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੀ ਪਵਿੱਤਰ ਚਰਨ ਛੋਹ ਪ੍ਰਾਪਤ ਅਸਥਾਨ 'ਤੇ ਧੰਨ ਧੰਨ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦਾ 393ਵੇਂ ਪ੍ਰਕਾਸ਼ ਪੁਰਬ ਮੌਕੇ 31 ਜਨਵਰੀ ਨੂੰ ਮਹਾਨ ਕੀਰਤਨ ਦਰਬਾਰ ਕਰਵਾਏ ਜਾ ਰਹੇ ਹਨ। ਇਸ ਮੌਕੇ "ਗਰੀਬ ਦਾ ਮੂੰਹ,ਗੁਰੂ ਦੀ ਗੋਲਕ" ਸੰਸਥਾ (ਰਜਿ.) ਅਜਨੋਹਾ ਵਲੋਂ ਗੁਰੂ ਨਾਨਕ ਚੈਰੀਟੇਬਲ ਡਿਸਪੈਂਸਰੀ ਨਰੂੜ ਦੇ ਸਹਿਯੋਗ ਨਾਲ ਮੁਫਤ ਮੈਡੀਕਲ ਕੈਂਪ ਲਗਾਇਆ ਜਾ ਰਿਹਾ ਹੈ। ਮੁੱਖ ਸੇਵਾਦਾਰ ਜਥੇਦਾਰ ਹਰਵਿੰਦਰ ਸਿੰਘ ਖਾਲਸਾ ਨੇ ਦੱਸਿਆ ਕਿ 31 ਜਨਵਰੀ ਨੂੰ ਸਵੇਰੇ 10 ਤੋ 02 ਵਜੇ ਮੁਫਤ ਮੈਡੀਕਲ ਕੈਂਪ ਦੌਰਾਨ ਡਾਕਟਰਾਂ ਦੀ ਟੀਮ ਵਲੋਂ ਲੋੜਵੰਦ ਮਰੀਜਾਂ ਦੀ ਜਾਂਚ ਕਰਕੇ ਮੁਫਤ ਦਵਾਈਆਂ ਦਿੱਤੀਆਂ ਜਾਣਗੀਆਂ।

## ਅਜੀਤ ਸਿੰਘ ਨਮਿਤ ਅੰਤਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ ਭਲਕੇ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਗੋਪਾਲੀਆ ਦੇ ਸਮਾਜ ਸੇਵਕ ਏ ਐਸ ਆਈ ਹਰਿਆਣਾ ਪੁਲਸ ਅਜੀਤ ਸਿੰਘ ਗੋਪਾਲੀਆ (67) ਪੁੱਤਰ ਸੀਬੂ ਰਾਮ ਵਾਸੀ ਗੋਪਾਲੀਆ ਜ਼ਿਲ੍ਹਾ ਹੁਸ਼ਿਆਰਪੁਰ ਦਾ ਬੀਤੇ ਦਿਨੀਂ ਦੇਹਾਂਤ ਹੋ ਗਿਆ ਸੀ। ਉਨ੍ਹਾਂ ਦਾ ਅੰਤਿਮ ਸੰਸਕਾਰ ਪਿੰਡ ਗੋਪਾਲੀਆ ਦੇ ਸ਼ਮਸ਼ਾਨਘਾਟ ਵਿਖੇ ਧਾਰਮਿਕ ਰੀਤੀ ਰਿਵਾਜਾਂ ਨਾਲ ਕਰ ਦਿੱਤਾ ਗਿਆ। ਇਸ ਮੌਕੇ ਡਾਕਟਰ ਗਗਨ ਕੁਮਾਰ ਗੋਪਾਲੀਆ ਨੇ ਦੱਸਿਆ ਕਿ ਗੋਪਾਲੀਆ ਨਮਿਤ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ 22 ਜਨਵਰੀ ਨੂੰ ਹੋਣਗੇ।

# ਸੇਂਟ ਸੋਲਜਰ ਦੇ ਵਿਦਿਆਰਥੀਆਂ ਨੇ ਓਰੇਂਜ ਡੇ ਮਨਾਇਆ



**ਜਲੰਧਰ, (ਇਕਬਾਲ ਸਿੰਘ ਉੱਭੀ)**-ਸੇਂਟ ਸੋਲਜਰ ਡਿਵਾਈਨ ਪਬਲਿਕ ਸਕੂਲ ਖਾਂਬੜਾ 'ਚ ਆਰੇਂਜ ਡੇ ਮਨਾਇਆ ਗਿਆ। ਇਸ ਦਿਨ ਦਾ ਮੁੱਖ ਮੰਤਵ ਵਿਦਿਆਰਥੀਆਂ ਨੂੰ ਆਰੇਂਜ ਰੰਗ ਦੀ ਮਹੱਤਤਾ ਬਾਰੇ ਜਾਗਰੂਕ ਕਰਨਾ ਸੀ। ਪ੍ਰਿੰਸੀਪਲ ਅਨੁਰਾਧਾ ਸ਼ਰਮਾ ਦੀ ਅਗਵਾਈ ਹੇਠ ਮਨਾਏ ਗਏ ਇਸ ਦਿਵਸ ਦੀ ਖਾਸ ਗੱਲ ਇਹ ਰਹੀ ਕਿ ਸਾਰੇ ਵਿਦਿਆਰਥੀ ਆਰੇਂਜ ਰੰਗ ਦੇ ਕੱਪੜੇ ਪਾ ਕੇ ਸਕੂਲ ਪਹੁੰਚ ਰਹੇ ਸਨ। ਇਸ ਤੋਂ ਇਲਾਵਾ ਵਿਦਿਆਰਥੀ ਆਪਣੇ ਨਾਲ ਆਰੇਂਜ ਰੰਗ ਦੇ ਖਿਡੌਣੇ ਵੀ ਲੈ ਕੇ ਆਏ। ਜਿੱਥੇ ਬੱਚਿਆਂ ਨੂੰ ਵੱਖ-ਵੱਖ ਵਸਤੂਆਂ ਦਿਖਾ ਕੇ ਆਰੇਂਜ ਰੰਗ ਦੀ ਪਛਾਣ ਕਰਨ ਬਾਰੇ ਜਾਣਕਾਰੀ ਦਿੱਤੀ ਗਈ। ਉਨ੍ਹਾਂ ਵਿਦਿਆਰਥੀਆਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੰਤਰੀ ਰੰਗ ਹਿੰਮਤ, ਉਦੇਸ਼ ਅਤੇ ਸਹਿਣਸ਼ੀਲਤਾ ਦਾ ਪ੍ਰਤੀਕ ਹੈ। ਸੰਤਰੀ ਰੰਗ ਦੇ ਖਿਡੌਣੇ, ਸੰਤਰੀ ਰੰਗ ਨਾਲ ਲੋਕ ਚਿੱਤਰਕਾਰੀ, ਸੰਤਰੀ ਰੰਗ ਕਲੇਅ ਮਾਡਲਿੰਗ ਮੁਕਾਬਲੇ ਵੀ ਕਰਵਾਏ ਗਏ। ਵਿਦਿਆਰਥੀਆਂ ਨੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਅਤੇ ਰੰਗ ਸੰਤਰੀ ਨਾਲ ਸਬੰਧਤ ਗੀਤ ਅਤੇ ਕਵਿਤਾਵਾਂ ਸੁਣਾਈਆਂ। ਕਲਾਸਰੂਮਾਂ ਅਤੇ ਗਲਿਆਰਿਆਂ ਨੂੰ ਸੰਤਰੀ ਰੰਗ ਦੀਆਂ ਚੀਜ਼ਾਂ ਜਿਵੇਂ ਗੁਬਾਰੇ, ਖਿਡੌਣੇ, ਰਿਬਨ ਆਦਿ ਨਾਲ ਸੁੰਦਰ ਢੰਗ ਨਾਲ ਸਜਾਇਆ ਗਿਆ ਸੀ। ਪ੍ਰਿੰਸੀਪਲ ਸ਼੍ਰੀਮਤੀ ਸ਼ਰਮਾ ਨੇ ਦੱਸਿਆ ਕਿ ਇਹ ਪੀਲੇ ਅਤੇ ਲਾਲ ਤੋਂ ਬਣਿਆ ਸੈਕੰਡਰੀ ਰੰਗ ਹੈ। ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਸਮੂਹ ਸਟਾਫ਼ ਨੇ ਸਹਿਯੋਗ ਦਿੱਤਾ।

# ਸਕੂਲ ਦੇ ਹੋਣਹਾਰ ਵਿਦਿਆਰਥੀਆਂ ਨੂੰ ਨਗਦ ਇਨਾਮ ਰਾਸ਼ੀ ਦੇ ਕੇ ਕੀਤਾ ਸਨਮਾਨਤ

**ਟਾਂਡਾ ਉੜਮੁੜ, ( ਜਸਵਿੰਦਰ ਸੰਧੂ, ਉਂਕਾਰ ਸਿੰਘ )**- ਸਰਕਾਰੀ ਹਾਈ ਸਕੂਲ ਰਾਜਪੁਰ-ਗਹੋਤ ਵਿਖੇ ਹੋਏ ਇਕ ਸਮਾਗਮ ਦੌਰਾਨ ਪ੍ਰਵਾਸੀ ਭਾਰਤੀ ਰੇਸ਼ਮ ਸਿੰਘ ਯੂ ਐਸ.ਏ ਵੱਲੋਂ ਭੇਜੀ ਗਈ ਮਾਇਕ ਸਹਾਇਤਾ ਦੇ ਨਾਲ ਸਕੂਲ ਦੇ ਹੋਣਹਾਰ ਵਿਦਿਆਰਥੀਆਂ ਨੂੰ ਨਗਦ ਇਨਾਮੀ ਰਾਸ਼ੀ ਦੇ ਕੇ ਸਨਮਾਨਤ ਕੀਤਾ ਗਿਆ। ਸਕੂਲ ਮੁਖੀ ਹਰਪ੍ਰੀਤ ਸਿੰਘ ਦੀ ਅਗਵਾਈ ਵਿਚ ਹੋਏ ਇਸ ਸਮਾਗਮ ਦੌਰਾਨ ਭੇਜੀ ਗਈ ਇਨਾਮੀ ਰਾਸ਼ੀ ਸਮਾਜ ਸੇਵੀ ਨਰਿੰਦਰ ਸਿੰਘ ਨੇ ਸਕੂਲ ਦੇ ਸਾਲ 2021-2022 ਦਸਵੀਂ ਕਲਾਸ ਬੋਰਡ ਦੀ ਪ੍ਰੀਖਿਆ ਵਿੱਚ ਸਕੂਲ 'ਚੋਂ ਸ਼ਾਨਦਾਰ ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੀ ਮਨਪ੍ਰੀਤ ਕੌਰ, ਦੂਸਰਾ ਸਥਾਨ ਪ੍ਰਾਪਤ ਕਰਨ ਵਾਲੀ ਸਨਮ ਵਰਮਾ ਤੇ ਤੀਸਰਾ ਸਥਾਨ ਪ੍ਰਾਪਤ ਕਰਨ ਵਾਲੀ ਹਰਪ੍ਰੀਤ ਕੌਰ ਤੋਂ ਇਲਾਵਾ ਆਪਣੀ ਸ਼ਾਨਦਾਰ ਪੜ੍ਹਾਈ ਦੇ ਦਮ 'ਤੇ ਮੈਰੀਟੋਰੀਅਸ ਸਕੂਲ ਵਿਚ ਦਾਖਲਾ ਪ੍ਰਾਪਤ ਕਰਨ ਵਾਲੀਆਂ ਵਿਦਿਆਰਥਣਾਂ ਮਨਪ੍ਰੀਤ ਕੌਰ ਅਤੇ ਦਿਲਜੋਤ ਕੌਰ ਨੂੰ ਵੀ ਨਗਦ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਕੂਲ ਮੁਖੀ ਹਰਪ੍ਰੀਤ ਸਿੰਘ ਨੇ ਰੇਸ਼ਮ ਸਿੰਘ ਯੂ ਐਸ.ਏ ਦੇ ਇਸ ਸ਼ਾਨਦਾਰ ਉਪਰਾਲੇ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਹਰ ਸਾਲ ਹੀ ਇਹ ਉਪਰਾਲਾ ਕਰਕੇ ਸਕੂਲ ਦੇ ਹੋਣਹਾਰ ਵਿਦਿਆਰਥੀਆਂ ਦੀ ਹੌਂਸਲਾ ਅਫਜਾਈ ਕੀਤੀ ਜਾਂਦੀ ਹੈ। ਇਸ ਮੌਕੇ ਮੈਡਮ ਨੀਲਮ ਕੁਮਾਰੀ, ਵਰਿੰਦਰ ਨਰਿੰਦਰਾ, ਗੁਰਿੰਦਰ ਕੌਰ ,ਪਿੰਕੀ ਰਾਣੀ, ਤਰਨਜੀਤ ਕੌਰ, ਗੁਰਪ੍ਰੀਤ ਕੌਰ, ਮਨਦੀਪ ਕੌਰ, ਮਨਿੰਦਰ ਕੌਰ, ਰਾਜਦੀਪ ਕੌਰ ,ਪਰਦੀਪ ਸਿੰਘ, ਸੁਖਬੀਰ ਸਿੰਘ, ਜਸਪਿੰਦਰ ਸਿੰਘ ਆਦਿ ਵੀ ਮੌਜੂਦ ਸਨ।



## ਰਾਮਗੜ੍ਹੀਆ ਕੋ ਐਡ. ਸਕੂਲ ਵਿਖੇ ਪੇਂਟਿੰਗ ਮੁਕਾਬਲੇ ਕਰਵਾਏ ਜਾਣਗੇ



**ਕਰਤਾਰਪੁਰ (ਹਰਮੇਸ਼ ਦੱਤ)**- ਭਾਜਪਾ ਸਰਕਲ ਕਰਤਾਰਪੁਰ ਦੀ ਪ੍ਰਧਾਨ ਸ਼ੈਲੀ ਮਹਾਜਨ ਅਤੇ ਭਾਜਪਾ ਜ਼ਿਲ੍ਹਾ ਜਲੰਧਰ ਦਿਹਾਤੀ ਦੇ ਜ਼ਿਲ੍ਹਾ ਸਕੱਤਰ ਐਡਵੋਕੇਟ ਕ੍ਰਿਸ਼ਨ ਕੁਮਾਰ ਅਤੇ ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਰਾਮਗੜ੍ਹੀਆ ਕੋ. ਐਡ. ਸਕੂਲ ਕਰਤਾਰਪੁਰ ਵਿਖੇ ਕੇਂਦਰ ਸਰਕਾਰ ਦੇ "ਪਰੀਕਸਾ ਤੇ ਚਰਚਾ" ਪ੍ਰੋਗਰਾਮ ਤਹਿਤ 21 ਜਨਵਰੀ ਨੂੰ ਡਰਾਇੰਗ ਮੁਕਾਬਲਾ ਕਰਵਾਇਆ ਜਾਵੇਗਾ। ਇਸ ਮੁਕਾਬਲੇ ਵਿੱਚ ਕਰਤਾਰਪੁਰ ਦੇ ਵੱਖ-ਵੱਖ ਸਕੂਲਾਂ ਦੇ 9ਵੀਂ ਤੋਂ 12ਵੀਂ ਜਮਾਤ ਤੱਕ ਦੇ ਵਿਦਿਆਰਥੀ ਭਾਗ ਲੈਣਗੇ। ਇਸ ਮੁਕਾਬਲੇ ਦਾ ਸਮਾਂ ਸਵੇਰੇ 11 ਵਜੇ ਤੋਂ ਦੁਪਹਿਰ 1 ਵਜੇ ਤੱਕ ਹੋਵੇਗਾ। ਵਰਨਣਯੋਗ ਹੈ ਕਿ ਇਸ ਮੁਕਾਬਲੇ ਦਾ ਫੈਸਲਾ ਪ੍ਰਸਿੱਧ ਚਿੱਤਰਕਾਰ ਮੰਜਲ ਸਿੰਘ ਕਰਨਗੇ ਅਤੇ ਮੁਕਾਬਲੇ ਵਿਚ ਭਾਗ ਲੈਣ ਵਾਲੇ ਹਰੇਕ ਪ੍ਰਤੀਯੋਗੀ ਨੂੰ ਕੇਂਦਰ ਸਰਕਾਰ ਵੱਲੋਂ ਸਰਟੀਫਿਕੇਟ ਦਿੱਤਾ ਜਾਵੇਗਾ। ਪਹਿਲੇ ਤਿੰਨ ਸਥਾਨਾਂ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਵੀ ਵੰਡੇ ਜਾਣਗੇ । ਦਾਖਲਾ ਬਿਲਕੁਲ ਮੁਫਤ ਹੋਵੇਗਾ। ਇਸ ਮੌਕੇ 'ਤੇ ਨਰਿੰਦਰ ਸਿੱਲੀ, ਅਮਨ ਸ਼ਰਮਾ, ਸੋਮ ਲਾਲ ਪਾਲ, ਤਿਲਕ ਰਾਜ ਹਾਜਰ ਸਨ।

# ਸੁਰਕਸ਼ਾ ਜਵਾਨ ਦੀ ਭਰਤੀ ਲਈ ਵਿਸ਼ੇਸ਼ ਕੈਂਪ 23 ਤੋਂ

**ਕਪੂਰਥਲਾ, (ਪ੍ਰੀਤ ਸੰਗੋਜਲਾ)**- ਡਿਪਟੀ ਕਮਿਸ਼ਨਰ ਕਪੂਰਥਲਾ ਵਿਸ਼ੇਸ਼ ਸਾਰੰਗਲ ਨੇ ਦੱਸਿਆ ਕਿ ਐਸ.ਐਸ.ਸੀ.ਆਈ ਦੇ ਰਿਜਨਲ ਟ੍ਰੇਨਿੰਗ ਸੈਂਟਰ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਲੋਂ ਕਪੂਰਥਲਾ ਜ਼ਿਲ੍ਹੇ ਦੇ ਵੱਖ-ਵੱਖ ਬਲਾਕਾਂ ਵਿਚ ਸੁਰਕਸ਼ਾ ਜਵਾਨ ਦੀ ਭਰਤੀ ਲਈ ਸਕਿਊਰਿਟੀ/ਪਲੇਸਮੈਂਟ ਰਜਿਸਟਰੇਸ਼ਨ ਕੈਂਪ ਲਗਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਇਸ ਭਰਤੀ ਲਈ 23 ਜਨਵਰੀ ਨੂੰ ਬੀ.ਡੀ.ਪੀ.ਓ ਦਫਤਰ ਫਗਵਾੜਾ,24 ਜਨਵਰੀ ਨੂੰ ਬੀ.ਡੀ.ਪੀ.ਓ ਦਫਤਰ ਨਡਾਲਾ,25 ਜਨਵਰੀ ਨੂੰ ਬੀ.ਡੀ.ਪੀ.ਓ ਦਫਤਰ ਢਿਲਵਾਂ,31 ਜਨਵਰੀ ਨੂੰ ਬੀ.ਡੀ.ਪੀ.ਓ ਦਫਤਰ ਸੁਲਤਾਨਪੁਰ ਲੋਧੀ ਅਤੇ 1 ਫਰਵਰੀ ਨੂੰ ਬੀ.ਡੀ.ਪੀ.ਓ ਦਫਤਰ ਕਪੂਰਥਲਾ ਵਿਖੇ ਉਮੀਦਵਾਰਾਂ ਦੀ ਰਜਿਸਟਰੇਸ਼ਨ ਲਈ ਵਿਸ਼ੇਸ ਕੈਂਪ ਲਗਾਏ ਜਾਣਗੇ। ਕੈਂਪ ਦਾ ਸਮਾਂ ਸਵੇਰੇ 10 ਵਜੇ ਤੋਂ 2 ਵਜੇਂ ਤੱਕ ਦਾ ਹੋਵੇਗਾ। ਉਨ੍ਹਾਂ ਕਿਹਾ ਕਿ ਉਮੀਦਵਾਰ ਦੀ ਉਮਰ 21 ਸਾਲ ਤੋਂ 37 ਸਾਲ ਤੱਕ,ਕੱਦ 168 ਸੈ.ਮੀ ਅਤੇ ਵਿੱਦਿਅਕ ਯੋਗਤਾ 10ਵੀਂ ਪਾਸ ਹੋਣਾ ਲਾਜ਼ਮੀ ਹੋਵੇਗਾ ਅਤੇ ਉਮੀਦਵਾਰ ਵਿਦਿਅਕ ਯੋਗਤਾ ਦੀਆਂ ਕਾਪੀਆਂ ਤੇ ਦੋ ਪਾਸਪੋਰਟ ਸਾਇਜ ਫੋਟੋ,ਆਧਾਰ ਕਾਰਡ ਦੀ ਫੋਟੋ ਕਾਪੀ ਲੈ ਕੇ ਆਉਣਾ ਯਕੀਨੀ ਬਣਾਉਣ।

# ਬਰਨਾਲੀਏ ਵੀ ਹੋਣਗੇ ਪਾਵਰ ਪਲਾਂਟ ਦੇ ਘਿਰਾਓ 'ਚ ਸ਼ਾਮਲ



**ਨਵਾਂਸ਼ਹਿਰ (ਮਨੋਜ ਲਾਡੀ)**

ਲੋਕ ਸੰਘਰਸ਼ ਮੰਚ ਨਵਾਂਸ਼ਹਿਰ ਦੇ ਸੱਦੇ ਉੱਤੇ ਕੋ-ਜੈਨਰੇਸ਼ਨ ਪਾਵਰ ਪਲਾਂਟ ਦੇ 24 ਜਨਵਰੀ ਨੂੰ ਕੀਤੇ ਜਾ ਰਹੇ ਘਿਰਾਓ ਵਿੱਚ ਪਿੰਡ ਬਰਨਾਲਾ ਕਲਾਂ ਵਾਸੀ ਵੀ ਭਰਵੀਂ ਸ਼ਮੂਲੀਅਤ ਕਰਨਗੇ । ਇਸ ਸਬੰਧੀ ਪਿੰਡ ਬਰਨਾਲਾ ਕਲਾਂ ਵਿਖੇ ਪਿੰਡ ਵਾਸੀਆਂ ਦੀ ਇਕ ਮੀਟਿੰਗ ਹੋਈ । ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੁਲਵੀਰ ਸਿੰਘ ਜੌਹਲ ਅਤੇ ਸੁੱਚਾ ਸਿੰਘ ਨੇ ਕਿਹਾ ਕਿ ਪਾਵਰ ਪਲਾਂਟ ਦੀ ਜ਼ਹਿਰੀਲੀ ਸੁਆਹ ਲੋਕਾਂ ਦੀ ਸਿਹਤ ਵਿਗਾੜ ਰਹੀ ਹੈ ਪਰ ਜ਼ਿਲ੍ਹਾ ਪ੍ਰਸ਼ਾਸਨ ਅਤੇ ਪ੍ਰਦੂਸ਼ਣ ਕੰਟਰੋਲ ਬੋਰਡ ਆਪਣੀ ਬਣਦੀ ਜਿੰਮੇਵਾਰੀ ਨਹੀਂ ਨਿਭਾਅ ਰਿਹਾ। ਇਸ ਮੀਟਿੰਗ ਵਿੱਚ ਰੇਸ਼ਮ ਲਾਲ,ਨਰੇਸ਼ ਕੁਮਾਰ, ਰਮੇਸ਼ ਕੁਮਾਰ, ਮੰਗਤ ਰਾਮ, ਅਜੇ ਕੁਮਾਰ, ਸਤੀਸ਼ ਕੁਮਾਰ, ਕੁਲਵਿੰਦਰ ਬਲਵੀਰ ਸਿੰਘ ਅਤੇ ਰਵਿੰਦਰ ਸਿੰਘ ਵੀ ਮੌਜੂਦ ਸਨ।

# ਖੇਤ ਮਜ਼ਦੂਰ ਜਥੇਬੰਦੀਆਂ ਵੱਲੋਂ ਸਾਂਝੀ ਕਨਵੈਨਸ਼ਨ 23 ਨੂੰ

**ਨਵਾਂਸ਼ਹਿਰ (ਮਨੋਜ ਲਾਡੀ)**-ਕੁਲ ਹਿੰਦ ਖੇਤ ਮਜਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਕਾਮਰੇਡ ਰਾਮ ਸਿੰਘ ਨੂਰਪੁਰੀ, ਪੰਜਾਬ ਖੇਤ ਮਜਦੂਰ ਸਭਾ ਦੇ ਸੂਬਾ ਜਨਰਲ ਸਕੱਤਰ ਦੇਵੀ ਕੁਮਾਰੀ, ਮਜਦੂਰ ਮੁਕਤੀ ਮੋਰਚੇ ਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਸਮਾਓ, ਦਲਿਤ ਸੋਸਣ ਮੁਕਤੀ ਮੰਚ ਦੇ ਸੂਬਾ ਸਕੱਤਰ ਮੇਲਾ ਸਿੰਘ ਰੁੜਕਾ ਨੇ ਸਾਂਝੇ ਪ੍ਰੈੱਸ ਬਿਆਨ ਰਾਹੀਂ ਦੱਸਿਆ ਕਿ ਦੇਸ਼ ਦੀਆਂ ਪੰਜ ਜਥੇਬੰਦੀਆਂ ਨੇ ਕੌਮੀ ਪੱਧਰ 'ਤੇ ਦਿੱਲੀ ਸੁਰਜੀਤ ਭਵਨ ਵਿਖੇ ਕਨਵੈਨਸਨ ਕਰਕੇ ਦੇਸ਼ ਦੇ ਦਲਿਤਾਂ,ਖੇਤ ਮਜਦੂਰਾਂ ਦੀਆਂ ਮੰਗਾਂ 'ਤੇ ਸਾਂਝੇ ਸੰਘਰਸ ਕਰਨ ਦਾ ਸੱਦਾ ਦਿੱਤਾ ਹੈ। ਜਨਵਰੀ ਵਿੱਚ ਸੂਬਾਈ ਕਨਵੈਨਸ਼ਨ 23 ਜਨਵਰੀ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ 11 ਵਜੇ ਹੋਵੇਗੀ । ਇਸ ਕਨਵੈਨਸ਼ਨ ਨੂੰ ਕੁਲ ਹਿੰਦ ਖੇਤ ਮਜਦੂਰ ਯੂਨੀਅਨ ਦੇ ਜਨਰਲ ਸਕੱਤਰ ਬੀ ਵੈਂਕਟ ਭਾਰਤੀ ਖੇਤ ਮਜਦੂਰ ਯੂਨੀਅਨ ਦੇ ਜਨਰਲ ਸਕੱਤਰ ਗੁਲਜਾਰ ਗੌਰੀਆ,ਆਲ ਇੰਡੀਆ ਦਲਿਤ ਰਾਈਟ ਮੂਵਮੈਂਟ ਦੇ ਜਨਰਲ ਸਕੱਤਰ ਨਿਰਮਲ ਸਿੰਘ, ਦਲਿਤ ਸੋਸ਼ਣ ਮੁਕਤੀ ਮੰਚ ਦੇ ਨੱਥੂ ਪ੍ਰਸਾਦ ਅਤੇ ਦਲਿਤ ਆਗੂ ਐਸ ਐਲ ਵਿਰਦੀ ਸੰਬੋਧਨ ਕਰਨਗੇ।

# ਗੁਰੂ ਨਾਨਕ ਸਟੱਡੀ ਸੈਂਟਰ ਦੀ ਵਿਦਿਆਰਥਣ ਨੇ ਪ੍ਰਾਪਤ ਕੀਤੇ 7 ਬੈਂਡ



**ਮਹਿਤਪੁਰ (ਰਾਜਾ)**-ਸ਼ਹਿਰ ਤੇ ਇਲਾਕੇ ਦੀ ਨਾਮਵਰ ਆਈਲੈਟਸ ਸੰਸਥਾ ਇੰਗਲਿਸ਼ ਸਕੂਲ ਜੋ ਕਿ ਵਿਦਿਆਰਥੀਆਂ ਦੀ ਪਹਿਲੀ ਪਸੰਦ ਬਣ ਚੁੱਕੀ ਹੈ। ਅਨੇਕਾਂ ਵਿਦਿਆਰਥੀ ਮਨਚਾਹੇ ਬੈਂਡ ਪ੍ਰਾਪਤ ਕਰਕੇ ਵੱਖ ਵੱਖ ਦੇਸ਼ਾਂ ਦਾ ਸੁਪਨਾ ਪੂਰਾ ਕਰ ਰਹੇ ਹਨ। ਇਸੇ ਤਰ੍ਹਾਂ ਗੁਰੂ ਨਾਨਕ ਸਟੱਡੀ ਸੈਂਟਰ ਮਹਿਤਪੁਰ ਦੀ ਵਿਦਿਆਰਥਣ ਕੋਮਲਪ੍ਰੀਤ ਕੌਰ ਵਾਸੀ ਪਿੰਡ ਆਦਰਾਮਾਨ ਨੇ ਪਿਛਲੇ ਹਫਤੇ ਆਈਲੈਟਸ 'ਚੋਂ 7 ਬੈਂਡ ਪ੍ਰਾਪਤ ਕਰਕੇ ਸੰਸਥਾ ਦਾ ਨਾਂਅ ਰੋਸ਼ਨ ਕੀਤਾ ਹੈ। ਇਸ ਮੌਕੇ ਸੰਸਥਾ ਮੁਖੀ ਸਿਮਰਨ ਕੌਰ ਨੇ ਦੱਸਿਆ ਕਿ ਸੰਸਥਾ ਦੇ ਮਿਹਨਤੀ ਸਟਾਫ ਜੋ ਵਿਦਿਆਰਥੀਆਂ ਨੂੰ ਵੱਖਰੇ ਤਰੀਕੇ ਨਾਲ ਮਿਹਨਤ ਕਰਵਾਉਂਦੇ ਹਨ, ਜਿਸ ਸਦਕਾ ਵਿਦਿਆਰਥਣਾਂ ਨੇ ਵਧੀਆ ਬੈਂਡ ਪ੍ਰਾਪਤ ਕੀਤੇ ਹਨ । ਇਸ ਮੌਕੇ ਮੈਡਮ ਸਿਮਰਨ ਕੌਰ ਨੇ ਵਿਦਿਆਰਥਣ ਕੋਮਲਪ੍ਰੀਤ ਕੌਰ ਨੂੰ ਚੰਗੇ ਭਵਿੱਖ ਲਈ ਵਧਾਈ ਦਿੱਤੀ।

## ਜ਼ਿਲ੍ਹਾ ਸਿੱਖਿਆ ਅਫਸਰ ਨੇ ਕੀਤਾ ਸਕੂਲਾਂ ਦਾ ਦੌਰਾ

**ਮੋਰਿੰਡਾ (ਜੈਜੀ ਸਰਦਾਰ)**- ਸਰਕਾਰੀ ਸਕੂਲਾਂ ਦੀ ਸਾਲਾਨਾ ਨਤੀਜਿਆਂ ਵਿੱਚ ਕਾਰਗੁਜਾਰੀ ਵਿੱਚ ਵੱਧ ਤੋਂ ਵੱਧ ਸੁਧਾਰ ਲਿਆਉਣ ਲਈ ਜ਼ਿਲ੍ਹਾ ਸਿੱਖਿਆ ਅਫਸਰ ਪ੍ਰੇਮ ਕੁਮਾਰ ਮਿੱਤਲ ਅਤੇ ਉਪ ਜ਼ਿਲ੍ਹਾ ਸਿੱਖਿਆ ਅਫਸਰ ਸੁਰਿੰਦਰਪਾਲ ਸਿੰਘ ਨੇ ਆਪਣੀ ਟੀਮ ਨਾਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤਾਜ ਪੁਰ, ਰਤਨਗੜ੍ਹ ਅਤੇ ਮੋਰਿੰਡਾ ਸਕੂਲਾਂ ਦਾ ਦੌਰਾ ਕੀਤਾ । ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਸੁਰਿੰਦਰ ਕੁਮਾਰ ਘਈ ਬੀ ਐਨ ਓ ਨੇ ਦੱਸਿਆ ਕਿ ਜ਼ਿਲ੍ਹਾ ਸਿੱਖਿਆ ਅਫਸਰ ਨੇ ਬੋਰਡ ਜਮਾਤਾਂ ਦੀ ਕਾਰਗੁਜਾਰੀ ਦਾ ਨਿਰੀਖਣ ਕੀਤਾ। ਉਹਨਾਂ ਸਬੰਧਿਤ ਸਕੂਲਾਂ ਦੇ ਸਟਾਫ ਨਾਲ ਮੀਟਿੰਗਾਂ ਕੀਤੀਆਂ ਗਈਆਂ। ਉਹਨਾਂ ਅਧਿਆਪਕਾਂ ਵਿੱਚ ਵਧੀਆ ਕਾਰਗੁਜਾਰੀ ਲਈ ਉਤਸ਼ਾਹ ਭਰਿਆ ਕਿ ਇਹਨਾਂ ਦਿਨਾਂ ਵਿੱਚ 40% ਤੋਂ ਘੱਟ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਵੱਲ ਉਚੇਚਾ ਧਿਆਨ ਦਿੱਤਾ ਜਾਵੇ। ਉਹਨਾਂ ਕਿ ਜਿਹੜੇ ਵਿਦਿਆਰਥੀ 80% ਤੋਂ ਵੱਧ ਅੰਕ ਲੈ ਕੇ ਆਏ ਹਨ,ਉਹਨਾਂ ਨੂੰ ਮੈਰਿਟ ਵਿੱਚ ਸੁਧਾਰ ਲਈ ਹਰ ਸੰਭਵ ਯਤਨ ਕੀਤੇ ਜਾਣ। ਇਸ ਮੌਕੇ ਜ਼ਿਲ੍ਹਾ ਸਿੱਖਿਆ ਸੁਧਾਰ ਟੀਮ ਦੇ ਮੈਂਬਰ ਸੰਜੀਵ ਕੁਮਾਰ, ਪ੍ਰਭਜੀਤ ਸਿੰਘ, ਪ੍ਰਿੰਸੀਪਲ ਸੁਰਿੰਦਰ ਕੌਰ, ਸੁਰਿੰਦਰਪਾਲ ਕੌਰ ਹੀਰਾ, ਸਬੰਧਿਤ ਸਕੂਲਾਂ ਦਾ ਸਟਾਫ ਹਾਜਰ ਸੀ।



# ਮਾਤਾ ਹਰਬੰਸ ਕੌਰ ਭੁੱਲਰ ਦਾ ਨਮ ਅੱਖਾਂ ਨਾਲ ਸਸਕਾਰ

**ਬਿਲਗਾ (ਵਿਜੇ ਕੁਮਾਰ)**

ਨਗਰ ਬਿਲਗਾ ਦੇ ਨਜਦੀਕੀ ਪਿੰਡ ਭੁੱਲਰ ਦੇ ਸਾਬਕਾ ਵਿਧਾਇਕ ਸਵ: ਗੁਰਦੀਪ ਸਿੰਘ ਭੁੱਲਰ ਦੇ ਮਾਤਾ ਸ੍ਰੀਮਤੀ ਹਰਬੰਸ ਕੌਰ ਭੁੱਲਰ 14 ਜਨਵਰੀ ਨੂੰ ਅਚਾਨਕ ਗੁਰੂ ਚਰਨਾਂ ਵਿੱਚ ਜਾ ਬਿਰਾਜੇ। ਇਲਾਕਾ ਭਰ ਦੀਆਂ ਸੰਗਤਾਂ ਦੀ ਹਾਜਰੀ 'ਚ ਉਨ੍ਹਾਂ ਦੇ ਜੱਦੀ ਪਿੰਡ ਭੁੱਲਰ ਵਿਖੇ ਨਮ ਅੱਖਾਂ ਨਾਲ ਮਾਤਾ ਹਰਬੰਸ ਕੌਰ ਦਾ ਸਸਕਾਰ ਕੀਤਾ ਗਿਆ। ਅੰਤਿਮ ਸਸਕਾਰ ਦੀਆਂ ਰਸਮਾਂ ਉਨ੍ਹਾਂ ਦੇ ਸਪੁੱਤਰ ਡੂੰਗਰ ਸਿੰਘ ਭੁੱਲਰ ਅਤੇ ਪੋਤ-ਜਵਾਈ ਰਾਜਕਮਲ ਸਿੰਘ ਗਿੱਲ ਨੇ ਬਾਕੀ ਪਰਵਾਰਕ ਮੈਂਬਰਾਂ ਨਾਲ ਮਿਲ ਕੇ ਅਦਾ ਕੀਤੀਆਂ। ਜਿਕਰਯੋਗ ਹੈ ਕਿ ਕਮਿਊਨਿਸਟਾਂ ਦਾ ਗੜ੍ਹ ਮੰਨੇ ਜਾਂਦੇ ਹਲਕੇ ਨੂਰਮਹਿਲ ਵਿੱਚ ਅਕਾਲੀ ਦਲ ਦਾ ਬੂਟਾ ਹਰਿਆ ਭਰਿਆ ਕਰਨ ਵਾਸਤੇ ਮਾਤਾ ਹਰਬੰਸ ਕੌਰ ਨੇ ਪਹਿਲਾਂ ਆਪਣੇ ਪਤੀ ਸੋਹਣ ਸਿੰਘ ਭੁੱਲਰ ਦੇ ਨਾਲ ਅਤੇ ਬਾਅਦ ਵਿੱਚ ਆਪਣੇ ਪੁੱਤਰ ਗੁਰਦੀਪ ਸਿੰਘ ਭੁੱਲਰ ਦੇ ਨਾਲ ਮੋਢੇ ਦੇ ਨਾਲ ਮੋਢਾ ਲਾ ਕੇ ਸਾਰੀ ਉਮਰ ਪੰਥਕ ਸਰਗਰਮੀਆਂ 'ਚ ਸੇਵਾ ਨਿਭਾਈ। ਸਸਕਾਰ ਮੌਕੇ ਹਲਕਾ ਨਕੋਦਰ ਦੇ ਵਿਧਾਇਕ ਬੀਬੀ ਇੰਦਰਜੀਤ ਕੌਰ ਮਾਨ,ਸਾਬਕਾ ਵਿਧਾਇਕ ਗੁਰਪ੍ਰਤਾਪ ਸਿੰਘ ਵਡਾਲਾ,ਮੈਂਬਰ ਸ਼੍ਰੋਮਣੀ ਕਮੇਟੀ ਬਲਦੇਵ ਸਿੰਘ ਕਲਿਆਣ,ਸਾਬਕਾ ਸ਼੍ਰੋਮਣੀ ਕਮੇਟੀ ਮੈਂਬਰ ਹਰਜਿੰਦਰ ਸਿੰਘ ਲੱਲੀਆਂ,ਸਰੂਪ ਸਿੰਘ ਢੇਸੀ,ਮੈਨੇਜਰ ਗੁਰਦੁਆਰਾ ਮਾਓ ਸਾਹਿਬ,ਬਿਲਗਾ ਅਤੇ ਬਾਬਾ ਸੰਗ ਢੇਸੀਆਂ ਵੀ ਪੁੱਜੇ। ਭੁੱਲਰ ਪ੍ਰੀਵਾਰ ਨਾਲ ਦਰਦ ਰੱਖਣ ਵਾਲਿਆਂ 'ਚ ਸਾਬਕਾ ਚੇਅਰਮੈਨ ਪਰਵਿੰਦਰ ਸਿੰਘ ਸ਼ਾਮਪੁਰ,ਦਲਜੀਤ ਸਿੰਘ ਕਾਹਲੋਂ,ਕਿਸਾਨ ਆਗੂ ਕਸ਼ਮੀਰ ਸਿੰਘ ਜੰਡਿਆਲਾ,ਜਥੇਦਾਰ ਕੁਲਦੀਪ ਸਿੰਘ ਬਿਲਗਾ, ਜਸਵੀਰ ਸਿੰਘ ਫਿਲੌਰ,ਮੁਖਤਾਰ ਸਿੰਘ ਧੁੱਗੜ,ਸ਼ੀਰਾ ਉਪਲ,ਭੁਪਿੰਦਰ ਬਿਲਗਾ, ਸਾਹਿਲ ਬਿਲਗਾ, ਉਕਾਂਰ ਸਿੰਘ, ਜਸਵੀਰ ਸਿੰਘ ਸੰਗੋਵਾਲ, ਕਿੰਦਾ ਨਾਗਰਾ, ਮਨਜੀਤ ਸਿੰਘ ਕੰਦੋਲਾ, ਬਾਵਾ ਸਿੰਘ ਤਲਵਣ, ਕਰਨੈਲ ਬਾਲੂ, ਪਿਆਰਾ ਸਿੰਘ ਬਿਲਗਾ, ਬਲਵੀਰ ਸਿੰਘ ਪੁਆਦੜਾ, ਸ਼ਿੰਦਰਪਾਲ ਸਿੰਘ ਦੁਸਾਂਝ, ਬਲਦੇਵ ਸਿੰਘ ਕੋਟ ਬਾਦਲ ਖਾਂ ਅਤੇ ਵੱਡੀ ਗਿਣਤੀ ਵਿਚ ਇਲਾਕਾ ਵਾਸੀ ਹਾਜਰ ਸਨ।



# ਸਰਕਾਰੀ ਮਾਡਲ ਸਕੂਲ ਚੰਡੀਗੜ੍ਹ ਤੇ ਸ਼ਹੀਦ ਊਧਮ ਸਿੰਘ ਸਕੂਲ ਤਰਨ ਤਾਰਨ ਸੈਮੀਫਾਈਨਲ 'ਚ

**ਜਲੰਧਰ (ਸ਼ੈਲੀ ਅਲਬਰਟ )** ਸਰਕਾਰੀ ਮਾਡਲ ਸਕੂਲ ਚੰਡੀਗੜ੍ਹ ਅਤੇ ਸ਼ਹੀਦ ਉਧਮ ਸਿੰਘ ਸਕੂਲ ਤਰਨ ਤਾਰਨ ਦੀਆਂ ਟੀਮਾਂ 16ਵੇਂ ਆਲ ਇੰਡੀਆ ਬਲਵੰਤ ਸਿੰਘ ਕਪੂਰ ਹਾਕੀ ਟੂਰਨਾਮੈਂਟ ਦੇ ਸੈਮੀਫਾਇਨਲ ਵਿੱਚ ਪ੍ਰਵੇਸ਼ ਕਰ ਗਈਆਂ। ਸਥਾਨਕ ਉਲੰਪੀਅਨ ਸੁਰਜੀਤ ਹਾਕੀ ਸਟੇਡੀਅਮ ਵਿੱਚ ਜਾਰੀ ਉਕਤ ਟੂਰਨਾਮੈਂਟ ਦੇ ਦੋ ਕਵਾਰਟਰ ਫਾਇਨਲ ਖੇਡੇ ਗਏ। ਸੈਮੀਫਾਇਨਲ ਮੁਕਾਬਲੇ 21 ਜਨਵਰੀ ਨੂੰ ਖੇਡੇ ਜਾਣਗੇ। ਪਹਿਲੇ ਸੈਮੀਫਾਇਨਲ ਵਿੱਚ ਸਰਕਾਰੀ ਮਾਡਲ ਸਕੂਲ ਜਲੰਧਰ ਦਾ ਮੁਕਾਬਲਾ ਕਿਸ਼ਤਿਜ਼ ਪਬਲਿਕ ਸਕੂਲ ਜਮਸ਼ੇਦਪੁਰ ਨਾਲ ਅਤੇ ਦੂਜੇ ਸੈਮੀਫਾਇਨਲ ਵਿੱਚ ਸਰਕਾਰੀ ਮਾਡਲ ਸਕੂਲ ਚੰਡੀਗੜ੍ਹ ਦਾ ਮੁਕਾਬਲਾ ਸ਼ਹੀਦ ਉਧਮ ਸਿੰਘ ਸਕੂਲ ਤਰਨ ਤਾਰਨ ਨਾਲ ਹੋਵੇਗਾ। ਪਹਿਲੇ ਕਵਾਰਟਰ ਫਾਇਨਲ ਵਿੱਚ ਸਰਕਾਰੀ ਮਾਡਲ ਸਕੂਲ ਚੰਡੀਗੜ੍ਹ ਨੂੰ ਡੁਡਿਆਲ ਖਾਲਸਾ ਸਕੂਲ ਪਟਿਆਲਾ ਨੇ ਖੇਡ ਦੇ ਪਹਿਲੇ ਅੱਧ ਵਿੱਚ ਸਖਤ ਟੱਕਰ ਦਿੱਤੀ। ਖੇਡ ਦੇ ਚੌਥੇ ਮਿੰਟ ਵਿੱਚ ਪਟਿਆਲਾ ਦੇ ਕ੍ਰਿਸ਼ਨਾ ਮੋਹਨ ਨੇ ਗੋਲ ਕਰਕੇ ਸਕੋਰ 1-0 ਕੀਤਾ। ਅੱਧੇ ਸਮੇਂ ਤੱਕ ਸਕੋਰ ਇਹੀ ਰਿਹਾ ਪਰ ਤੀਜੇ ਕਵਾਰਟਰ ਵਿੱਚ ਚੰਡੀਗੜ੍ਹ ਰਮਨ ਨੇ 35ਵੇਂ ਮਿੰਟ ਵਿੱਚ, ਕਪਤਾਨ ਸੁਰਿੰਦਰ ਸਿੰਘ ਨੇ 37ਵੇਂ ਅਤੇ 39ਵੇਂ ਮਿੰਟ ਵਿੱਚ, 46ਵੇਂ ਮਿੰਟ ਵਿੱਚ ਹਰਪੰਤਪ੍ਰੀਤ ਸਿੰਘ ਨੇ ਅਤੇ 49ਵੇਂ ਮਿੰਟ ਵਿੱਚ ਪਰਮਵੀਰ ਸਿੰਘ ਨੇ ਗੋਲ ਕਰਕੇ ਸਕੋਰ 5-1 ਕਰਕੇ ਮੈਚ ਜਿੱਤ ਕੇ ਸੈਮੀਫਾਇਨਲ ਵਿੱਚ ਪ੍ਰਵੇਸ਼ ਕੀਤਾ। ਦੂਜੇ ਕਵਾਰਟਰ ਫਾਇਨਲ ਵਿੱਚ ਸ਼ਹੀਦ ਉਧਮ ਸਿੰਘ ਸਕੂਲ ਤਰਨ ਤਾਰਨ ਨੇ ਸਰਕਾਰੀ ਮਾਡਲ ਸਕੂਲ ਮੋਹਾਲੀ ਨੂੰ ਸਖਤ ਮੁਕਾਬਲੇ ਵਿੱਚ 2-1 ਦੇ ਫਰਕ ਨਾਲ ਹਰਾ ਕੇ ਸੈਮੀਫਾਇਨਲ ਵਿੱਚ ਪ੍ਰਵੇਸ਼ ਕੀਤਾ। ਖੇਡ ਦੇ 21ਵੇਂ ਮਿੰਟ ਵਿੱਚ ਤਰਨਤਾਰਨ ਦੇ ਸਵਰਾਜ ਸਿੰਘ ਨੇ ਮੈਦਾਨੀ ਗੋਲ ਕਰਕੇ ਸਕੋਰ 1-0 ਕੀਤਾ। 26ਵੇਂ ਮਿੰਟ ਵਿੱਚ ਤਰਨਤਾਰਨ ਦੇ ਰਮਿਤ ਸੈਣੀ ਨੇ ਗੋਲ ਕਰਕੇ ਸਕੋਰ 2-0 ਕੀਤਾ। ਖੇਡ ਦੇ ਆਖਰੀ ਕਵਾਰਟਰ ਦੇ 57ਵੇਂ ਮਿੰਟ ਵਿੱਚ ਮੋਹਾਲੀ ਦੇ ਪ੍ਰਭਜੋਤ ਸਿੰਘ ਨੇ ਗੋਲ ਕਰਕੇ ਸਕੋਰ 1-2 ਕੀਤਾ। ਮੈਚਾਂ ਦੇ ਮੁੱਖ ਮਹਿਮਾਨ ਉਲੰਪੀਅਨ ਰਜਿੰਦਰ ਸਿੰਘ ਸਾਬਕਾ ਕੋਚ ਭਾਰਤੀ ਹਾਕੀ ਟੀਮ, ਉਲੰਪੀਅਨ ਬਲਜੀਤ ਸਿੰਘ ਢਿੱਲੋਂ ਅਤੇ ਅੰਤਰਰਾਸ਼ਟਰੀ ਖਿਡਾਰੀ ਸਰਬਜੀਤ ਸਿੰਘ ਬਾਹੀਆ ਨੇ ਟੀਮਾਂ ਨਾਲ ਜਾਣ ਪਛਾਣ ਕੀਤੀ। ਇਸ ਮੌਕੇ ਤੇ ਉਲੰਪੀਅਨ ਹਰਪ੍ਰੀਤ ਸਿੰਘ ਮੰਡੇਰ, ਟੂਰਨਾਮੈਂਟ ਕਮੇਟੀ ਦੇ ਪ੍ਰਧਾਨ ਹਰਭਜਨ ਸਿੰਘ ਕਪੂਰ, ਗੁਰਸ਼ਰਨ ਸਿੰਘ ਕਪੂਰ, ਮਨਜੀਤ ਸਿੰਘ ਕਪੂਰ, ਤੀਰਥ ਸਿੰਘ ਕਪੂਰ, ਹਰਦੀਪ ਸਿੰਘ ਕਪੂਰ, ਗੁਨਦੀਪ ਸਿੰਘ ਕਪੂਰ, ਦਪਿੰਦਰ ਸਿੰਘ, ਕਿਰਤ ਸਿੰਘ, ਦਲਜੀਤ ਸਿੰਘ ਢਿਲੋਂ, ਡਾ. ਮਨੂ ਸੂਦ, ਗੁਰਿੰਦਰ ਸਿੰਘ ਸੰਘਾ, ਅਸ਼ਫਾਕ ਉਲਾ ਖਾਨ, ਰਿਪੁਦਮਨ ਕੁਮਾਰ ਸਿੰਘ, ਪਰਮਜੀਤ ਸਿੰਘ, ਕੰਚਨ, ਹਰਿੰਦਰ ਸਿੰਘ ਸੰਘਾ, ਮਿੰਟੂ ਰਾਣਾ, ਕੁਸ਼ ਕੁਮਾਰ, ਜਸਦੀਪ ਸਿੰਘ, ਬਲਬੀਰ ਸਿੰਘ ਬੀਰਾ, ਗਗਨਦੀਪ ਸਿੰਘ, ਦਰਸ਼ਪਾਲ ਸਿੰਘ, ਅਸ਼ੋਕ ਵਾਲੀਆ, ਮੋਹਿੰਦਰ ਪਾਲ ਸਿੰਘ, ਉਲੰਪੀਅਨ ਸੰਜੀਵ ਕੁਮਾਰ, ਰਮਨਦੀਪ ਸਿੰਘ, ਧਰਮਿੰਦਰ ਸਿੰਘ ਅਤੇ ਸਰਬਤੇਜ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।



# ਸੰਜੀਵ ਅਰੋੜਾ ਰਿਟਾਇਰਡ ਇੰਪਲਾਈਜ਼ ਯੂਨੀਅਨ ਦੇ ਸਰਪ੍ਰਸਤ ਨਿਯੁਕਤ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਰਿਟਾਇਰਡ ਇੰਪਲਾਈਜ਼ ਯੂਨੀਅਨ ਨਗਰ ਨਿਗਮ ਦੀ ਬੈਠਕ ਪ੍ਰਧਾਨ ਲਾਲ ਸਿੰਘ ਦੀ ਪ੍ਰਧਾਨਗੀ ਵਿੱਚ ਹੋਈ। ਇਸ ਮੌਕੇ ਤੇ ਮੌਜੂਦ ਮੈਂਬਰਾਂ ਨੇ ਸਰਵ ਸੰਮਤੀ ਨਾਲ ਪ੍ਰਮੁੱਖ ਸਮਾਜ ਸੇਵੀ ਅਤੇ ਨਗਰ ਨਿਗਮ ਤੋਂ ਰਿਟਾਇਰਡ ਸੁਪਰਟੇਡੈਂਟ ਸੰਜੀਵ ਅਰੋੜਾ ਨੂੰ ਯੂਨੀਅਨ ਦਾ ਸਰਪ੍ਰਸਤ ਨਿਯੁਕਤ ਕੀਤਾ। ਇਸ ਮੌਕੇ ਤੇ ਲਾਲ ਸਿੰਘ ਨੇ ਕਿਹਾ ਕਿ ਸੰਜੀਵ ਅਰੋੜਾ ਜਿੱਥੇ ਵਿਭਿੰਨ ਸੰਸਥਾਵਾਂ ਦੇ ਪ੍ਰਤੀਨਿਧੀ ਦੇ ਰੂਪ ਵਿੱਚ ਸਮਾਜ ਸੇਵਾ ਨੂੰ ਸਮਰਪਿਤ ਹਨ, ਉਥੇ ਰਿਟਾਇਰਡ ਇੰਪਲਾਈਜ਼ ਦੀਆਂ ਮੰਗਾਂ ਨੂੰ ਅਧਿਕਾਰੀਆਂ ਅਤੇ ਸਰਕਾਰ ਦੇ ਪੱਧਰ ਤੇ ਉਠਾਉਣ ਵਿੱਚ ਵੀ ਇਨਾਂ ਦਾ ਵਿਸ਼ੇਸ਼ ਸਹਿਯੋਗ ਰਹਿੰਦਾ ਹੈ। ਇਸ ਲਈ ਸਾਰੇ ਮੈਂਬਰਾਂ ਨੇ ਇਕਮਤ ਹੋ ਕੇ ਇਹ ਫੈਸਲਾ ਲੈਂਦੇ ਹੋਏ ਉਨਾਂ ਨੂੰ ਸਰਪ੍ਰਸਤ ਦੀ ਜ਼ਿੰਮੇਦਾਰੀ ਸੌਂਪੀ ਹੈ। ਇਸ ਮੌਕੇ ਤੇ ਯੂਨੀਅਨ ਅਹੁੱਦੇਦਾਰਾਂ ਅਤੇ ਮੈਂਬਰਾਂ ਦਾ ਧੰਨਵਾਦ ਕਰਦੇ ਹੋਏ ਉਨਾਂ ਕਿਹਾ ਕਿ ਯੂਨੀਅਨ ਵਲੋਂ ਰਿਟਾਇਰਡ ਕਰਮਚਾਰੀਆਂ ਅਤੇ ਅਧਿਕਾਰੀਆਂ ਦੀਆਂ ਸਮੱਸਿਆਵਾਂ ਦੇ ਹਲ ਦੇ ਨਾਲ-ਨਾਲ ਕੰਮ ਕਰ ਰਹੇ ਕਰਮਚਾਰੀਆਂ ਦੀਆਂ ਮੰਗਾਂ ਨੂੰ ਹਲ ਕਰਵਾਉਣ ਵਿੱਚ ਪੂਰਾ ਸਹਿਯੋਗ ਕਰਨਗੇ ਤਾਂ ਕਿ ਰਿਟਾਇਰਡ ਹੋ ਚੁੱਕੇ ਅਤੇ ਹੋਣ ਵਾਲੇ ਸਾਥੀਆਂ ਨੂੰ ਕਿਸੀ ਵੀ ਤਰ੍ਹਾਂ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ। ਉਨਾਂ ਨੇ ਯੂਨੀਅਨ ਨੂੰ ਵਿਸ਼ਵਾਸ਼ ਦਿਲਾਇਆ ਕਿ ਸਰਪ੍ਰਸਤ ਰਹਿੰਦੇ ਹੋਏ ਉਹ ਯੂਨੀਅਨ ਦੇ ਕੰਮਾਂ ਨੂੰ ਅੱਗੇ ਵਧਾਉਣ ਅਤੇ ਸਾਥੀਆਂ ਦੀਆਂ ਸੇਵਾਕਾਲ ਦੌਰਾਨ ਅਤੇ ਰਿਟਾਇਰਡ ਹੋਣ ਉਪਰੰਤ ਮੰਗਾਂ ਨੂੰ ਹਲ ਕਰਵਾਉਣ ਯਤਨ ਕਰਦੇ ਰਹਿਣਗੇ। ਇਸ ਮੌਕੇ 'ਤੇ ਚੇਅਰਮੈਨ ਕੁਲਵੰਤ ਸਿੰਘ ਸੈਣੀ, ਸਕੱਤਰ ਜੋਗਿੰਦਰਪਾਲ ਆਦੀਆ, ਕੇਵਲਹੀਰ, ਅਸ਼ਵਨੀ ਸ਼ਰਮਾ, ਨਛੱਤਰ ਲਾਲ, ਸੀਤਾ ਰਾਮ, ਬਲਵਿੰਦਰ ਸਿੰਘ, ਅਮਰਜੀਤ ਸਿੰਘ, ਵਿੱਤ ਸਕੱਤਰ ਅਸ਼ਵਨੀ ਸ਼ਰਮਾ ਅਤੇ ਰਵਿੰਦਰ ਠਾਕੁਰ ਆਦਿ ਮੌਜੂਦ ਸਨ।

